**GS CPA, INC.**
ਤੁਹਾਡੀਆਂ ਸਭ ਅਕਾਊਂਟਿੰਗ ਤੇ ਟੈਕਸ ਲੋੜਾਂ ਲਈ
Gurpreet Singh, CPA, MBA
Certified Public Accountant
5450 Lafayette Road, Suite#3,
Indianapolis, IN 46254
Ph:317-248-4802
Fax: 317-800-7947
e-mail: info@gscpainc.com Website: www.gscpainc.com

10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ
**AMANTEL.COM**
$25 ਵਿਚ 3000 ਮਿੰਟ (50 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
24/7 Customer Service
ਇਹ ਆਫਰ ਹੁਣੇ ਹੀ ਲੈਣ ਲਈ ਇਹ ਕੂਪਨ ਕੋਡ ਸਾਡੀ ਵੈਬਸਾਈਟ 'ਤੇ ਜਾ ਕੇ ਆਪਣੇ ਅਕਾਊਂਟ ਵਿਚ ਟਾਈਪ ਕਰੋ ਤੇ ਆਪਣੇ ਪਿਆਰਿਆਂ ਨਾਲ ਢੇਰ ਸਾਰੀਆਂ ਗੱਲਾਂ ਕਰੋ।
vaisakhi Coupon Code
ਟੋਲ ਫਰੀ ਨੰਬਰ 'ਤੇ ਕਾਲ ਕਰੋ
ਜਿੰਨੀ ਦੇਰ ਗੱਲਾਂ ਕਰੋਗੇ ਉਨੇ ਹੀ ਮਿੰਟ ਕੱਟੇ ਜਾਣਗੇ
1-888-652-6268,732-983-4332/4333

**Jaspal Randhawa**
Office: 734-459-4700 x 1593
Cell: 734-325-0883
JR@SoldBuyJR.com
www.SoldBuyJR.com
ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ ਜਸਪਾਲ ਰੰਧਾਵਾ 734-325-0883
KELLER WILLIAMS
40600 Ann Arbor Rd., Ste. 100, Plymouth, MI 48170

Fourteenth Year of Publication ਮਿਡਵੈਸਟ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 14, Issue 21, May 25th, 2013 20451 N Plum Grove Rd. Palatine, IL 60074 Ph:847-359-0746, Fax:847-705-9388

# ਬਾਦਲਾਂ ਨੇ ਚੋਣਾਂ ਵਿਚ ਫਿਰ ਹੂੰਝਾ ਫੇਰਿਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਗਠਜੋੜ ਨੇ ਸਿਆਸਤ ਦਾ ਹਰ 'ਚੰਗਾ-ਮਾੜਾ' ਪੈਂਤੜਾ ਵਰਤਦਿਆਂ ਪੰਚਾਇਤੀ ਰਾਜ ਚੋਣਾਂ ਵਿਚ ਆਪਣਾ ਦਬਦਬਾ ਕਾਇਮ ਰੱਖਿਆ ਹੈ। ਰਾਜ ਦੀਆਂ 22 ਜ਼ਿਲ੍ਹਾ ਪ੍ਰੀਸ਼ਦਾਂ ਅਤੇ 146 ਪੰਚਾਇਤ ਸਮਿਤੀਆਂ ਦੀ ਚੋਣ ਵਿਚ ਅਕਾਲੀ ਦਲ ਨੇ ਸਭ ਤੋਂ ਵੱਧ ਸੀਟਾਂ ਲਈਆਂ ਹਨ। ਦਿਹਾਤੀ ਇਲਾਕੇ ਅਕਾਲੀਆਂ ਦੇ ਗੜ੍ਹ ਮੰਨੇ ਜਾਂਦੇ ਹਨ ਪਰ ਇਸ ਵਾਰ ਕਾਂਗਰਸ ਦੇ ਨਾਲ-ਨਾਲ ਮਨਪ੍ਰੀਤ ਸਿੰਘ ਬਾਦਲ ਦੀ ਪੀਪਲਜ਼ ਪਾਰਟੀ ਆਫ ਪੰਜਾਬ ਨੇ ਵੀ ਆਪਣੀ ਹੋਂਦ ਦਾ ਚੰਗਾ ਮੁਜ਼ਾਹਰਾ ਕੀਤਾ ਹੈ।

ਅਕਾਲੀ ਦਲ ਨੇ ਬੇਸ਼ੱਕ ਇਨ੍ਹਾਂ ਚੋਣਾਂ ਵਿਚ ਹੂੰਝਾ ਫੇਰਿਆ ਹੈ ਪਰ ਪੰਥਕ ਪਾਰਟੀ ਦੇ ਚੋਣ ਲੜਨ ਦੇ ਢੰਗ ਤਰੀਕਿਆਂ ਨੇ ਇਕ ਵਾਰ ਫਿਰ ਸਭ ਨੂੰ ਫਿਕਰਾਂ ਵਿਚ ਪਾ ਦਿੱਤਾ ਹੈ। ਇਨ੍ਹਾਂ ਚੋਣਾਂ ਦੌਰਾਨ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਦੇ ਨਾਲ-ਨਾਲ ਹਥਿਆਰਾਂ ਦੀ ਖੁੱਲ੍ਹ ਕੇ ਵਰਤੋਂ ਹੋਈ। ਚੋਣਾਂ ਦੌਰਾਨ ਅੱਧੀ ਦਰਜਨ ਮੌਤਾਂ ਹੋਈਆਂ ਤੇ ਸੈਂਕੜੇ ਬੰਦੇ ਜ਼ਖ਼ਮੀ ਹੋਏ। ਵਿਰੋਧੀਆਂ ਦੇ ਕਾਗ਼ਜ਼ ਰੱਦ ਕਰਾਉਣੇ ਤਾਂ ਪੁਰਾਣੀ ਪਰੰਪਰਾ ਹੈ ਜਿਹੜੀ ਇਸ ਵਾਰ ਵੀ ਬਾਦਸਤੂਰ ਜਾਰੀ ਰਹੀ।

## ਕਾਂਗਰਸ ਵੱਲੋਂ ਅਕਾਲੀਆਂ 'ਤੇ ਜਮਹੂਰੀਅਤ ਦੇ ਘਾਣ ਦੇ ਦੋਸ਼

ਅਕਾਲੀ ਦਲ ਨੇ ਇਸ ਜਿੱਤ ਨੂੰ ਸਰਕਾਰ ਵੱਲੋਂ ਰਾਜ ਦੇ ਕੀਤੇ ਵਿਕਾਸ ਦੀ ਜਿੱਤ ਕਿਹਾ ਹੈ ਜਦਕਿ ਕਾਂਗਰਸ ਨੇ ਦੋਸ਼ ਲਾਇਆ ਹੈ ਕਿ ਸੱਤਾਧਾਰੀ ਗੱਠਜੋੜ ਨੇ ਲੋਕਾਂ ਉਪਰ ਜਬਰ ਢਾਹ ਕੇ ਹਰ ਹੀਲੇ ਜਿੱਤ ਹਾਸਲ ਕਰਨ ਲਈ ਲੋਕਤੰਤਰ ਦਾ ਘਾਣ ਕੀਤਾ ਹੈ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਅਕਾਲੀ-ਭਾਜਪਾ ਸਰਕਾਰ ਦੇ ਬਲਾਕ ਸਮਿਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿਚ ਸ਼ਾਨਦਾਰ ਜਿੱਤ ਦੇ ਦਾਅਵੇ ਖਾਰਜ ਕਰਦਿਆਂ ਇਸ ਨੂੰ ਜਮਹੂਰੀਅਤ ਦਾ ਕਤਲ ਕਰਾਰ ਦਿੱਤਾ ਹੈ।



ਅੰਮ੍ਰਿਤਸਰ ਵਿਚ ਜਿੱਤ ਦੇ ਜਸ਼ਨ ਮਨਾ ਰਹੇ ਅਕਾਲੀ ਸਮਰਥਕ।

ਸ. ਬਾਜਵਾ ਨੇ ਕਿਹਾ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਆਪਣੇ ਪਿੰਡ ਦੇ ਨੇੜਲੇ ਪਿੰਡ ਮਾਨਾ ਦੇ ਲੋਕਾਂ ਨੇ ਅਕਾਲੀ-ਭਾਜਪਾ ਦੇ ਜਿੱਤ ਦੇ ਦਾਅਵਿਆਂ ਨੂੰ ਮਹਿਸੂਸ ਕੀਤਾ ਹੈ ਜਿਥੇ ਪੁਲਿਸ ਨੇ 150 ਲੋਕਾਂ ਦੇ ਖਿਲਾਫ ਹਿੰਸਾ ਫੈਲਾਉਣ ਦਾ ਕੇਸ ਦਰਜ ਕੀਤਾ ਜਦਕਿ ਪਿੰਡ ਮਾਨਾ ਵਿਚ ਬੂਥਾਂ 'ਤੇ ਕਬਜ਼ਾ ਤੇ ਹਿੰਸਾ ਮੁੱਖ ਮੰਤਰੀ ਦੇ ਓ.ਐਸ.ਡੀ. ਦੀ ਅਗਵਾਈ ਵਿਚ ਕੀਤੀ ਗਈ। ਪੂਰੇ ਪਿੰਡ ਦੇ ਲੋਕਾਂ ਖਿਲਾਫ ਪੁਲਿਸ ਵੱਲੋਂ ਮਾਮਲਾ ਦਰਜ ਕਰਨਾ ਲੋਕਾਂ ਦੀ ਅਵਾਜ਼ ਨੂੰ ਦਬਾਉਣ ਦੀ ਪ੍ਰਤੱਖ ਕੋਸ਼ਿਸ਼ ਹੈ।

ਦੂਜੇ ਪਾਸੇ ਸਾਂਝਾ ਮੋਰਚਾ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸਮਿਤੀਆਂ ਦੇ ਚੋਣ ਨਤੀਜਿਆਂ ਤੋਂ ਸੰਤੁਸ਼ਟ ਹੈ। ਸਾਂਝੇ ਮੋਰਚੇ ਦਾ ਵਿਰੋਧੀ ਧਿਰਾਂ ਨਾਲ ਸੀਟਾਂ ਦੇ ਲੈਣ-ਦੇਣ ਦਾ ਤਜਰਬਾ ਸਫ਼ਲ ਰਿਹਾ ਹੈ। ਸਾਂਝੇ ਮੋਰਚੇ ਵਿਚ ਸ਼ਾਮਲ ਪੀਪਲਜ਼ ਪਾਰਟੀ ਆਫ਼ ਪੰਜਾਬ, ਸੀ.ਪੀ.ਆਈ., ਸੀ.ਪੀ.ਆਈ. (ਐਮ.) ਤੇ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਨੇ ਰਲ ਕੇ ਚੋਣ ਲੜੀ। ਦਲ ਨੂੰ ਛੱਡ ਕੇ ਮੋਰਚੇ ਵਿਚ ਸ਼ਾਮਲ ਬਾਕੀ ਸਾਰੀਆਂ ਪਾਰਟੀਆਂ ਨੇ ਆਪੋ ਆਪਣੇ ਚੋਣ ਨਿਸ਼ਾਨ 'ਤੇ ਚੋਣ ਲੜੀ। ਮੋਰਚੇ ਨੂੰ ਵਧੇਰੇ ਕਰ ਕੇ ਜਿੱਤ ਉਨ੍ਹਾਂ ਸੀਟਾਂ 'ਤੇ ਪ੍ਰਾਪਤ ਹੋਈ ਹੈ ਜਿੱਥੇ ਇਸ ਦਾ ਕਾਂਗਰਸ ਜਾਂ ਬਹੁਜਨ ਸਮਾਜ ਪਾਰਟੀ ਨਾਲ ਸਮਝੌਤਾ ਹੋਇਆ। ਸਮਝੌਤੇ ਤਹਿਤ ਲੜੀਆਂ ਗਈਆਂ ਕਈ ਹੋਰ ਸੀਟਾਂ 'ਤੇ ਮੋਰਚੇ ਦੇ ਉਮੀਦਵਾਰ ਜਿੱਤ ਦੇ ਨੇੜੇ ਆ ਕੇ ਹਾਰ ਗਏ ਹਨ। ਪੀਪਲਜ਼ ਪਾਰਟੀ ਆਫ਼ ਪੰਜਾਬ ਤੇ ਅਕਾਲੀ ਦਲ (ਲੌਂਗੋਵਾਲ) ਨੇ ਪਤੰਗ ਚੋਣ ਨਿਸ਼ਾਨ 'ਤੇ ਚੋਣ ਲੜੀ। ਸੀ.ਪੀ.ਆਈ. ਦਾ ਦਾਤੀ-ਬੱਲੀ

*(ਬਾਕੀ ਸਫਾ 6 'ਤੇ)*

# ਭਲੇਮਾਣਸਾਂ ਦੀ ਖੇਡ ਨਾਲ ਫਿਰ ਹੋਈ ਬਦਨਾਮੀ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਭਾਰਤੀ ਕ੍ਰਿਕਟ ਨੂੰ ਇਕ ਵਾਰ ਫਿਰ ਮੈਚ ਫਿਕਸਿੰਗ ਦਾ ਗ੍ਰਹਿਣ ਲੱਗਾ ਹੈ ਜਿਸ ਵਿਚ ਕਈ ਅਹਿਮ ਖਿਡਾਰੀਆਂ ਦੇ ਨਾਲ-ਨਾਲ ਫਿਲਮੀ ਹਸਤੀਆਂ ਦਾ ਨਾਂ ਵੀ ਗੂੰਜਿਆ ਹੈ। ਤਾਜ਼ਾ ਮਾਮਲਾ ਸਾਹਮਣੇ ਆਉਣ 'ਤੇ ਜਿੱਥੇ ਸੁਪਰੀਮ ਕੋਰਟ ਨੇ ਤਿੱਖੀਆਂ ਟਿੱਪਣੀਆਂ ਕੀਤੀਆਂ ਹਨ, ਉਥੇ ਕੇਂਦਰ ਸਰਕਾਰ ਵੀ ਇਸ ਦਾ ਕੋਈ ਪੱਕਾ ਹੱਲ ਲੱਭਣ ਲਈ ਸਰਗਰਮ ਹੋ ਗਈ ਹੈ। ਜ਼ਿਕਰਯੋਗ ਹੈ ਕਿ ਕ੍ਰਿਕਟ ਪੈਸੇ ਦੀ ਖੇਡ ਬਣ ਗਈ ਹੈ ਤੇ ਇਸ ਨੇ ਖੇਡਾਂ ਦੀ ਦੁਨੀਆਂ ਵਿਚ ਕਈ ਅਜਿਹੇ ਮਾੜੇ ਰੁਝਾਨ ਪੈਦਾ ਕੀਤੇ ਹਨ ਜਿਸ ਨਾਲ ਖੇਡ ਭਾਵਨਾ ਤੇ ਨੈਤਿਕਤਾ ਨੂੰ ਖੋਰਾ ਲੱਗਾ ਹੈ।

ਇਸ ਵਾਰ ਘਾਲਾਮਾਲਾ ਇੰਡੀਅਨ ਪ੍ਰੀਮੀਅਰ ਲੀਗ (ਆਈ.ਪੀ.ਐਲ.) ਵਿਚ ਸਾਹਮਣੇ ਆਇਆ ਜਿਸ ਵਿਚ ਚਰਚਿਤ ਖਿਡਾਰੀ ਐਸ. ਸ੍ਰੀਸ਼ਾਂਤ ਵੀ ਕਾਬੂ ਆ ਗਿਆ ਹੈ।

## ਕ੍ਰਿਕਟ ਖਿਡਾਰੀਆਂ ਦੇ ਨਾਲ ਨਾਲ ਦਾਰਾ ਸਿੰਘ ਦਾ ਪੁੱਤ ਗ੍ਰਿਫਤਾਰ

ਆਈ.ਪੀ.ਐਲ. ਦੀ ਫਰੈਂਚਾਈਜ਼ੀ ਰਾਜਸਥਾਨ ਰਾਇਲਜ਼ ਦੇ ਵਿਵਾਦਗ੍ਰਸਤ ਤੇਜ਼ ਗੇਂਦਬਾਜ਼ ਐਸ. ਸ੍ਰੀਸ਼ਾਂਤ ਤੇ ਉਸ ਦੇ ਦੋ ਹੋਰ ਸਾਥੀ ਖਿਡਾਰੀਆਂ ਅਜੀਤ ਚੰਦੀਲਾ ਤੇ ਅੰਕਿਤ ਚਵਾਨ ਨੂੰ ਦਿੱਲੀ ਪੁਲਿਸ ਨੇ ਸਪੌਟ ਫ਼ਿਕਸਿੰਗ ਦੇ ਦੋਸ਼ਾਂ ਤਹਿਤ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ 'ਤੇ ਮੈਚ ਫ਼ਿਕਸਿੰਗ ਦੇ ਦਲਾਲਾਂ ਤੋਂ 60 ਲੱਖ ਰੁਪਏ ਲੈ ਕੇ ਮਿਥੇ ਓਵਰ ਵਿਚ ਮਿਥੀਆਂ ਦੌੜਾਂ ਦੇਣ ਦਾ ਦੋਸ਼ ਹੈ। ਦਿੱਲੀ ਪੁਲਿਸ ਦਾ ਦਾਅਵਾ ਹੈ ਕਿ ਰਾਜਸਥਾਨ ਰਾਇਲਜ਼ ਦੇ ਐਸ ਸ੍ਰੀਸ਼ਾਂਤ ਤੇ ਅੰਕਿਤ ਚਵਾਨ ਨੇ ਸਪੌਟ ਫਿਕਸਿੰਗ ਵਿਚ ਆਪਣੀ ਸ਼ਮੂਲੀਅਤ ਕਬੂਲ ਲਈ ਹੈ।

ਇਨ੍ਹਾਂ ਸਾਰਿਆਂ ਨੂੰ ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀ.ਸੀ.ਸੀ.ਆਈ.) ਨੇ ਮੁਅੱਤਲ ਕਰ ਦਿੱਤਾ ਹੈ ਤੇ ਇਨ੍ਹਾਂ ਵਿਰੁਧ ਆਈ.ਪੀ.ਸੀ. ਦੀਆਂ ਧਾਰਾਵਾਂ 420 (ਠੱਗੀ) ਤੇ 120-ਬੀ (ਸਾਜ਼ਿਸ਼) ਤਹਿਤ ਕੇਸ ਦਰਜ ਕੀਤਾ ਗਿਆ ਹੈ। ਬੋਰਡ ਦੇ ਸੂਤਰਾਂ ਮੁਤਾਬਕ ਇਸ ਤਿੱਕੜੀ 'ਤੇ ਉਮਰ ਭਰ

*(ਬਾਕੀ ਸਫਾ 6 'ਤੇ)*

**Dhade & Associates, PC** Immigration Lawyers
WE FIGHT FOR YOUR RIGHTS!
ਤੁਹਾਡਾ ਆਪਣਾ ਪੰਜਾਬੀ ਇਮੀਗਰੇਸ਼ਨ ਵਕੀਲ
*ਪ੍ਰੋਫੈਸ਼ਨਲ ਵੀਜ਼ੇ (ਡਾਕਟਰ, ਇੰਜੀਨੀਅਰ ਆਦਿ)
*ਗਰੀਨ ਕਾਰਡ *ਸਿਟੀਜ਼ਨਸ਼ਿਪ *ਅਡਜਸਟਮੈਂਟ ਆਫ ਸਟੇਟਸ
*ਡੀਪੋਰਟੇਸ਼ਨ *ਰਿਫਿਊਜ਼ੀ ਕੇਸ *ਅਸੀਂ ਤੁਹਾਡੀਆਂ ਅਮਰੀਕਾ ਅਤੇ ਕੈਨੇਡਾ ਵਿਚ ਸਭੇ ਇਮੀਗਰੇਸ਼ਨ ਲੋੜਾਂ ਪੂਰੀਆਂ ਕਰ ਸਕਦੇ ਹਾਂ
*ਅਸੀਂ ਕੈਨੇਡਾ ਦੀ ਇਮੀਗਰੇਸ਼ਨ 6 ਤੋਂ 12 ਮਹੀਨੇ 'ਚ ਕਰ ਸਕਦੇ ਹਾਂ
Ph:248-254-3441
Herman Singh Dhade
Immigration Lawyer
Fax:(248) 254-3443 www.eagle.pro, Email: herman@eagle.pro
7071 Orchard Lake Rd, Suite 320, W. Bloomfield, MI 48322

Estd. 1975
**World Wide Travel**
www.fly2world.com
ਸਸਤਾ ਰੇਟ ਵਧਿਆ ਸਰਵਿਸ
AIR TRAVEL • CRUISES • VACATIONS
DETROIT 734 525 7304
TOLL FREE 866 66 INDIA
CHICAGO 312 224 8800
DELTA KLM AIRFRANCE ETIHAD QATAR Continental Airlines Lufthansa AmericanAirlines

# ਸੰਸਾਰ ਜੰਗਾਂ ਵਿਚ ਸਿੱਖਾਂ ਦੇ ਯੋਗਦਾਨ ਬਾਰੇ ਨੁਮਾਇਸ਼

**ਸ਼ਿਕਾਗੋ (ਬਿਊਰੋ):** ਸਥਾਨਕ ਗੁਰਦੁਆਰਾ ਪੈਲਾਟਾਈਨ ਦੀ ਪ੍ਰਬੰਧਕ ਕਮੇਟੀ ਸਿੱਖ ਰਿਲੀਜੀਅਸ ਸੁਸਾਇਟੀ, ਸ਼ਿਕਾਗੋ ਅਤੇ ਇਕ ਸਥਾਨਕ ਭਾਈਚਾਰਕ ਆਗੂ ਸਰਵਣ ਸਿੰਘ ਰਾਜੂ ਦੇ ਸਾਂਝੇ ਉਦਮਾਂ ਸਦਕਾ ਇਥੇ ਇਲੀਨਾਏ ਸਟੇਟ ਦੇ ਟਰੈਜ਼ਰਰ ਡੈਨ ਰੁਦਰਫੋਰਡ ਦੇ ਦਫਤਰ



ਥਾਮਸਨ ਸੈਂਟਰ ਵਿਚ ਦੋ ਸੰਸਾਰ ਜੰਗਾਂ ਵਿਚ ਸਿੱਖ ਫੌਜੀਆਂ ਵਲੋਂ ਕੀਤੀਆਂ ਗਈਆਂ ਕੁਰਬਾਨੀਆਂ ਬਾਰੇ ਤਸਵੀਰਾਂ ਦੀ ਇਕ ਨੁਮਾਇਸ਼ ਲਾਈ ਗਈ। ਇਹ ਨੁਮਾਇਸ਼ ਸ੍ਰੀ ਰੁਦਰਫੋਰਡ ਵਲੋਂ ਸਪਾਂਸਰ ਕੀਤੀ ਗਈ ਸੀ।

ਨੁਮਾਇਸ਼ ਵਿਚ ਕੁਲ ਬਾਰਾਂ ਪੋਸਟਰ ਰੱਖੇ ਗਏ ਸਨ ਜਿਨ੍ਹਾਂ ਦੇ ਨਾਲ ਫੌਜੀ ਅਫਸਰਾਂ ਅਤੇ ਉਘੇ ਸਿਆਸਤਦਾਨਾਂ ਵਲੋਂ ਸਿੱਖ ਫੌਜੀਆਂ ਬਾਰੇ ਕੀਤੀਆਂ ਗਈਆਂ ਟਿੱਪਣੀਆਂ ਵੀ ਦਰਜ ਸਨ। ਇਨ੍ਹਾਂ ਤਸਵੀਰਾਂ ਵਿਚੋਂ ਬਹੁਤ ਸਾਰੀਆਂ ਵੱਖ ਵੱਖ ਗੁਰਦੁਆਰਿਆਂ ਵਿਚ ਵੀ ਲਾਈਆਂ ਗਈਆਂ ਹਨ। ਜ਼ਿਕਰਯੋਗ ਹੈ ਕਿ ਸੰਸਾਰ ਜੰਗਾਂ ਦੌਰਾਨ ਬਰਤਾਨਵੀ ਅਤੇ ਅਮਰੀਕੀ ਫੌਜਾਂ ਦੀ ਤਰਫੋਂ ਲੜਦਿਆਂ 83,000 ਸਿੱਖ ਮਾਰੇ ਗਏ ਸਨ ਅਤੇ 103,000 ਸਿੱਖ ਜ਼ਖਮੀ ਹੋ ਗਏ ਸਨ। ਸ. ਸਰਵਣ ਸਿੰਘ ਨੇ ਕਿਹਾ ਕਿ ਇਸ ਨੁਮਾਇਸ਼ ਦਾ ਮਨੋਰਥ ਅਮਰੀਕੀ ਸ਼ਹਿਰੀਆਂ ਨੂੰ ਸਿੱਖਾਂ ਬਾਰੇ ਜਾਣੂ ਕਰਵਾਉਣਾ ਸੀ ਜਿਨ੍ਹਾਂ ਵਿਚੋਂ ਬਹੁਤ ਸਾਰੇ ਸਿੱਖਾਂ ਦੇ ਯੋਗਦਾਨ ਬਾਰੇ ਕੁਝ ਵੀ ਨਹੀਂ ਜਾਣਦੇ ਅਤੇ ਸਿੱਖਾਂ ਨੂੰ ਮੁਸਲਮਾਨ ਹੀ ਸਮਝੀ ਜਾਂਦੇ ਹਨ।

ਸ੍ਰੀ ਰੁਦਰਫੋਰਡ ਨੇ ਇਸ ਮੌਕੇ ਬੋਲਦਿਆਂ ਸਿੱਖ ਫੌਜੀਆਂ ਦੀਆਂ ਕੁਰਬਾਨੀਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਾਨੂੰ ਇਸ ਗੱਲ 'ਤੇ ਮਾਣ ਹੈ ਕਿ ਸਿੱਖ ਫੌਜੀਆਂ ਨੇ ਆਪਣੀ ਧਾਰਮਿਕ ਪਛਾਣ ਕਾਇਮ ਰੱਖਦਿਆਂ ਲੜਾਈ ਦੌਰਾਨ ਗੋਲੀਆਂ ਦਾ ਸਾਹਮਣਾ ਪੂਰੀ ਬਹਾਦਰੀ ਨਾਲ ਕੀਤਾ ਅਤੇ ਉਨ੍ਹਾਂ ਕੋਲ ਆਪਣੇ ਬਚਾਅ ਲਈ ਆਪਣੇ ਧਰਮ ਦੀ ਨਿਸ਼ਾਨੀ ਦਸਤਾਰ ਤੋਂ ਵੱਧ ਕੁਝ ਨਹੀਂ ਸੀ ਜਦੋਂਕਿ ਦੂਜੇ ਫੌਜੀਆਂ ਨੇ ਸਿਰ 'ਤੇ ਗੋਲੀਆਂ ਤੋਂ ਬਚਾਅ ਲਈ ਹੈਲਮਟ ਪਾਏ ਹੋਏ ਸਨ। ਇਸ ਨੁਮਾਇਸ਼ ਮੌਕੇ ਸ਼ਿਕਾਗੋ ਵਿਚ ਭਾਰਤੀ ਕੌਂਸਲ ਜਨਰਲ ਦੀ ਤਰਫੋਂ ਸ੍ਰੀ ਬੈਨਰਜੀ ਪਹੁੰਚੇ। ਸ੍ਰੀ ਬੈਨਰਜੀ ਨੇ ਸ੍ਰੀ ਰੁਦਰਫੋਰਡ ਦਾ ਧੰਨਵਾਦ ਕਰਦਿਆਂ ਭਾਰਤ ਦੀ ਤਰੱਕੀ ਲਈ ਸਿੱਖਾਂ ਵਲੋਂ ਪਾਏ ਗਏ ਯੋਗਦਾਨ ਦੀ ਸ਼ਲਾਘਾ ਕੀਤੀ। ਪੰਜਾਬੀ ਕਲਚਰਲ ਸੁਸਾਇਟੀ ਸ਼ਿਕਾਗੋ ਦੇ ਸਾਬਕਾ ਪ੍ਰਧਾਨ ਰਾਜਿੰਦਰ ਸਿੰਘ ਮਾਗੋ ਨੇ ਮਿਡਵੈਸਟ ਇਲਾਕੇ ਵਿਚ ਵਸਦੇ ਸਿੱਖਾਂ ਅਤੇ ਉਨ੍ਹਾਂ ਨੂੰ ਦਰਪੇਸ਼ ਸਮੱਸਿਆਵਾਂ ਬਾਰੇ ਗੱਲ ਕੀਤੀ। ਸਿੱਖ ਰਿਲੀਜੀਅਸ ਸੁਸਾਇਟੀ, ਸ਼ਿਕਾਗੋ ਦੇ ਸਾਬਕਾ ਬੋਰਡ ਮੈਂਬਰ ਕੁਲਦੀਪ ਸਿੰਘ ਮੱਕੜ ਨੇ ਸਿੱਖ ਸਿਧਾਂਤਾਂ ਬਾਰੇ ਜਾਣਕਾਰੀ ਦਿੱਤੀ ਅਤੇ ਸੈਲਡੈਫ ਆਗੂ ਸੁਰਿੰਦਰਪਾਲ ਸਿੰਘ ਕਾਲੜਾ ਨੇ ਅਮਰੀਕਾ ਵਿਚ ਸਿੱਖ ਜਥੇਬੰਦੀਆਂ ਦੀਆਂ ਸਰਗਰਮੀਆਂ ਉਤੇ ਚਾਨਣਾ ਪਾਇਆ।

ਸਿੱਖ ਵਿਦਵਾਨ ਪ੍ਰੋ. ਜੋਗਿੰਦਰ ਸਿੰਘ ਰਮਦੇਵ ਨੇ ਸਿੱਖ ਸਿਧਾਂਤਾਂ 'ਸਰਬੱਤ ਦੇ ਭਲੇ' ਅਤੇ 'ਨਾ ਭੈਅ ਕਿਸੀ ਕੋ ਦੇਤ ਹੈ ਨਾ ਭੈਅ ਕਿਸੀ ਕਾ ਮਾਨਤ' ਦੀ ਗੱਲ ਕੀਤੀ। ਗੁਰਦੁਆਰਾ ਪੈਲਾਟਾਈਨ ਦੇ ਪ੍ਰਧਾਨ ਸੋਖੀ ਸਿੰਘ ਨੇ ਸ੍ਰੀ ਰੁਦਰਫੋਰਡ ਅਤੇ ਸ੍ਰੀ ਬੈਨਰਜੀ ਦਾ ਧੰਨਵਾਦ ਕਰਦਿਆਂ ਉਨ੍ਹਾਂ ਨੂੰ ਗੁਰਦੁਆਰਾ ਪੈਲਾਟਾਈਨ ਆਉਣ ਦਾ ਸੱਦਾ ਦਿੱਤਾ। ਇਸ ਮੌਕੇ ਸ੍ਰੀ ਰੁਦਰਫੋਰਡ ਅਤੇ ਸ੍ਰੀ ਬੈਨਰਜੀ ਦਾ ਸਨਮਾਨ ਵੀ ਕੀਤਾ ਗਿਆ। ਇਸ ਸਮਾਗਮ ਦੌਰਾਨ ਟਰੈਜ਼ਰਰ ਨਾਲ ਕੀਤੇ ਗਏ ਫੋਟੋ ਸੈਸ਼ਨ ਵਿਚ ਕੋਈ ਤੀਹ ਸਿੱਖਾਂ ਨੇ ਸ਼ਮੂਲੀਅਤ ਕੀਤੀ। ਹੋਰ ਜਾਣਕਾਰੀ ਲਈ ਸ. ਸਰਵਣ ਸਿੰਘ ਨਾਲ ਫੋਨ 224-628-5522 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।



# ਮਨੁੱਖੀ ਅਧਿਕਾਰਾਂ ਦੀ ਉਲੰਘਣਾ ਬਾਰੇ ਬਾਦਲ ਵਿਰੁਧ ਕੇਸ ਖਾਰਜ

**ਸ਼ਿਕਾਗੋ:** ਮਨੁੱਖੀ ਅਧਿਕਾਰ ਜਥੇਬੰਦੀ ਸਿੱਖਸ ਫਾਰ ਜਸਟਿਸ ਵਲੋਂ ਪੰਜਾਬ ਵਿਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਮਾਮਲੇ 'ਤੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਿਰੁਧ ਕੀਤਾ ਗਿਆ ਕੇਸ ਮਿਲਵਾਕੀ ਦੀ ਜ਼ਿਲ੍ਹਾ ਅਦਾਲਤ ਨੇ ਲੰਘੇ ਸ਼ੁੱਕਰਵਾਰ ਰੱਦ ਕਰ ਦਿੱਤਾ।

ਪਟੀਸ਼ਨਰਾਂ ਨੇ ਦੋਸ਼ ਲਾਇਆ ਸੀ ਕਿ 9 ਅਗਸਤ 2012 ਨੂੰ ਓਕ ਕਰੀਕ ਹਾਈ ਸਕੂਲ ਵਿਚ ਅਮਰੀਕਾ ਸਰਕਾਰ ਦੇ ਨਿਆਂ ਵਿਭਾਗ ਵੱਲੋਂ ਕਰਵਾਏ ਗਏ ਸਮਾਰੋਹ ਦੌਰਾਨ ਬਾਦਲ ਨੂੰ ਸੰਮਨ ਦਿੱਤੇ ਗਏ ਸਨ ਜਦਕਿ ਪ੍ਰਤੀਵਾਦੀ ਧਿਰ ਦਾ ਦਾਅਵਾ ਹੈ ਕਿ ਮੁੱਖ ਮੰਤਰੀ 9 ਅਗਸਤ ਨੂੰ ਸਕੂਲ ਵਿਚ ਨਹੀਂ ਗਏ ਤੇ ਉਹ ਇਕ ਮਾਲ ਵਿਚ ਸ਼ਾਪਿੰਗ ਕਰ ਰਹੇ ਸਨ। ਜੱਜ ਨੇ ਇਹ ਕੇਸ ਰੱਦ ਕਰਨ ਦੀ ਅਪੀਲ ਪ੍ਰਵਾਨ ਕਰ ਲਈ। ਇਹ ਕੇਸ 8 ਅਗਸਤ 2012 ਨੂੰ ਉਸ ਵੇਲੇ ਦਰਜ ਕੀਤਾ ਗਿਆ ਸੀ ਜਦੋਂ ਮੁੱਖ ਮੰਤਰੀ ਅਮਰੀਕਾ ਦੌਰੇ 'ਤੇ ਮਿਲਵਾਕੀ ਦੇ ਇਕ ਬਿਜਨਸਮੈਨ ਦੀ ਧੀ ਦੇ ਵਿਆਹ ਵਿਚ ਸ਼ਾਮਲ ਹੋਣ ਲਈ ਪਹੁੰਚੇ ਸਨ ਅਤੇ 5 ਅਗਸਤ ਨੂੰ ਗੁਰਦੁਆਰਾ ਓਕ ਕਰੀਕ ਦਾ ਗੋਲੀ ਕਾਂਡ ਹੋ ਚੁਕਾ ਸੀ। ਜ਼ਿਲ੍ਹਾ ਜੱਜ ਜਿਨ ਅਡੇਲਸਨ ਨੇ ਇਹ ਕੇਸ ਇਸ ਬਿਨਾ 'ਤੇ ਰੱਦ ਕੀਤਾ ਕਿ ਸ. ਬਾਦਲ ਨੂੰ ਸੰਮਨਾਂ ਦੀ ਤਾਮੀਲ ਨਹੀਂ ਹੋਈ ਅਤੇ ਇਹ ਸੰਮਨ ਤਰਜਮਾਕਾਰ ਦੇ ਤੌਰ 'ਤੇ ਓਕ ਕਰੀਕ ਸਕੂਲ ਵਿਚ ਪਹੁੰਚੇ ਸੁਰਿੰਦਰਪਾਲ ਸਿੰਘ ਕਾਲੜਾ ਨੂੰ ਗਲਤੀ ਨਾਲ ਦਿੱਤੇ ਗਏ ਸਨ।

ਇਸੇ ਦੌਰਾਨ ਸਿੱਖਸ ਫਾਰ ਜਸਟਿਸ ਨੇ ਕਿਹਾ ਹੈ ਕਿ ਇਹ ਮਾਨਵੀ ਹੱਕਾਂ ਦੀ ਉਲੰਘਣਾ ਦਾ ਕੇਸ ਰੱਦ ਕਰਨ ਦੇ ਫੈਸਲੇ ਨੂੰ ਉਪਰਲੀ ਅਦਾਲਤ ਵਿਚ ਚੁਣੌਤੀ ਦੇਵੇਗੀ। ਇਹ ਜਥੇਬੰਦੀ ਅਦਾਲਤ ਵਿਚ ਅਪੀਲ ਕਰੇਗੀ ਕਿ ਬਾਦਲ ਨੂੰ ਨਿੱਜੀ ਤੌਰ 'ਤੇ ਯੂ ਐਸ ਫੈਡਰਲ ਜੱਜ ਅੱਗੇ ਪੇਸ਼ ਹੋਣ ਲਈ ਕਿਹਾ ਜਾਵੇ। ਜਥੇਬੰਦੀ ਦੇ ਵਕੀਲ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਹੈ ਕਿ ਜੱਜ ਐਡਲਮੈਨ ਨੇ ਕੇਸ ਸਿਰਫ ਇਸ ਆਧਾਰ ਉਤੇ ਰੱਦ ਕੀਤਾ ਹੈ ਕਿ ਇਹ "ਗਲਤ ਪਛਾਣ" ਦਾ ਸਿੱਧਾ ਜਿਹਾ ਕੇਸ ਹੈ ਅਤੇ ਸੰਮਨ ਸ. ਬਾਦਲ ਦੀ ਥਾਂ ਸ੍ਰੀ ਕਾਲੜਾ ਨੂੰ ਦਿੱਤੇ ਗਏ।

ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਇਹ ਫੈਸਲਾ ਦਿੰਦਿਆਂ ਜੱਜ ਨੇ ਇਸ ਗੱਲ ਨੂੰ ਧਿਆਨ ਵਿਚ ਨਹੀਂ ਰੱਖਿਆ ਕਿ ਸ. ਬਾਦਲ ਇਸ ਗੱਲ ਦਾ ਕੋਈ ਸਿੱਧਾ ਸਬੂਤ ਦੇਣ ਵਿਚ ਅਸਫਲ ਰਹੇ ਹਨ ਕਿ ਉਹ ਸੰਮਨ ਤਾਮੀਲ ਕਰਨ ਦੇ ਸ਼ਾਮ 4:40 ਤੋਂ 5:10 ਦੇ ਸਮੇਂ ਦੌਰਾਨ ਓਕ ਕਰੀਕ ਹਾਈ ਸਕੂਲ ਦੀ ਥਾਂ ਬੋਇਲਰ ਸੁਪਰ ਸਟੋਰ ਵਿਚ ਸਨ।

# ਕੈਪਟਨ ਅਮਰਿੰਦਰ ਨੇ ਸੁਮੇਧ ਸੈਣੀ ਨੂੰ ਦਬਕਿਆ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਪੰਜਾਬ ਦਾ ਡੀਜੀਪੀ ਸੁਮੇਧ ਸਿੰਘ ਸੈਣੀ ਖੁਦ ਹੀ ਆਪਣਾ ਗੁਣਗਾਨ ਕਰਨ ਵਿਚ ਲੱਗਾ ਹੋਇਆ ਹੈ। ਸੈਣੀ ਨਿਰਪੱਖ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸਮਿਤੀ ਚੋਣਾਂ ਕਰਵਾਉਣ ਵਿਚ ਅਸਫ਼ਲ ਰਹਿਣ 'ਤੇ ਮੁਆਫ਼ੀ ਮੰਗੇ। ਉਨ੍ਹਾਂ ਕਾਂਗਰਸ ਦੇ ਵਿਧਾਇਕ ਰਾਣਾ ਗੁਰਮੀਤ ਸਿੰਘ ਸੋਢੀ 'ਤੇ ਜਾਨਲੇਵਾ ਹਮਲੇ ਦੇ ਮਾਮਲੇ ਵਿਚ ਪੁਲਿਸ ਦੀ ਕਹਾਣੀ 'ਤੇ ਸਖਤ ਟਿੱਪਣੀ ਕਰਦਿਆਂ ਦੋਸ਼ ਲਾਇਆ ਕਿ ਸੱਚ ਨੂੰ ਛੁਪਾਉਣ ਦਾ ਯਤਨ ਕੀਤਾ ਜਾ ਰਿਹਾ ਹੈ।

ਕੈਪਟਨ ਨੇ ਕਿਹਾ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਹਲਕੇ ਵਿਚ ਹੋਈ ਹਿੰਸਾ ਸਬੰਧੀ ਅਖ਼ਬਾਰਾਂ ਦੀਆਂ ਖ਼ਬਰਾਂ ਨੇ ਸੈਣੀ ਦੇ ਦਾਅਵਿਆਂ ਨੂੰ ਗਲਤ ਸਾਬਤ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਡੀਜੀਪੀ ਸੈਣੀ ਆਪਣੇ ਸਿਆਸੀ ਆਕਾਵਾਂ ਦੇ ਕਹਿਣ 'ਤੇ ਬੋਲ ਰਿਹਾ ਹੈ। ਉਨ੍ਹਾਂ ਕਿਹਾ ਕਿ ਪੁਲਿਸ ਦਾਅਵਾ ਕਰ ਰਹੀ ਹੈ ਕਿ ਸ. ਸੋਢੀ ਨੇ ਖੁਦ ਨੂੰ ਜ਼ਖਮੀ ਕਰਕੇ ਇਸ ਘਟਨਾ ਲਈ ਚੱਲਿਆ ਹੋਇਆ ਕਾਰਤੂਸ ਇਸਤੇਮਾਲ ਕੀਤਾ।

ਗੁਰਦੁਆਰਾ ਸਿੱਖ ਸੁਸਾਇਟੀ ਆਫ ਮਿਸ਼ੀਗਨ (ਸਟਰਲਿੰਗ ਹਾਈਟਸ)
33340 Dequindre Rd, Sterling Heights, MI - 48310

ੴ ਸਤਿਗੁਰ ਪ੍ਰਸਾਦਿ॥

ਨਿਸ਼ਾਨ ਸਾਹਿਬ ਦੀ ਸਥਾਪਨਾ

ਸਨਿਚਰਵਾਰ ਪਹਿਲੀ ਜੂਨ 2013



ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਆਪ ਸਮੂਹ ਸੰਗਤਾਂ ਨੂੰ ਇਹ ਜਾਣ ਕੇ ਪ੍ਰਸੰਨਤਾ ਹੋਵੇਗੀ ਕਿ ਗੁਰਦੁਆਰਾ ਸਿੱਖ ਸੁਸਾਇਟੀ ਆਫ ਮਿਸ਼ੀਗਨ (ਸਟਰਲਿੰਗ ਹਾਈਟਸ) ਵਿਖੇ ਨਿਸ਼ਾਨ ਸਾਹਿਬ ਦੀ ਸਥਾਪਨਾ ਦੀ ਰਸਮ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਹੋਵੇਗੀ।
ਆਪ ਸਮੂਹ ਸੰਗਤਾਂ ਨੂੰ ਇਸ ਮੌਕੇ ਹਾਜ਼ਰੀਆਂ ਭਰਨ ਦੀ ਬੇਨਤੀ ਹੈ ਜੀ।

ਵੀਰਵਾਰ, 30 ਮਈ 2013: ਅਰੰਭ ਸ੍ਰੀ ਅਖੰਡ ਪਾਠ ਸਵੇਰੇ 10 ਵਜੇ
ਸਨਿਚਰਵਾਰ, ਪਹਿਲੀ ਜੂਨ 2013: ਭੋਗ ਸ੍ਰੀ ਅਖੰਡ ਪਾਠ ਸਵੇਰੇ 10 ਵਜੇ
ਸ਼ਬਦ ਕੀਰਤਨ: ਸਵੇਰੇ 11 ਤੋਂ 12:30, ਭਾਈ ਗੁਰਮੀਤ ਸਿੰਘ
ਨਿਸ਼ਾਨ ਸਾਹਿਬ ਦੀ ਸਥਾਪਨਾ ਦੀ ਰਸਮ: ਦੁਪਹਿਰ 12:30 ਵਜੇ
*ਨਿਸ਼ਾਨ ਸਾਹਿਬ ਦੀ ਸਥਾਪਨਾ ਦੀ ਰਸਮ ਸਮੇਂ ਬਾਬਾ ਸੇਵਾ ਸਿੰਘ ਜੀ ਖਡੂਰ ਸਾਹਿਬ ਵਾਲੇ ਮੌਜੂਦ ਹੋਣਗੇ*
ਗੁਰੂ ਕਾ ਲੰਗਰ: ਦੁਪਹਿਰ ਇਕ ਵਜੇ, ਤਾਜ਼ਾ ਜਲੇਬੀਆਂ ਵਰਤਾਈਆਂ ਜਾਣਗੀਆਂ।



ਪਹਿਲੀ ਜੂਨ, ਸ਼ਾਮ ਦਾ ਪ੍ਰੋਗਰਾਮ: ਸ਼ਾਮ 6 ਤੋਂ 6:30: ਰਹਿਰਾਸ ਸਾਹਿਬ
ਸ਼ਾਮ 6:30 ਤੋਂ 7:00: ਕੀਰਤਨ ਭਾਈ ਗੁਰਮੀਤ ਸਿੰਘ
ਸ਼ਾਮ 7:00 ਤੋਂ ਤੜਕੇ 5 ਵਜੇ ਤੱਕ ਅਖੰਡ ਕੀਰਤਨ (ਰੈਣ ਸਬਾਈ) ਸਮਾਗਮ

ਹੋਰ ਜਾਣਕਾਰੀ ਲਈ ਸੰਪਰਕ ਕਰੋ

ਰਣਜੀਤ ਸਿੰਘ ਫੋਨ: 586-709-1781
ਜਤਿੰਦਰ ਸਿੰਘ ਫੋਨ: 586-258-6434
ਪਰਦੀਪ ਕੌਰ ਫੋਨ: 734-720-1215
ਦਿਲਜੀਤ ਕੌਰ ਫੋਨ: 586-873-5041
ਗੁਰਵਿੰਦਰ ਸਿੰਘ ਫੋਨ: 248-238-7920
ਦਿਲਪ੍ਰੀਤ ਸਿੰਘ ਫੋਨ: 248-990-5725


SUGA BUILDERS & CONSTRUCTION
COMMERCIAL & RESIDENTIAL
KBR INVESTMENTS
AND STAR PRODUCTIONS
COMBINED OIL COMPANY
Radio Chann Pardesi
Hindi • Punjabi
PAN-OCEANIC ENGINEERING CO.
RUPINDER HANDA
FEROZ KHAN
BABU GURPAL
DALJIT DOSANJH
NEERU BAJWA
jatt & juliet
LIVE IN CONCERT
SATURDAY, JUNE 1ST 2013 @ 7:30 PM
Donald E. Stephens Convention Center Ballroom
5555 N River Rd, Rosemont, IL
Tickets : $39, $59, $79, $100, VIP & VVIP
More Info & Sponsorship: Savi S. Attal 847.630.4916 Harbir Virk 847.942.9046
SPONSORS
DARSHAN S. DHALIWAL JASSIE S. MULTANI NICK S. GAKHAL (ALL STATE TRANSPORT)
TICKETS AVAILABLE AT
SINGH GROCERS 847-241-5189
AL-MANSOOR VIDEO 773-764-7576
INDIAN GROCERY & SPICES (MILWAUKEE) 414-771-3535
SPICE N RICE 630-717-9103
RAJESHREE GROCERS 847-252-7788
DESI BAZAAR 630-893-8049
PARMINDER WALIA 847-477-1613
ooraa 888-888-9914
ALPINE
AIR TOURS INC.
L.A. TAN
SAHIL
ZINU CREDIT REPAIR (800) 400-ZINU

## ਬੀਬੀ ਜਸਬੀਰ ਕੌਰ ਅਟਵਾਲ ਸੁਰਗਵਾਸ



**ਸ਼ਿਕਾਗੋ (ਬਿਊਰੋ):** ਪੰਜਾਬੀ ਕਲਚਰਲ ਸੁਸਾਇਟੀ, ਸ਼ਿਕਾਗੋ ਦੇ ਬਾਨੀ ਮੈਂਬਰ ਅਤੇ ਸਾਬਕਾ ਪ੍ਰਧਾਨ ਸੁਖਮੇਲ ਸਿੰਘ ਅਟਵਾਲ ਦੇ ਮਾਤਾ ਜੀ ਬੀਬੀ ਜਸਬੀਰ ਕੌਰ ਅਟਵਾਲ ਲੰਘੀ 18 ਮਈ ਨੂੰ ਇਥੇ ਗਲੈਨਬਰੁਕ ਹਸਪਤਾਲ ਵਿਚ ਚਲਾਣਾ ਕਰ ਗਏ। ਉਹ ਪਿਛਲੇ ਕੁਝ ਸਮੇਂ ਤੋਂ ਬਿਮਾਰ ਸਨ। ਉਹ ਕਰੀਬ 86 ਵਰ੍ਹਿਆਂ ਦੇ ਸਨ। 1983 ਤੋਂ ਉਹ ਅਮਰੀਕਾ ਵਿਚ ਆਪਣੇ ਪਰਿਵਾਰ ਪਾਸ ਆਏ ਹੋਏ ਸਨ।

ਬੀਬੀ ਜਸਬੀਰ ਕੌਰ ਅਟਵਾਲ ਆਪਣੇ ਪਿਛੇ ਦੋ ਪੁੱਤਰ-ਜਸਵਿੰਦਰ ਸਿੰਘ ਅਟਵਾਲ, ਸੁਖਮੇਲ ਸਿੰਘ ਅਟਵਾਲ ਅਤੇ ਪੋਤਰਿਆਂ-ਪੜਪੋਤਰਿਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ। ਉਨ੍ਹਾਂ ਦੇ ਪਤੀ ਸ. ਗੁਲਜ਼ਾਰ ਸਿੰਘ ਕੁਝ ਸਾਲ ਪਹਿਲਾਂ ਗੁਜਰ ਗਏ ਸਨ। ਉਹ ਸਿੱਖ ਰਿਲੀਜੀਅਸ ਸੁਸਾਇਟੀ ਦੀ ਸਾਬਕਾ ਬੋਰਡ ਮੈਂਬਰ ਬੀਬੀ ਅਮਰਜੀਤ ਕੌਰ ਅਟਵਾਲ ਦੀ ਸੱਸ ਸਨ। ਉਨ੍ਹਾਂ ਦਾ ਅੰਤਿਮ ਸੰਸਕਾਰ ਮੰਗਲਵਾਰ 21 ਮਈ ਨੂੰ ਕਰ ਦਿੱਤਾ ਗਿਆ।

## ਜੱਸੀ ਗਿੱਲ ਨੂੰ ਸਦਮਾ, ਪਿਤਾ ਸੁਰਗਵਾਸ

**ਸ਼ਿਕਾਗੋ (ਬਿਊਰੋ):** ਸਥਾਨਕ ਖੇਡ ਕਲੱਬ ਸ਼ੇਰੇ ਪੰਜਾਬ ਸਪੋਰਟਸ ਅਤੇ ਕਲਚਰਲ ਕਲੱਬ ਦੇ ਮੋਢੀ ਮੈਂਬਰ ਅਤੇ ਸਾਬਕਾ ਵਿੱਤ ਸਕੱਤਰ ਜਸਵਿੰਦਰ (ਜੱਸੀ) ਸਿੰਘ ਗਿੱਲ ਨੂੰ ਉਸ ਸਮੇਂ ਭਾਰੀ ਸਦਮਾ ਪੁੱਜਾ ਜਦੋਂ ਉਨ੍ਹਾਂ ਦੇ ਪਿਤਾ ਮੇਜਰ ਸਿੰਘ ਗਿੱਲ ਪਿਛਲੇ ਦਿਨੀਂ ਇਸ ਫਾਨੀ ਸੰਸਾਰ ਨੂੰ ਹਮੇਸ਼ਾ ਲਈ ਅਲਵਿਦਾ ਕਹਿ ਗਏ। ਉਹ 87 ਸਾਲਾਂ ਦੇ ਸਨ।



*ਮੇਜਰ ਸਿੰਘ ਗਿੱਲ*

ਮਰਹੂਮ ਸ. ਗਿੱਲ ਆਪਣੇ ਪਿਛੇ ਪਤਨੀ ਸੁਖਦੇਵ ਕੌਰ, ਤਿੰਨ ਪੁੱਤਰ, ਇਕ ਧੀ ਅਤੇ ਪੋਤਰਿਆਂ ਦੋਹਤਰਿਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ। ਉਹ ਜ਼ਿਲਾ ਲੁਧਿਆਣਾ ਦੇ ਪਿੰਡ ਇਆਲੀ ਖੁਰਦ ਤੋਂ ਸਨ। ਜੱਸੀ ਗਿੱਲ ਆਪਣੇ ਪਿਤਾ ਦੀਆਂ ਆਖਰੀ ਰਸਮਾਂ ਪੂਰੀਆਂ ਕਰਨ ਉਪਰੰਤ ਇੰਡੀਆ ਤੋਂ ਵਾਪਸ ਆ ਗਏ ਹਨ ਅਤੇ ਉਨ੍ਹਾਂ ਨਾਲ ਸੰਪਰਕ 773-759-0433 ਰਾਹੀਂ ਕੀਤਾ ਜਾ ਸਕਦਾ ਹੈ।



*ਸਿੱਖ ਰਿਲੀਜੀਅਸ ਸੁਸਾਇਟੀ ਨਾਰਥ ਵੈਸਟ ਇੰਡੀਆਨਾ (ਗੁਰਦੁਆਰਾ ਕਰਾਊਨ ਪੁਆਇੰਟ) ਦੀ ਸਾਲ 2013 ਲਈ ਸਰਬਸੰਮਤੀ ਨਾਲ ਹੋਈ ਚੋਣ ਵਿਚ ਪ੍ਰਧਾਨ ਅਮਰੀਕ ਸਿੰਘ ਬਸਰਾ, ਸਕੱਤਰ ਕੁਲਦੀਪ ਸਿੰਘ ਟਾਂਡਾ, ਖਜ਼ਾਨਚੀ ਰਾਜਿੰਦਰ ਸਿੰਘ ਬੈਂਸ, ਧਾਰਮਿਕ ਸਕੱਤਰ ਗੁਰਮੀਤ ਸਿੰਘ ਕਾਹਲੋਂ ਅਤੇ ਸਿਖਿਆ ਸਕੱਤਰ ਲਖਵੀਰ ਸਿੰਘ ਚੀਮਾ ਚੁਣੇ ਗਏ। ਤਸਵੀਰ ਵਿਚ (ਖੱਬਿਓਂ) ਕੁਲਦੀਪ ਸਿੰਘ ਟਾਂਡਾ, ਰਾਜਿੰਦਰ ਸਿੰਘ ਬੈਂਸ, ਅਮਰੀਕ ਸਿੰਘ ਬਸਰਾ, ਲਖਵੀਰ ਸਿੰਘ ਚੀਮਾ ਅਤੇ ਮਨਜੀਤ ਸਿੰਘ ਕਾਹਲੋਂ।*

ਮਿਸ਼ੀਗਨ ਵਿਚ ਮਕਾਨ ਵੇਚਣ/ਖਰੀਦਣ ਲਈ ਭਰੋਸੇਯੋਗ ਨਾਂ

ਕਰਨ ਗਿੱਲ



Ph: (734) 612-9984

Either Buying or Selling a Home in Michigan
"Always Go with the Winner"

COLDWELL BANKER

44644 Ann Arbor Road Plymouth, MI 48170
Email: KarnGill@Hotmail.com
Website: www.KarnGill.com

## ਭਾਰਤੀ ਬਣਿਆ ਅਮਰੀਕੀ ਜੱਜ

**ਵਾਸ਼ਿੰਗਟਨ:** ਭਾਰਤੀ ਅਮਰੀਕੀ ਸ੍ਰੀਕਾਂਤ ਸ੍ਰੀਨਿਵਾਸਨ ਨੂੰ ਅਮਰੀਕਾ ਦੀ ਦੂਜੀ ਸਭ ਤੋਂ ਵੱਡੀ ਅਦਾਲਤ ਡੀਸੀ ਸਰਕਟ ਹਾਊਸ ਦੇ ਜੱਜ ਲਾਏ ਜਾਣ ਨੂੰ ਸੈਨੇਟ ਦੀ ਅਹਿਮ ਕਮੇਟੀ ਨੇ ਪ੍ਰਵਾਨਗੀ ਦੇ ਦਿੱਤੀ ਹੈ। ਸ੍ਰੀਨਿਵਾਸਨ ਇਸ ਅਹੁਦੇ 'ਤੇ ਪੁੱਜਣ ਵਾਲੇ ਪਹਿਲੇ ਦੱਖਣੀ ਏਸ਼ਿਆਈ ਹੋਣਗੇ।

AK Photographers & Videographers

ਵਿਆਹ-ਸ਼ਾਦੀ, ਮਹਿੰਦੀ, ਜਨਮ ਦਿਨ, ਪਾਰਟੀ ਅਤੇ ਤੁਹਾਡੇ ਜਿੰਦਗੀ ਦੇ ਹਰ ਯਾਦਗਾਰੀ ਪਲ ਨੂੰ ਵੀਡਿਉਗ੍ਰਾਫੀ/ਫੋਟੋਗ੍ਰਾਫੀ ਰਾਹੀਂ ਸੰਭਾਲਣ ਦੇ ਮਾਹਿਰ।

ਇੱਕ ਮੌਕਾ ਦੇ ਕੇ ਦੇਖੋ।

- Live Show of Wedding & Ongoing Party with Projector
- Multi Cameras Shooting
- Family Posters, Couple Posters, Wall Posters & more items
- Online Client Access Room for our Valued Customers to view world wide
- Professional HD Photo & Cinematography.
- We also provide DJ & Dholi.

Call : 414-544-5328, 414-349-7437

www.akphotographers.com



ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ

www.011india.com

$25 2,500 Minutes

ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ

ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।

✓ ਵਧੀਆ, ਸਾਫ਼ ਆਵਾਜ਼
✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
✓ ਬਗੈਰ ਪਿੰਨ ਤੋਂ ਵਰਤੋ
✓ ਸਪੀਡ ਵਾਲੇ ਨੰਬਰ ਸੈਟ ਕਰੋ

Limited Time Offer. Restrictions & Additional Fees Apply.

800.914.1013 • 408.726.6103 • 408.659.9400

INDIAN BAZAAR ਇੰਡੀਅਨ ਬਜ਼ਾਰ

334 S. Emerson Ave.,
GREENWOOD, IN 46143

ਹਰ ਤਰ੍ਹਾਂ ਦੀ ਭਾਰਤੀ ਗਰੌਸਰੀ ਅਤੇ ਮਿਠਾਈਆਂ ਲਈ ਮਸ਼ਹੂਰ

- ਤਾਜ਼ਾ ਸਬਜ਼ੀਆਂ ਹਰ ਵੀਰਵਾਰ
- ਸਭ ਧਰਮਾਂ ਦੇ ਧਾਰਮਿਕ ਪ੍ਰੋਗਰਾਮਾਂ ਲਈ 10% ਛੂਟ

ਇਕ ਵਾਰ ਜ਼ਰੂਰ ਦਰਸ਼ਨ ਦਿਓ, ਦੂਜੀ ਵਾਰ ਤੁਸੀਂ ਖੁਦ ਹੀ ਆਓਗੇ ਕਿਉਂਕਿ ਹਰ ਚੀਜ਼ ਤੁਹਾਨੂੰ ਵਧੀਆ ਕੁਆਲਿਟੀ 'ਚ ਅਤੇ ਵਾਜਬ ਰੇਟ 'ਤੇ ਮਿਲੇਗੀ।

ਤੁਹਾਡਾ ਆਪਣਾ ਸਾਫ ਸੁਥਰਾ ਗਰੌਸਰੀ ਸਟੋਰ

ਸੱਤੇ ਦਿਨ ਖੁੱਲ੍ਹਾ-ਸਵੇਰੇ 9 ਵਜੇ ਤੋਂ ਰਾਤ 9 ਵਜੇ ਤੱਕ



Ph: 317-534-5151, 317-997-9140

ਆਪਣੇ ਰੂਪ ਨੂੰ ਚਾਰ ਚੰਨ ਲਾਓ



DESIGNER LEHANGAS, SUITS, SAREES, KIDS WEAR

ਡਿਜ਼ਾਈਨਰ ਲਹਿੰਗੇ, ਸੂਟ ਤੇ ਸਾੜੀਆਂ

ਬੱਚਿਆਂ ਦੀਆਂ ਪੁਸ਼ਾਕਾਂ

Gidha Bhangra Dresess On Rent

Preet BOUTIQUE

ਵਿਆਹ-ਸ਼ਾਦੀ ਦੇ ਸ਼ਗਨਾਂ ਲਈ ਕਲੀਰੇ, ਗਾਨੇ, ਸੁਰਮੇਦਾਨੀ, ਕਿਰਪਾਨ, ਕਲਗੀ, ਸਿਹਰਾ, ਚੂੜਾ, ਜਾਗੋ ਮਟਕੀ, ਪਰਾਂਦੀ ਤੇ ਹੋਰ ਸਭ ਕੁਝ ਮਿਲਦਾ ਹੈ

Call: 317-603-4018, 317-332-1387

E-mail:spkaurus@yahoo.co.in
Facebook preetboutique

ਭਾਰ ਘਟਾਓ, ਰੋਗਾਂ ਤੋਂ ਬਚੋ

ਕੀ ਤੁਸੀਂ ਭਾਰ ਵਧਣ, ਸ਼ੂਗਰ, ਕੋਲੈਸਟਰੋਲ, ਬਲੱਡ ਪ੍ਰੈਸ਼ਰ, ਕਬਜ਼, ਕਮਰ ਦਰਦ, ਜੋੜਾਂ ਦੇ ਦਰਦ, ਹਰਦਮ ਥਕੇ ਰਹਿਣ, ਥੋੜਾ ਜਿਹਾ ਤੁਰਨ ਨਾਲ ਸਾਹ ਚੜ੍ਹਨ ਆਦਿ ਅਲਾਮਤਾਂ ਤੋਂ ਰਾਹਤ ਪਾਉਣਾ ਚਾਹੁੰਦੇ ਹੋ?

> ਸਾਡੀ ਕੰਪਨੀ ਦੀਆਂ ਦੇਸੀ ਦਵਾਈਆਂ ਵਰਤ ਕੇ ਤੁਸੀਂ ਆਪਣਾ ਵਜ਼ਨ ਘਟਾ ਸਕਦੇ ਹੋ। ਇਨ੍ਹਾਂ ਦਵਾਈਆਂ ਦੇ ਕੋਈ ਸਾਈਡ ਇਫੈਕਟ ਵੀ ਨਹੀਂ ਹਨ।

> ਸਾਡੀ ਕੰਪਨੀ ਪਿਛਲੇ 32 ਸਾਲ ਤੋਂ 72 ਦੇਸ਼ਾਂ ਵਿਚ ਹਰਬਲ ਦਵਾਈਆਂ ਨਾਲ ਲੋਕਾਂ ਦੀ ਸੇਵਾ ਕਰ ਰਹੀ ਹੈ।

Safe & Easy Weight Loss

Ph:317-886-4858

www.punjabiweightloss.blogspot.com
www.goherbalife.com/skaur

## ਕਲੀਵਲੈਂਡ ਵਿਚ ਕਬੱਡੀ ਮੇਲਾ 22 ਜੂਨ ਨੂੰ

**ਕਲੀਵਲੈਂਡ, ਓਹਾਇਓ (ਬਿਊਰੋ):** ਪੰਜਾਬ ਸਪੋਰਟਸ ਕਲੱਬ, ਕਲੀਵਲੈਂਡ ਵਲੋਂ ਆਪਣਾ ਤੀਜਾ ਕਬੱਡੀ ਮੇਲਾ ਆਉਂਦੀ 22 ਜੂਨ ਨੂੰ ਮੈਸੇਡੋਨੀਆ ਕਸਬੇ ਵਿਚ ਕਰਵਾਇਆ ਜਾਵੇਗਾ। ਇਸ ਮੇਲੇ ਦੌਰਾਨ ਕਬੱਡੀ ਅੰਡਰ 21, ਕਬੱਡੀ ਅੰਡਰ 18, ਕਬੱਡੀ ਓਪਨ ਅਤੇ ਵਾਲੀਬਾਲ ਦੇ ਮੈਚ ਕਰਵਾਏ ਜਾਣਗੇ। ਇਸ ਤੋਂ ਇਲਾਵਾ ਬੱਚਿਆਂ ਦੀਆਂ ਦੌੜਾਂ, ਤਿੰਨ ਟੰਗੀ ਰੇਸ ਅਤੇ ਹੋਰ ਖੇਡਾਂ ਕਰਵਾਈਆਂ ਜਾਣਗੀਆਂ।

ਕਲੱਬ ਵਲੋਂ ਦਿਤੀ ਗਈ ਜਾਣਕਾਰੀ ਅਨੁਸਾਰ ਇਸ ਮੇਲੇ ਦੌਰਾਨ 'ਪੰਜਾਬੀ ਮੁਟਿਆਰ' ਅਤੇ 'ਪੰਜਾਬੀ ਗੱਭਰੂ' ਦੇ ਮੁਕਾਬਲੇ ਵੀ ਹੋਣਗੇ। ਓਹਾਇਓ ਸਟੇਟ ਯੂਨੀਵਰਸਿਟੀ ਦੀ ਭੰਗੜਾ ਟੀਮ ਭੰਗੜਾ ਪਾਏਗੀ ਅਤੇ ਬਲਜੀਤ ਮਾਲਵਾ ਆਪਣੀ ਗਾਇਕੀ ਨਾਲ ਮੇਲੀਆਂ ਦਾ ਮਨੋਰੰਜਨ ਕਰੇਗਾ। ਖਰੀਦਦਾਰੀ ਲਈ ਗਹਿਣੇ-ਗਟਿਆਂ, ਕਪੜੇ ਅਤੇ ਤਸਵੀਰਾਂ ਦੇ ਸਟਾਲ ਲਾਏ ਜਾਣਗੇ। ਮਹਿੰਦੀ ਦੀਆਂ ਸ਼ੁਕੀਨ ਬੀਬੀਆਂ ਲਈ ਮਹਿੰਦੀ ਲਾਉਣ ਵਾਲੀ ਵੀ ਹੋਵੇਗੀ। ਇੰਜ ਇਹ ਮੇਲਾ ਪੂਰੀ ਤਰ੍ਹਾਂ ਪੰਜਾਬ ਦੇ ਮੇਲਿਆਂ ਵਰਗਾ ਹੋਵੇਗਾ। ਆਏ ਮੇਲੀਆਂ ਵਾਸਤੇ ਲੰਗਰ-ਪਾਣੀ ਦਾ ਮੁਫਤ ਪ੍ਰਬੰਧ ਹੋਵੇਗਾ। ਹੋਰ ਜਾਣਕਾਰੀ ਲਈ ਇਕਬਾਲ ਬੋਪਾਰਾਏ ਨਾਲ ਫੋਨ 330-754-9396 'ਤੇ ਸੰਪਰਕ ਕੀਤਾ ਜਾ ਸਕਦਾ ਹੈ।


# ਤੰਦੂਰੀਏ, ਕੁੱਕ, ਹੈਲਪਰ ਦੀ ਲੋੜ ਹੈ

**ਇੰਡੀਅਨਐਪਲਿਸ ਵਿਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ, ਕੁੱਕ, ਹੈਲਪਰਾਂ ਅਤੇ ਵੇਟਰਾਂ ਦੀ ਤੁਰੰਤ ਜ਼ਰੂਰਤ ਹੈ**

**ਚੰਗੀ ਤਨਖਾਹ ਤੇ ਰਿਹਾਇਸ਼ ਮੁਫਤ**

***ਸੰਪਰਕ ਕਰੋ: ਕੁਲਵਿੰਦਰ ਸਿੰਘ***

**ਫੋਨ: 317-437-0367**


## ਗੁਰਦੁਆਰਾ ਸਿੰਘ ਸਭਾ ਰਿਚਰਡਸਨ 'ਚ ਸ਼ਹੀਦੀ ਸਮਾਗਮ

**ਡੈਲਸ, ਟੈਕਸਸ (ਬਿਊਰੋ):** ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ, ਜੂਨ 1984 ਅਤੇ ਨਵੰਬਰ 1984 ਦੇ ਸ਼ਹੀਦਾਂ ਦੀ ਯਾਦ ਵਿਚ ਸ਼ਹੀਦੀ ਸਮਾਗਮ ਇਥੇ ਗੁਰਦੁਆਰਾ ਸਿੰਘ ਸਭਾ, ਰਿਚਰਡਸਨ ਵਿਖੇ ਕਰਵਾਏ ਜਾ ਰਹੇ ਹਨ। ਇਨ੍ਹਾਂ ਸਮਾਗਮਾਂ ਦੌਰਾਨ ਪੰਥ ਪ੍ਰਸਿਧ ਰਾਗੀ ਜਥੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ ਅਤੇ ਇੰਦਰਜੀਤ ਸਿੰਘ ਅਣਖੀ ਦਾ ਢਾਡੀ ਜਥਾ ਸਿੱਖ ਇਤਿਹਾਸ ਅਤੇ ਸਿੱਖ ਸ਼ਹੀਦਾਂ ਬਾਰੇ ਵਾਰਾਂ ਗਾ ਕੇ ਸੰਗਤਾਂ ਨੂੰ ਇਤਿਹਾਸ ਸਰਵਣ ਕਰਾਏਗਾ।

ਗੁਰਦੁਆਰਾ ਪ੍ਰਬੰਧਕਾਂ ਵਲੋਂ ਦਿੱਤੀ ਗਈ ਜਾਣਕਾਰੀ ਮੁਤਾਬਕ ਜੂਨ 1984 ਅਤੇ ਹੁਣ ਤੱਕ ਹੋਏ ਸਮੂਹ ਸ਼ਹੀਦਾਂ ਦੀ ਯਾਦ ਵਿਚ ਸਮਾਗਮ 9 ਜੂਨ ਨੂੰ ਹੋਵੇਗਾ ਜਦੋਂਕਿ ਪੰਚਮ ਪਾਤਸ਼ਾਹ ਦੀ ਸ਼ਹੀਦੀ ਬਾਰੇ ਸਮਾਗਮ 16 ਜੂਨ ਨੂੰ ਹੋਵੇਗਾ।

## ਪੀ ਐਚ ਓ ਦਾ ਯੂਥ ਫੈਸਟੀਵਲ 13 ਜੁਲਾਈ ਨੂੰ

**ਸ਼ਿਕਾਗੋ (ਬਿਊਰੋ):** ਸਥਾਨਕ ਸਭਿਆਚਾਰਕ ਸੰਸਥਾ ਪੰਜਾਬੀ ਹੈਰੀਟੇਜ਼ ਆਰਗੇਨਾਈਜੇਸ਼ਨ ਵਲੋਂ ਪੰਜਾਬੀ ਯੂਥ ਫੈਸਟੀਵਲ ਆਉਂਦੀ 13 ਜੁਲਾਈ ਨੂੰ ਡੈਸ ਪਲੇਨਜ਼ ਥੀਏਟਰ, ਡੈਸ ਪਲੇਨਜ਼ ਵਿਚ ਸ਼ਾਮੀ 7 ਵਜੇ ਤੋਂ ਕਰਵਾਇਆ ਜਾਏਗਾ। ਇਸ ਮੇਲੇ ਦੌਰਾਨ ਭੰਗੜੇ ਅਤੇ ਗਿੱਧੇ ਤੋਂ ਇਲਾਵਾ ਨ੍ਰਿਤ ਆਈਟਮਾਂ ਅਤੇ ਗੀਤ-ਸੰਗੀਤ ਵੀ ਹੋਵੇਗਾ।

ਸੰਸਥਾ ਵਲੋਂ ਦਿਤੀ ਗਈ ਜਾਣਕਾਰੀ ਅਨੁਸਾਰ ਇਸ ਯੂਥ ਮੇਲੇ ਦੌਰਾਨ 'ਪੰਜਾਬੀ' ਅਤੇ 'ਪੰਜਾਬਣ' ਮੁਕਾਬਲੇ ਵੀ ਕਰਵਾਏ ਜਾਣਗੇ। ਯੁਵਕ ਮੇਲੇ ਵਿਚ ਹਿੱਸਾ ਲੈਣ ਲਈ ਆਖਰੀ ਤਾਰੀਖ 16 ਜੂਨ ਹੈ। ਟਿਕਟ ਵੀ ਆਈ ਪੀ, 100 ਡਾਲਰ, 50 ਡਾਲਰ, 25 ਡਾਲਰ ਹੋਵੇਗੀ। ਹੋਰ ਜਾਣਕਾਰੀ ਲਈ ਫੋਨ: (630) 549-5983, 847-975-8462, 630-842-2907 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।


# Freeway Travel Inc

***ਸਸਤੀਆਂ ਟਿਕਟਾਂ, ਖਰਾ ਸੌਦਾ, ਬਿਹਤਰ ਸਰਵਿਸ***

**Call Raju**

**Tel: 773-973-0200**

**Fax: 773-973-0557**

**2542 W Devon Ave. Chicago IL 60659**





# Travel Mart International

**We offer lowest fares to India, Pakistan, Africa, Middle East & worldwide.**

**Best rates available with confirmed seats.**

**You tried the rest now try the best**

***Ph:773-764-3700***

**Fax # 773 751 5531 e-mail: travelmartintl@gmail.com**

**2600 W. Peterson Ave., Suite 103, Chicago Il 60659**



# SUPER TRAVEL

**847-676-9090, 773-465-5566**

*E-mail: supertravel2003@yahoo.com*

**Lowest Fares With Excellent Service**

*United Airlines*
*British Airways*

*Jet Airways, Air India, KLM, Lufthansa, Delta, Qatar Airlines.*

**For Emergency Call anytime at 847-673-3825**

*EARLY BIRD SALE!!!!*

**Domestic fares available**





# ਗੁਰਪਤਵੰਤ ਸਿੰਘ ਪੰਨੂੰ

**ਅਟਾਰਨੀ ਐਟ ਲਾਅ**

**ਕੀ ਤੁਸੀਂ ਡੀਪੋਰਟ ਹੋ ਰਹੇ ਹੋ?**

**ਜਾਂ ਤੁਹਾਡਾ ਇੰਮੀਗ੍ਰੇਸ਼ਨ ਕੇਸ ਬੰਦ ਹੈ?**





ਗੁਰਪਤਵੰਤ ਸਿੰਘ ਪੰਨੂੰ ਅਟਾਰਨੀ ਐਟ ਲਾਅ

**ਤੁਹਾਡੀ ਸੇਵਾ ਵਿਚ ਹਾਜ਼ਰ ਅਟਾਰਨੀ ਪੰਨੂੰ**

## ਇੰਮੀਗ੍ਰੇਸ਼ਨ ਅਤੇ ਡੀਪੋਰਟੇਸ਼ਨ ਡਿਫੈਂਸ

- ਬੋਰਡ ਆਫ ਇੰਮੀਗ੍ਰੇਸ਼ਨ ਅਪੀਲਜ਼
- 9th & 2nd ਸਰਕਿਟ ਅਪੀਲਜ਼
- ਕੈਨਸੇਲੇਸ਼ਨ ਆਫ ਡੀਪੋਰਟੇਸ਼ਨ (10 ਸਾਲਾ ਰਿਹਾਇਸ਼ੀ ਕੇਸ)
- ਡੀਪੋਰਟੇਸ਼ਨ ਦੇ ਕੇਸ ਖੋਲ੍ਹਣ ਲਈ ਮੋਸ਼ਨ

**ਮੁਫਤ ਕਾਨੂੰਨੀ ਸਲਾਹ ਲਈ ਸੰਪਰਕ ਕਰੋ**

NEW YORK
T 718.672.8000
75-20 ASTORIA BLVD, SUITE 170
JACKSON HEIGHTS, NEW YORK 11370
* ADMITTED IN THE STATE OF NEW YORK ONLY

CALIFORNIA
T 510.796.9000
39180 LIBERTY STREET, SUITE 118
FREEMONT. CA 94538



# House Prices are moving up! Did you buy your Dream Home yet?





*Madan Khatri*

**One of 10 Top Producers in 2011 and 2012 at the Prudential Office!**

**Interest Rates are around 3.75%.**

**Buy A Home anywhere in Metro NOW**

***A Broker who can work with you from Beginning to End, Call Now!***

**Madan Khatri: 847-530-1550**

Prudential at 25 Turner Ave, Elk Grove Village, IL



# Sistar Mortgage

Minimizing Cost, Maximizing Investment

www.SistarMortgage.com

**Balbir (Bill) Grewal,** Loan Officer

*Residential & Commercial Loans*

**(734) 330-8859 Mobile**

**(586) 802-7385 Fax**

**Balbir.Grewal@SistarMortgage.com**

***Refinance up to 125% value of the house.**

*Loans Available In Most States!*





**>100% FHA Financing >Residential (Purchase & *Refinance) >Self Employed >Cash Out Refinance >Investment Property Loans >Jumbo Loans >Commercial Property With Business or Business Only**

**Punjab Times**

**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Photographer**
Kamaljit Singh Virdi
Ph. 847-502-2703

**Our Columnists**
Ashok Bhaura
Tarlochan Singh Dupalpur
Baljit Basi
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ਼ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਬਲਰਾਜ ਸਾਹਨੀ ਦਾ ਜਨਮ ਸ਼ਤਾਬਦੀ ਵਰ੍ਹਾ 'ਗਰਮ ਹਵਾ' ਨਾਲ ਸ਼ੁਰੂ

**ਨਵੀਂ ਦਿੱਲੀ:** ਫਿਲਮਸਾਜ਼ ਐਮ.ਐਸ. ਸਥਿਊ ਦੀ ਲਾਮਿਸਾਲ ਫਿਲਮ 'ਗਰਮ ਹਵਾ' ਦੇ ਉਚੇਚੇ ਸ਼ੋਅ ਨਾਲ ਮਸ਼ਹੂਰ ਅਦਾਕਾਰ ਅਤੇ ਪੰਜਾਬੀ ਦੀਆਂ ਕਈ ਵਾਰਤਕ ਪੁਸਤਕਾਂ ਦੇ ਰਚਨਹਾਰ ਬਲਰਾਜ ਸਾਹਨੀ ਦਾ ਜਨਮ ਸ਼ਤਾਬਦੀ ਵਰ੍ਹਾਂ ਆਰੰਭ ਹੋ ਗਿਆ। ਬਲਰਾਜ ਸਾਹਨੀ ਦਾ ਜਨਮ ਪਹਿਲੀ ਮਈ 1913 ਨੂੰ ਹੋਇਆ ਸੀ ਅਤੇ ਉਹ 13 ਅਪਰੈਲ 1973 ਨੂੰ ਇਸ ਸੰਸਾਰ ਨੂੰ ਸਬੂਤੀ ਅਲਵਿਦਾ ਆਖ ਗਏ ਸਨ। ਅਕਸਰ ਚਰਚਾ ਕੀਤੀ ਜਾਂਦੀ ਹੈ ਕਿ ਉਨ੍ਹਾਂ ਦੇ ਜਨਮ ਅਤੇ ਮਰਨ ਦਿਨ ਇਤਿਹਾਸਕ ਦਿਨਾਂ ਵਾਲੇ ਸਨ। ਪਹਿਲੀ ਮਈ ਨੂੰ ਮਜ਼ਦੂਰ ਦਿਵਸ ਹੁੰਦਾ ਹੈ ਅਤੇ 13 ਅਪਰੈਲ ਨੂੰ ਵਿਸਾਖੀ ਦਾ ਤਿਉਹਾਰ ਮਨਾਇਆ ਜਾਂਦਾ ਹੈ।

1973 ਵਿਚ ਬਣੀ ਕਲਾਸਿਕ ਫਿਲਮ 'ਗਰਮ ਹਵਾ' ਨਵੀਂ ਦਿੱਲੀ ਵਿਚ ਹੈਬੀਟੈਟ ਫਿਲਮ ਫੈਸਟੀਵਲ ਵਿਚ ਦਿਖਾਈ ਗਈ। ਇਹ ਵੀ ਇਕ ਤਰਾਸਦੀ ਹੀ ਸੀ ਕਿ ਬਲਰਾਜ ਸਾਹਨੀ ਖੁਦ ਇਹ ਫਿਲਮ ਨਹੀਂ ਸੀ ਦੇਖ ਸਕਿਆ। ਫਿਲਮ ਦੀ ਡਬਿੰਗ ਖਤਮ ਹੋਣ ਤੋਂ ਅਗਲੇ ਦਿਨ ਉਸ ਦੀ ਮੌਤ ਹੋ ਗਈ ਸੀ। ਇਸ ਫਿਲਮ ਵਿਚ ਉਸ ਦੀ ਭੂਮਿਕਾ ਲਾਸਾਨੀ ਸੀ। ਸਥਿਊ ਨੇ ਦੱਸਿਆ ਕਿ ਬਲਰਾਜ ਸਾਹਨੀ ਸੱਚਾ ਅਤੇ ਇਮਾਨਦਾਰ ਅਦਾਕਾਰ ਸੀ ਜੋ ਆਪਣੀ ਭੂਮਿਕਾ ਬਿਹਤਰ ਢੰਗ ਨਾਲ ਨਿਭਾਉਣ ਲਈ ਕੰਮ ਕਰਦਾ ਸੀ। 'ਗਰਮ ਹਵਾ' ਫਿਲਮ ਦਾ ਆਖਰੀ ਫਿਕਰਾ 'ਇਨਸਾਨ ਕਬ ਤਕ ਅਕੇਲਾ ਜੀ ਸਕਤਾ ਹੈ' ਸਕਰਿਪਟ ਦਾ ਹਿੱਸਾ ਨਹੀਂ ਸੀ। ਇਹ ਸਤਰ ਬਲਰਾਜ ਦੀ ਦੇਣ ਸੀ। ਫਿਲਮ ਵਿਚ ਸ਼ੌਕਤ ਆਜ਼ਮੀ, ਗੀਤਾ ਸਿਧਾਰਥ, ਏ.ਕੇ. ਹੰਗਲ ਤੇ ਜਲਾਲ ਆਗਾ ਵੀ ਸਨ। ਕੈਫ਼ੀ ਆਜ਼ਮੀ ਤੇ ਸ਼ਮਾ ਜ਼ੈਦੀ ਨੇ ਇਸਮਤ ਚੁਗਤਾਈ ਦੀ ਕਹਾਣੀ ਤੋਂ ਫਿਲਮ ਦਾ ਸਕਰੀਨ ਪਲੇਅ ਲਿਖਿਆ ਸੀ। ਇਸ ਫਿਲਮ ਤੋਂ ਫਾਰੂਕ ਸ਼ੇਖ ਨੇ ਵੀ ਆਪਣੇ ਫਿਲਮੀ ਸਫ਼ਰ ਦਾ ਆਗਾਜ਼ ਕੀਤਾ ਸੀ। ਇਹ ਫਿਲਮ ਭਾਰਤ ਅਤੇ ਪਾਕਿਸਤਾਨ, ਦੋਵਾਂ ਮੁਲਕਾਂ ਨੂੰ ਸੰਵਾਦ ਛੇੜਨ ਲਈ ਉਕਸਾਉਂਦੀ ਹੈ। ਯਾਦ ਰਹੇ ਕਿ ਇਹ ਫਿਲਮ ਫੌਰੀ ਰਿਲੀਜ਼ ਨਹੀਂ ਹੋ ਸਕੀ ਸੀ ਪਰ 1974 'ਚ ਕਾਨ ਫਿਲਮ ਮੇਲੇ ਲਈ ਚੁਣੀ ਗਈ ਸੀ। ਇਸ ਦਾ ਪਹਿਲਾ ਸ਼ੋਅ ਪੈਰਿਸ 'ਚ ਹੋਇਆ ਸੀ। ਇਸ ਫਿਲਮ ਤੋਂ ਇਲਾਵਾ ਬਲਰਾਜ ਸਾਹਨੀ ਨੇ 'ਕਾਬਲੀਵਾਲਾ', 'ਦੋ ਬੀਘਾ ਜ਼ਮੀਨ', 'ਧਰਤੀ ਕੇ ਲਾਲ', 'ਗਰਮ ਕੋਟ', 'ਹਕੀਕਤ', 'ਵਕਤ', ਜਿਹੀਆਂ ਕਲਾਸਿਕ ਫਿਲਮਾਂ ਵਿਚ ਅਦਾਕਾਰੀ ਕੀਤੀ।



ਫਿਲਮ 'ਗਰਮ ਹਵਾ' ਵਿਚ ਬਲਰਾਜ ਸਾਹਨੀ

## ਬਾਦਲਾਂ ਨੇ ਚੋਣਾਂ ਵਿਚ ਫਿਰ ਹੂੰਝਾ ਫੇਰਿਆ

(ਸਫਾ ਇਕ ਦੀ ਬਾਕੀ)

ਤੇ ਸੀ.ਪੀ.ਆਈ. (ਐਮ) ਦਾ ਦਾਤੀ-ਹਥੌੜਾ ਤੇ ਤਾਰਾ ਚੋਣ ਨਿਸ਼ਾਨ ਸੀ। ਸਾਂਝੇ ਮੋਰਚੇ ਦਾ ਚਾਹੇ ਕਾਂਗਰਸ ਜਾਂ ਬਹੁਜਨ ਸਮਾਜ ਪਾਰਟੀ ਨਾਲ ਕੋਈ ਪਾਰਟੀ ਪੱਧਰ 'ਤੇ ਸਮਝੌਤਾ ਨਹੀਂ ਸੀ ਪਰ ਹੁਕਮਰਾਨ ਪਾਰਟੀ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਹਰਾਉਣ ਲਈ ਸਾਰੇ ਸਥਾਨਕ ਪੱਧਰ 'ਤੇ ਇਕਜੁੱਟ ਹੋ ਗਏ ਸਨ। ਸਾਂਝੇ ਮੋਰਚੇ ਦੀ ਝੋਲੀ 33 ਸੀਟਾਂ ਪਈਆਂ ਹਨ। ਇਨ੍ਹਾਂ ਵਿਚੋਂ 22 ਪੀਪਲਜ਼ ਪਾਰਟੀ ਨੇ, 6 ਸੀ.ਪੀ.ਆਈ. ਤੇ 5 ਸੀਟਾਂ ਸੀ.ਪੀ.ਆਈ. (ਐਮ) ਨੇ ਜਿੱਤੀਆਂ ਹਨ। ਪੀਪਲਜ਼ ਪਾਰਟੀ ਦੇ ਦੋ ਉਮੀਦਵਾਰ ਜ਼ਿਲ੍ਹਾ ਪ੍ਰੀਸ਼ਦ ਤੇ 20 ਬਲਾਕ ਸਮਿਤੀ ਦੀ ਚੋਣ ਵੀ ਜਿੱਤ ਗਏ ਹਨ।

ਪੀਪਲਜ਼ ਪਾਰਟੀ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਚੋਣਾਂ ਸਾਫ਼ ਸੁਥਰੇ ਮਾਹੌਲ ਵਿਚ ਨਹੀਂ ਹੋਈਆਂ ਪਰ ਬਾਵਜੂਦ ਇਸ ਦੇ ਸਾਂਝੇ ਮੋਰਚੇ ਨੇ ਆਸ ਨਾਲੋਂ ਵੱਧ ਸੀਟਾਂ ਲਈਆਂ ਹਨ। ਉਨ੍ਹਾਂ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਤੇ ਚੋਣ ਕਮਿਸ਼ਨ ਤੋਂ ਚੋਣਾਂ ਨਾਲ ਸਬੰਧਤ ਸ਼ਿਕਾਇਤਾਂ ਦੀ ਤਫ਼ਤੀਸ਼ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਹੈ ਕਿ ਇਸ ਨਾਲ ਲੋਕਾਂ ਦਾ ਲੋਕਤੰਤਰ ਵਿਚ ਭਰੋਸਾ ਪੈਦਾ ਹੋਵੇਗਾ। ਉਨ੍ਹਾਂ ਨੇ ਨਤੀਜਿਆਂ 'ਤੇ ਸੰਤੁਸ਼ਟੀ ਪ੍ਰਗਟ ਕਰਦਿਆਂ ਕਿਹਾ ਕਿ ਵਿਰੋਧੀ ਧਿਰਾਂ ਦੀ ਰਲ ਕੇ ਚੋਣਾਂ ਲੜਨ ਦੀ ਰਣਨੀਤੀ ਨੂੰ ਭਰਵਾਂ ਬੂਰ ਪਿਆ ਹੈ। ਅਗਾਂਹ ਨੂੰ ਇਸ ਸਬੰਧ ਵਿਚ ਵਧੇਰੇ ਸੁਚੇਤ ਹੋ ਕੇ ਫੈਸਲੇ ਕੀਤੇ ਜਾਣਗੇ ਤਾਂ ਕਿ ਹੁਣ ਵਾਂਗ ਲੋਕਾਂ ਦੀ ਆਸ ਮੁਤਾਬਕ ਨਤੀਜੇ ਸਾਹਮਣੇ ਆ ਸਕਣ।

ਜ਼ਿਕਰਯੋਗ ਹੈ ਕਿ ਜ਼ਿਲ੍ਹਾ ਪ੍ਰੀਸ਼ਦਾਂ ਤੇ ਪੰਚਾਇਤ ਸਮਿਤੀਆਂ ਦੀਆਂ ਚੋਣਾਂ ਵਿਚ ਕੁੱਲ 6546 ਉਮੀਦਵਾਰ ਖੜ੍ਹੇ ਸਨ। ਇਨ੍ਹਾਂ ਵਿਚੋਂ 22 ਜ਼ਿਲ੍ਹਾ ਪ੍ਰੀਸ਼ਦਾਂ ਦੇ ਉਮੀਦਵਾਰ ਮੈਦਾਨ ਵਿਚ ਸਨ। ਜ਼ਿਲ੍ਹਾ ਪ੍ਰੀਸ਼ਦਾਂ ਦੇ 30 ਉਮੀਦਵਾਰ ਪਹਿਲਾਂ ਹੀ ਬਿਨਾਂ ਮੁਕਾਬਲਾ ਚੁਣੇ ਗਏ ਸਨ। ਇਸੇ ਤਰ੍ਹਾਂ 146 ਪੰਚਾਇਤ ਸਮਿਤੀਆਂ ਦੀਆਂ ਚੋਣਾਂ ਲਈ 5786 ਉਮੀਦਵਾਰ ਮੈਦਾਨ ਵਿਚ ਸਨ। ਪੰਚਾਇਤ ਸਮਿਤੀਆਂ ਲਈ 238 ਉਮੀਦਵਾਰ ਪਹਿਲਾਂ ਹੀ ਬਿਨਾਂ ਮੁਕਾਬਲਾ ਚੁਣੇ ਗਏ ਸਨ।

## ਭਲੇਮਾਣਸਾਂ ਦੀ ਖੇਡ ਨਾਲ ਫਿਰ ਹੋਈ ਬਦਨਾਮੀ

(ਸਫਾ ਇਕ ਦੀ ਬਾਕੀ)

ਦੀ ਪਾਬੰਦੀ ਲੱਗ ਸਕਦੀ ਹੈ। ਇਸ ਮਾਮਲੇ ਵਿਚ 14 ਬੁਕੀਜ਼ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ ਤੇ ਅਜੇ ਹੋਰ ਪਰਤਾਂ ਖੁੱਲ੍ਹ ਰਹੀਆਂ ਹਨ। ਇਨ੍ਹਾਂ 'ਤੇ 5, 9 ਤੇ 15 ਮਈ ਨੂੰ ਪੂਣੇ ਵਾਰੀਅਰਜ਼, ਕਿੰਗਜ਼ ਇਲੈਵਨ ਪੰਜਾਬ ਤੇ ਮੁੰਬਈ ਇੰਡੀਅਨਜ਼ ਨਾਲ ਹੋਏ ਰਾਜਸਥਾਨ ਰਾਇਲਜ਼ ਦੇ ਮੈਚਾਂ ਦੌਰਾਨ ਸਪੌਟ ਫਿਕਸਿੰਗ ਦਾ ਦੋਸ਼ ਹੈ ਜਿਸ ਸਬੰਧੀ ਪੁਲਿਸ ਨੇ ਆਡੀਓ-ਵੀਡੀਓ ਸਬੂਤ ਪੇਸ਼ ਕੀਤੇ ਹਨ।

ਇਸ ਮਾਮਲੇ ਵਿਚ ਮਰਹੂਮ ਭਲਵਾਨ ਦਾਰਾ ਸਿੰਘ ਦੇ ਪੁੱਤ ਅਤੇ ਬਾਲੀਵੁੱਡ ਅਦਾਕਾਰ ਵਿੰਦੂ ਰੰਧਾਵਾ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਸਕੈਂਡਲ ਵਿਚ ਬਾਲੀਵੁੱਡ ਵਿਚੋਂ ਕੀਤੀ ਗਈ ਇਹ ਪਹਿਲੀ ਗ੍ਰਿਫ਼ਤਾਰੀ ਹੈ। ਵਿੰਦੂ ਆਈ.ਪੀ.ਐਲ. ਮੈਚਾਂ ਤੇ ਮੈਚਾਂ ਤੋਂ ਬਾਅਦ ਦੀਆਂ ਪਾਰਟੀਆਂ ਵਿਚ ਆਮ ਨਜ਼ਰ ਆਉਂਦਾ ਸੀ।

ਉਧਰ, ਸੁਪਰੀਮ ਕੋਰਟ ਨੇ ਆਈ.ਪੀ.ਐਲ. ਵਿਚ ਸਪੌਟ ਫਿਕਸਿੰਗ ਤੇ ਬੇਨਿਯਮੀਆਂ ਨਾਲ ਨਜਿੱਠਣ ਵਿਚ ਢਿੱਲੜ ਰਵੱਈਏ ਲਈ ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀ.ਸੀ.ਸੀ.ਆਈ.) ਦੀ ਚੰਗੀ ਝਾੜ-ਝੰਬ ਕੀਤੀ ਤੇ ਹੁਕਮ ਦਿੱਤਾ ਕਿ ਭਲੇਮਾਣਸਾਂ ਦੀ ਖੇਡ ਕ੍ਰਿਕਟ ਦਾ ਮਾਣ ਬਹਾਲ ਕਰਨ ਲਈ 'ਬੇਈਮਾਨਾਂ' ਖਿਲਾਫ਼ ਕਾਰਵਾਈ ਕੀਤੀ ਜਾਵੇ। ਅਦਾਲਤ ਨੇ ਆਈ.ਪੀ.ਐਲ. ਉਪਰ ਪਾਬੰਦੀ ਲਾਉਣ ਤੋਂ ਇਨਕਾਰ ਕਰਦਿਆਂ ਸਪੌਟ ਫਿਕਸਿੰਗ ਕਾਂਡ ਕਾਰਨ ਦਾਗ਼ਦਾਰ ਹੋਏ ਕ੍ਰਿਕਟ ਦੇ ਇਸ ਛੋਟੇ ਰੂਪ ਵਿਚਲੀ ਗੰਦਗੀ ਦੀ ਸਫ਼ਾਈ ਲਈ ਤੁਰੰਤ ਕਦਮ ਚੁੱਕਣ ਲਈ ਬੋਰਡ ਨੂੰ ਹੁਕਮ ਦਿੱਤਾ। ਬੋਰਡ ਨੇ ਮੰਨਿਆ ਕਿ ਬੇਨਿਯਮੀਆਂ ਹੋਈਆਂ ਹਨ ਤੇ ਇਸ ਦੀ ਜਾਂਚ ਲਈ ਇਕ ਮੈਂਬਰੀ ਕਮੇਟੀ ਬਣਾਈ ਗਈ ਹੈ। ਇਸ 'ਤੇ ਅਦਾਲਤ ਨੇ ਕਮੇਟੀ ਨੂੰ ਆਪਣੀ ਰਿਪੋਰਟ 15 ਦਿਨਾਂ ਵਿਚ ਪੇਸ਼ ਕਰਨ ਦੇ ਹੁਕਮ ਦਿੱਤੇ। ਨਾਲ ਹੀ ਇਹ ਵੀ ਕਿਹਾ ਕਿ ਇਸ ਰਿਪੋਰਟ ਦੇ ਆਧਾਰ ਉਪਰ ਭਲੇਮਾਣਸਾਂ ਦੀ ਖੇਡ ਵਿਚਲੇ ਗਲਤ ਟੀਮਾਂ ਤੇ ਖਿਡਾਰੀਆਂ ਖਿਲਾਫ਼ ਕਾਰਵਾਈ ਕੀਤੀ ਜਾਵੇ।

ਦੂਜੇ ਪਾਸੇ ਸਰਕਾਰ ਵੀ ਇਸ ਬਾਰੇ ਸਖ਼ਤ ਕਾਨੂੰਨ ਬਣਾਉਣ ਲਈ ਸਰਗਰਮ ਹੋ ਗਈ ਹੈ। ਸਰਕਾਰ ਹੁਣ ਕ੍ਰਿਕਟ ਵਿਚ ਬੇਨਿਯਮੀਆਂ ਤੇ ਫਿਕਸਿੰਗ ਰੋਕਣ ਲਈ ਕੌਮੀ ਕਾਨੂੰਨ ਬਣਾਉਣ ਬਾਰੇ ਅਟਾਰਨੀ ਜਨਰਲ ਤੋਂ ਰਾਇ ਮੰਗੇਗੀ। ਕੇਂਦਰੀ ਕਾਨੂੰਨ ਮੰਤਰੀ ਕਪਿਲ ਸਿੱਬਲ ਨੇ ਕਿਹਾ ਕਿ ਕੇਂਦਰ ਸਰਕਾਰ ਖੇਡਾਂ ਵਿਚਲੀਆਂ ਬੇਨਿਯਮੀਆਂ ਰੋਕਣ ਲਈ ਕੌਮੀ ਕਾਨੂੰਨ ਬਣਾਉਣ ਬਾਰੇ ਵਿਚਾਰ ਕਰ ਰਹੀ ਹੈ।

## ਪੁਰਖਿਆਂ ਦੇ ਪਿੰਡ ਵਿਚ ਬਾਦਲਾਂ ਨੂੰ ਧੋਬੀ ਪਟਕਾ!

**ਬਠਿੰਡਾ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਪੁਰਖਿਆਂ ਦੇ ਪਿੰਡ ਘੁੱਦਾ ਵਿਚ ਸ਼੍ਰੋਮਣੀ ਅਕਾਲੀ ਦਲ ਨੂੰ ਹਾਰ ਮਿਲੀ ਹੈ। ਭਾਵੇਂ ਪੰਚਾਇਤੀ ਸੰਸਥਾਵਾਂ ਦੀਆਂ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਨੇ ਜਿੱਤ ਦਰਜ ਕੀਤੀ ਹੈ ਪਰ ਪਿੰਡ ਘੁੱਦਾ ਵਿਚ ਅਕਾਲੀ ਉਮੀਦਵਾਰ ਨੂੰ ਹਾਰ ਦਾ ਮੂੰਹ ਦੇਖਣਾ ਪਿਆ। ਪੰਜਾਬ ਸਰਕਾਰ ਵੱਲੋਂ ਪਿਛਲੇ ਵਰ੍ਹਿਆਂ ਵਿਚ ਪਿੰਡ ਘੁੱਦਾ ਨੂੰ ਫੰਡ ਤੇ ਪ੍ਰਾਜੈਕਟ ਦੇਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਗਈ ਪਰ ਪਿੰਡ ਦੇ ਲੋਕਾਂ ਨੇ ਸਭ ਕੁਝ ਨਕਾਰ ਦਿੱਤਾ।

ਪੰਚਾਇਤ ਸਮਿਤੀ ਸੰਗਤ ਦੇ ਘੁੱਦਾ ਜ਼ੋਨ ਤੋਂ ਅਕਾਲੀ ਦਲ ਦੀ ਉਮੀਦਵਾਰ ਸੁਰਿੰਦਰਪਾਲ ਕੌਰ ਚੋਣ ਹਾਰ ਗਈ ਹੈ। ਆਜ਼ਾਦ ਉਮੀਦਵਾਰ ਮਨਦੀਪ ਕੌਰ ਨੇ ਅਕਾਲੀ ਉਮੀਦਵਾਰ ਨੂੰ 386 ਵੋਟਾਂ ਦੇ ਫ਼ਰਕ ਨਾਲ ਹਰਾਇਆ। ਕਾਂਗਰਸ ਤੇ ਸਾਂਝੇ ਮੋਰਚੇ ਵੱਲੋਂ ਘੁੱਦਾ ਜ਼ੋਨ ਤੋਂ ਆਜ਼ਾਦ ਉਮੀਦਵਾਰ ਮਨਦੀਪ ਕੌਰ ਦੀ ਹਮਾਇਤ ਕੀਤੀ ਗਈ ਸੀ। ਘੁੱਦਾ ਜ਼ੋਨ ਵਿਚ ਕੁੱਲ 4887 ਵੋਟਾਂ ਸਨ ਜਿਨ੍ਹਾਂ ਵਿਚੋਂ 3773 ਵੋਟਾਂ ਪੋਲ ਹੋਈਆਂ ਸਨ। ਇਨ੍ਹਾਂ ਵਿਚੋਂ ਆਜ਼ਾਦ ਉਮੀਦਵਾਰ ਨੂੰ 1956 ਵੋਟਾਂ ਪ੍ਰਾਪਤ ਹੋਈਆਂ ਤੇ ਅਕਾਲੀ ਉਮੀਦਵਾਰ ਨੂੰ 1570 ਵੋਟਾਂ ਮਿਲੀਆਂ।

ਘੁੱਦਾ ਜ਼ੋਨ ਵਿਚ ਪਿੰਡ ਘੁੱਦਾ ਤੇ ਨੰਦਗੜ੍ਹ ਪੈਂਦੇ ਹਨ। ਪਿੰਡ ਘੁੱਦਾ ਵਿਚੋਂ ਆਜ਼ਾਦ ਉਮੀਦਵਾਰ ਨੂੰ 400 ਵੋਟਾਂ ਦੀ ਲੀਡ ਮਿਲੀ ਹੈ ਤੇ ਨੰਦਗੜ੍ਹ ਪਿੰਡ ਵਿਚ ਅਕਾਲੀ ਉਮੀਦਵਾਰ ਨੂੰ 14 ਵੋਟਾਂ ਦੀ ਲੀਡ ਮਿਲੀ ਹੈ। ਪਿੰਡ ਘੁੱਦਾ ਵਿਚ ਕੁੱਲ 3547 ਵੋਟਾਂ ਹਨ ਜਿਨ੍ਹਾਂ ਵਿਚੋਂ 2878 ਵੋਟਾਂ ਪੋਲ ਹੋਈਆਂ ਸਨ। ਪਿੰਡ ਘੁੱਦਾ ਵਿਚੋਂ ਆਜ਼ਾਦ ਉਮੀਦਵਾਰ ਨੂੰ 1543 ਵੋਟਾਂ ਪ੍ਰਾਪਤ ਹੋਈਆਂ ਜਦੋਂਕਿ ਅਕਾਲੀ ਉਮੀਦਵਾਰ ਨੂੰ 1143 ਵੋਟਾਂ ਮਿਲੀਆਂ ਹਨ।

ਪੀਪਲਜ਼ ਪਾਰਟੀ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਦਾ ਸਾਬਕਾ ਓਐਸਡੀ ਜਗਤਾਰ ਸਿੰਘ ਵੀ ਇਸੇ ਪਿੰਡ ਦਾ ਹੈ। ਉਨ੍ਹਾਂ ਦੀ ਹਮਾਇਤ ਵਾਲਾ ਉਮੀਦਵਾਰ ਜਿੱਤ ਗਿਆ ਹੈ। ਯੂਥ ਕਾਂਗਰਸ ਦੇ ਬਠਿੰਡਾ (ਦਿਹਾਤੀ) ਦੇ ਪ੍ਰਧਾਨ ਹਰਮੇਲ ਸਿੰਘ ਘੁੱਦਾ ਦਾ ਕਹਿਣਾ ਸੀ ਕਿ ਸਰਕਾਰ ਨੇ ਤਾਂ ਕੁਝ ਖਾਸ ਲੋਕਾਂ ਦਾ ਹੀ ਵਿਕਾਸ ਕੀਤਾ ਹੈ ਤੇ ਪਿੰਡ ਦੇ ਲੋਕਾਂ ਦੀ ਸ਼ਾਮਲਾਟ ਜ਼ਮੀਨ ਦਾ ਪੈਸਾ ਹੀ ਵਿਕਾਸ 'ਤੇ ਲੱਗਿਆ ਹੈ। ਸਰਕਾਰ ਨੇ ਵਿਕਾਸ ਲਈ ਕੋਈ ਫੰਡ ਤਾਂ ਕੀ ਦੇਣੇ ਸਨ, ਉਲਟਾ ਪੰਚਾਇਤੀ ਸ਼ਾਮਲਾਟ ਦੇ ਪੈਸਿਆਂ ਦਾ ਵਿਆਜ ਵੀ ਪਿੰਡ ਨੂੰ ਨਹੀਂ ਦਿੱਤਾ ਜਿਸ ਦਾ ਨਤੀਜਾ ਹੁਣ ਸਮਿਤੀ ਚੋਣਾਂ ਵਿਚ ਸਾਹਮਣੇ ਆ ਗਿਆ ਹੈ।

## ਫਿਲੀਪੀਨਜ਼ ਵਿਚ ਪੰਜਾਬੀ ਦੀ ਹੱਤਿਆ

**ਸੰਦੌੜ:** ਨੇੜਲੇ ਪਿੰਡ ਬਾਪਲਾ ਦੇ ਇਕ ਨੌਜਵਾਨ ਗੁਰਪ੍ਰੀਤ ਸਿੰਘ ਦੀ ਫਿਲੀਪੀਨਜ਼ ਦੇ ਇਲੂ ਟਾਪੂ ਵਿਚ ਅਣਪਛਾਤੇ ਵਿਅਕਤੀਆਂ ਵੱਲੋਂ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਗੁਰਪ੍ਰੀਤ ਸਿੰਘ ਦੇ ਪਰਿਵਾਰਕ ਮੈਂਬਰਾਂ ਅਨੁਸਾਰ ਉਸ ਦਾ ਕਤਲ ਪੁਰਾਣੀ ਰੰਜਿਸ਼ ਕਾਰਨ ਹੋਇਆ ਦੱਸਿਆ ਜਾ ਰਿਹਾ ਹੈ। ਨੌਜਵਾਨ ਦੇ ਚਾਚਾ ਕੁਲਵਿੰਦਰ ਸਿੰਘ ਤੇ ਰਿਸ਼ਤੇਦਾਰ ਦਲੀਪ ਸਿੰਘ ਨੇ ਦੱਸਿਆ ਕਿ ਗੁਰਪ੍ਰੀਤ ਸਿੰਘ ਉਰਫ ਗੋਰਾ (30) ਪੁੱਤਰ ਜਗਜੀਤ ਸਿੰਘ 2004 ਵਿਚ ਫਿਲੀਪੀਨਜ਼ ਗਿਆ ਸੀ। ਗੁਰਪ੍ਰੀਤ ਸਿੰਘ ਆਪਣੇ ਨੌਕਰ ਨਾਲ ਉਗਰਾਹੀ ਵਾਸਤੇ ਘਰੋਂ ਗਿਆ ਸੀ ਤੇ ਜਦੋਂ ਉਹ ਆਪਣੇ ਗਾਹਕ ਦੀ ਦੁਕਾਨ 'ਤੇ ਪਹੁੰਚਿਆ ਤਾਂ ਉਥੇ ਆਏ ਕੁਝ ਅਣਪਛਾਤੇ ਵਿਅਕਤੀਆਂ ਨੇ ਨੇੜੇ ਆ ਕੇ ਉਸ ਨੂੰ ਛੇ ਗੋਲੀਆਂ ਮਾਰੀਆਂ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਯਾਦਵਿੰਦਰ ਸਿੰਘ ਰਿੰਪੀ

# ਪੰਚਾਇਤੀ ਰਾਜ ਚੋਣਾਂ ਵਿਚ ਹੋਇਆ ਹਿੰਸਾ ਦਾ ਬੋਲਬਾਲਾ

**ਚੰਡੀਗੜ੍ਹ:** ਪੰਜਾਬ ਵਿਚ 19 ਮਈ ਨੂੰ ਹੋਈਆਂ ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸਮਿਤੀਆਂ ਦੀਆਂ ਚੋਣਾਂ ਦੌਰਾਨ ਹੁਕਮਰਾਨ ਸ਼੍ਰੋਮਣੀ ਅਕਾਲੀ ਦਲ ਨੇ ਖੁਲ੍ਹ ਕੇ ਤਾਕਤ ਦੀ ਵਰਤੋਂ ਕੀਤੀ ਤੇ ਹਿੰਸਾ ਦੀਆਂ ਦਰਜਨ ਤੋਂ ਵੱਧ ਘਟਨਾਵਾਂ ਵਾਪਰੀਆਂ। ਇਨ੍ਹਾਂ ਚੋਣਾਂ ਦੌਰਾਨ ਅੱਧੀ ਦਰਜਨ ਮੌਤਾਂ ਹੋਈਆਂ ਤੇ ਦੋ ਦਰਜਨ ਤੋਂ ਵੱਧ ਲੋਕ ਜ਼ਖ਼ਮੀ ਹੋਏ। ਕਈ ਥਾਈਂ ਬੂਥਾਂ 'ਤੇ ਕਬਜ਼ਾ ਹੋਇਆ ਤੇ ਪੁਲਿਸ ਮੂਕ ਦਰਸ਼ਕ ਬਣੀ ਰਹੀ।

ਚੋਣਾਂ ਤੋਂ ਪਹਿਲਾਂ ਅੰਮ੍ਰਿਤਸਰ ਜ਼ਿਲ੍ਹੇ ਦੇ ਪੁਲਿਸ ਥਾਣਾ ਲੋਪੋਕੇ ਦੇ ਸਰਹੱਦੀ ਪਿੰਡ ਚੱਕ ਮਿਸ਼ਰੀ ਖਾਂ ਵਿਚ ਹਾਕਮ ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸੀ ਸਮਰਥਕਾਂ ਦੀ ਇਕ ਖ਼ੂਨੀ ਝੜਪ ਵਿਚ ਦੋ ਵਿਅਕਤੀ ਮਾਰੇ ਗਏ। ਮ੍ਰਿਤਕਾਂ ਵਿਚ ਇਕ ਕਾਂਗਰਸੀ ਤੇ ਇਕ ਅਕਾਲੀ ਕਾਰਕੁਨ ਸ਼ਾਮਲ ਸੀ ਜਦੋਂਕਿ ਕੁਝ ਲੋਕ ਜ਼ਖ਼ਮੀ ਵੀ ਹੋਏ। ਮ੍ਰਿਤਕਾਂ ਦੀ ਸ਼ਨਾਖਤ ਅਕਾਲੀ ਕਾਰਕੁਨ ਬਲਕਾਰ ਸਿੰਘ (24) ਪੁੱਤਰ ਬਲਵਿੰਦਰ ਸਿੰਘ ਤੇ ਕਾਂਗਰਸੀ ਕਾਰਕੁੰਨ ਗੁਰਜਿੰਦਰ ਸਿੰਘ (45) ਦੋਵੇਂ ਵਾਸੀ ਚੱਕ ਮਿਸ਼ਰੀ ਖਾਂ ਵਜੋਂ ਹੋਈ। ਇਸ ਹਲਕੇ ਵਿਚ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਲਈ ਪਹਿਲਾਂ ਹੀ ਅਕਾਲੀ ਉਮੀਦਵਾਰ ਬਿਨਾਂ ਮੁਕਾਬਲਾ ਜੇਤੂ ਕਰਾਰ ਦਿੱਤੇ ਜਾ ਚੁੱਕੇ ਹਨ ਪਰ ਸਰਪੰਚੀ ਦੀਆਂ ਚੋਣਾਂ ਲਈ ਵੀ ਦੋਵਾਂ ਧਿਰਾਂ ਵਲੋਂ ਤਿਆਰੀ ਚੱਲ ਰਹੀ ਸੀ।



ਸੂਬਾਈ ਚੋਣ ਕਮਿਸ਼ਨ ਵੱਲੋਂ ਜਾਰੀ ਮੁਢਲੇ ਅੰਕੜਿਆਂ ਅਨੁਸਾਰ ਪੋਲਿੰਗ 70 ਫੀਸਦੀ ਰਹੀ। ਮਾਨਸਾ ਜ਼ਿਲ੍ਹੇ ਵਿਚ ਸਭ ਤੋਂ ਵੱਧ 72 ਤੇ ਗੁਰਦਾਸਪੁਰ ਵਿਚ ਘੱਟ 55 ਫੀਸਦੀ ਵੋਟਾਂ ਪਈਆਂ। ਰਾਜ ਦੇ ਅੱਧੀ ਦਰਜਨ ਜ਼ਿਲ੍ਹਿਆਂ-ਫਰੀਦਕੋਟ, ਫਾਜ਼ਿਲਕਾ, ਮੋਗਾ, ਬਰਨਾਲਾ, ਪਟਿਆਲਾ, ਸੰਗਰੂਰ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਜੱਦੀ ਜ਼ਿਲ੍ਹੇ ਮੁਕਤਸਰ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ 'ਤੇ ਬੂਥਾਂ 'ਤੇ ਕਬਜ਼ੇ ਦੇ ਦੋਸ਼ ਵੀ ਲੱਗੇ।

ਪੁਲਿਸ ਇਨ੍ਹਾਂ ਘਟਨਾਵਾਂ ਦੌਰਾਨ ਬਹੁਤੀ ਥਾਈਂ ਖਾਮੋਸ਼ ਦਰਸ਼ਨ ਬਣੀ ਰਹੀ। ਮੁੱਖ ਮੰਤਰੀ ਦੀ ਨੁਮਾਇੰਦਗੀ ਵਾਲੇ ਵਿਧਾਨ ਸਭਾ ਹਲਕੇ ਲੰਬੀ ਵਿਚ ਚੋਣਾਂ ਨਾਲ ਸਬੰਧਤ ਨੌਂ ਗੱਡੀਆਂ ਨੂੰ ਅੱਗ ਲਗਾ ਦਿੱਤੀ ਗਈ। ਫਰੀਦਕੋਟ ਦੇ ਇਕ ਪਿੰਡ ਵਿਚ ਬੈਲਟ ਬਾਕਸ ਕਬਜ਼ੇ ਵਿਚ ਲੈ ਲਏ ਗਏ ਤੇ ਇਕ ਬਕਸੇ ਵਿਚਲੀਆਂ ਸਾਰੀਆਂ ਵੋਟਾਂ ਖਿਲਾਰ ਦਿੱਤੀਆਂ ਗਈਆਂ।

ਇੰਜ ਹੀ ਫਾਜ਼ਿਲਕਾ ਵਿਚ ਚੋਣਾਂ ਨਾਲ ਸਬੰਧਤ ਦਸਤਾਵੇਜ਼ ਫਾੜ ਦਿੱਤੇ ਗਏ। ਇਨ੍ਹਾਂ ਘਟਨਾਵਾਂ ਕਾਰਨ ਉਮੀਦਵਾਰਾਂ ਦੇ ਹਮਾਇਤੀਆਂ ਤੇ ਰਾਜਸੀ ਆਗੂਆਂ ਦਰਮਿਆਨ ਤਣਾਅ ਦਾ ਮਾਹੌਲ ਬਣਿਆ ਰਿਹਾ। ਚੋਣ ਕਮਿਸ਼ਨ ਨੇ ਪੋਲਿੰਗ ਬੂਥਾਂ 'ਤੇ ਵਾਪਰੀਆਂ ਘਟਨਾਵਾਂ ਕਾਰਨ ਫਰੀਦਕੋਟ, ਮੁਕਤਸਰ, ਮੋਗਾ ਤੇ ਫਾਜ਼ਿਲਕਾ ਦੇ ਅੱਠ ਪੋਲਿੰਗ ਬੂਥਾਂ 'ਤੇ 20 ਮਈ ਨੂੰ ਦੁਬਾਰਾ ਵੋਟਾਂ ਪੁਆਈਆਂ।

## ਡੇਢ ਸੌ ਕਾਂਗਰਸੀਆਂ ਖ਼ਿਲਾਫ਼ ਕੇਸ ਦਰਜ

**ਲੰਬੀ:** ਪਿੰਡ ਬਾਦਲ ਦੀ ਬੁੱਕਲ ਵਿਚ ਵਸੇ ਪਿੰਡ ਮਾਨਾ ਵਿਚ ਬੂਥ 'ਤੇ ਕਬਜ਼ੇ ਨੂੰ ਲੈ ਕੇ ਅਕਾਲੀਆਂ ਤੇ ਕਾਂਗਰਸੀਆਂ ਵਿਚਾਲੇ ਹੋਈ ਹਿੰਸਾ ਦੌਰਾਨ ਹੋਈ ਕਾਰਾਂ ਦੀ ਸਾੜ-ਫੂਕ ਦੇ ਵਿਵਾਦ ਵਿਚ ਕਾਂਗਰਸ ਦੇ ਸਵਾ-ਡੇਢ ਸੌ ਦੇ ਕਰੀਬ ਵਰਕਰਾਂ 'ਤੇ ਕੇਸ ਦਰਜ ਕੀਤੇ ਗਏ ਹਨ ਜਦੋਂਕਿ ਅਕਾਲੀ ਦਲ ਦੇ ਕਿਸੇ ਵੀ ਵਿਅਕਤੀ ਖਿਲਾਫ਼ ਅਜੇ ਤੱਕ ਕੋਈ ਕੇਸ ਜਾਂ ਸ਼ਿਕਾਇਤ ਅਮਲ ਵਿਚ ਨਹੀਂ ਆ ਸਕੀ ਹੈ। ਲੰਬੀ ਪੁਲਿਸ ਵੱਲੋਂ ਅਕਾਲੀ ਦਲ ਦੇ ਪਿੰਡ ਮਾਨਾ ਦੇ ਵਰਕਰ ਬਲਜਿੰਦਰ ਸਿੰਘ ਪੁੱਤਰ ਭੋਲਾ ਸਿੰਘ ਦੇ ਬਿਆਨਾਂ 'ਤੇ 25 ਕਾਂਗਰਸੀਆਂ ਨੂੰ ਨਾਮਜ਼ਦ ਕਰਦਿਆਂ 100-125 ਅਣਪਛਾਤੇ ਵਿਅਕਤੀਆਂ ਖਿਲਾਫ਼ ਦਰਜਨ ਦੇ ਕਰੀਬ ਵੱਖ-ਵੱਖ ਸੰਗੀਨ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ। ਜ਼ਿਲ੍ਹਾ ਮੁਕਤਸਰ ਸਾਹਿਬ ਦੇ ਪੁਲਿਸ ਮੁਖੀ ਸੁਰਜੀਤ ਸਿੰਘ ਨੇ ਦੱਸਿਆ ਕਿ ਪਿੰਡ ਮਾਨਾ ਵਿਚ ਵੱਡੀ ਗਿਣਤੀ ਕਾਂਗਰਸੀਆਂ ਵੱਲੋਂ ਬੂਥ 'ਤੇ ਕਬਜ਼ੇ ਕੀਤੇ ਗਏ ਸੀ।

## ਅਕਾਲੀਆਂ ਨੇ ਕੀਤਾ ਜਮਹੂਰੀਅਤ ਦਾ ਘਾਣ: ਬਾਜਵਾ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਬਲਾਕ ਸਮਿਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਦੌਰਾਨ ਅਕਾਲੀ-ਭਾਜਪਾ ਵਰਕਰਾਂ ਵੱਲੋਂ ਵੱਡੇ ਪੱਧਰ 'ਤੇ ਕੀਤੀ ਹਿੰਸਾ ਤੇ ਬੂਥਾਂ 'ਤੇ ਕਬਜ਼ਾ ਕਰਨ ਦੀਆਂ ਘਟਨਾਵਾਂ ਦੀ ਨਿੰਦਾ ਕੀਤੀ ਹੈ। ਸ. ਬਾਜਵਾ ਨੇ ਕਿਹਾ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਹੀ ਹਲਕੇ ਲੰਬੀ ਵਿਚ ਅਕਾਲੀਆਂ ਨੇ ਵਾਹਨਾਂ ਨੂੰ ਅੱਗ ਦੇ ਹਵਾਲੇ ਕਰ ਦਿੱਤਾ, ਵੋਟਰਾਂ ਨੂੰ ਕੁੱਟਿਆ ਤੇ ਪੋਲਿੰਗ ਸਟਾਫ ਨੂੰ ਧਮਕੀਆਂ ਦਿੱਤੀਆਂ। ਉਨ੍ਹਾਂ ਕਿਹਾ ਕਿ ਅਕਾਲੀਆਂ ਨੇ ਜਮਹੂਰੀਅਤ ਦਾ ਘਾਣ ਕੀਤਾ ਹੈ।



ਸੂਬੇ ਭਰ ਤੋਂ ਬੂਥਾਂ 'ਤੇ ਕਬਜ਼ਾ ਕਰਨ ਤੇ ਹਿੰਸਾ ਦੀਆਂ ਘਟਨਾਵਾਂ ਦੀਆਂ ਖ਼ਬਰਾਂ ਮਿਲੀਆਂ ਹਨ। ਉਨ੍ਹਾਂ ਕੋਲ ਸ਼ਾਂਤੀ ਬਣਾ ਕੇ ਰੱਖਣ ਵਾਲੇ ਕਾਂਗਰਸੀ ਵਰਕਰਾਂ ਲਈ ਪ੍ਰਸ਼ੰਸਾ ਦੇ ਕੋਈ ਸ਼ਬਦ ਨਹੀਂ ਜਦਕਿ ਪੁਲਿਸ ਅਕਾਲੀ-ਭਾਜਪਾ ਵਰਕਰਾਂ ਦੀ ਗੁੰਡਾਗਰਦੀ ਨੂੰ ਤਮਾਸ਼ਬੀਨ ਬਣੇ ਦੇਖਦੀ ਰਹੀ। ਉਨ੍ਹਾਂ ਸੂਬਾ ਚੋਣ ਕਮਿਸ਼ਨਰ ਐਸਐਸ ਬਰਾੜ ਦੀ ਭੂਮਿਕਾ ਦੀ ਨਿੰਦਾ ਕੀਤੀ ਜਿਨ੍ਹਾਂ ਨੇ ਮੌਕੇ 'ਤੇ ਕਾਰਵਾਈ ਨਹੀਂ ਕੀਤੀ ਤੇ ਸੱਤਾਧਾਰੀ ਅਕਾਲੀ- ਭਾਜਪਾ ਗੱਠਜੋੜ ਨੂੰ ਚੋਣ ਪ੍ਰਕ੍ਰਿਆ ਦਾ ਘਾਣ ਕਰਨ ਦਾ ਖੁੱਲ੍ਹਾ ਮੌਕਾ ਦਿੱਤਾ। ਉਨ੍ਹਾਂ ਵੱਲੋਂ ਦੋ ਮੰਗ ਪੱਤਰ ਦੇਣ ਦੇ ਬਾਵਜੂਦ ਬਰਾੜ ਨੇ ਪੁਲਿਸ 'ਤੇ ਹਥਿਆਰ ਜਮ੍ਹਾਂ ਕਰਨ ਲਈ ਜ਼ੋਰ ਨਹੀਂ ਪਾਇਆ।

ਉਨ੍ਹਾਂ ਕਿਹਾ ਕਿ ਕਾਂਗਰਸ ਪੰਜਾਬ ਦੇ ਲੋਕਾਂ ਪ੍ਰਤੀ ਜ਼ਿੰਮੇਵਾਰ ਹੈ ਤੇ ਅਕਾਲੀ ਭਾਜਪਾ ਗਠਜੋੜ ਨੂੰ ਲੋਕਾਂ ਨੂੰ ਧੋਖਾ ਨਹੀਂ ਦੇਣ ਦੇਵੇਗੀ। ਉਨ੍ਹਾਂ ਕਿਹਾ ਕਿ ਭਦੌੜ ਹਲਕੇ ਵਿਚ ਹਥਿਆਰਬੰਦ ਅਕਾਲੀ ਵਰਕਰਾਂ ਦੀਆਂ ਦੋ ਬੱਸਾਂ ਜੈਤੋ ਤੋਂ ਆਈਆਂ ਤੇ ਬੂਥਾਂ 'ਤੇ ਕਬਜ਼ਾ ਕਰ ਲਿਆ। ਇਸੇ ਤਰ੍ਹਾਂ ਦੀਆਂ ਘਟਨਾਵਾਂ ਕਈ ਥਾਈਂ ਵਾਪਰੀਆਂ। ਇਸ ਦੌਰਾਨ ਕਈ ਕਾਂਗਰਸੀ ਜ਼ਖ਼ਮੀ ਵੀ ਹੋਏ ਹਨ।

## ਪੰਚਾਇਤਾਂ ਦੀਆਂ ਚੋਣਾਂ ਲਟਕੀਆਂ!

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਜ਼ੁਬਾਨੀ ਤੌਰ 'ਤੇ ਹਦਾਇਤ ਕਰਦਿਆਂ ਆ ਰਹੀਆਂ ਪੰਚਾਇਤੀ ਚੋਣਾਂ ਲਈ ਨੋਟੀਫਿਕੇਸ਼ਨ ਜਾਰੀ ਕਰਨ 'ਤੇ ਰੋਕ ਲਾ ਦਿੱਤੀ ਹੈ। ਇਹ ਰੋਕ ਇਸ ਮਾਮਲੇ ਦੀ ਅਗਲੀ ਪੇਸ਼ੀ 29 ਮਈ ਤੱਕ ਜਾਰੀ ਰਹੇਗੀ। ਹਾਈ ਕੋਰਟ ਨੇ ਇਹ ਹੁਕਮ ਪੰਜਾਬ ਵਿਚ ਪੰਚਾਇਤ ਚੋਣਾਂ ਸਬੰਧੀ ਵਾਰਡਬੰਦੀ ਵਿਚ ਧਾਂਦਲੀਆਂ ਸਬੰਧੀ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਵੱਲੋਂ ਦਾਇਰ ਪਟੀਸ਼ਨ ਦੇ ਸਬੰਧੀ ਸੁਣਾਇਆ ਹੈ।

ਪਟੀਸ਼ਨ ਵਿਚ ਵਾਰਡਾਂ ਦੀ ਹੱਦਬੰਦੀ ਨੂੰ ਚੁਣੌਤੀ ਦਿੱਤੀ ਗਈ ਹੈ। ਜਦੋਂ ਹੀ ਇਸ ਮਾਮਲੇ 'ਤੇ ਅਦਾਲਤ ਵਿਚ ਸੁਣਵਾਈ ਸ਼ੁਰੂ ਹੋਈ ਤਾਂ ਬੈਂਚ ਨੇ ਇਸ ਮਾਮਲੇ ਵਿਚ ਲਿਖਤੀ ਹੁਕਮ ਪਾਸ ਕਰਨ ਤੋਂ ਇਨਕਾਰ ਕਰ ਦਿੱਤਾ ਪਰ ਇਸ ਤੋਂ ਬਾਅਦ ਪੰਜਾਬ ਪ੍ਰਦੇਸ਼ ਕਾਂਗਰਸ ਦੀ ਤਰਫੋਂ ਪੇਸ਼ ਹੋਏ ਇਕ ਸੀਨੀਅਰ ਵਕੀਲ ਦੀ ਅਪੀਲ 'ਤੇ ਅਦਾਲਤ ਨੇ ਜ਼ੁਬਾਨੀ ਹਦਾਇਤ ਦੇ ਦਿੱਤੀ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਨੇ ਇਸ ਮੌਕੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਵੱਲੋਂ ਦਾਇਰ ਹਲਫੀਆ ਬਿਆਨ ਨੂੰ ਵੀ ਅਦਾਲਤੀ ਰਿਕਾਰਡ ਨਾਲ ਪੇਸ਼ ਕੀਤਾ। ਉਨ੍ਹਾਂ ਸ੍ਰੀ ਫਤਿਹਗੜ੍ਹ ਸਾਹਿਬ ਦੇ ਡਿਪਟੀ ਕਮਿਸ਼ਨਰ ਵੱਲੋਂ ਪੰਚਾਇਤ ਚੋਣਾਂ ਸਬੰਧੀ ਜਾਰੀ ਨੋਟੀਫਿਕੇਸ਼ਨ ਦੀ ਕਾਪੀ ਅਦਾਲਤ ਵਿਚ ਪੇਸ਼ ਕੀਤੀ

## ਬਾਦਲ ਨੂੰ ਹੁਣ ਅਹੁਦੇ 'ਤੇ ਰਹਿਣ ਦਾ ਹੱਕ ਨਹੀਂ: ਮਨਪ੍ਰੀਤ

**ਚੰਡੀਗੜ੍ਹ:** ਪੀਪਲਜ਼ ਪਾਰਟੀ ਆਫ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੇ ਪੰਚਾਇਤੀ ਚੋਣਾਂ ਨੂੰ ਖ਼ੂਨ ਤੇ ਹਿੰਸਾ ਦੀ ਖੇਡ ਦੱਸਿਆ। ਉਨ੍ਹਾਂ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਦੇ ਆਪਣੇ ਹਲਕੇ ਵਿਚ ਬੂਥਾਂ 'ਤੇ ਕਬਜ਼ੇ ਕਰਨ ਦੀਆਂ ਘਟਨਾਵਾਂ ਵਾਪਰਨ ਤੋਂ ਬਾਅਦ ਉਨ੍ਹਾਂ ਨੂੰ ਅਹੁਦੇ 'ਤੇ ਰਹਿਣ ਦਾ ਕੋਈ ਹੱਕ ਨਹੀਂ।



ਚੋਣਾਂ ਦੌਰਾਨ ਵਾਪਰੀਆਂ ਘਟਨਾਵਾਂ ਉਤੇ ਸਖ਼ਤ ਪ੍ਰਤੀਕਰਮ ਜਾਰੀ ਕਰਦਿਆਂ ਮਨਪ੍ਰੀਤ ਬਾਦਲ ਨੇ ਕਿਹਾ ਕਿ ਮੁੱਖ ਮੰਤਰੀ ਦੇ ਹਲਕੇ ਵਿਚ ਵਾਹਨਾਂ ਨੂੰ ਅੱਗ ਲਾਉਣ ਦੀ ਵਾਪਰੀ ਘਟਨਾ, ਰਾਜ ਦੀ ਉਦਾਸ ਤਸਵੀਰ ਪੇਸ਼ ਕਰ ਰਹੀ ਹੈ।

ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਦੇ ਹਲਕੇ ਵਿਚ ਚੋਣਾਂ ਦੀ ਕਮਾਨ ਸੌ ਹਥਿਆਰਬੰਦ ਲੋਕਾਂ ਨੇ ਸੰਭਾਲੀ ਹੋਈ ਸੀ। ਉਨ੍ਹਾਂ ਨੇ ਕਿਹਾ ਕਿ ਡਿਪਟੀ ਮੁੱਖ ਮੰਤਰੀ ਦਾ ਪੀਏ ਅਵਤਾਰ ਸਿੰਘ ਜਿਹੜਾ ਕਿ ਬੂਥ 'ਤੇ ਕਬਜ਼ੇ ਕਰਨ ਵਾਲੇ ਲੋਕਾਂ ਦੀ ਅਗਵਾਈ ਕਰ ਰਿਹਾ ਸੀ, ਦੇ ਵਾਹਨ ਨੂੰ ਵਿਰੋਧ ਕਰਨ ਵਾਲੇ ਲੋਕਾਂ ਨੇ ਅੱਗ ਲਾ ਦਿੱਤੀ। ਉਨ੍ਹਾਂ ਨੇ ਕਿਹਾ ਕਿ ਫਿਰੋਜ਼ਪੁਰ ਜ਼ਿਲ੍ਹੇ ਦੇ ਅੱਠ ਪਿੰਡਾਂ ਵਿਚ ਪੀਪਲਜ਼ ਪਾਰਟੀ ਆਫ ਪੰਜਾਬ ਦੇ ਵਰਕਰਾਂ ਨੂੰ ਬਾਹਰ ਨਹੀਂ ਨਿਕਲਣ ਦਿੱਤਾ ਗਿਆ ਤੇ ਉਹ ਵੋਟਾਂ ਪਾਉਣ ਨਾ ਆ ਸਕੇ। ਉਨ੍ਹਾਂ ਕਿਹਾ ਕਿ ਹੁਕਮਰਾਨ ਪਾਰਟੀ ਨੂੰ ਆਪਣੇ ਜਿੱਤਣ ਦਾ ਵਿਸ਼ਵਾਸ ਨਹੀਂ ਸੀ ਰਿਹਾ ਜਿਸ ਕਰਕੇ ਉਨ੍ਹਾਂ ਨੂੰ ਹਿੰਸਾ ਦਾ ਸਹਾਰਾ ਲੈਣਾ ਪਿਆ ਹੈ।

ਚੋਣ ਕਮਿਸ਼ਨ ਪੂਰੀ ਤਰ੍ਹਾਂ ਬੇਖ਼ਬਰ: ਇਕ ਪਾਸੇ ਤਾਂ ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸਮਿਤੀ ਚੋਣਾਂ ਵਿਚ ਹੁਣ ਤੱਕ ਦੋ ਕਤਲ ਤੇ ਕਤਲ ਦੀਆਂ ਕੋਸ਼ਿਸ਼ਾਂ ਦੇ ਕੀ ਮਾਮਲੇ ਵਾਪਰਨ ਤੋਂ ਬਾਅਦ ਵੀ ਚੋਣ ਕਮਿਸ਼ਨ ਦਾ ਕਹਿਣਾ ਸੀ ਕਿ ਇਸ ਕੋਲ ਉਲੰਘਣਾ ਬਾਰੇ ਇਕ ਵੀ ਸ਼ਿਕਾਇਤ ਨਹੀਂ ਆਈ।

## ਵੱਡੇ ਤੇ ਛੋਟੇ ਬਾਦਲ ਨੇ ਵੋਟ ਵੀ ਨਾ ਪਾਈ

**ਲੰਬੀ:** ਪੰਚਾਇਤ ਸਮਿਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਆਪਣੇ ਵੋਟ ਭੁਗਤਾਉਣ ਲਈ ਨਹੀਂ ਪੁੱਜੇ। ਜਦੋਂਕਿ ਮੁੱਖ ਮੰਤਰੀ ਦੇ ਛੋਟੇ ਭਰਾ ਗੁਰਦਾਸ ਸਿੰਘ ਬਾਦਲ, ਪੀਪੀਪੀ ਦੇ ਮੁਖੀ ਮਨਪ੍ਰੀਤ ਸਿੰਘ ਬਾਦਲ ਤੇ ਉਨ੍ਹਾਂ ਦੇ ਚਚੇਰੇ ਭਰਾ ਤੇ ਸਿਆਸੀ ਵਿਰੋਧੀ ਮਹੇਸ਼ਇੰਦਰ ਸਿੰਘ ਬਾਦਲ ਨੇ ਆਪੋ-ਆਪਣੀਆਂ ਵੋਟਾਂ ਪਿੰਡ ਬਾਦਲ ਵਿਚ ਸਰਕਾਰੀ ਪ੍ਰਾਇਮਰੀ ਸਕੂਲ ਵਿਚ ਬੂਥ ਨੰਬਰ 101 'ਤੇ ਪਾਈਆਂ। ਹਾਲਾਂਕਿ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਵੀ ਪਿੰਡੋਂ ਬਾਹਰ ਹੋਣ ਕਰਕੇ ਆਪਣੀ ਵੋਟ ਨਹੀਂ ਪਾਈ।

## ਲੋਕ ਸਭਾ ਚੋਣਾਂ ਦੀ ਰਿਹਰਸਲ?

**ਚੰਡੀਗੜ੍ਹ:** ਪੰਜਾਬ ਦੀਆਂ ਸਿਆਸੀ ਧਿਰਾਂ ਵੱਲੋਂ ਸੂਬੇ ਦੀਆਂ ਪੰਚਾਇਤੀ ਸੰਸਥਾਵਾਂ ਦੀਆਂ ਚੋਣਾਂ ਨੂੰ ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਦੀ ਰਿਹਰਸਲ ਵਜੋਂ ਲਿਆ ਜਾ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ, ਭਾਰਤੀ ਜਨਤਾ ਪਾਰਟੀ, ਕਾਂਗਰਸ ਤੇ ਪੀਪੀਪੀ ਨੇ ਚੋਣਾਂ ਵਿਚ ਸਾਰੀ ਤਾਕਤ ਝੋਕ ਦਿੱਤੀ। ਵੋਟਾਂ ਤੋਂ ਪਹਿਲਾਂ ਹੀ ਵਾਪਰੀਆਂ ਹਿੰਸਕ ਘਟਨਾਵਾਂ ਨੇ ਕਈ ਸਵਾਲ ਖੜ੍ਹੇ ਕੀਤੇ।

# ਵਿਧਾਨ ਸਭਾ ਚੋਣਾਂ ਨਾਲੋਂ ਵੀ ਵੱਧ ਖਰਚਾ ਹੋਇਆ

**ਚੰਡੀਗੜ੍ਹ:** ਪੰਜਾਬ ਦੇ ਖ਼ਜ਼ਾਨੇ ਨੂੰ ਪੰਚਾਇਤੀ ਸੰਸਥਾਵਾਂ ਦੀਆਂ ਚੋਣਾਂ ਵਿਧਾਨ ਸਭਾ ਤੇ ਲੋਕ ਸਭਾ ਚੋਣਾਂ ਨਾਲੋਂ ਵੀ ਮਹਿੰਗੀਆਂ ਪੈਣਗੀਆਂ। ਸੂਬਾਈ ਚੋਣ ਕਮਿਸ਼ਨ ਦੇ ਸੂਤਰਾਂ ਦਾ ਦੱਸਣਾ ਹੈ ਕਿ ਇਨ੍ਹਾਂ ਚੋਣਾਂ ਦਾ ਬੋਝ 25 ਕਰੋੜ ਰੁਪਏ ਦੇ ਕਰੀਬ ਹੋਵੇਗਾ ਜਦੋਂ ਕ ਵਿਧਾਨ ਸਭਾ ਚੋਣਾਂ ਦਾ ਖ਼ਰਚ 20 ਕਰੋੜ ਰੁਪਏ ਦੇ ਕਰੀਬ ਸੀ। ਚੋਣ ਕਮਿਸ਼ਨ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਪੰਚਾਇਤੀ ਸੰਸਥਾਵਾਂ ਦੀਆਂ ਚੋਣਾਂ ਦਾ ਤਿੰਨ ਵਰਗਾਂ ਜ਼ਿਲ੍ਹਾ ਪ੍ਰੀਸ਼ਦਾਂ, ਪੰਚਾਇਤ ਸਮਿਤੀਆਂ ਤੇ ਗਰਾਮ ਪੰਚਾਇਤਾਂ ਦਾ ਹੋਣਾ ਮਹਿੰਗਾ ਪੈਂਦਾ ਹੈ।

ਸਭ ਤੋਂ ਵੱਧ ਖਰਚ ਬੈਲਟ ਪੇਪਰਾਂ ਦੀ ਛਪਾਈ 'ਤੇ ਆ ਰਿਹਾ ਹੈ। ਵੋਟਾਂ ਪਾਉਣ ਲਈ ਗੁਆਂਢੀ ਸੂਬਿਆਂ ਜੰਮੂ ਕਸ਼ਮੀਰ, ਹਰਿਆਣਾ ਤੇ ਰਾਜਸਥਾਨ ਤੋਂ ਬੈਲਟ ਬਾਕਸ ਮੰਗਵਾਏ ਗਏ ਹਨ। ਸੂਬੇ ਵਿਚ ਜ਼ਿਲ੍ਹਾ ਪ੍ਰੀਸ਼ਦਾਂ ਤੇ ਪੰਚਾਇਤ ਸਮਿਤੀਆਂ ਦੀਆਂ ਚੋਣਾਂ 19 ਮਈ ਨੂੰ ਹੋਈਆਂ ਹਨ। ਗਰਾਮ ਪੰਚਾਇਤਾਂ ਦੀਆਂ ਚੋਣਾਂ ਬੇਸ਼ੱਕ ਜੂਨ ਮਹੀਨੇ ਦੇ ਪਹਿਲੇ ਹਫ਼ਤੇ ਹੋਣ ਦਾ ਅਨੁਮਾਨ ਸੀ ਪਰ ਦਿਹਾਤੀ ਵਿਕਾਸ ਤੇ ਪੰਚਾਇਤ ਵਿਭਾਗ ਵੱਲੋਂ ਪੰਚਾਂ ਸਰਪੰਚਾਂ ਦੇ ਰਾਖਵੇਂਕਰਨ ਦਾ ਨੋਟੀਫਿਕੇਸ਼ਨ ਜਾਰੀ ਨਾ ਕੀਤੇ ਜਾਣ ਕਾਰਨ ਗਰਾਮ ਪੰਚਾਇਤਾਂ ਦੀਆਂ ਚੋਣਾਂ ਜੂਨ ਮਹੀਨੇ ਦੇ ਅੰਤਲੇ ਹਫ਼ਤੇ ਹੋਣ ਦੇ ਅਨੁਮਾਨ ਹੈ।

ਪੰਜਾਬ ਵਿਚ ਪੰਚਾਇਤੀ ਸੰਸਥਾਵਾਂ ਦੀਆਂ ਚੋਣਾਂ ਵਿਧਾਨ ਸਭਾ ਤੇ ਲੋਕ ਸਭਾ ਚੋਣਾਂ ਨਾਲੋਂ ਵੱਡਾ ਅਮਲ ਮੰਨਿਆ ਜਾਂਦਾ ਹੈ। ਇਨ੍ਹਾਂ ਚੋਣਾਂ ਵਿਚ ਸਭ ਤੋਂ ਜ਼ਿਆਦਾ ਉਮੀਦਵਾਰ ਹੁੰਦੇ ਹਨ ਜਿਸ ਕਾਰਨ ਸਰਕਾਰ ਦਾ ਖਰਚਾ ਵੀ ਜ਼ਿਆਦਾ ਹੁੰਦਾ ਹੈ। ਇਨ੍ਹਾਂ ਚੋਣਾਂ ਵਿਚ ਇਕ ਕਰੋੜ 10 ਲੱਖ ਦੇ ਕਰੀਬ ਵੋਟਰ ਤਿੰਨ ਵਾਰੀ ਵੋਟ ਦਾ ਪ੍ਰਯੋਗ ਕਰਨਗੇ। ਪੰਜਾਬ ਵਿਚ ਪੰਚਾਇਤ ਸਮਿਤੀਆਂ ਲਈ 5786 ਤੇ ਜ਼ਿਲ੍ਹਾ ਪ੍ਰੀਸ਼ਦਾਂ ਲਈ 760 ਉਮੀਦਵਾਰ ਮੈਦਾਨ ਵਿਚ ਹਨ।



ਸੂਬੇ ਵਿਚ 13 ਹਜ਼ਾਰ ਤੋਂ ਵੱਧ ਗਰਾਮ ਪੰਚਾਇਤਾਂ ਦੀਆਂ ਚੋਣਾਂ ਹੋਣੀਆਂ ਹਨ ਤੇ ਇਸ ਵਾਰੀ ਪੰਚਾਂ ਦੀ ਚੋਣ ਲਈ ਪਿੰਡ ਪੱਧਰ 'ਤੇ ਵਾਰਡਬੰਦੀ ਹੋਣ ਕਾਰਨ ਪੰਚੀ ਦੇ ਉਮੀਦਵਾਰਾਂ ਦੀ ਗਿਣਤੀ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਹੋਵੇਗੀ। ਵਾਰਡਾਂ ਦੀ ਕੁੱਲ ਗਿਣਤੀ 81412 ਹੈ। ਇਉਂ ਪੰਚੀ ਲਈ ਉਮੀਦਵਾਰ ਡੇਢ ਲੱਖ ਤੋਂ ਵੀ ਜ਼ਿਆਦਾ ਹੋਣਗੇ। ਚੋਣ ਕਮਿਸ਼ਨ ਮੁਤਾਬਕ ਇਕ ਬੈਲਟ ਪੇਪਰ ਦੀ ਛਪਾਈ ਦਾ ਮੁੱਲ 60 ਪੈਸੇ ਦੇ ਕਰੀਬ ਆਇਆ ਹੈ। ਤਿੰਨਾਂ ਸੰਸਥਾਵਾਂ ਲਈ ਵੱਖੋ ਵੱਖਰੇ ਬੈਲਟ ਪੇਪਰ ਛਪਾਏ ਜਾ ਰਹੇ ਹਨ ਤੇ ਵੋਟਰ ਸੂਚੀਆਂ ਵੀ ਤਿੰਨਾਂ ਚੋਣਾਂ ਲਈ ਵੱਖ ਵੱਖ ਹੀ ਦਿੱਤੀਆਂ ਜਾਣਗੀਆਂ। ਬੈਲਟ ਪੇਪਰਾਂ ਤੇ ਵੋਟਰ ਸੂਚੀਆਂ ਦਾ ਵੱਡਾ ਖਰਚਾ ਹੈ। ਸੂਤਰਾਂ ਮੁਤਾਬਕ ਚੋਣ ਕਮਿਸ਼ਨ ਵੱਲੋਂ ਕੀਤੇ ਪ੍ਰਬੰਧਾਂ 'ਤੇ 20 ਕਰੋੜ ਰੁਪਏ ਦੇ ਕਰੀਬ ਖਰਚ ਆਵੇਗਾ। ਵੋਟਾਂ ਲਈ ਸਾਢੇ 19 ਹਜ਼ਾਰ ਤੋਂ ਵੱਧ ਪੋਲਿੰਗ ਸਟੇਸ਼ਨ ਬਣਾਏ ਗਏ ਹਨ। ਇਸ ਤੋਂ ਬਿਨਾਂ ਪੰਚਾਇਤੀ ਸੰਸਥਾਵਾਂ ਦੀਆਂ ਚੋਣਾਂ ਵਿਚ ਇਕ ਲੱਖ ਦੇ ਕਰੀਬ ਮੁਲਾਜ਼ਮ ਵੋਟਾਂ ਭੁਗਤਾਉਣ ਲਈ ਡਿਊਟੀ ਦੇਵੇਗਾ। ਇਨ੍ਹਾਂ ਮੁਲਾਜ਼ਮਾਂ ਨੂੰ ਟੀਏ ਤੇ ਡੀਏ ਦੀ ਅਦਾਇਗੀ ਸਰਕਾਰ ਵੱਲੋਂ ਕੀਤੀ ਜਾਵੇਗੀ ਕਿ ਦੋ ਕਰੋੜ ਰੁਪਏ ਦੇ ਕਰੀਬ ਹੋਵੇਗੀ। ਡਿਪਟੀ ਕਮਿਸ਼ਨਰਾਂ ਦੇ ਦਫ਼ਤਰੀ ਅਮਲੇ ਨੂੰ ਦੂਹਰਾ ਟੀਏ ਤੇ ਡੀਏ ਦਿੱਤਾ ਜਾਣਾ ਹੈ। ਇਸੇ ਤਰ੍ਹਾਂ ਸੁਰੱਖਿਆ ਲਈ ਪੰਜਾਬ ਪੁਲਿਸ ਦੇ 60 ਹਜ਼ਾਰ ਤੋਂ ਵੱਧ ਜਵਾਨ ਤਾਇਨਾਤ ਹੋਣਗੇ।

ਇਨ੍ਹਾਂ ਲਈ ਟਰਾਂਸਪੋਰਟ ਦਾ ਪ੍ਰਬੰਧ ਕਰਨ ਤੇ ਚੋਣ ਭੱਤਾ ਦੇਣ ਲਈ ਵੀ ਦੋ ਕਰੋੜ ਰੁਪਏ ਦੇ ਕਰੀਬ ਖਰਚਾ ਆਵੇਗਾ। ਇਸ ਤਰ੍ਹਾਂ ਨਾਲ ਕੁੱਲ 25 ਕਰੋੜ ਰੁਪਏ ਦੇ ਕਰੀਬ ਸਰਕਾਰ ਵੱਲੋਂ ਖਰਚ ਕੀਤਾ ਜਾਣਾ ਹੈ। ਸੂਬੇ ਵਿਚ ਗਰਾਮ ਪੰਚਾਇਤਾਂ ਦੇ ਰਾਖਵੇਂਕਰਨ ਲਈ ਚੋਣ ਕਮਿਸ਼ਨਰ ਸ਼ਵਿੰਦਰ ਸਿੰਘ ਬਰਾੜ ਵੱਲੋਂ ਪੰਚਾਇਤ ਵਿਭਾਗ ਨੂੰ ਹਦਾਇਤਾਂ ਤਾਂ ਦਿੱਤੀਆਂ ਗਈਆਂ ਹਨ ਪਰ ਇਨ੍ਹਾਂ ਹਦਾਇਤਾਂ ਦਾ ਕੋਈ ਅਸਰ ਨਹੀਂ ਹੋ ਰਿਹਾ। ਸ. ਬਰਾੜ ਨੇ ਦੱਸਿਆ ਕਿ ਰਾਖਵੇਂਕਰਨ ਦਾ ਨੋਟੀਫਿਕੇਸ਼ਨ ਜਾਰੀ ਹੋਣ ਵਿਚ ਦੇਰੀ ਹੋਣ ਕਾਰਨ ਗਰਾਮ ਪੰਚਾਇਤਾਂ ਦੀਆਂ ਚੋਣਾਂ ਮਿਥੇ ਪ੍ਰੋਗਰਾਮ ਨਾਲੋਂ ਅਗਾਂਹ ਪੈ ਸਕਦੀਆਂ ਹਨ।

# ਸ਼ਹੀਦੀ ਯਾਦਗਾਰ ਦੇ ਨਾਂ ਬਾਰੇ ਰੇੜਕਾ ਬਰਕਰਾਰ

**ਚੰਡੀਗੜ੍ਹ:** ਸਾਕਾ ਨੀਲਾ ਤਾਰਾ ਸ਼ਹੀਦੀ ਯਾਦਗਾਰ ਦੇ ਨਾਂ ਤੇ ਉਥੇ ਇਤਿਹਾਸ ਸਬੰਧੀ ਲਾਏ ਗਏ ਬੋਰਡ ਬਾਰੇ ਚੱਲ ਰਹੇ ਵਿਵਾਦ ਨੂੰ ਵਿਚਾਰਨ ਲਈ ਪੰਜ ਸਿੰਘ ਸਾਹਿਬਾਨ ਦੀ ਲੰਘੇ ਦਿਨ ਹੋਈ ਇਕੱਤਰਤਾ ਵਿਚ ਵੀ ਕੋਈ ਫੈਸਲਾ ਨਹੀਂ ਹੋ ਸਕਿਆ ਤੇ ਮਾਮਲੇ ਨੂੰ ਅਗਾਂਹ ਪਾ ਦਿੱਤਾ ਗਿਆ

## ਸਿੰਘ ਸਾਹਿਬਾਨ ਦੀ ਇਕੱਤਰਤਾ ਬੇਸਿੱਟਾ ਰਹੀ

ਹੈ। ਹੁਣ ਇਹ ਮਾਮਲਾ ਸਾਕਾ ਨੀਲਾ ਤਾਰਾ ਦੀ ਵਰ੍ਹੇਗੰਢ ਮੌਕੇ ਛੇ ਜੂਨ ਨੂੰ ਮਨਾਏ ਜਾਂਦੇ ਅਰਦਾਸ ਦਿਵਸ ਮਗਰੋਂ ਵਿਚਾਰੇ ਜਾਣ ਦੀ ਉਮੀਦ ਹੈ।

ਗਿਆਨੀ ਗੁਰਬਚਨ ਸਿੰਘ ਦਾ ਕਹਿਣਾ ਹੈ ਕਿ ਫਿਲਹਾਲ ਇਹ ਮਾਮਲਾ ਵਿਚਾਰ ਅਧੀਨ ਹੈ। ਇਸ ਬਾਰੇ ਕਈ ਸਿੱਖ ਜਥੇਬੰਦੀਆਂ ਤੇ ਸ਼ਹੀਦ ਪਰਿਵਾਰਾਂ ਨੇ ਸੁਝਾਅ ਭੇਜੇ ਹਨ ਤੇ ਭੇਜ ਰਹੇ ਹਨ। ਕਈਆਂ ਨੇ ਸੁਝਾਅ ਦਿੱਤਾ ਹੈ ਕਿ ਇਥੇ ਸਮੂਹ ਸ਼ਹੀਦਾਂ ਦੇ ਨਾਂ ਲਿਖੇ ਜਾਣ, ਕਈਆਂ ਨੇ ਯਾਦਗਾਰ ਦਾ ਨਾਂ ਸਮੂਹ ਸ਼ਹੀਦਾਂ ਦੇ ਨਾਂ 'ਤੇ ਰੱਖਣ ਤੇ ਕਈਆਂ ਨੇ ਮੌਜੂਦਾ ਨਾਂ ਨੂੰ ਠੀਕ ਕਰਾਰ ਦਿੱਤਾ ਹੈ। ਉਨ੍ਹਾਂ ਆਖਿਆ ਕਿ ਸਮੁੱਚੇ ਸੁਝਾਅ ਘੋਖਣ ਮਗਰੋਂ ਸਿੱਖ ਭਾਵਨਾਵਾਂ ਦੀ ਰੌਸ਼ਨੀ ਵਿਚ ਫੈਸਲਾ ਕੀਤਾ ਜਾਵੇਗਾ। ਇਸ ਤੋਂ ਪਹਿਲਾਂ ਦੋਵਾਂ ਧਿਰਾਂ ਭਾਵ ਸ਼੍ਰੋਮਣੀ ਕਮੇਟੀ ਤੇ ਦਮਦਮੀ ਟਕਸਾਲ ਨੂੰ ਬੁਲਾ ਕੇ ਸਰਬਸੰਮਤ ਹੱਲ ਕੱਢਣ ਦਾ ਯਤਨ ਕੀਤਾ ਜਾਵੇਗਾ।

ਉਨ੍ਹਾਂ ਬਿਨਾਂ ਕਿਸੇ ਜਥੇਬੰਦੀ ਦਾ ਨਾਂ ਲਏ ਆਖਿਆ ਕਿ ਇਸ ਮਾਮਲੇ ਵਿਚ ਕਿਸੇ ਧਿਰ ਨੂੰ ਬਿਆਨਬਾਜ਼ੀ ਨਹੀਂ ਕਰਨੀ ਚਾਹੀਦੀ। ਇਹ ਸਿੱਖ ਕੌਮ ਦਾ ਅੰਦਰੂਨੀ ਮਾਮਲਾ ਹੈ ਤੇ ਕਿਸੇ ਨੂੰ ਵੀ ਇਸ ਵਿਚ ਦਖਲ ਅੰਦਾਜ਼ੀ ਦਾ ਹੱਕ ਨਹੀਂ ਹੈ। ਸਿੱਖ ਕੌਮ ਵੱਲੋਂ ਇਸ ਨੂੰ ਆਪ ਹੀ ਹੱਲ ਕੀਤਾ ਜਾਵੇਗਾ। ਗ਼ੌਰਤਲਬ ਹੈ ਕਿ ਭਾਜਪਾ ਤੇ ਕਾਂਗਰਸ ਸਮੇਤ ਕੁਝ ਹੋਰ ਸਿਆਸੀ ਪਾਰਟੀਆਂ ਵੱਲੋਂ ਯਾਦਗਾਰ ਦਾ ਨਾਂ ਸੰਤ ਭਿੰਡਰਾਂਵਾਲੇ ਦੇ ਨਾਂ 'ਤੇ ਰੱਖਣ ਦਾ ਵਿਰੋਧ ਕੀਤਾ ਜਾ ਰਿਹਾ ਹੈ।



ਉਨ੍ਹਾਂ ਯਾਦਗਾਰ ਵਿਵਾਦ ਨੂੰ ਵੱਡਾ ਤੇ ਗੰਭੀਰ ਮਾਮਲਾ ਦੱਸਿਆ ਤੇ ਆਖਿਆ ਕਿ ਇਸ ਬਾਰੇ ਕਾਹਲੀ ਵਿਚ ਕੋਈ ਫੈਸਲਾ ਨਹੀਂ ਕੀਤਾ ਜਾਵੇਗਾ। ਉਨ੍ਹਾਂ ਸਪੱਸ਼ਟ ਕੀਤਾ ਕਿ ਇਸ ਵਾਰ ਵੀ ਸਾਕਾ ਨੀਲਾ ਤਾਰਾ ਦੀ ਵਰ੍ਹੇਗੰਢ ਮੌਕੇ ਛੇ ਜੂਨ ਨੂੰ ਅਰਦਾਸ ਦਿਵਸ ਪਹਿਲਾਂ ਵਾਂਗ ਅਕਾਲ ਤਖ਼ਤ ਸਾਹਿਬ ਵਿਖੇ ਹੀ ਮਨਾਇਆ ਜਾਵੇਗਾ। ਉਨ੍ਹਾਂ ਆਖਿਆ ਕਿ ਫਿਲਹਾਲ ਸ਼ਹੀਦੀ ਯਾਦਗਾਰ ਵਿਖੇ ਅਖੰਡ ਪਾਠ ਨਹੀਂ ਹੋਣਗੇ ਪਰ ਨਿੱਤ ਦੀ ਮਰਿਆਦਾ ਤਹਿਤ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਵੇਗਾ, ਸਵੇਰੇ ਤੇ ਸ਼ਾਮ ਨੂੰ ਗੁਰਬਾਣੀ ਦਾ ਕੀਰਤਨ ਵੀ ਹੋਵੇਗਾ।

### ਜਥੇਦਾਰ ਨੰਦਗੜ੍ਹ ਵੱਲੋਂ ਵੀ ਨਾਂ ਤਬਦੀਲੀ ਦਾ ਵਿਰੋਧ

ਇਸ ਦੌਰਾਨ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਨੇ ਆਪਣੀ ਨਿੱਜੀ ਰਾਏ ਪ੍ਰਗਟਾਉਂਦਿਆਂ ਆਖਿਆ ਕਿ ਉਹ ਇਸ ਹੱਕ ਵਿਚ ਹਨ ਕਿ ਯਾਦਗਾਰ ਦਾ ਨਾਂ ਜਿਵੇਂ ਦਾ ਤਿਵੇਂ ਰੱਖਿਆ ਜਾਵੇ। ਉਨ੍ਹਾਂ ਦੀ ਇਸ ਰਾਏ ਦਾ ਕੋਲ ਖੜ੍ਹੇ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਮੱਲ ਸਿੰਘ ਨੇ ਵੀ ਸਮਰਥਨ ਕੀਤਾ। ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਆਪਣੀ ਕੋਈ ਨਿੱਜੀ ਰਾਏ ਦੇਣ ਤੋਂ ਇਨਕਾਰ ਕਰਦਿਆਂ ਦੱਸਿਆ ਕਿ ਦੇਸ਼ ਵਿਦੇਸ਼ ਵਿਚ ਖਾਸ ਕਰ ਨੌਜਵਾਨ ਸਿੱਖ ਪੀੜ੍ਹੀ ਕਿਸ ਹੱਕ ਵਿਚ ਹਨ ਕਿ ਯਾਦਗਾਰ ਦਾ ਨਾਂ ਸੰਤ ਭਿੰਡਰਾਂਵਾਲਿਆਂ ਨਾਲ ਹੀ ਜੁੜਿਆ ਰਹੇ।

# ਸਿੱਖ ਜਥੇਬੰਦੀਆਂ ਵੱਲੋਂ ਜਥੇਦਾਰਾਂ ਨੂੰ ਸਖ਼ਤ ਚਿਤਾਵਨੀ

**ਚੰਡੀਗੜ੍ਹ:** ਸਿੱਖ ਜਥੇਬੰਦੀ ਦਲ ਖਾਲਸਾ, ਅਕਾਲੀ ਦਲ 1920 ਤੇ ਸਿੱਖ ਸਿਟੀਜ਼ਨ ਕੌਂਸਲ ਨੇ ਸ੍ਰੀ ਅਕਾਲ ਤਖਤ ਵਿਖੇ ਪੰਜ ਸਿੰਘ ਸਾਹਿਬਾਨ ਨੂੰ ਸ਼ਹੀਦੀ ਯਾਦਗਾਰ ਬਾਰੇ ਵੱਖ-ਵੱਖ ਮੰਗ ਪੱਤਰ ਦੇ ਕੇ ਆਪੋ-ਆਪਣੀ ਰਾਏ ਦੇਣ ਬੇਨਤੀ ਕੀਤੀ ਹੈ। ਦਲ ਖਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਦਿੱਤੇ ਮੰਗ ਪੱਤਰ ਵਿਚ ਆਖਿਆ ਕਿ ਸ਼ਹੀਦੀ ਯਾਦਗਾਰ ਵਿਵਾਦ ਨੂੰ ਬਿਨਾਂ ਵਜ੍ਹਾ ਉਛਾਲਿਆ ਜਾ ਰਿਹਾ ਹੈ ਤੇ ਇਸ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜ਼ਿੰਮੇਵਾਰ ਹਨ।

ਉਨ੍ਹਾਂ ਦੋਸ਼ ਲਾਇਆ ਕਿ ਅਕਾਲੀ ਹੁਕਮਰਾਨ ਦਿੱਲੀ ਦੇ ਹਾਕਮਾਂ ਤੇ ਭਾਜਪਾ ਦੇ ਦਬਾਅ ਹੇਠ ਯਾਦਗਾਰ ਤੋਂ ਸੰਤ ਭਿੰਡਰਾਂਵਾਲਿਆਂ ਦਾ ਨਾਂ ਤੇ ਇਤਿਹਾਸ ਬੋਰਡ ਹਟਾਉਣਾ ਚਾਹੁੰਦੀ ਹੈ। ਇਸ ਮਾਮਲੇ ਵਿਚ ਸਰਕਾਰੀ ਦਖਲਅੰਦਾਜ਼ੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਲਿਖਿਆ ਕਿ ਸ਼ਹੀਦੀ ਯਾਦਗਾਰ ਦਾ ਨਾਂ ਸ਼੍ਰੋਮਣੀ ਕਮੇਟੀ ਵੱਲੋਂ ਪਾਸ ਕੀਤੇ ਮਤੇ 1474 ਮੁਤਾਬਕ ਹੀ ਰੱਖਿਆ ਗਿਆ ਹੈ। ਉਨ੍ਹਾਂ ਸਿੰਘ ਸਾਹਿਬਾਨ ਨੂੰ ਬੇਨਤੀ ਕੀਤੀ ਹੈ ਕਿ ਇਸ ਮਸਲੇ ਦਾ ਹੱਲ ਕੌਮ ਦੀਆਂ ਸਮੂਹਿਕ ਭਾਵਨਾਵਾਂ ਅਨੁਸਾਰ ਕੀਤਾ ਜਾਵੇ ਤੇ ਸਰਕਾਰ ਨੂੰ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖਲਅੰਦਾਜ਼ੀ ਨਾ ਕਰਨ ਦੀ ਚਿਤਾਵਨੀ ਦਿੱਤੀ ਜਾਵੇ।

ਅਕਾਲੀ ਦਲ 1920 ਅਤੇ ਸਿੱਖ ਸਿਟੀਜ਼ਨ ਕੌਂਸਲ ਵਲੋਂ ਯਾਦਗਾਰ ਮਾਮਲੇ ਦੇ ਸਬੰਧ ਵਿਚ ਰਘੁਬੀਰ ਸਿੰਘ ਰਾਜਾਸਾਂਸੀ, ਦਲਜੀਤ ਸਿੰਘ ਸੰਧੂ, ਬੇਅੰਤ ਸਿੰਘ ਖਿਆਲਾ ਤੇ ਹੋਰ ਆਗੂ ਪੰਜ ਸਿੰਘ ਸਾਹਿਬਾਨ ਨੂੰ ਮਿਲੇ। ਵਫਦ ਨੇ ਮੰਗ ਕੀਤੀ ਹੈ ਕਿ ਬਣਾਈ ਗਈ ਯਾਦਗਾਰ ਵਿਖੇ ਫੌਜੀ ਹਮਲੇ ਦੌਰਾਨ ਸ਼ਹੀਦ ਹੋਏ ਸਮੂਹ ਸਿੰਘ ਸਿੰਘਣੀਆਂ ਦੀਆਂ ਤਸਵੀਰਾਂ ਤੇ ਢਹਿ ਢੇਰੀ ਹੋਏ ਸ੍ਰੀ ਅਕਾਲ ਤਖ਼ਤ ਸਾਹਿਬ ਦੀਆਂ ਤਸਵੀਰਾਂ ਵੀ ਯਾਦਗਾਰ ਦੇ ਬਾਹਰ ਮੁੱਖ ਦੁਆਰ ਨੇੜੇ ਲਾਈਆਂ ਜਾਣ। ਬੇਅੰਤ ਸਿੰਘ ਖਿਆਲਾ ਸਾਕਾ ਨੀਲਾ ਤਾਰਾ ਸਮੇਂ ਸ਼ਹੀਦ ਹੋਏ ਜਨਰਲ ਸੁਬੇਗ ਸਿੰਘ ਦੇ ਭਰਾ ਹਨ।

ਉਧਰ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਹੈ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਅੰਮ੍ਰਿਤਸਰ ਵਿਖੇ ਬਣਾਈ ਸਾਕਾ ਨੀਲਾ ਤਾਰਾ ਦੇ ਸਮੂਹ ਸ਼ਹੀਦਾਂ ਦੀ ਯਾਦਗਾਰ ਤੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦਾ ਨਾਂ ਜੇਕਰ ਮਿਟਾਉਣ ਦੀ ਕੋਸ਼ਿਸ਼ ਕੀਤੀ ਗਈ ਤਾਂ ਇਸ ਦੇ ਨਤੀਜੇ ਭਵਿੱਖ ਵਿਚ ਘਾਤਕ ਸਿੱਧ ਹੋਣਗੇ।

ਉਨ੍ਹਾਂ ਦੋਸ਼ ਲਾਇਆ ਕਿ ਸਿੱਖ ਜਗਤ ਦੇ ਪ੍ਰਮੁੱਖ ਸੇਵਾਦਾਰ ਰਾਜਸੀ ਆਗੂਆਂ ਦੇ ਦਬਾਅ ਅਧੀਨ ਆ ਗਏ ਹਨ ਜਿਹੜੇ ਹਰ ਇਕ ਫੈਸਲਾ ਭਾਜਪਾ ਤੇ ਬਾਦਲ ਗਰੁੱਪ ਦੇ ਆਦੇਸ਼ਾਂ ਥੱਲੇ ਹੀ ਲੈਣ ਲੱਗ ਪਏ ਹਨ। ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਨੇ ਪੰਜਾਬ ਵਿਚ ਸਹਿਮ ਵਾਲਾ ਮਾਹੌਲ ਪੈਦਾ ਕਰ ਰੱਖਿਆ ਹੈ ਤੇ ਹਰ ਪਾਸੇ ਕਾਨੂੰਨ ਦੀਆਂ ਸ਼ਰੇਆਮ ਧੱਜੀਆਂ ਉਡਾਈਆਂ ਜਾ ਰਹੀਆਂ ਹਨ।

# ਨਾਮਧਾਰੀ ਧੜਿਆਂ ਵਿਚਾਲੇ ਵਧਣ ਲੱਗਾ ਟਕਰਾਅ

**ਬਟਾਲਾ:** ਸਤਿਗੁਰੂ ਜਗਜੀਤ ਸਿੰਘ ਭੈਣੀ ਵਾਲਿਆਂ ਦੇ ਸਵਰਗਵਾਸ ਹੋ ਜਾਣ ਤੋਂ ਬਾਅਦ ਵੀ ਗੱਦੀਨਸ਼ੀਨੀ ਦਾ ਮਾਮਲਾ ਸੁਲਝਣ ਦਾ ਨਾਂ ਨਹੀਂ ਲੈ ਰਿਹਾ ਹੈ। ਇਸ ਕਾਰਨ ਠਾਕੁਰ ਉਦੈ ਸਿੰਘ ਤੇ ਠਾਕੁਰ ਦਲੀਪ ਸਿੰਘ ਦੇ ਪੈਰੋਕਾਰਾਂ ਦੇ ਦਰਮਿਆਨ ਟਕਰਾਅ ਵਧਦਾ ਹੀ ਜਾ ਰਿਹਾ ਹੈ। ਇਥੇ ਲੰਘੇ ਦਿਨ ਠਾਕੁਰ ਉਦੈ ਸਿੰਘ ਦੇ ਪੈਰੋਕਾਰਾਂ ਨੇ ਠਾਕੁਰ ਦਲੀਪ ਸਿੰਘ ਤੇ ਉਨ੍ਹਾਂ ਦੇ ਪੈਰੋਕਾਰਾਂ ਨੂੰ ਕਾਹਨੂੰਵਾਨ ਰੋਡ 'ਤੇ ਸਥਿਤ ਧਰਮਸ਼ਾਲਾ ਦਾ ਤਾਲਾ ਲਾ ਕੇ ਸਮਾਗਮ ਨਾ ਕਰਨ ਦਿੱਤਾ। ਇਸ ਕਾਰਨ ਦੋਹਾਂ ਧੜਿਆਂ ਵਿਚ ਸਥਿਤੀ ਕਾਫ਼ੀ ਤਣਾਅਪੂਰਨ ਹੋ ਗਈ।

ਪੁਲਿਸ ਤੇ ਸਿਵਲ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਨੇ ਐਨ ਮੌਕੇ 'ਤੇ ਪਹੁੰਚ ਕੇ ਦੋਹਾਂ ਧਿਰਾਂ ਨੂੰ ਪਿਛਾਂਹ ਕਰਕੇ ਟਕਰਾਅ ਹੋਣੋਂ ਰੋਕ ਦਿੱਤਾ ਪਰ ਠਾਕੁਰ ਦਲੀਪ ਸਿੰਘ ਦੇ ਪੈਰੋਕਾਰਾਂ ਨੇ ਧਰਮਸ਼ਾਲਾ ਦੇ ਬਾਹਰ ਟੈਂਟ ਤੇ ਦਰੀਆਂ ਲਾ ਕੇ ਆਪਣੀ ਭੁੱਖ ਹੜਤਾਲ ਤੇ ਜਾਪ ਸ਼ੁਰੂ ਕਰ ਦਿੱਤਾ ਜਦਕਿ ਠਾਕੁਰ ਦਲੀਪ ਸਿੰਘ ਨੂੰ ਪੁਲਿਸ ਨੇ ਇਕ



ਘਰ ਵਿਚ ਪੂਰੀ ਸੁਰੱਖਿਆ ਛੱਤਰੀ ਪ੍ਰਦਾਨ ਕਰਦਿਆਂ ਉਨ੍ਹਾਂ ਦੀ ਹਿਫਾਜ਼ਤ ਕੀਤੀ।

ਠਾਕੁਰ ਦਲੀਪ ਸਿੰਘ ਦੇ ਧੜੇ ਦੇ ਪੈਰੋਕਾਰਾਂ ਦਾ ਦੋਸ਼ ਹੈ ਕਿ ਲੰਗਰ ਦਾ ਸਾਰਾ ਸਾਮਾਨ ਤਿਆਰ ਕਰਕੇ ਧਰਮਸ਼ਾਲਾ ਵਿਚ ਰੱਖਿਆ ਹੋਇਆ ਸੀ ਪਰ ਬਟਾਲਾ ਸਥਿਤ ਦੂਜੇ ਧੜੇ ਨੇ ਤਾਲਾ ਲਾ ਕੇ ਨਾਂ ਤਾਂ ਪ੍ਰਚਾਰ ਹੋਣ ਦਿੱਤਾ ਤੇ ਨਾ ਹੀ ਲੰਗਰ ਤਿਆਰ ਕਰਨ ਦਿੱਤਾ। ਦੂਜੇ ਪਾਸੇ ਠਾਕੁਰ ਉਦੈ ਸਿੰਘ ਧੜੇ ਦੇ ਪੈਰੋਕਾਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਉਪਰੋਂ ਮਾਤਾ ਜੀ ਤੇ ਠਾਕੁਰ ਉਦੈ ਸਿੰਘ ਦਾ ਹੁਕਮ ਹੈ ਕਿ ਜਿੰਨਾ ਚਿਰ ਤੱਕ ਠਾਕੁਰ ਦਲੀਪ ਸਿੰਘ ਭੈਣੀ ਸਾਹਿਬ ਮੱਥਾ ਟੇਕ ਕੇ ਆਪਣੀ ਭੁੱਲ ਨਹੀਂ ਬਖਸ਼ਾਉਂਦੇ ਉਦੋਂ ਤੱਕ ਉਨ੍ਹਾਂ ਨੂੰ ਧਾਰਮਿਕ ਸਥਾਨਾਂ ਦੇ ਅੰਦਰ ਪ੍ਰਚਾਰ ਲਈ ਸਥਾਨ ਨਹੀਂ ਦਿੱਤਾ ਜਾਵੇਗਾ।

ਗੌਰਤਲਬ ਹੈ ਕਿ ਸਤਿਗੁਰੂ ਜਗਜੀਤ ਸਿੰਘ ਦੇ ਸਵਰਗਵਾਸ ਹੋ ਜਾਣ ਤੋਂ ਬਾਅਦ ਮਾਤਾ ਚੰਦ ਕੌਰ ਵੱਲੋਂ ਠਾਕੁਰ ਉਦੈ ਸਿੰਘ ਨੂੰ ਗੱਦੀਨਸ਼ੀਨ ਐਲਾਨਿਆ ਗਿਆ ਸੀ ਪਰ ਠਾਕੁਰ ਦਲੀਪ ਸਿੰਘ ਤੇ ਉਨ੍ਹਾਂ ਦੇ ਪੈਰੋਕਾਰਾਂ ਵੱਲੋਂ ਇਸ ਦਾ ਵਿਰੋਧ ਕਰਦਿਆਂ ਠਾਕੁਰ ਦਲੀਪ ਸਿੰਘ ਦਾ ਵੀ ਗੱਦੀਨਸ਼ੀਨੀ 'ਤੇ ਪੂਰਾ ਹੱਕ ਜਿਤਾਇਆ ਜਾ ਰਿਹਾ ਹੈ। ਇਸ ਕਾਰਨ ਇਹ ਗੱਦੀਨਸ਼ੀਨੀ ਦਾ ਮਾਮਲਾ ਦਿਨੋਂ-ਦਿਨ ਉਲਝਦਾ ਜਾ ਰਿਹਾ ਹੈ ਤੇ ਵੱਖ ਵੱਖ ਥਾਵਾਂ 'ਤੇ ਦੋਵੇਂ ਧਿਰਾਂ ਤੇ ਉਨ੍ਹਾਂ ਦੇ ਪੈਰੋਕਾਰ ਆਹਮੋ-ਸਾਹਮਣੇ ਹੁੰਦੇ ਵੀ ਦਿਖਾਈ ਦੇ ਰਹੇ ਹਨ।

# ਹੋਂਦ ਚਿੱਲੜ ਕਾਂਡ: ਸੁਰਜੀਤ ਕੌਰ ਨੇ ਸੁਣਾਈ ਦਰਦ ਕਹਾਣੀ

**ਚੰਡੀਗੜ੍ਹ:** ਸਾਲ 1984 ਵਿਚ ਹਰਿਆਣਾ ਦੇ ਹੋਂਦ ਚਿੱਲੜ ਪਿੰਡ ਵਿਚ ਵਾਪਰੇ ਕਾਂਡ ਵਿਚ ਤੇਰਾਂ ਜੀਆਂ ਦੇ ਪਰਿਵਾਰ ਵਿਚੋਂ ਸਿਰਫ ਇਕ ਬਾਲੜੀ ਸੁਰਜੀਤ ਕੌਰ ਹੀ ਬਚੀ ਸੀ ਜਿਸ ਦੀ ਅਦਾਲਤ ਵਿਚ ਵਿਥਿਆ ਸੁਣ ਕੇ ਸਾਰਿਆਂ ਦੀਆਂ ਅੱਖਾਂ ਨਮ ਹੋ ਗਈਆਂ। ਇਸ ਕਾਂਡ ਦੀ ਸੁਣਵਾਈ ਇਕ ਮੈਂਬਰੀ ਕਮਿਸ਼ਨ ਦੇ ਜੱਜ ਟੀਪੀਐਸ ਗਰਗ ਦੀ ਅਗਵਾਈ ਹੇਠ ਰਿਵਾੜੀ ਵਿਚ ਚਲ ਰਹੀ ਹੈ ਤੇ ਜਿਰ੍ਹਾ ਦੌਰਾਨ ਹੋਂਦ ਚਿੱਲੜ ਪਿੰਡ ਦੇ ਤੇਰਾਂ ਜੀਆਂ ਦੇ ਇਕ ਪਰਿਵਾਰ ਵਿਚੋਂ ਬਚੀ ਇਕਲੌਤੀ ਵਾਰਸ ਸੁਰਜੀਤ ਕੌਰ ਨੇ ਦੱਸਿਆ ਕਿ ਦੋ ਨਵੰਬਰ ਨੂੰ 1984 ਨੂੰ ਉਸ ਦੀਆਂ ਅੱਖਾਂ ਦੇ ਸਾਹਮਣੇ ਭਿਆਨਕ ਕਾਂਡ ਵਾਪਰਿਆ।



ਉਸ ਸਮੇਂ ਉਸ ਦੀ ਉਮਰ ਕੇਵਲ ਛੇ ਸਾਲ ਸੀ। ਉਸ ਨੇ ਅਦਾਲਤ ਨੂੰ ਦੱਸਿਆ ਕਿ ਉਸ ਦਾ ਪਰਿਵਾਰ ਇਕੋ ਹਵੇਲੀ ਵਿਚ ਰਹਿੰਦਾ ਸੀ ਤੇ ਉਸ ਦੇ ਪਰਿਵਾਰ ਦੇ ਇਕ ਦਰਜਨ ਜੀਆਂ ਨੂੰ ਬਹੁਤ ਹੀ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਮ੍ਰਿਤਕਾਂ ਵਿਚ ਉਸ ਦੇ ਦਾਦਾ ਗੁਰਦਿਆਲ ਸਿੰਘ, ਦਾਦੀ ਯਮੁਨਾ ਬਾਈ, ਪਿਤਾ ਅਰਜਨ ਸਿੰਘ ਤੇ ਮਾਤਾ ਪ੍ਰੀਤਮ ਕੌਰ ਨੂੰ ਦੇਖਦਿਆਂ ਥਾਏਂ ਹੀ ਮਾਰ ਦਿੱਤਾ। ਉਸ ਨੇ ਰੋਂਦਿਆ ਦੱਸਿਆ ਕਿ ਉਸ ਦੇ ਦੋ ਛੋਟੇ ਭਰਾਵਾਂ ਜਸਬੀਰ ਸਿੰਘ ਤੇ ਸਤਬੀਰ ਸਿੰਘ ਜਿਨ੍ਹਾਂ ਦੀ ਉਸ ਵੇਲੇ ਉਮਰ ਮਸਾਂ ਦੋ ਅਤੇ ਤਿੰਨ ਸਾਲ ਸੀ, ਨੂੰ ਕੰਧਾਂ ਨਾਲ ਪਟਕਾ-ਪਟਕਾ ਕੇ ਮਾਰ ਦਿੱਤਾ ਗਿਆ।

ਉਸ ਨੇ ਅਦਾਲਤ ਨੂੰ ਦੱਸਿਆ ਕਿ ਜ਼ਾਲਮਾਂ ਨੇ ਉਸ ਦੀਆਂ ਤਿੰਨ ਭੂਆ ਜੋਗਿੰਦਰ ਕੌਰ, ਜਸਬੀਰ ਕੌਰ, ਸੁਨੀਤਾ ਦੇਵੀ, ਤਿੰਨ ਚਾਚਿਆਂ ਮਹਿੰਦਰ ਸਿੰਘ, ਗੁਰਚਰਨ ਸਿੰਘ ਤੇ ਗਿਆਨ ਸਿੰਘ ਨੂੰ ਬੜੀ ਬੇਰਹਿਮੀ ਨਾਲ ਮਾਰਿਆ ਸੀ। ਇਸ ਕਾਂਡ ਕਾਰਨ ਉਹ ਅਨਾਥ ਹੋ ਗਈ ਸੀ ਤੇ ਉਸ ਦੇ ਨਾਨਾ ਤੇ ਨਾਨੀ ਨੇ ਬੜੀ ਮੁਸ਼ਕਲ ਨਾਲ ਉਸ ਨੂੰ ਪਾਲਿਆ। ਜੱਜ ਨੇ ਇਸ ਲੜਕੀ ਦਾ ਬਿਆਨ ਸੁਨਣ ਤੋਂ ਬਾਅਦ ਇਸ ਕੇਸ ਦੀ ਅਗਲੀ ਸੁਣਵਾਈ ਪੰਜ ਜੁਲਾਈ 'ਤੇ ਪਾ ਦਿੱਤੀ ਹੈ।

ਇਸ ਕੇਸ ਦੀ ਪੈਰਵੀ ਕਰ ਰਹੇ ਹੋਂਦ ਚਿੱਲੜ ਤਾਲਮੇਲ ਕਮੇਟੀ ਦੇ ਆਗੂ ਇੰਜੀਨੀਅਰ ਮਨਵਿੰਦਰ ਸਿੰਘ ਗਿਆਸਪੁਰਾ ਤੇ ਭਾਈ ਦਰਸ਼ਨ ਸਿੰਘ ਘੋਲੀਆ ਨੇ ਮੰਗ ਕੀਤੀ ਕਿ 1984 ਵਿਚ ਦੇਸ਼ ਦੇ ਵੱਖ-ਵੱਖ ਸੂਬਿਆਂ ਵਿਚ ਸਿੱਖਾਂ ਦੇ ਕਤਲੇਆਮ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕੀਤਾ ਜਾਵੇ। ਹੋਂਦ ਚਿੱਲੜ ਦੇ ਨਾਲ ਪਟੌਦੀ ਅਤੇ ਗੁੜਗਾਓਂ ਵਿਚ ਸਿੱਖਾਂ ਦੀਆਂ ਕੀਤੀਆਂ ਗਈਆਂ ਹੱਤਿਆ ਨੂੰ ਜਾਂਚ ਦੇ ਘੇਰੇ ਵਿਚ ਲਿਆਂਦਾ ਜਾਵੇ।

ਇਸ ਨਾਲ ਹਰਿਆਣਾ ਵਿਚ ਸਿੱਖਾਂ ਦੇ ਕਾਤਲਾਂ ਨੂੰ ਕਟਹਿਰੇ ਵਿਚ ਲਿਆਂਦਾ ਜਾ ਸਕੇਗਾ। ਉਨ੍ਹਾਂ ਕਿਹਾ ਕਿ ਉਹ ਇਸ ਅਣਮਨੁੱਖੀ ਵਰਤਾਰੇ ਦੀ ਰਿਪੋਰਟ ਤਿਆਰ ਕਰਕੇ ਸੰਯੁਕਤ ਰਾਸ਼ਟਰ ਵਿਚ ਪੇਸ਼ ਕਰਨਗੇ ਤਾਂ ਕਿ ਭਾਰਤ ਵਿਚ ਘੱਟ ਗਿਣਤੀਆਂ ਨਾਲ ਹੋਏ ਧੱਕੇ ਬਾਰੇ ਦੁਨੀਆਂ ਨੂੰ ਪਤਾ ਲੱਗ ਸਕੇ।

# ਪੰਜਾਬ ਨੂੰ ਵਿਸ਼ੇਸ਼ ਹੱਕਾਂ ਵਾਲਾ ਸੂਬਾ ਬਣਾਉਣ ਲਈ ਸੰਘਰਸ਼ ਦਾ ਐਲਾਨ

**ਚੰਡੀਗੜ੍ਹ:** ਖਾਲਸਾ ਐਕਸ਼ਨ ਕਮੇਟੀ, ਸ਼੍ਰੋਮਣੀ ਅਕਾਲੀ ਦਲ ਚੰਡੀਗੜ੍ਹ ਤੇ ਯੂਨਾਈਟਿਡ ਸਿੱਖ ਮੂਮੈਂਟ ਵੱਲੋਂ ਤਿੰਨੇ ਜਥੇਬੰਦੀਆਂ ਦਾ ਰਲੇਵਾਂ ਕਰਕੇ ਭਵਿੱਖ ਵਿਚ 'ਯੂਨਾਈਟਿਡ ਸਿੱਖ ਮੂਵਮੈਂਟ' ਦੇ ਬੈਨਰ ਹੇਠ ਦੇਸ਼ ਵਿਚ ਸਹੀ ਅਰਥਾਂ ਵਿਚ ਫੈਡਰਲ ਸਿਸਟਮ ਲਾਗੂ ਕਰਵਾਉਣ ਤੇ ਪੰਜਾਬ ਨੂੰ ਵਿਸ਼ੇਸ਼ ਅਧਿਕਾਰਾਂ ਵਾਲਾ ਰਾਜ ਬਣਾਉਣ ਲਈ ਜੱਦੋ-ਜਹਿਦ ਕਰਨ ਦਾ ਐਲਾਨ ਕੀਤਾ ਹੈ।

ਰਲੇਵਾਂ ਕਰਕੇ ਨਵੀਂ ਸਥਾਪਤ ਕੀਤੀ ਯੂਨਾਈਟਿਡ ਸਿੱਖ ਮੂਵਮੈਂਟ ਦੇ ਬਣਾਏ ਨਵੇਂ ਪ੍ਰਧਾਨ ਮੋਹਕਮ ਸਿੰਘ ਦਮਦਮੀ ਟਕਸਾਲ ਤੇ ਸਕੱਤਰ ਜਨਰਲ ਗੁਰਦੀਪ ਸਿੰਘ ਬਠਿੰਡਾ ਨੇ ਭਾਰਤੀ ਜਨਤਾ ਪਾਰਟੀ (ਭਾਜਪਾ) ਵੱਲੋਂ ਸ਼ਹੀਦੀ ਯਾਦਗਾਰ ਬਣਾਉਣ ਤੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਦੀ ਸਜ਼ਾ ਮੁਆਫ ਕਰਨ ਦਾ ਵਿਰੋਧ ਕਰਨ ਦਾ ਗੰਭੀਰ ਨੋਟਿਸ ਲੈਂਦਿਆਂ ਕਿਹਾ ਕਿ ਜੇ ਭਾਜਪਾ ਇਨ੍ਹਾਂ ਮੁੱਦਿਆਂ ਉਪਰ ਸਹਿਮਤ ਨਹੀਂ ਹੈ ਤਾਂ ਉਨ੍ਹਾਂ ਨੂੰ ਇਖਲਾਕੀ ਤੌਰ 'ਤੇ ਪੰਜਾਬ ਸਰਕਾਰ ਤੋਂ ਬਾਹਰ ਹੋ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮੂਵਮੈਂਟ ਦਾ ਮੁੱਖ ਉਦੇਸ਼ ਭਾਰਤ ਸਰਕਾਰ ਕੋਲ ਰੱਖਿਆ, ਵਿਦੇਸ਼, ਡਾਕ, ਤਾਰ, ਰੇਲਵੇ, ਕਰੰਸੀ ਤੇ ਦੂਰ ਸੰਚਾਰ ਵਿਭਾਗਾਂ ਨੂੰ ਛੱਡ ਕੇ ਬਾਕੀ ਸਾਰੇ ਵਿਭਾਗ ਰਾਜਾਂ ਨੂੰ ਦੇ ਕੇ ਸਹੀ ਅਰਥਾਂ ਵਿਚ ਫੈਡਰਲ ਸਿਸਟਮ ਲਾਗੂ ਕਰਵਾਉਣਾ ਮਿਥਿਆ ਗਿਆ ਹੈ। ਇਸ ਤੋਂ ਇਲਾਵਾ ਇਸ ਸੰਸਥਾ ਨੇ ਚੰਡੀਗੜ੍ਹ, ਪੰਜਾਬ ਨਾਲ ਲੱਗਦੇ ਪੰਜਾਬੀ ਭਾਸ਼ਾਈ ਇਲਾਕਿਆਂ ਨੂੰ ਪੰਜਾਬ 'ਚ ਸ਼ਾਮਲ ਕਰਾਉਣ ਤੇ ਪੰਜਾਬ ਦਾ ਨਾਂ 'ਦੇਸ਼ ਪੰਜਾਬ' ਰਖਾਉਣ ਲਈ ਮੁਹਿੰਮ ਚਲਾਉਣ ਦਾ ਐਲਾਨ ਵੀ ਕੀਤਾ।

ਇਸ ਸੰਸਥਾ ਨੇ ਸਾਰਕ ਦੇਸ਼ਾਂ ਦੇ ਯੂਰਪੀਅਨ ਭਾਈਚਾਰੇ ਦੀ ਤਰਜ਼ 'ਤੇ ਕਨਫੈਡਰੇਸ਼ਨ ਬਣਾਉਣ ਦਾ ਟੀਚਾ ਵੀ ਮਿਥਿਆ ਹੈ। ਮੂਵਮੈਂਟ ਵੱਲੋਂ ਅੱਠ ਜੂਨ ਨੂੰ ਬਠਿੰਡਾ ਵਿਚ 1984 ਦੇ ਸ਼ਹੀਦਾਂ ਨੂੰ ਸਮਰਪਿਤ ਵਿਸ਼ਾਲ ਕਾਨਫਰੰਸ ਕਰਕੇ ਅਗਲੇ ਪ੍ਰੋਗਰਾਮ ਦਾ ਐਲਾਨ ਕੀਤਾ ਜਾਵੇਗਾ। ਦੋਵਾਂ ਆਗੂਆਂ ਨੇ ਦੱਸਿਆ ਕਿ ਟਰੇਨਿੰਗ ਕੈਂਪ ਤੇ ਸਟੱਡੀ ਸਰਕਲਾਂ ਦੀ ਲੜੀ ਚਲਾ ਕੇ ਆਜ਼ਾਦੀ ਦੀ ਦੂਜੀ ਜੰਗ ਲਈ ਸਮਰਪਿਤ ਵਰਕਰ ਤਿਆਰ ਕਰਨ ਤੇ ਵਰਤਮਾਨ ਰਾਜਸੀ, ਸਮਾਜਿਕ, ਆਰਥਿਕ ਤੇ ਪ੍ਰਸ਼ਾਸਨਿਕ ਪ੍ਰਬੰਧਾਂ ਵਿਚ ਇਨਕਲਾਬੀ ਤਬਦੀਲੀਆਂ ਲਿਆਉਣ ਲਈ ਜਿਥੇ ਯਤਨ ਕੀਤੇ ਜਾਣਗੇ ਉਥੇ ਧਾਰਮਿਕ ਤੇ ਸਮਾਜਿਕ ਸਰਗਰਮੀਆਂ ਵੀ ਜਾਰੀ ਰਹਿਣਗੀਆਂ।

ਇਸ ਤੋਂ ਇਲਾਵਾ ਇਨਸਾਫ ਲਹਿਰ ਵਿਚ ਘੱਟ ਗਿਣਤੀਆਂ, ਦਲਿਤਾਂ ਤੇ ਇਨਸਾਫ ਪਸੰਦ ਜਥੇਬੰਦੀਆਂ ਤੇ ਸ਼ਖਸੀਅਤਾਂ ਨੂੰ ਸ਼ਾਮਲ ਕਰਕੇ ਪੰਜਾਬ ਤੇ ਦੇਸ਼ ਵਿਚ ਇਕ ਲਹਿਰ ਤਿਆਰ ਕਰਨ ਦਾ ਫੈਸਲਾ ਵੀ ਲਿਆ ਹੈ। ਗੁਰਦੀਪ ਸਿੰਘ ਬਠਿੰਡਾ ਨੇ ਦੱਸਿਆ ਕਿ ਧਾਰਮਿਕ ਸ਼ਖਸੀਅਤਾਂ ਤੇ ਸਿੱਖ ਵਿਦਵਾਨਾਂ ਦੇ ਆਧਾਰਿਤ ਪੰਜ ਮੈਂਬਰੀ ਸੁਪਰੀਮ ਕੌਂਸਲ ਬਣਾਈ ਜਾਵੇਗੀ।

ਇਸ ਮੂਵਮੈਂਟ ਦੇ ਸਰਪ੍ਰਸਤ ਸੰਤ ਧਰਮ ਦਾਸ ਬੈਰਾਗੀ ਮੰਡਲ ਮੋਗਾ ਤੇ ਡਾ. ਹਰਿੰਦਰ ਸਿੰਘ ਗਿੱਲ ਆਦੇਸ਼ ਮੈਡੀਕਲ ਯੂਨੀਵਰਸਿਟੀ ਥਾਪੇ ਗਏ ਹਨ। ਸੀਨੀਅਰ ਮੀਤ ਪ੍ਰਧਾਨ ਜਤਿੰਦਰ ਸਿੰਘ ਈਸੜੂ ਤੇ ਮੀਤ ਪ੍ਰਧਾਨ ਸਰਬਜੀਤ ਸਿੰਘ ਮਲੋਆ, ਸਤਨਾਮ ਸਿੰਘ ਮਨਾਵਾ ਤੇ ਜਸਵਿੰਦਰ ਸਿੰਘ ਘੋਲੀਆ ਬਣਾਏ ਹਨ। ਗੁਰਨਾਮ ਸਿੰਘ ਚੰਡੀਗੜ੍ਹ ਤੇ ਕੰਵਲਜੀਤ ਸਿੰਘ ਅੰਬਾਲਾ ਨੂੰ ਜਨਰਲ ਸਕੱਤਰ ਨਿਯੁਕਤ ਕੀਤਾ ਹੈ। ਜਸਵਿੰਦਰ ਸਿੰਘ ਬਰਾੜ ਮੂਮੈਂਟ ਦੇ ਸਕੱਤਰ ਤੇ ਚੰਡੀਗੜ੍ਹ ਸਬ ਆਫਿਸ ਦੇ ਇੰਚਾਰਜ ਲਾਏ ਹਨ। ਇਸ ਤੋਂ ਇਲਾਵਾ 21 ਮੈਂਬਰੀ ਵਰਕਿੰਗ ਕਮੇਟੀ ਗਠਿਤ ਕੀਤੀ ਗਈ ਹੈ।

## Matrimonials

**ਕੰਨਿਆ ਦੀ ਲੋੜ ਹੈ**

ਜੱਟ ਸਿੱਖ ਅਮਰੀਕਾ ਵਿਚ ਜੰਮੇ-ਪਲੇ ਸੁਹਣੇ-ਸੁਣੱਖੇ ਉਮਰ 30 ਸਾਲ ਕੱਦ 6 ਫੁਟ, ਖੱਬੀ ਲੱਤ ਵਿਚ ਥੋੜੇ ਨੁਕਸ ਵਾਲੇ ਲੜਕੇ ਲਈ ਅਮਰੀਕਾ/ਕੈਨੇਡਾ ਜੰਮੀ/ਪਲੀ ਲੜਕੀ ਚਾਹੀਦੀ ਹੈ। ਸੰਪਰਕ ਕਰੋ: ਫੋਨ 925-778-0353 *(21-1)*

---

ਜੱਟ ਸਿੱਖ ਚੀਮਾ, ਅਮਰੀਕੀ ਗਰੀਨ ਕਾਰਡ ਹੋਲਡਰ, ਨਾਨ ਡਰਿੰਕਰ, 29 ਸਾਲ, ਕੱਦ 5'-10", ਡਿਪਲੋਮਾ ਇਲੈਕਟ੍ਰਿਕਲ ਇੰਜੀਨੀਅਰਿੰਗ ਲੜਕੇ ਲਈ ਲੜਕੀ ਦੀ ਲੋੜ ਹੈ। ਐਲ ਵੀ ਐਨ ਜਾਂ ਆਰ ਐਨ ਨੂੰ ਤਰਜ਼ੀਹ। ਸੰਪਰਕ ਕਰੋ: 559-719-8489 *(21-4)*

---

ਜੱਟ ਸਿੱਖ ਉਮਰ 23 ਸਾਲ, ਕੱਦ 6'-1", ਅਮਰੀਕਾ ਰਹਿੰਦੇ ਪਲੱਸ-2 ਲੜਕੇ ਲਈ ਕੈਨੇਡਾ/ਅਮਰੀਕਾ ਦੀ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਅਮਰੀਕਾ ਵਿਚ ਸੈਟਲਡ ਹੈ। ਸੰਪਰਕ ਕਰੋ: 513-787-4237

---

Suitable US/Canadian citizen or green card holder girls sought for 2 Sikh Tonk Kashtria brothers, elder 27, 5'6" B Sc computer app. working in Govt. job. The younger 26, 5'-8", degree in Automobile Engg. working as Senior service advisor with Hyundai India. Parents are well settled in Ludhiana and retired. Most of the relatives well settled in US, Canada & Australia. Contact: ijmukker@yahoo.com

## ਦਿਲਜੀਤ, ਨੀਰੂ ਬਾਜਵਾ ਤੇ ਹੋਰ ਕਲਾਕਾਰਾਂ ਦਾ ਸ਼ਿਕਾਗੋ 'ਚ ਸ਼ੋਅ ਪਹਿਲੀ ਜੂਨ ਨੂੰ

**ਸ਼ਿਕਾਗੋ (ਬਿਊਰੋ):** 'ਜੱਟ ਐਂਡ ਜੂਲੀਅਟ' ਸ਼ੋਅ ਇਥੇ ਡੌਨਲਡ ਈ ਸਟੀਫਨ ਕਨਵੈਂਸ਼ਨ ਸੈਂਟਰ ਰੋਜ਼ਮਾਂਟ ਵਿਚ ਪਹਿਲੀ ਜੂਨ ਨੂੰ ਕਰਵਾਇਆ ਜਾ ਰਿਹਾ ਹੈ ਜਿਸ ਵਿਚ ਦਿਲਜੀਤ ਦੋਸਾਂਝ ਅਤੇ ਨੀਰੂ ਬਾਜਵਾ ਤੋਂ ਇਲਾਵਾ ਫਿਰੋਜ਼ ਖਾਨ, ਰੁਪਿੰਦਰ ਹਾਂਡਾ ਅਤੇ ਪੰਜਾਬੀ ਲੋਕ ਰੰਗ ਦੇ ਕਲਾਕਾਰ ਬੱਬੂ ਗੁਰਪਾਲ ਆਪਣੀ ਗਾਇਕੀ ਦੇ ਜੌਹਰ ਦਿਖਾਉਣਗੇ।

ਇਹ ਜਾਣਕਾਰੀ ਦਿੰਦਿਆਂ ਇਸ ਸ਼ੋਅ ਦੇ ਪ੍ਰਬੰਧਕ ਸਵੀ ਅਟੱਲ ਅਤੇ ਹਰਬੀਰ ਵਿਰਕ ਨੇ ਦੱਸਿਆ ਕਿ ਇਹ ਪ੍ਰੋਗਰਾਮ ਸਾਫ ਸੁਥਰੀ ਗਾਇਕੀ ਵਾਲਾ ਇਕ ਪਰਿਵਾਰਕ ਪ੍ਰੋਗਰਾਮ ਹੋਵੇਗਾ। ਟਿਕਟ 39, 59, 79, 100 ਡਾਲਰ ਅਤੇ ਵੀ ਆਈ ਪੀ ਹੋਵੇਗੀ। ਸ਼ੋਅ ਬਾਰੇ ਹੋਰ ਜਾਣਕਾਰੀ ਲੈਣ ਲਈ ਸਵੀ ਅਟੱਲ ਫੋਨ 847-630-4916 ਜਾਂ ਹਰਬੀਰ ਵਿਰਕ ਫੋਨ 847-942-9046 ਨਾਲ ਸੰਪਰਕ ਕੀਤਾ ਜਾ ਸਕਦਾ ਹੈ।


# Trailer For Sale

**2001 Trailmobile 53' Dry van.**

* Air slide. * E-Track. * Aluminium roof.
* New doors. * Wood floor. * Virgin Tires.
* Rack for spare tire.

**Call: 734-494-0095**



# Freightliner For sale

**Freightliner automatic 2006 for sale along with vanguard trailer (2008).**
**Miles on odometer 510,000 miles. Excellent condition**
**Inquiries welcome from serious buyers who can arrange their financing.**

**Call Kris: 630-430-7472**



# OKKJI Transfer LLC.

**15238 Radiance Dr., Noblesville, IN, 46060**

## ਓਨਰ ਅਪਰੇਟਰ ਚਾਹੀਦੇ ਹਨ

*ਲੋਕਲ ਤੇ ਲੌਂਗ ਰੂਟ
*ਡਰਾਈ ਅਤੇ ਰੀਫਰ ਲੋਡ
ਕਾਗਜ਼ ਦਿਓ ਤੇ ਪੈਸੇ ਲਓ



ਟਰੱਕ ਪਾਰਕਿੰਗ ਮਾਸਿਕ ਰੈਂਟ 'ਤੇ ਉਪਲਬਧ ਹੈ
ਸੰਪਰਕ ਕਰੋ:

**Toll Free: 1-855-966-5554**

Manny Sandhu: 317-603-1000, Sam Bhullar: 732-486-9045
Fax: 317-774-9665



# ਸਰਵਰ/ਵੇਟਰ ਦੀ ਲੋੜ ਹੈ

**ਸਿਨਸਿਨੈਟੀ, ਓਹਾਇਓ ਵਿਚ ਇਕ ਭਾਰਤੀ ਰੈਸਟੋਰੈਂਟ ਲਈ ਸਰਵਰ/ਵੇਟਰ ਦੀ ਲੋੜ ਹੈ**
**ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼**
**ਸੰਪਰਕ ਕਰੋ**
**ਫੋਨ: 513-203-6315**



# ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

***National Truck Driving School***

## ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

**ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ**
**ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ**

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

**Kashmir S. Thandi**
**Office: (866) 933-3038**
**Balhar S. Ranu Cell:916-502-7733**
**Yuba City Ph:530-419-5058**

**1816 Main Ave., Secramento CA, 95838**



# ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

## ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

ਸਸਤੀਆਂ ਦਰਾਂ-ਇਕ ਵਾਰ ਦਾ ਕਮਿਸ਼ਨ-ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



**ਸੰਪਰਕ ਕਰੋ: ਪਾਲ ਫੋਨ 1-800-705-3863**

**Trucking Companies-Improve Your Cash Flow**

*Low Rates *One-Time Discounts *No minimums

**Call Paul at 1-800-705-3863**

**Transportation Funding Group, Inc.**

Minneapolis , MN 55426

# ਗਾਇਕ ਹਨੀ ਸਿੰਘ ਵਿਰੁਧ ਕੇਸ ਦਰਜ

**ਨਵਾਂਸ਼ਹਿਰ:** ਹਾਈ ਕੋਰਟ ਦੀ ਝਾੜ ਪਿੱਛੋਂ ਪੰਜਾਬੀ ਗਾਇਕ ਹਨੀ ਸਿੰਘ ਵਿਰੁੱਧ ਸਥਾਨਕ ਪੁਲਿਸ ਨੇ ਕੇਸ ਦਰਜ ਕਰ ਲਿਆ ਹੈ। ਉੱਚ ਅਦਾਲਤ ਨੇ ਹਨੀ ਸਿੰਘ ਦਾ ਇਕ ਗੀਤ ਅਦਾਲਤ ਵਿਚ ਸੁਣਿਆ ਸੀ ਤੇ ਪੰਜਾਬ ਸਰਕਾਰ ਵੱਲੋਂ ਅਸ਼ਲੀਲ ਗਾਇਕੀ ਵਾਲੇ ਇਸ ਗਾਇਕ ਵਿਰੁੱਧ ਕਾਰਵਾਈ ਨਾ ਕਰਨ 'ਤੇ ਖਿਚਾਈ ਵੀ ਕੀਤੀ ਸੀ। ਉੱਚ ਅਦਾਲਤ ਵਿਚ ਇਹ ਮਾਮਲਾ ਅਜੇ ਸੁਣਵਾਈ ਅਧੀਨ ਹੈ।

ਸੱਭਿਆਚਾਰਕ ਮਾਮਲੇ ਵਿਭਾਗ ਨੂੰ ਵੀ ਇਸ ਮਾਮਲੇ ਵਿਚ ਜਵਾਬ ਦੇਣ ਲਈ ਕਿਹਾ ਗਿਆ ਹੈ। ਪੰਜਾਬੀ ਦੇ ਕਿਸੇ ਗਾਇਕ ਵਿਰੁੱਧ ਅਸ਼ਲੀਲ ਗਾਣਾ ਗਾਉਣ 'ਤੇ ਪਹਿਲੀ ਵਾਰੀ ਕੇਸ ਦਰਜ ਕੀਤਾ ਗਿਆ ਹੈ। ਇਹ ਗਾਇਕ ਉਸ ਸਮੇਂ ਵੀ ਸੁਰਖੀਆਂ ਵਿਚ ਆ ਗਿਆ ਸੀ ਜਦੋਂ ਨਵੀਂ ਦਿੱਲੀ ਵਿਚ ਬਲਾਤਕਾਰ ਦਾ ਸ਼ਿਕਾਰ ਲੜਕੀ ਨੂੰ ਇਨਸਾਫ ਦਿਵਾਉਣ ਲਈ ਲੋਕ ਸੜਕਾਂ 'ਤੇ ਉਤਰੇ ਹੋਏ ਸਨ। ਰਾਜਧਾਨੀ ਵਿਚ ਚੱਲ ਰਹੇ ਸੰਘਰਸ਼ ਦੌਰਾਨ ਹੀ ਉਸ ਦਾ ਵਿਵਾਦਮਈ ਗੀਤ 'ਮੈਂ ਬਲਾਤਕਾਰੀ ਹੂੰ' ਚਰਚਾ ਵਿਚ ਆਇਆ ਸੀ।



ਗਾਇਕ ਹਨੀ ਸਿੰਘ ਖ਼ਿਲਾਫ਼ ਹੈਲਪ ਸੰਸਥਾ ਨੇ ਥਾਣਾ ਸਿਟੀ ਨਵਾਂਸ਼ਹਿਰ ਨੂੰ ਜਨਵਰੀ ਵਿਚ ਸ਼ਿਕਾਇਤ ਦਿੱਤੀ ਸੀ ਕਿ ਇਸ ਪੰਜਾਬੀ ਗਾਇਕ ਵੱਲੋਂ ਬੇਹੱਦ ਅਸ਼ਲੀਲ ਗੀਤ ਗਾ ਕੇ ਵੱਖ-ਵੱਖ ਸੋਸ਼ਲ ਸਾਈਟ 'ਤੇ ਚਲਾਏ ਜਾ ਰਹੇ ਹਨ। ਕਿਹਾ ਜਾ ਰਿਹਾ ਹੈ ਕਿ ਇਕ ਗੀਤ ਵਿਚ ਔਰਤਾਂ ਦਾ ਬੇਹੱਦ ਘਟੀਆ ਪੱਧਰ 'ਤੇ ਉੱਤਰ ਕੇ ਨਿਰਾਦਰ ਕੀਤਾ ਗਿਆ ਹੈ, ਅਜਿਹੇ ਗੀਤ ਜਿਥੇ ਔਰਤਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੇ ਹਨ, ਉਥੇ ਉਨ੍ਹਾਂ ਖ਼ਿਲਾਫ਼ ਜ਼ੁਰਮਾਂ ਨੂੰ ਵੀ ਉਕਸਾਉਂਦੇ ਹਨ।

ਉਕਤ ਗਾਇਕ ਵੱਲੋਂ ਗਾਇਆ ਇਕ ਗੀਤ ਇੰਨਾ ਅਸ਼ਲੀਲ ਹੈ ਕਿ ਉਸ ਦੀ ਸ਼ਬਦਾਵਲੀ ਨਾ ਲਿਖੀ ਜਾ ਸਕਦੀ ਹੈ ਤੇ ਨਾ ਹੀ ਬਿਆਨ ਕੀਤੀ ਜਾ ਸਕਦੀ ਹੈ। ਇਸ ਗੀਤ ਵਿਚ ਔਰਤ ਦਾ ਬਹੁਤ ਘਟੀਆ ਚਰਿੱਤਰ ਦਰਸਾਉਂਦਿਆਂ ਕਾਮ ਉਕਸਾਊ ਸ਼ਬਦਾਂ ਦੀ ਸਿੱਧੀ ਵਰਤੋਂ ਕੀਤੀ ਗਈ ਹੈ। ਸ਼ਿਕਾਇਤ ਵਿਚ ਮੰਗ ਕੀਤੀ ਗਈ ਸੀ ਕਿ ਇਸ ਗਾਇਕ ਖ਼ਿਲਾਫ਼ ਮਾਮਲਾ ਦਰਜ ਕੀਤਾ ਜਾਵੇ ਪਰ ਪੁਲਿਸ ਵੱਲੋਂ ਸ਼ਿਕਾਇਤ ਲੈਣ ਉਪਰੰਤ ਮੁੜ ਕੋਈ ਕਾਰਵਾਈ ਨਹੀਂ ਕੀਤੀ ਗਈ ਜਿਸ 'ਤੇ ਸੁਣਵਾਈ ਨਾ ਹੁੰਦੀ ਦੇਖ ਹੈਲਪ ਸੰਸਥਾ ਨੇ ਹਾਈ ਕੋਰਟ ਵਿਚ ਰਿੱਟ ਦਾਇਰ ਕੀਤੀ ਜਿਸ 'ਤੇ ਅਦਾਲਤ ਨੇ ਨਵਾਂਸ਼ਹਿਰ ਪੁਲਿਸ ਨੂੰ ਉਕਤ ਗਾਇਕ ਖ਼ਿਲਾਫ਼ ਮਾਮਲਾ ਦਰਜ ਕਰਨ ਦੇ ਹੁਕਮ ਦਿੱਤੇ।

ਲੱਚਰ ਸਭਿਆਚਾਰ ਵਿਰੁੱਧ ਸੰਘਰਸ਼ ਕਰ ਰਹੀ ਸੰਸਥਾ ਇਸਤਰੀ ਜਾਗ੍ਰਿਤੀ ਮੰਚ ਪੰਜਾਬ ਨੇ ਮੰਗ ਕੀਤੀ ਹੈ ਕਿ ਗਾਇਕ ਦਲਜੀਤ ਦੁਸਾਂਝ, ਮਿਸ ਪੂਜਾ, ਗਿੱਪੀ ਗਰੇਵਾਲ, ਜੈਜੀ ਬੈਂਸ ਤੇ ਗੀਤਾ ਜ਼ੈਲਦਾਰ 'ਤੇ ਵੀ ਅਸ਼ਲੀਲ ਗੀਤ ਗਾਉਣ ਦੇ ਦੋਸ਼ਾਂ ਹੇਠ ਕੇਸ ਦਰਜ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਜੇ ਪੁਲਿਸ ਵੱਲੋਂ ਜਨਵਰੀ ਵਿਚ ਕੀਤੀ ਸ਼ਿਕਾਇਤ 'ਤੇ ਹੀ ਮਾਮਲਾ ਦਰਜ ਕਰ ਦਿੱਤਾ ਜਾਂਦਾ ਤਾਂ ਹੈਲਪ ਸੰਸਥਾ ਨੂੰ ਹਾਈ ਕੋਰਟ ਵਿਚ ਜਾਣ ਦੀ ਜ਼ਰੂਰਤ ਨਾ ਪੈਂਦੀ।

# ਭਾਰਤ ਤੇ ਅਮਰੀਕਾ ਮਿਲ ਕੇ ਚਲਾ ਰਹੇ ਨੇ ਭਲਾਈ ਪ੍ਰਾਜੈਕਟ

**ਵਾਸ਼ਿੰਗਟਨ:** ਅਮਰੀਕਾ ਵਿਕਾਸਸ਼ੀਲ ਤੇ ਤੀਜੀ ਦੁਨੀਆਂ ਦੇ ਮੁਲਕਾਂ ਵਿਚ ਸਮਾਜ ਭਲਾਈ ਪ੍ਰੋਗਰਾਮਾਂ ਦੇ ਵਿਕਾਸ ਲਈ ਵੱਡੇ ਪੱਧਰ ਉਤੇ ਭਾਰਤ ਨਾਲ ਮਿਲ ਕੇ ਕੰਮ ਕਰ ਰਿਹਾ ਹੈ। ਇਹ ਜਾਣਕਾਰੀ ਕਾਂਗਰਸ ਦੀ ਇਕ ਸੁਣਵਾਈ ਦੌਰਾਨ ਵਿਦੇਸ਼ ਮਾਮਲਿਆਂ ਬਾਰੇ ਸਬ ਕਮੇਟੀ ਨੂੰ ਯੂਐਸ ਏਡ ਦੀ ਅਸਿਸਟੈਂਟ ਐਡਮਨਿਸਟਰੇਟਰ ਨਿਸ਼ਾ ਬਿਸਵਾਲ ਨੇ ਦਿੱਤੀ ਹੈ।

ਬੀਬੀ ਬਿਸਵਾਲ ਨੇ ਕਿਹਾ ਕਿ ਉਹ ਭਾਰਤ ਨਾਲ ਮਿਲ ਕੇ ਲਗਾਤਾਰ ਉਨ੍ਹਾਂ ਸਮਾਜਿਕ ਪ੍ਰਾਜੈਕਟਾਂ ਉਤੇ ਕੰਮ ਕਰ ਰਹੇ ਹਨ ਜਿਨ੍ਹਾਂ ਨੂੰ ਭਾਰਤ ਵੱਲੋਂ ਏਸ਼ੀਆ ਵਿਚ ਸਹਿਯੋਗ ਦਿੱਤਾ ਜਾਂਦਾ ਹੈ ਅਤੇ ਸਾਡਾ ਇਸ ਸਬੰਧ ਵਿਚ ਅਮਰੀਕਾ-ਭਾਰਤ-ਜਾਪਾਨ ਆਧਾਰਤ ਤਿੰਨ ਧਿਰੀ ਢਾਂਚਾ ਵੀ ਕਾਇਮ ਹੈ। ਉਨ੍ਹਾਂ ਦੱਸਿਆ ਕਿ "ਜਿਨ੍ਹਾਂ ਖੇਤਰਾਂ ਵਿਚ ਅਮਰੀਕਾ ਵੱਲੋਂ ਸਹਾਇਤਾ ਦਿੱਤੀ ਜਾਂਦੀ ਹੈ, ਉਨ੍ਹਾਂ ਸਬੰਧੀ ਭਾਰਤ ਵੱਲੋਂ ਵੀ ਬਰਮਾ ਵਿਚ ਵੱਡੇ ਪੱਧਰ ਉਤੇ ਨਿਵੇਸ਼ ਕੀਤਾ ਜਾ ਰਿਹਾ ਹੈ।



ਉਨ੍ਹਾਂ ਦੱਸਿਆ ਕਿ 2010 ਵਿਚ ਅਮਰੀਕੀ ਸਦਰ ਬਰਾਕ ਓਬਾਮਾ ਨੇ ਆਪਣੀ ਭਾਰਤ ਫੇਰੀ ਦੌਰਾਨ ਮੁਕਾਮੀ-ਆਲਮੀ ਸਹਿਯੋਗ ਸਬੰਧੀ ਗੱਲਬਾਤ ਕੀਤੀ ਸੀ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨਾਲ ਮਿਲ ਕੇ ਸ੍ਰੀ ਓਬਾਮਾ ਨੇ ਇਕ ਸਦਾਬਹਾਰ ਇਨਕਲਾਬ ਮੁਹਿੰਮ ਲਾਂਚ ਕੀਤੀ ਸੀ ਜਿਹੜੀ ਅਮਰੀਕਾ ਤੇ ਭਾਰਤ ਦਾ ਅਫ਼ਰੀਕੀ ਪੱਖ ਤੋਂ ਇਕ ਉਪਰਾਲਾ ਹੈ।

# ਸੁੱਤੇ ਪਏ ਪਰਿਵਾਰ 'ਤੇ ਪੈਟਰੋਲ ਸੁੱਟ ਕੇ ਸਾੜਿਆ

**ਫਿਰੋਜ਼ਪੁਰ:** ਪੁਰਾਣੀ ਰੰਜਿਸ਼ ਕਾਰਨ ਇਥੇ ਮੱਲਾਂਵਾਲਾ-ਮੱਖੂ ਰੋਡ 'ਤੇ ਪਿੰਡ ਜੱਟਾਂਵਾਲੀ ਵਿਚ ਇਕ ਪਰਿਵਾਰ ਦੇ ਸੁੱਤੇ ਪਏ ਜੀਆਂ ਉਤੇ ਪੈਟਰੋਲ ਛਿੜਕ ਕੇ ਜ਼ਿੰਦਾ ਸਾੜ ਦਿੱਤਾ ਗਿਆ। ਅੱਗ ਲੱਗਣ ਕਾਰਨ ਬਜ਼ੁਰਗ ਔਰਤ ਤੇ ਦੋ ਲੜਕੀਆਂ ਦੀ ਮੌਤ ਹੋ ਗਈ ਜਦਕਿ ਪਰਿਵਾਰ ਦੇ ਤਿੰਨ ਜੀਅ ਗੰਭੀਰ ਜ਼ਖ਼ਮੀ ਹੋ ਗਏ। ਪੁਲਿਸ ਨੇ ਤਿੰਨ ਮੁਲਜ਼ਮਾਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ ਅਤੇ ਮੁੱਖ ਮੁਲਜ਼ਮ ਲਖਵਿੰਦਰ ਸਿੰਘ ਨੂੰ ਫੜ ਵੀ ਲਿਆ ਹੈ।

ਜ਼ਿਕਰਯੋਗ ਹੈ ਪਿੰਡ ਜੱਟਾਂਵਾਲੀ ਦੇ ਬਲਵੰਤ ਸਿੰਘ ਦੀ ਲਖਵਿੰਦਰ ਸਿੰਘ ਜੋ ਪਹਿਲਾਂ ਇਸ ਪਿੰਡ ਦਾ ਹੀ ਵਸਨੀਕ ਸੀ, ਨਾਲ ਪੁਰਾਣੀ ਰੰਜਿਸ਼ ਸੀ। ਇਸ ਰੰਜਿਸ਼ ਕਾਰਨ ਹੀ ਦੇਰ ਰਾਤ ਲਖਵਿੰਦਰ ਸਿੰਘ ਆਪਣੇ ਭਰਾ ਮਨਦੀਪ ਸਿੰਘ ਤੇ ਪਿਤਾ ਮੋਹਨ ਲਾਲ ਨਾਲ ਕੰਧ ਟੱਪ ਕੇ ਉਨ੍ਹਾਂ ਦੇ ਘਰ ਦਾਖ਼ਲ ਹੋਇਆ ਤੇ ਪੈਟਰੋਲ ਛਿੜਕ ਕੇ ਪੂਰੇ ਪਰਿਵਾਰ ਨੂੰ ਅੱਗ ਲਾ ਦਿੱਤੀ ਗਈ। ਇਸ ਘਟਨਾ ਵਿਚ ਬਲਵੰਤ ਸਿੰਘ ਦੀ ਮਾਤਾ ਬਚਨ ਕੌਰ, ਲੜਕੀਆਂ ਜਸਬੀਰ ਕੌਰ ਤੇ ਤਸਵੀਰ ਕੌਰ ਦੀ ਮੌਤ ਹੋ ਗਈ ਜਦਕਿ ਬਲਵੰਤ ਸਿੰਘ ਸਮੇਤ ਉਸ ਦੀ ਪਤਨੀ ਵੀਰ ਪਾਲ ਤੇ ਲੜਕਾ ਸਤਵੀਰ ਸਿੰਘ ਗੰਭੀਰ ਜ਼ਖ਼ਮੀ ਹੋ ਗਏ।

ਪੁਲਿਸ ਮੁਤਾਬਕ ਕੁਝ ਸਮਾਂ ਪਹਿਲਾਂ ਲਖਵਿੰਦਰ ਸਿੰਘ ਸ਼ਰਾਬ ਦੇ ਕੇਸ ਵਿਚ ਫਸ ਗਿਆ ਤੇ ਉਸ ਨੂੰ ਸ਼ੱਕ ਸੀ ਕਿ ਬਲਵੰਤ ਸਿੰਘ ਵੱਲੋਂ ਪੁਲਿਸ ਨੂੰ ਸੂਚਨਾ ਦੇ ਕੇ ਉਸ ਨੂੰ ਇਸ ਕੇਸ ਵਿਚ ਫਸਾਇਆ ਗਿਆ ਹੈ। ਇਸ ਤੋਂ ਬਾਅਦ ਲਖਵਿੰਦਰ ਸਿੰਘ, ਬਲਵੰਤ ਸਿੰਘ ਨਾਲ ਰੰਜਿਸ਼ ਰੱਖਣ ਲੱਗ ਪਿਆ। ਲਖਵਿੰਦਰ ਸਿੰਘ ਪਿਛਲੇ ਕੁਝ ਦਿਨਾਂ ਤੋਂ ਫੋਨ 'ਤੇ ਧਮਕੀਆਂ ਦੇ ਰਿਹਾ ਸੀ ਤੇ ਲੰਘੀ ਰਾਤ ਉਸ ਵੱਲੋਂ ਪੈਟਰੋਲ ਛਿੜਕ ਕੇ ਪਰਿਵਾਰ ਨੂੰ ਜ਼ਿੰਦਾ ਸਾੜ ਦਿੱਤਾ ਗਿਆ।

ਪੁਲਿਸ ਨੇ ਮੁੱਖ ਮੁਲਜ਼ਮ ਲਖਵਿੰਦਰ ਪਾਲ ਸਿੰਘ ਨੂੰ ਅੰਬਾਲਾ ਰੇਲਵੇ ਸਟੇਸ਼ਨ ਨੇੜਿਓਂ ਕਾਬੂ ਕਰ ਲਿਆ ਹੈ। ਵਾਰਦਾਤ ਤੋਂ ਬਾਅਦ ਲਖਵਿੰਦਰ ਪਾਲ ਸਿੰਘ ਫਰਾਰ ਸੀ ਤੇ ਵੱਖ-ਵੱਖ ਪੁਲਿਸ ਟੀਮਾਂ ਉਸ ਨੂੰ ਕਾਬੂ ਕਰਨ ਲਈ ਛਾਪੇ ਮਾਰ ਰਹੀਆਂ ਸਨ। ਮੁਲਜ਼ਮ ਦੇ ਪਿਤਾ ਮੋਹਨ ਲਾਲ ਨੂੰ ਪਹਿਲਾਂ ਹੀ ਮੱਲਾਂਵਾਲਾ ਦੇ ਇਲਾਕੇ ਵਿਚੋਂ ਕਾਬੂ ਕਰ ਲਿਆ ਗਿਆ ਸੀ। ਪੁੱਛਗਿੱਛ ਦੌਰਾਨ ਸਾਹਮਣੇ ਆਇਆ ਹੈ ਕਿ ਉਸ ਨੇ ਪਿਛਲੇ ਇਕ ਮਹੀਨੇ ਦੌਰਾਨ ਦੋ ਵਾਰ ਇਸ ਵਾਰਦਾਤ ਨੂੰ ਅੰਜਾਮ ਦੇਣ ਦੀ ਕੋਸ਼ਿਸ਼ ਕੀਤੀ ਪਰ ਜਦੋਂ ਉਹ ਪਿੰਡ ਆਇਆ ਤਾਂ ਲੋਕਾਂ ਵੱਲੋਂ ਵੇਖ ਲਏ ਜਾਣ ਕਾਰਨ ਉਸ ਨੂੰ ਪਰਤਣਾ ਪਿਆ।

ਘਟਨਾ ਵਾਲੇ ਦਿਨ ਜਦੋਂ ਉਸ ਨੂੰ ਮੌਕਾ ਮਿਲਿਆ ਤਾਂ ਉਸ ਨੇ ਪੈਟਰੋਲ ਦੀ ਭਰੀ ਬਾਲਟੀ ਸੁੱਟ ਕੇ ਅੱਗ ਲਾ ਦਿੱਤੀ। ਉਹ ਸਿਰਫ ਬਲਵੰਤ ਨੂੰ ਮਾਰਨਾ ਚਾਹੁੰਦਾ ਸੀ ਤੇ ਉਸ ਨੂੰ ਨਹੀਂ ਸੀ ਪਤਾ ਕਿ ਜਿਥੇ ਉਸ ਨੇ ਪੈਟਰੋਲ ਛਿੜਕ ਕੇ ਅੱਗ ਲਾਈ ਹੈ, ਉਥੇ ਉਸ ਦੀ ਮਾਤਾ ਸੌਂ ਰਹੀ ਸੀ। ਇਸ ਘਟਨਾ ਵਿਚ ਬਲਵੰਤ ਸਿੰਘ ਦੀ ਮਾਤਾ ਬਚਨ ਕੌਰ, ਧੀਆਂ ਜਸਬੀਰ ਕੌਰ, ਤਸਵੀਰ ਕੌਰ ਦੀ ਮੌਤ ਹੋ ਗਈ।

# ਪੰਜਾਬ ਸਰਕਾਰ ਵਿਤੀ ਬੋਝ ਹੇਠ ਲਿਫ ਕੇ ਦੂਹਰੀ ਹੋਈ

## ਕਈ ਅਦਾਰਿਆਂ ਦਾ ਭੋਗ ਪਾਉਣ ਦੇ ਰਾਹ ਤੁਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਮੁਲਾਜ਼ਮਾਂ ਦੇ ਵਿੱਤੀ ਬੋਝ ਨੂੰ ਘਟਾਉਣ ਲਈ ਮੁੱਖ ਮੰਤਰੀ ਦਫ਼ਤਰ ਤੋਂ ਲੈ ਕੇ ਹੇਠਲੇ ਦਫ਼ਤਰਾਂ ਤੇ ਬੋਰਡਾਂ ਤੇ ਕਾਰਪੋਰੇਸ਼ਨਾਂ ਨੂੰ ਇਕ-ਦੂਸਰੇ ਵਿਚ ਮਿਲਾਉਣ (ਮਰਜ ਕਰਨ) ਤੇ ਕਈ ਬਰਾਂਚਾਂ ਦਾ ਭੋਗ ਪਾਉਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਜ਼ਿਕਰਯੋਗ ਹੈ ਕਿ ਪਹਿਲਾਂ ਸਰਕਾਰ ਨੇ ਮੁਲਾਜ਼ਮਾਂ ਦੀ ਪੈਨਸ਼ਨ ਕਮਿਊਟ ਕਰਨ ਦੀ ਰਾਸ਼ੀ 40 ਫੀਸਦੀ ਤੋਂ ਘਟਾ ਕੇ 20 ਫੀਸਦੀ ਕਰਕੇ ਤੇ ਮੁਲਾਜ਼ਮਾਂ ਦੀਆਂ ਪੰਜਵੇਂ ਪੰਜਾਬ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਸੋਧੀਆਂ ਤਨਖਾਹਾਂ ਦੇ ਬਕਾਏ ਦੀ ਤੀਸਰੀ ਤੇ ਆਖਰੀ ਕਿਸ਼ਤ ਜੂਨ ਦੀ ਥਾਂ ਨਵੰਬਰ 2013 ਵਿਚ ਦੇਣ ਦੇ ਫੈਸਲੇ ਲੈ ਕੇ ਵਿੱਤੀ ਸੰਕਟ ਤੋਂ ਬਚਣ ਦੇ ਕਦਮ ਚੁੱਕੇ ਹਨ।

ਹੁਣ ਸਰਕਾਰ ਨੇ ਪੰਜਾਬ ਸਿਵਲ ਸਕੱਤਰੇਤ ਤੇ ਵਿੱਤੀ ਕਮਿਸ਼ਨਰ ਸਕੱਤਰੇਤ ਨੂੰ ਆਪਸ ਵਿਚ ਮਿਲਾਉਣ ਦੀ ਪ੍ਰਕਿਰਿਆ ਚਲਾਈ ਹੈ। ਸਰਕਾਰ ਇਨ੍ਹਾਂ ਦੋਵਾਂ ਵਿੰਗਾਂ ਨੂੰ ਸਕੱਤਰੇਤ ਵਿਚ ਮਰਜ ਕਰਕੇ ਵੱਡੀ ਗਿਣਤੀ ਬਰਾਂਚਾਂ ਦਾ ਭੋਗ ਪਾਉਣ ਦੇ ਯਤਨਾਂ ਵਿਚ ਹੈ। ਪੰਜਾਬ ਸਿਵਲ ਸਕੱਤਰੇਤ ਵਿਚ 1700 ਦੇ ਕਰੀਬ ਮੁਲਾਜ਼ਮ ਤਾਇਨਾਤ ਹਨ। ਦੂਸਰੇ ਪਾਸੇ ਵਿੱਤ ਕਮਿਸ਼ਨਰ ਸਕੱਤਰੇਤ ਵਿਚ ਵੀ 836 ਮੁਲਾਜ਼ਮਾਂ ਦੀਆਂ ਮਨਜ਼ੂਰਸ਼ੁਦਾ ਅਸਾਮੀਆਂ ਹਨ।

ਭਾਵੇਂ ਸਰਕਾਰ ਇਨ੍ਹਾਂ ਦੋਵਾਂ ਵਿੰਗਾਂ ਨੂੰ ਆਪਸ ਵਿਚ ਮਿਲਾਉਣ ਲਈ ਯਤਨਸ਼ੀਲ ਹੈ ਪਰ ਦੂਸਰੇ ਪਾਸੇ ਨਾ ਤਾਂ ਪੰਜਾਬ ਸਿਵਲ ਸਕੱਤਰੇਤ ਮੁਲਾਜ਼ਮ ਐਸੋਸੀਏਸ਼ਨ ਤੇ ਨਾ ਹੀ ਵਿੱਤੀ ਕਮਿਸ਼ਨਰ ਸਕੱਤਰੇਤ ਮੁਲਾਜ਼ਮ ਐਸੋਸੀਏਸ਼ਨ ਇਸ ਤਜਵੀਜ਼ ਨਾਲ ਸਹਿਮਤ ਹੈ। ਇਨ੍ਹਾਂ ਦੋਵਾਂ ਵਿੰਗਾਂ ਨੂੰ ਮਿਲਾਉਣ ਦਾ ਮੁੱਦਾ ਪਿਛਲੇ ਕਈ ਦਹਾਕਿਆਂ ਤੋਂ ਚੱਲਦਾ ਆ ਰਿਹਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸੀਐਮਐਸ ਤੇ ਗਵਰਨਰ ਇਨ ਕੌਂਸਲ ਵੱਲੋਂ ਪਹਿਲਾਂ 26 ਜੂਨ, 1968 ਅਤੇ ਮੁੜ 8 ਜੂਨ, 1977 ਨੂੰ ਸਕੱਤਰੇਤ ਦੇ ਇਨ੍ਹਾਂ ਦੋ ਵਿੰਗਾਂ ਨੂੰ ਆਪਸ ਵਿਚ ਮਿਲਾਉਣ ਦੀ ਤਜਵੀਜ਼ ਨੂੰ ਰੱਦ ਕੀਤਾ ਗਿਆ ਸੀ।

ਇਸ ਤੋਂ ਇਲਾਵਾ ਪੰਜਾਬ ਸਰਕਾਰ ਵੱਲੋਂ ਕਈ ਬੋਰਡਾਂ ਤੇ ਕਾਰਪੋਰੇਸ਼ਨਾਂ ਨੂੰ ਆਪਸ ਵਿਚ ਮਿਲਾਉਣ ਦੀਆਂ ਸੰਭਾਵਨਾਵਾਂ ਵੇਖੀਆਂ ਜਾ ਰਹੀਆਂ ਹਨ। ਇਸ ਤਹਿਤ ਹਾਊਸਫੈੱਡ ਪੰਜਾਬ ਨੂੰ ਤਾਂ ਪਹਿਲਾਂ ਹੀ ਖੇਤੀਬਾੜੀ ਵਿਕਾਸ ਬੈਂਕ ਵਿਚ ਮਰਜ ਕਰਨ ਦਾ ਫੈਸਲਾ ਲੈ ਲਿਆ ਹੈ। ਇਸ ਤੋਂ ਇਲਾਵਾ ਪੰਜਾਬ ਸਰਕਾਰ ਵੱਲੋਂ ਉਦਯੋਗ ਵਿਭਾਗ ਪੰਜਾਬ ਦੀਆਂ ਕੁਝ ਬਰਾਂਚਾਂ ਨੂੰ ਵੀ ਖ਼ਤਮ ਕਰਨ ਜਾਂ ਸਬੰਧਤ ਕਾਰਪੋਰੇਸ਼ਨ ਵਿਚ ਮਰਜ ਕਰਨ ਦੀ ਤਜਵੀਜ਼ ਤਿਆਰ ਕੀਤੀ ਹੈ।

ਇਸ ਕਾਰਨ ਉਦਯੋਗ ਵਿਭਾਗ ਦੇ ਮੁਲਾਜ਼ਮ ਵੀ ਭੜਕ ਉਠੇ ਹਨ ਅਤੇ ਉਨ੍ਹਾਂ ਨੇ ਵੀ ਰੋਜ਼ਾਨਾ ਰੈਲੀਆਂ ਕਰਨ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਹੈ। ਪੰਜਾਬ ਸਰਕਾਰ ਵੱਲੋਂ ਵੱਖਰੇ ਤੌਰ 'ਤੇ ਸਮੂਹ ਵਿਭਾਗਾਂ ਦੇ ਮੁੜ ਗਠਨ ਕਰਨ ਦੀ ਪ੍ਰਕਿਰਿਆ ਵੀ ਚਲਾਈ ਜਾ ਰਹੀ ਹੈ। ਇਸ ਤਹਿਤ ਵਿਭਾਗਾਂ ਦੀਆਂ ਬਰਾਂਚਾਂ ਨੂੰ ਇਕ-ਦੂਸਰੇ ਵਿਚ ਮਰਜ ਕਰਨ ਜਾਂ ਸਮਾਂ ਗੁਆ ਚੁੱਕੇ ਵਿੰਗਾਂ ਨੂੰ ਬੰਦ ਕਰਨ ਦੀ ਸੰਭਾਵਨਾ ਉਪਰ ਗੌਰ ਕੀਤਾ ਜਾ ਰਿਹਾ ਹੈ।

# ਕਰਜ਼ੇ ਦੀ ਮਾਰ ਹੇਠ ਆਏ ਕਿਸਾਨ ਵੱਲੋਂ ਖ਼ੁਦਕੁਸ਼ੀ

**ਮੋਗਾ:** ਕਰਜ਼ੇ ਥੱਲੇ ਦੱਬੇ ਕਿਸਾਨ ਨੇ ਮੋਗਾ-ਲੁਧਿਆਣਾ ਰੇਲ ਮਾਰਗ ਸਥਿਤ ਪਿੰਡ ਮਹਿਣਾ ਰੇਲਵੇ ਸਟੇਸ਼ਨ ਕੋਲ ਦਰਖ਼ਤ ਨਾਲ ਫਾਹਾ ਲੈ ਲਿਆ। ਰੇਲ ਵਿਭਾਗ ਦੇ ਗੈਂਗਮੈਨ ਨੇ ਕਿਸਾਨ ਦੀ ਲਾਸ਼ ਦਰਖ਼ਤ ਨਾਲ ਲਟਕਦੀ ਵੇਖੀ। ਪੁਲਿਸ ਮੁਤਾਬਕ ਕਿਸਾਨ ਜਗਤਾਰ ਸਿੰਘ (52) ਪਿੰਡ ਧੱਲੇਕੇ ਦਾ ਰਹਿਣ ਵਾਲਾ ਸੀ ਤੇ ਉਹ ਢਾਈ ਏਕੜ ਜ਼ਮੀਨ ਦਾ ਮਾਲਕ ਸੀ। ਉਸ ਨੇ ਇਸ ਜ਼ਮੀਨ 'ਤੇ ਬੈਂਕ ਤੋਂ ਇਲਾਵਾ ਆੜ੍ਹਤੀ ਤੇ ਕੁਝ ਲੋਕਾਂ ਤੋਂ ਤਕਰੀਬਨ ਸੱਤ ਲੱਖ ਰੁਪਏ ਦਾ ਕਰਜ਼ਾ ਲਿਆ ਹੋਇਆ ਸੀ ਪਰ ਆਮਦਨ ਦਾ ਕੋਈ ਵਸੀਲਾ ਨਾ ਹੋਣ ਕਾਰਨ ਕਰਜ਼ੇ ਦੀ ਪੰਡ ਦਿਨੋਂ ਦਿਨ ਭਾਰੀ ਹੁੰਦੀ ਜਾ ਰਹੀ ਸੀ।

# ਹੰਸ ਰਾਜ ਹੰਸ ਤੇ ਦਲੇਰ ਮਹਿੰਦੀ ਬਣੇ ਕੁੜਮ

**ਜਲੰਧਰ:** ਸੂਫ਼ੀ ਗਾਇਕ ਹੰਸ ਰਾਜ ਹੰਸ ਤੇ ਪੌਪ ਗਾਇਕ ਦਲੇਰ ਮਹਿੰਦੀ ਕੁੜਮ ਬਣ ਗਏ ਹਨ। ਹੰਸ ਰਾਜ ਹੰਸ ਦੇ ਵੱਡੇ ਪੁੱਤਰ ਨਵਰਾਜ ਹੰਸ ਤੇ ਦਲੇਰ ਦੀ ਮਹਿੰਦੀ ਦੀ ਧੀ ਅਜੀਤ ਕੌਰ ਮਹਿੰਦੀ ਦੀ ਮੰਗਣੀ ਦੀ ਰਸਮ ਜਲੰਧਰ ਦੇ ਪੰਜ ਤਾਰਾ ਹੋਟਲ ਵਿਚ ਹੋਈ। ਇਸ ਸਮਾਗਮ ਵਿਚ ਵਿਸ਼ੇਸ਼ ਤੌਰ 'ਤੇ ਸੂਬੇ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਆਪਣੀ ਹਾਜ਼ਰੀ ਲੁਆਈ ਤੇ ਇਸ ਜੋੜੀ ਨੂੰ ਅਸ਼ੀਰਵਾਦ ਦਿਤਾ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ, ਸੰਸਦੀ ਸਕੱਤਰ ਅਵਿਨਾਸ਼ ਚੰਦਰ, ਕੇਡੀ ਭੰਡਾਰੀ, ਚੇਅਰਮੈਨ ਜਰਨੈਲ ਸਿੰਘ ਵਾਹਦ ਤੇ ਹੋਰ ਸ਼ਖ਼ਸੀਅਤਾਂ ਹਾਜ਼ਰ ਹਨ।



ਮੰਗਣੀ ਮੌਕੇ ਹੰਸਰਾਜ ਹੰਸ ਤੇ ਦਲੇਰ ਮਹਿੰਦੀ ਦਾ ਟੱਬਰ ਅਤੇ ਹੋਰ ਮਿੱਤਰ-ਸੱਜਣ।

ਇਸ ਸਮਾਗਮ ਵਿਚ ਪਾਕਿਸਤਾਨ ਤੋਂ ਪ੍ਰਸਿੱਧ ਗਜ਼ਲ ਗਾਇਕ ਜਨਾਬ ਗੁਲਾਮ ਅਲੀ, ਪੰਜਾਬੀ ਗਾਇਕ ਗੁਰਦਾਸ ਮਾਨ, ਸਰਦੂਲ ਸਿਕੰਦਰ, ਅਸ਼ੋਕ ਮਸਤੀ ਤੇ ਚਾਚਾ ਰੌਣਕੀ ਰਾਮ ਉਚੇਚੇ ਤੌਰ 'ਤੇ ਪੁੱਜੇ। ਇਸੇ ਤਰ੍ਹਾਂ ਦੋਵਾਂ ਪਰਿਵਾਰਾਂ ਵਿਚੋਂ ਲੜਕੀ ਦਾ ਚਾਚਾ ਤੇ ਦਲੇਰ ਮਹਿੰਦੀ ਦਾ ਛੋਟਾ ਭਰਾ ਮੀਕਾ, ਹੰਸ ਰਾਜ ਹੰਸ ਦੀ ਪਤਨੀ ਬੀਬੀ ਰੇਸ਼ਮ ਕੌਰ, ਦਲੇਰ ਮਹਿੰਦੀ ਦੀ ਪਤਨੀ ਦਲਜੀਤ ਕੌਰ ਤੇ ਹੰਸ ਰਾਜ ਹੰਸ ਦੇ ਛੋਟੇ ਪੁੱਤਰ ਯੁਵਰਾਜ ਹੰਸ ਨੇ ਵੀ ਸਮਾਗਮ ਦੀਆਂ ਰਸਮਾਂ ਪੂਰੀਆਂ ਕੀਤੀਆਂ। ਨਵਰਾਜ ਤੇ ਅਜੀਤ ਦੋਵਾਂ ਨੇ ਹੀ ਬਾਲੀਵੁੱਡ ਵਿਚ ਹਾਲੇ ਤਾਜ਼ੇ-ਤਾਜ਼ੇ ਕਦਮ ਰੱਖੇ ਹਨ ਤੇ ਆਪਣੇ ਕਰੀਅਰ ਦੀ ਸ਼ੁਰੂਆਤ ਕੀਤੀ ਹੈ।

# ਜ਼ਮੀਨੀ ਝਗੜੇ ਕਾਰਨ ਔਰਤ ਨੂੰ ਸਾੜਿਆ

**ਬਟਾਲਾ:** ਪਿੰਡ ਸਲਾਹਪੁਰ ਵਿਚ ਦੋ ਗਜ਼ ਜਗ੍ਹਾ ਦੀ ਵੰਡ ਬਾਰੇ ਝਗੜੇ ਕਾਰਨ ਇਕ ਧਿਰ ਦੇ ਪੰਜ ਵਿਅਕਤੀਆਂ ਨੇ ਦੂਜੀ ਧਿਰ ਦੀ ਔਰਤ ਨੂੰ ਅੱਗ ਲਾ ਕੇ ਸਾੜ ਦਿੱਤਾ। ਹਮਲਾਵਰਾਂ ਵਿਚ ਔਰਤਾਂ ਵੀ ਸ਼ਾਮਲ ਸਨ ਜਿਨ੍ਹਾਂ ਨੇ ਨਿਰਮਲ ਕੌਰ ਪਤਨੀ ਮੇਜਰ ਸਿੰਘ ਨੂੰ ਉਸ ਦੇ ਘਰ ਅੰਦਰ ਦਾਖ਼ਲ ਹੋ ਮਿੱਟੀ ਦਾ ਤੇਲ ਛਿੜਕ ਅੱਗ ਲਾ ਦਿੱਤੀ।

ਪੀੜਤ ਔਰਤ ਦਾ ਧੜ ਬੁਰੀ ਤਰ੍ਹਾਂ ਝੁਲਸ ਗਿਆ। ਘਰ ਵਿਚ ਮੌਜੂਦ ਉਸ ਦੇ ਪਤੀ ਤੇ ਪੁੱਤਰ ਨੇ ਔਰਤ ਨੂੰ ਟਿਊਬਵੈੱਲ ਦੀ ਧਾਰ ਹੇਠਾਂ ਲਿਜਾ ਕੇ ਅੱਗ ਬੁਝਾਈ। ਪਰਿਵਾਰ ਨੇ ਇਸ ਮਾਮਲੇ ਵਿਚ ਕਾਦੀਆਂ ਪੁਲਿਸ ਉਤੇ ਵੀ ਢਿੱਲ-ਮੱਠ ਦਾ ਦੋਸ਼ ਲਾਇਆ ਹੈ। ਪਰਿਵਾਰ ਮੁਤਾਬਕ ਘਟਨਾ ਤੋਂ ਪਹਿਲਾਂ ਵੀ ਮੁਲਜ਼ਮਾਂ ਨੇ ਪੀੜਤ ਔਰਤ ਦੇ ਅਪਾਹਜ ਪਤੀ ਨੂੰ ਕੁੱਟਿਆ ਸੀ ਪਰ ਪੁਲਿਸ ਨੇ ਕੋਈ ਸੁਣਵਾਈ ਨਹੀਂ ਕੀਤੀ। ਨਤੀਜੇ ਵਜੋਂ ਹਮਲਾਵਰਾਂ ਨੇ ਮੁੜ ਬੇਖ਼ੌਫ਼ ਹੋ ਕੇ ਇਸ ਘਟਨਾ ਨੂੰ ਅੰਜਾਮ ਦਿੱਤਾ। ਪੁਲਿਸ ਮੁਤਾਬਕ ਹਮਲਾਵਰਾਂ ਨੇ ਪੀੜਤਾ ਦੇ ਘਰ ਦਾ ਦਰਵਾਜ਼ਾ ਖੜਕਾਇਆ ਤੇ ਬੂਹਾ ਖੋਲ੍ਹਦਿਆਂ ਹੀ ਉਸ ਉਤੇ ਮਿੱਟੀ ਦਾ ਤੇਲ ਛਿੜਕ ਕੇ ਅੱਗ ਲਾ ਦਿੱਤੀ।

# ਸਹਿਕ ਰਿਹਾ ਭਾਰਤ ਦਾ ਲੋਕਤੰਤਰ ਅਤੇ ਲੋਕ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

***ਅਸੀਂ ਅਜੇ ਵੀ ਇਹ ਨਹੀਂ ਕਹਿ ਰਹੇ ਕਿ ਭਾਰਤ ਵਿਚ ਲੋਕਤੰਤਰ ਨਹੀਂ ਰਹਿ ਗਿਆ। ਇਹ ਹੈ, ਹਾਲੇ ਵੀ ਜ਼ਿੰਦਾ ਜਾਪਦਾ ਹੈ, ਪਰ ਜ਼ਿੰਦਾ ਜਾਪਦਾ ਹੋਣਾ ਅਤੇ ਜ਼ਿੰਦਾ ਸਚਮੁੱਚ ਹੋਣਾ ਦੋ ਵੱਖੋ-ਵੱਖ ਗੱਲਾਂ ਹਨ। ਕਈ ਵਾਰੀ ਕੋਈ ਜਿੰਦ ਜ਼ਿੰਦਾ ਨਹੀਂ ਹੁੰਦੀ, ਪਰ ਡਾਕਟਰਾਂ ਨੇ ਉਸ ਦੇ ਅੰਤ ਦਾ ਐਲਾਨ ਵੀ ਨਹੀਂ ਕੀਤਾ ਹੁੰਦਾ। ਉਦੋਂ ਉਸ ਜਿੰਦੜੀ ਦਾ ਜ਼ਿਕਰ ਕਰਨ ਵੇਲੇ ਜਿਊਂਦੀ ਦੀ ਥਾਂ ਸਹਿਕਦੀ ਕਹਿਣ ਨਾਲ ਸਰ ਜਾਂਦਾ ਹੈ। ਸਾਡਾ ਲੋਕਤੰਤਰ ਵੀ ਸਹਿਕ ਰਿਹਾ ਹੈ। ਜਿਹੜੀਆਂ ਨਿਸ਼ਾਨੀਆਂ ਕਿਸੇ ਜ਼ਿੰਦਾ ਕੌਮ ਦੀਆਂ ਹੋਣੀਆਂ ਚਾਹੀਦੀਆਂ ਹਨ, ਉਹ ਇਸ ਵਿਚ ਹੁਣ ਬਹੁਤ ਘੱਟ ਦਿਸਣ ਦੀ ਨੌਬਤ ਆ ਗਈ ਹੈ।***

ਇੱਕੋ ਹਫਤੇ ਵਿਚ ਸਾਨੂੰ ਘੱਟੋ-ਘੱਟ ਚਾਰ ਵਾਰੀ ਇਸ ਸਵਾਲ ਨਾਲ ਦੋ-ਚਾਰ ਹੋਣਾ ਪਿਆ ਹੈ ਕਿ ਭਾਰਤੀ ਲੋਕਤੰਤਰ ਦੀ ਗੱਲ ਤਾਂ ਬਹੁਤ ਹੁੰਦੀ ਹੈ, ਕੀ ਇਥੇ ਲੋਕਤੰਤਰ ਹੈ ਵੀ? ਸਵਾਲ ਪੁੱਛਣ ਵਾਲੇ ਪਾਰਲੀਮੈਂਟ ਦੀ ਕਾਰਵਾਈ ਅਤੇ ਇਸ ਨਾਲ ਨਿਪਟਣ ਦੇ ਹਾਕਮ ਤੇ ਵਿਰੋਧੀ ਧਿਰ ਦੇ ਤੌਰ-ਤਰੀਕਿਆਂ ਤੋਂ ਤੁਰਦੇ ਹਨ, ਰਾਜਾਂ ਵਿਚ ਰਾਜ ਕਰਨ ਵਾਲਿਆਂ ਤੇ ਉਨ੍ਹਾਂ ਦੀਆਂ ਵਿਧਾਨ ਸਭਾਵਾਂ ਤੋਂ ਪਿੰਡਾਂ ਦੀਆਂ ਪੰਚਾਇਤ ਚੋਣਾਂ ਵਿਚ ਪੈਣ ਵਾਲੇ ਧਮੱਚੜ ਦੇ ਜ਼ਿਕਰ ਆ ਜਾਂਦੇ ਹਨ। ਸਵਾਲ ਫਿਰ ਇਹ ਆ ਖੜਾ ਹੁੰਦਾ ਹੈ ਕਿ ਕੀ ਇਹੋ ਲੋਕਤੰਤਰ ਹੈ? ਇਹ ਕਹਿਣਾ ਬੜਾ ਔਖਾ ਹੈ ਕਿ ਇਸ ਦੇਸ਼ ਵਿਚ ਲੋਕਤੰਤਰ ਹੁਣ ਨਹੀਂ ਰਿਹਾ, ਪਰ ਜੋ ਕੁਝ ਸਾਹਮਣੇ ਹੈ, ਇਸ ਨੂੰ ਗਹੁ ਨਾਲ ਵੇਖ ਕੇ ਇਸ ਦੀ ਸਿਰਫ ਸ਼ਾਬਦਿਕ ਹੋਂਦ ਹੀ ਮੰਨੀ ਜਾ ਸਕਦੀ ਹੈ, ਇਸ ਤੋਂ ਬਹੁਤੀ ਨਹੀਂ।

ਆਜ਼ਾਦੀ ਤੋਂ ਲੈ ਕੇ ਅੱਜ ਤੱਕ ਜਦੋਂ ਆਂਢ-ਗੁਆਂਢ ਦੇ ਸਾਰੇ ਦੇਸ਼ਾਂ ਵਿਚ ਲੋਕਤੰਤਰ ਦੇ ਪੈਰ ਨਹੀਂ ਲੱਗ ਸਕੇ, ਸਾਡੇ ਦੇਸ਼ ਵਿਚ ਇੱਕ ਵਾਰ ਵੀ ਚੁਣੀ ਹੋਈ ਸਰਕਾਰ ਦੀ ਥਾਂ ਤਾਨਾਸ਼ਾਹੀ ਨਹੀਂ ਆਈ। ਐਮਰਜੈਂਸੀ ਦੇ 19 ਮਹੀਨੇ ਇਹੋ ਜਿਹੀ ਮਿਆਦ ਵਾਲੇ ਹਨ, ਜਿਸ ਬਾਰੇ ਵੱਖੋ-ਵੱਖ ਰਾਏ ਹੈ, ਪਰ ਉਦੋਂ ਵੀ ਸਰਕਾਰ ਲੋਕਾਂ ਦੀ ਚੁਣੀ ਹੋਈ ਸੀ ਤੇ ਉਸ ਨੇ ਜਿਹੜੀ ਐਮਰਜੈਂਸੀ ਲਾਗੂ ਕੀਤੀ, ਉਹ ਵੀ ਚੁਣੀ ਹੋਈ ਪਾਰਲੀਮੈਂਟ ਤੋਂ ਪਾਸ ਕਰਵਾਈ ਸੀ। ਇਸ ਦੇ ਸਿਵਾ ਕੋਈ ਵੀ ਹੋਰ ਮੌਕਾ ਨਹੀਂ, ਜਿਸ ਬਾਰੇ ਕਿੰਤੂ ਕੀਤਾ ਜਾ ਸਕੇ। ਫਿਰ ਕੀ ਲੋਕਤੰਤਰ ਦੀ ਹੋਂਦ ਸਿਰਫ ਇਸ ਗੱਲ ਨਾਲ ਮੰਨ ਲਈ ਜਾਵੇ ਕਿ ਇਥੇ, ਗਲਤ ਜਾਂ ਠੀਕ, ਲੋਕਾਂ ਦੇ ਫਤਵੇ ਨਾਲ ਚੁਣੀਆਂ ਹੋਈਆਂ ਸਰਕਾਰਾਂ ਹੀ ਬਣਦੀਆਂ ਹਨ ਤੇ ਇਹ ਰਿਵਾਇਤ ਨਿਭੀ ਜਾਂਦੀ ਹੈ? ਬੜਾ ਔਖਾ ਹੈ ਇਸੇ ਨੂੰ ਸੱਚ ਮੰਨ ਲੈਣਾ।

ਸੱਚਾਈ ਇਹ ਹੈ ਕਿ ਲੋਕਤੰਤਰ ਦਾ ਭਾਵ ਸਿਰਫ ਉਹੋ ਨਹੀਂ ਹੁੰਦਾ, ਜੋ ਸਾਨੂੰ ਸਕੂਲ ਦੇ ਦਿਨਾਂ ਤੋਂ ਅੱਜ ਤੱਕ ਪੜ੍ਹਾਇਆ ਜਾ ਰਿਹਾ ਹੈ ਕਿ ਲੋਕਾਂ ਦੇ ਚੁਣੇ ਹੋਏ ਪ੍ਰਤੀਨਿਧਾਂ ਵੱਲੋਂ ਚਲਾਇਆ ਜਾਂਦਾ ਰਾਜ ਹੀ ਲੋਕਤੰਤਰ ਹੈ ਤੇ ਇਹੋ ਸਭ ਤੋਂ ਵਧੀਆ ਹੈ। ਵਧੀਆ ਤਾਂ ਐਟਮੀ ਤਾਕਤ ਵੀ ਹੈ, ਜਿਸ ਦੀ ਸਹੀ ਵਰਤੋਂ ਹੋਣ ਨਾਲ ਬਹੁਤ ਸਸਤੀ ਬਿਜਲੀ ਮਿਲਣ ਦਾ ਰਾਹ ਖੁੱਲ੍ਹ ਜਾਂਦਾ ਹੈ, ਪਰ ਜੇ ਕਿਸੇ ਬਦਤਮੀਜ਼ ਦੀ ਮੱਤ ਪੁੱਠੀ ਪੈ ਜਾਵੇ ਤਾਂ ਇਸੇ ਨਾਲ ਹੀਰੋਸ਼ੀਮਾ ਤੇ ਨਾਗਾਸਾਕੀ ਦੇ ਦੋ ਸ਼ਹਿਰ ਮਿੰਟਾਂ ਵਿਚ ਭਸਮ ਵੀ ਹੋ ਸਕਦੇ ਹਨ। ਲੋਕਤੰਤਰ ਵਧੀਆ ਰਾਜ ਪ੍ਰਬੰਧ ਹੈ, ਜਿਸ ਵਿਚ ਲੋਕਾਂ ਕੋਲ ਆਪਣੇ ਰਾਜੇ ਚੁਣਨ ਦਾ ਹੱਕ ਹੈ, ਪਰ ਜੇ ਇਸ ਦੀ ਦੁਰਵਰਤੋਂ ਕਰਨ ਵਾਲੇ ਆਪਣੀ ਧਾੜ ਇਕੱਠੀ ਕਰ ਲੈਣ ਤਾਂ ਰਾਜਿਆਂ ਦੇ ਰਾਜ ਤੋਂ ਭੈੜਾ ਹਾਲ ਹੋ ਸਕਦਾ ਹੈ। ਭਾਰਤ 'ਚ ਇਸ ਵੇਲੇ ਜੋ ਕੁਝ ਹੋ ਰਿਹਾ ਹੈ, ਇਹ ਲੋਕਤੰਤਰ ਨਹੀਂ, ਉਸ ਦੇ ਪਿੰਜਰ ਨੂੰ ਝੰਡੇ ਨਾਲ ਟੰਗ ਕੇ ਪੁਰਾਣੇ ਰਜਵਾੜਾ ਯੁੱਗ ਦੀ ਵਾਪਸੀ ਦੀ ਪ੍ਰਕਿਰਿਆ ਜਾਪਣ ਲੱਗ ਪਈ ਹੈ, ਜਿਸ ਵਿਚ ਸਾਰੇ ਹੱਕ ਰਾਜਿਆਂ ਕੋਲ ਸਨ ਤੇ ਆਮ ਜਨਤਾ ਕੋਲ ਕੋਈ ਹੱਕ ਨਹੀਂ ਸੀ ਹੁੰਦਾ। ਜਨਤਾ ਸਿਰਫ ਰਾਜਿਆਂ ਦੇ ਰੱਥਾਂ ਅੱਗੇ ਜੋਇਆ ਜਾਣ ਵਾਲਾ ਘੋੜਾ ਬਣ ਜਾਂਦੀ ਸੀ।

ਸਾਨੂੰ ਇਹ ਚੇਤਾ ਕਿਉਂ ਨਹੀਂ ਆਉਂਦਾ ਕਿ ਰਾਜਿਆਂ ਦੇ ਰਾਜ ਤੋਂ ਲੋਕਤੰਤਰ ਦਾ ਸਭ ਤੋਂ ਮੁੱਢਲਾ ਫਰਕ ਕੀ ਹੈ? ਉਸ ਰਾਜ ਵਿਚ ਰਾਜੇ ਮਹਿਲਾਂ ਵਿਚ ਰਹਿੰਦੀਆਂ ਰਾਣੀ ਦੀ ਕੁੱਖੋਂ ਜੰਮਿਆ ਕਰਦੇ ਸਨ। ਲੋਕਤੰਤਰ ਨੇ ਲੋਕਾਂ ਨੂੰ ਆਪਣੇ ਰਾਜੇ ਆਪ ਚੁਣਨ ਦਾ ਹੱਕ ਦਿੱਤਾ ਸੀ। ਕੁਝ ਦੇਰ ਤੱਕ ਇਹ ਹੱਕ ਦੇਣਾ ਸਹੀ ਸਾਬਤ ਹੁੰਦਾ ਰਿਹਾ, ਪਰ ਸਮਾਂ ਪਾ ਕੇ ਲੋਕਤੰਤਰ ਦੀ ਕਮਾਨ ਸਾਂਭਣ ਵਾਲੇ ਰਾਜੇ ਵੀ ਵੱਡੇ ਘਰਾਂ ਵਿਚਲੀਆਂ ਕੁੱਖਾਂ ਵਿਚੋਂ ਜਨਮ ਲੈਣ ਲੱਗ ਪਏ ਅਤੇ ਲੋਕਤੰਤਰ ਨੇ ਇਸ ਬਿਮਾਰੀ ਦੀ ਵਧਦੀ ਲਾਗ ਰੋਕਣ ਦਾ ਉਪਰਾਲਾ ਹੀ ਨਹੀਂ ਕੀਤਾ। ਨਤੀਜਾ ਇਹ ਹੈ ਕਿ ਹੁਣ ਦੇਸ਼ ਦੇ ਕੇਂਦਰ ਤੋਂ ਲੈ ਕੇ ਹਰ ਰਾਜ ਵਿਚ ਨਵੀਂਆਂ 'ਰਾਣੀਆਂ' ਦੀ ਕੁੱਖੋਂ ਜੰਮੇ ਨਵੇਂ 'ਰਾਜੇ' ਰਾਜ ਕਰਦੇ ਲੱਭਦੇ ਹਨ।

ਕੁਝ ਲੋਕ ਇਸ ਮਾੜੀ ਰਿਵਾਇਤ ਦੀ ਜੜ੍ਹ ਪੰਡਤ ਜਵਾਹਰ ਲਾਲ ਨਹਿਰੂ ਦੀ ਧੀ ਇੰਦਰਾ ਗਾਂਧੀ ਦੇ ਲੀਡਰ ਬਣਨ ਨਾਲ ਲੱਗੀ ਮੰਨਦੇ ਹਨ। ਸ਼ਾਇਦ ਇਹ ਜ਼ਿਆਦਤੀ ਹੋਵੇਗੀ। ਇੰਦਰਾ ਗਾਂਧੀ ਆਪਣੀ ਛੋਟੀ ਉਮਰੇ ਆਜ਼ਾਦੀ ਦੀ ਲਹਿਰ ਵੇਲੇ ਅੱਗੇ ਆਈ ਸੀ, ਜਦੋਂ ਹਾਲੇ ਰਾਜ-ਗੱਦੀ ਦੀ ਬਹੁਤੀ ਆਸ ਨਹੀਂ ਸੀ। ਉਸ ਨੇ ਕੁਝ ਕਸ਼ਟ ਵੀ ਝੱਲੇ ਸਨ। ਮਾੜੀ ਗੱਲ ਇਹ ਹੋਈ ਕਿ ਇੰਦਰਾ ਗਾਂਧੀ ਨੇ ਆਪਣੇ ਪੁੱਤਰ ਸੰਜੇ ਗਾਂਧੀ ਨੂੰ ਕਿਸੇ ਵੀ ਹੋਰ ਖੇਤਰ ਵਿਚ ਕਾਮਯਾਬ ਨਾ ਹੁੰਦਾ ਵੇਖ ਕੇ ਇੱਕ ਮਾਂ ਦੇ ਮੋਹ ਕਾਰਨ ਰਾਜਨੀਤੀ ਵਿਚ ਫਿੱਟ ਕਰਨ ਦੀ ਕੋਸ਼ਿਸ਼ ਕੀਤੀ। ਉਸ ਨੂੰ ਐਮਰਜੈਂਸੀ ਦੇ ਕੁਚੱਜ ਦੇ ਰਾਹੇ ਪਾਉਣ ਵਾਲਾ ਵੀ ਇਹੋ ਪੁੱਤਰ ਸੀ ਤੇ ਉਸ ਨੂੰ ਬਾਰਾਂ ਸਾਲ ਰਾਜ ਮਾਣਨ ਦੇ ਪਿੱਛੋਂ ਜੇਲ੍ਹ ਦੀ ਦਾਲ ਵੀ ਇਸੇ ਪੁੱਤਰ ਦੀ ਢਾਣੀ ਦੀਆਂ ਗਲਤੀਆਂ ਨੇ ਪਿਆਈ ਸੀ। ਇੰਦਰਾ ਗਾਂਧੀ ਨੂੰ ਅਕਲ ਕਰਨੀ ਚਾਹੀਦੀ ਸੀ, ਪਰ ਉਹ ਉਸ ਪੁੱਤਰ ਦੀ ਮੌਤ ਦੇ ਪਿੱਛੋਂ ਵੀ ਨਹੀਂ ਸੀ ਸਮਝੀ ਤੇ ਚੰਗੇ-ਭਲੇ ਪਾਇਲਟ ਬਣ ਕੇ ਖੁਸ਼ੀ ਮਾਣ ਰਹੇ ਰਾਜੀਵ ਗਾਂਧੀ ਨੂੰ ਰਾਜਨੀਤੀ ਵਿਚ ਲੈ ਆਈ, ਹਾਲਾਂਕਿ ਨਾ ਉਹ ਆਪ ਆਉਣ ਨੂੰ ਤਿਆਰ ਸੀ, ਨਾ ਉਸ ਦੀ ਪਤਨੀ ਸੋਨੀਆ ਗਾਂਧੀ ਮੰਨਦੀ ਸੀ। ਰਾਜੀਵ ਗਾਂਧੀ ਦੇ ਬਾਅਦ ਦੇ ਹਾਲਾਤ ਵਿਚ ਕਾਂਗਰਸੀਆਂ ਨੇ ਆਪਣੀ ਮਜਬੂਰੀ ਕਾਰਨ ਉਸ ਸੋਨੀਆ ਗਾਂਧੀ ਨੂੰ ਅੱਗੇ ਲਿਆਂਦਾ ਸੀ, ਜਿਸ ਨੇ ਵਿਧਵਾ ਹੋਣ ਦੇ ਸੱਤ ਸਾਲ ਬਾਅਦ ਤੱਕ ਘਰੋਂ ਬਾਹਰ ਪੈਰ ਨਹੀਂ ਸੀ ਕੱਢਿਆ, ਪਰ ਹੁਣ ਉਹ ਏਨੀ ਅੱਗੇ ਵਧ ਚੁੱਕੀ ਹੈ ਕਿ ਆਪਣੇ ਪੁੱਤਰ ਨੂੰ ਕਿਸੇ ਵੀ ਸੂਰਤ ਦੇਸ਼ ਦਾ ਪ੍ਰਧਾਨ ਮੰਤਰੀ ਬਣਿਆ ਵੇਖਣ ਨੂੰ ਕਾਹਲੀ ਪਈ ਜਾਪਦੀ ਹੈ।

ਨਹਿਰੂ ਪਰਿਵਾਰ ਤੋਂ ਬਾਅਦ ਜੇ ਕਿਸੇ ਦਾ ਨਾਂ ਬਾਕੀ ਸਾਰਿਆਂ ਤੋਂ ਪਹਿਲਾਂ ਲੈਣਾ ਬਣਦਾ ਹੈ ਤਾਂ ਉਹ ਜੰਮੂ-ਕਸ਼ਮੀਰ ਦਾ ਅਬਦੁੱਲਾ ਪਰਿਵਾਰ ਹੈ। ਸ਼ੇਖ ਅਬਦੁੱਲਾ ਨੇ ਇੰਦਰਾ ਗਾਂਧੀ ਵੱਲੋਂ ਸੰਜੇ ਗਾਂਧੀ ਨੂੰ ਅੱਗੇ ਲਿਆਉਣ ਦਾ ਰਿਵਾਜ ਪੈਂਦਾ ਵੇਖ ਕੇ ਆਪਣੇ ਡਾਕਟਰ ਪੁੱਤਰ ਫਾਰੂਖ ਅਬਦੁੱਲਾ ਨੂੰ ਪੇਸ਼ ਕਰ ਦਿੱਤਾ। ਫਿਰ ਉਸ ਦਾ ਪੋਤਰਾ ਉਮਰ ਅਬਦੁੱਲਾ ਆ ਗਿਆ ਤੇ ਹੁਣ ਇਹ ਪੀੜ੍ਹੀ ਭਵਿੱਖ ਵਿਚ ਵੀ ਚੱਲੀ ਜਾਣੀ ਹੈ। ਇਨ੍ਹਾਂ ਦੋਵਾਂ ਪਰਿਵਾਰਾਂ ਨੇ ਪਿਰਤ ਪਾਈ, ਫਿਰ ਸਾਰੇ ਰਾਜਾਂ ਵਿਚ ਫੈਲ ਗਈ। ਅੱਜ ਹਰਿਆਣੇ ਵਿਚ ਚੌਧਰੀ ਦੇਵੀ ਲਾਲ ਦੀ ਤੀਸਰੀ ਪੀੜ੍ਹੀ ਪਾਰਲੀਮੈਂਟ ਦੀਆਂ ਮੈਂਬਰੀਆਂ ਮਾਣਦੀ ਹੋਈ ਮੁੱਖ ਮੰਤਰੀ ਦੀ ਕੁਰਸੀ ਵੱਲ ਝਾਕ ਰਹੀ ਹੈ ਤੇ ਚੌਥੀ ਪੀੜ੍ਹੀ ਭਵਿੱਖ ਦੀ ਤਿਆਰੀ ਕਰ ਰਹੀ ਹੈ। ਉਤਰ ਪ੍ਰਦੇਸ਼ ਵਿਚ ਮੁਲਾਇਮ ਸਿੰਘ ਯਾਦਵ ਦਾ ਪੁੱਤਰ ਮੁੱਖ ਮੰਤਰੀ ਹੈ। ਉੜੀਸਾ ਵਿਚ ਬਿਜੂ ਪਟਨਾਇਕ ਦਾ ਪੁੱਤਰ ਨਵੀਨ ਪਟਨਾਇਕ ਏਸੇ ਕੁਰਸੀ ਉਤੇ ਹੈ। ਨਾਲ ਦੇ ਕਰਨਾਟਕਾ ਵਿਚ ਸਾਬਕਾ ਪ੍ਰਧਾਨ ਮੰਤਰੀ ਦੇਵਗੌੜਾ ਦਾ ਪੁੱਤਰ ਕੁਮਾਰਾਸਵਾਮੀ ਇੱਕ ਵਾਰੀ ਮੁੱਖ ਮੰਤਰੀ ਬਣਨ ਦੇ ਬਾਅਦ ਅੱਗੋਂ ਲਈ ਲੜਾਈ ਲੜ ਰਿਹਾ ਹੈ। ਗੁਆਂਢ ਦੇ ਆਂਧਰਾ ਪ੍ਰਦੇਸ਼ ਵਿਚ ਇੱਕ ਸਾਬਕਾ ਮੁੱਖ ਮੰਤਰੀ ਐਨ ਟੀ ਰਾਮਾਰਾਓ ਦੇ ਬਾਅਦ ਉਸ ਦਾ ਜਵਾਈ ਚੰਦਰ ਬਾਬੂ ਨਾਇਡੂ ਇੱਕ ਤੋਂ ਵੱਧ ਵਾਰੀ ਮੁੱਖ ਮੰਤਰੀ ਬਣਿਆ ਅਤੇ ਇੱਕ ਹੋਰ ਮੁੱਖ ਮੰਤਰੀ ਵਾਈ ਐਸ ਆਰ ਰੈਡੀ ਦਾ ਪੁੱਤਰ ਜਗਨ ਮੋਹਨ ਰੈਡੀ ਆਪਣੇ ਪਿਓ ਦੀ ਥਾਂ ਮੁੱਖ ਮੰਤਰੀ ਬਣਨ ਲਈ ਆਪਣੀ ਹੀ ਕਾਂਗਰਸ ਪਾਰਟੀ ਨਾਲ ਮੱਥਾ ਲਾ ਬੈਠਾ ਹੈ।

ਮਹਾਰਾਸ਼ਟਰ ਵਿਚ ਸਰਕਾਰ ਕਿਸੇ ਦੀ ਵੀ ਹੋਵੇ, ਪਿਤਾ-ਪੁਰਖੀ ਦੀ ਪਿਰਤ ਹਰ ਕੋਈ ਪਾਲ ਰਿਹਾ ਹੈ। ਸ਼ਿਵ ਸੈਨਾ ਦਾ ਮੁਖੀ ਬਾਲ ਠਾਕਰੇ ਮਰ ਗਿਆ ਤਾਂ ਉਸ ਦੇ ਪੁੱਤਰ ਤੇ ਭਤੀਜੇ ਦੀ ਜੰਗ ਚੱਲਦੀ ਤੋਂ ਪੋਤਰਾ ਵੀ ਯੁਵਾ ਸੈਨਾ ਦਾ ਨੇਤਾ ਬਣ ਕੇ ਸਾਹਮਣੇ ਆ ਗਿਆ ਹੈ। ਸਾਬਕਾ ਮੁੱਖ ਮੰਤਰੀ ਚਵਾਨ ਦਾ ਪੁੱਤਰ ਵੀ ਮੁੱਖ ਮੰਤਰੀ ਬਣ ਚੁੱਕਾ ਹੈ ਤੇ ਸ਼ਰਦ ਪਵਾਰ ਦਾ ਭਤੀਜਾ ਡਿਪਟੀ ਮੁੱਖ ਮੰਤਰੀ ਬਣਨ ਤੋਂ ਇਲਾਵਾ ਧੀ ਸੁਪ੍ਰਿਆ ਸੂਲੇ ਵੀ ਇਸ ਲੜਾਈ ਵਿਚ ਸ਼ਾਮਲ ਹੈ। ਤਾਮਿਲਨਾਡੂ ਵਿਚ ਚਾਰ ਵਾਰੀ ਮੁੱਖ ਮੰਤਰੀ ਰਹਿ ਚੁੱਕੇ ਕਰੁਣਾਨਿਧੀ ਦੇ ਦੋਵੇਂ ਪੁੱਤਰ ਹੁਣ ਇਸ ਕੁਰਸੀ ਲਈ ਆਪੋ ਵਿਚ ਇੱਕ ਦੂਸਰੇ ਨੂੰ ਗਲ਼ੋਂ ਫੜਨ ਨੂੰ ਤਿਆਰ ਹੋਏ ਪਏ ਹਨ। ਪੰਜਾਬ ਦੀ ਕਹਾਣੀ ਅਸੀਂ ਇਸ ਕਰ ਕੇ ਨਹੀਂ ਪਾਈ ਕਿ ਇਸ ਦਾ ਜ਼ਿਕਰ ਪਹਿਲਾਂ ਕਈ ਵਾਰੀ ਕੀਤਾ ਜਾ ਚੁੱਕਾ ਹੈ।

ਸਥਿਤੀ ਦਾ ਦੂਸਰਾ ਪੱਖ ਇਹ ਹੈ ਕਿ ਰਾਜਿਆਂ ਦੇ ਵਕਤ ਸੈਨਾਪਤੀ ਦਾ ਪੁੱਤਰ ਆਮ ਕਰ ਕੇ ਸੈਨਾਪਤੀ ਅਤੇ ਵਜ਼ੀਰ ਦਾ ਪੁੱਤਰ ਵਜ਼ੀਰ ਜਾਂ ਜੱਜ ਦਾ ਪੁੱਤਰ ਜੱਜ ਥਾਪਿਆ ਜਾਂਦਾ ਸੀ। ਸਾਡੀ ਨਿਆਂਪਾਲਿਕਾ ਵਿਚ ਚੌਥੇ ਹਿੱਸੇ ਦੇ ਕਰੀਬ ਉਹ ਜੱਜ ਸਾਹਿਬਾਨ ਹਨ, ਜਿਨ੍ਹਾਂ ਦੇ ਪਿਤਾ ਜੱਜ ਹੁੰਦੇ ਸਨ। ਮੰਤਰੀਆਂ ਵਿਚ ਮੰਤਰੀ-ਪੁੱਤਰਾਂ ਦੀ ਗਿਣਤੀ ਇਸ ਤੋਂ ਵੀ ਵੱਧ ਹੈ। ਸੈਨਾਪਤੀਆਂ ਦੀ ਥਾਂ ਹੁਣ ਪੁਲਿਸ ਦੇ ਅਫਸਰ ਹਨ ਤੇ ਇੱਕ ਪੁਲਿਸ ਅਫਸਰ ਨੇ ਇਹ ਗੱਲ ਬੜੇ ਮਾਣ ਨਾਲ ਦੱਸੀ ਕਿ ਜਿਸ ਜ਼ਿਲ੍ਹੇ ਦੇ ਪੁਲਿਸ ਮੁਖੀ ਪਹਿਲਾਂ ਉਸ ਦੇ ਦਾਦਾ ਜੀ ਬਣੇ ਸਨ, ਫਿਰ ਉਸ ਦੇ ਪਿਤਾ ਜੀ ਉਥੇ ਰਹੇ, ਤੀਜੀ ਪੀੜ੍ਹੀ ਵਜੋਂ ਮੈਨੂੰ ਉਸੇ ਜ਼ਿਲ੍ਹੇ ਦਾ ਪੁਲਿਸ ਮੁਖੀ ਬਣਨ ਦਾ ਮਾਣ ਪ੍ਰਾਪਤ ਹੋਇਆ ਸੀ। ਜਦੋਂ ਰਾਣੀਆਂ ਦੇ ਪੇਟੋਂ ਜੰਮਿਆਂ ਨੇ ਰਾਜੇ ਬਣਨਾ ਹੈ, ਸੈਨਾਪਤੀ ਦਾ ਪੁੱਤ ਸੈਨਾਪਤੀ ਤੇ ਜੱਜ ਦਾ ਪੁੱਤ ਜੱਜ ਬਣਨਾ ਹੈ ਤਾਂ ਘਾਹ ਖੋਤਣ ਵਾਲਿਆਂ ਦੇ ਪੁੱਤ ਫਿਰ ਘਾਹ ਹੀ ਖੋਤਦੇ ਰਹਿਣੇ ਹਨ। ਕੀ ਹੁਣ ਇਸ ਨੂੰ ਵੀ ਲੋਕਤੰਤਰ ਮੰਨ ਲਈਏ?

ਅਸੀਂ ਅਜੇ ਵੀ ਇਹ ਨਹੀਂ ਕਹਿ ਰਹੇ ਕਿ ਭਾਰਤ ਵਿਚ ਲੋਕਤੰਤਰ ਨਹੀਂ ਰਹਿ ਗਿਆ। ਇਹ ਹੈ, ਹਾਲੇ ਵੀ ਜ਼ਿੰਦਾ ਜਾਪਦਾ ਹੈ, ਪਰ ਜ਼ਿੰਦਾ ਜਾਪਦਾ ਹੋਣਾ ਅਤੇ ਜ਼ਿੰਦਾ ਸਚਮੁੱਚ ਹੋਣਾ ਦੋ ਵੱਖੋ-ਵੱਖ ਗੱਲਾਂ ਹਨ। ਕਈ ਵਾਰੀ ਕੋਈ ਜਿੰਦ ਜ਼ਿੰਦਾ ਨਹੀਂ ਹੁੰਦੀ, ਪਰ ਡਾਕਟਰਾਂ ਨੇ ਉਸ ਦੇ ਅੰਤ ਦਾ ਐਲਾਨ ਵੀ ਨਹੀਂ ਕੀਤਾ ਹੁੰਦਾ। ਉਦੋਂ ਉਸ ਜਿੰਦੜੀ ਦਾ ਜ਼ਿਕਰ ਕਰਨ ਵੇਲੇ ਜਿਊਂਦੀ ਦੀ ਥਾਂ ਸਹਿਕਦੀ ਕਹਿਣ ਨਾਲ ਸਰ ਜਾਂਦਾ ਹੈ। ਸਾਡਾ ਲੋਕਤੰਤਰ ਵੀ ਸਹਿਕ ਰਿਹਾ ਹੈ। ਜਿਹੜੀਆਂ ਨਿਸ਼ਾਨੀਆਂ ਕਿਸੇ ਜ਼ਿੰਦਾ ਕੌਮ ਦੀਆਂ ਹੋਣੀਆਂ ਚਾਹੀਦੀਆਂ ਹਨ, ਉਹ ਇਸ ਵਿਚ ਹੁਣ ਬਹੁਤ ਘੱਟ ਦਿਸਣ ਦੀ ਨੌਬਤ ਆ ਗਈ ਹੈ। ਕਦੀ ਕੋਈ ਅੰਨਾ ਹਜ਼ਾਰੇ ਲੋਕਾਂ ਨੂੰ ਸੱਦਾ ਦੇ ਦਿੰਦਾ ਹੈ ਕਿ ਲੋਕਤੰਤਰ ਨੂੰ ਜ਼ਿੰਦਾ ਰੱਖਣਾ ਹੈ। ਉਸ ਦੇ ਚੇਲੇ ਅਰਵਿੰਦ ਕੇਜਰੀਵਾਲ ਵਰਗੇ ਇੱਕ ਪਾਰਟੀ ਬਣਾ ਕੇ ਕਹਿੰਦੇ ਹਨ ਕਿ ਅਸੀਂ ਭ੍ਰਿਸ਼ਟਾਚਾਰ ਕਰਨ ਵਾਲੀ ਸਰਕਾਰ ਬਦਲ ਦੇਣੀ ਹੈ। ਏਨਾ ਕੰਮ ਕਰਨ ਦਾ ਐਲਾਨ ਤਾਂ ਭਾਰਤੀ ਜਨਤਾ ਪਾਰਟੀ ਵੀ ਕਰਦੀ ਹੈ, ਮੁਲਾਇਮ ਸਿੰਘ ਹੁਰੀਂ ਵੀ ਤੀਸਰਾ ਮੋਰਚਾ ਏਸੇ ਲਈ ਬਣਾਉਂਦੇ ਫਿਰਦੇ ਹਨ, ਅੰਨਾ ਦੇ ਚੇਲਿਆਂ ਦੀ ਪਾਰਟੀ ਇਸ ਸਰਕਾਰ ਨੂੰ ਬਦਲ ਕੇ ਇਸ ਦਾ ਬਦਲ ਕੀ ਪੇਸ਼ ਕਰੇਗੀ? ਕੀ ਉਹ ਹੁਣ ਵਾਲੇ ਬੱਦੂ ਹੋ ਚੁੱਕੇ ਭ੍ਰਿਸ਼ਟਾਚਾਰੀਆਂ ਨੂੰ ਪਾਸੇ ਕਰ ਕੇ ਆਪਣੀ ਭੁੱਖ ਕੱਢਣ ਵਾਲੇ ਨਵੇਂ ਲੀਡਰ ਅੱਗੇ ਲੈ ਆਵੇਗੀ? ਉਸ ਕੋਲ ਲੋਕਾਂ ਲਈ ਬਦਲਵਾਂ ਪ੍ਰੋਗਰਾਮ ਕਿਹੜਾ ਹੈ? ਕੀ ਉਸ ਦਾ ਨਵਾਂ ਪ੍ਰੋਗਰਾਮ ਲੋਕਤੰਤਰ ਨੂੰ ਕਿਸੇ ਨਵੀਂ ਬਿਮਾਰੀ ਦੀ ਲਾਗ ਤੋਂ ਬਚਾਉਣ ਦਾ ਰਾਹ ਦੱਸਦਾ ਹੈ? ਉਹ ਇਸ ਦੇ ਚੱਕਰ ਵਿਚ ਹੀ ਨਹੀਂ ਪੈਂਦੇ ਤੇ ਸਿਰਫ ਇਹ ਕਹਿੰਦੇ ਹਨ ਕਿ ਭ੍ਰਿਸ਼ਟਾਚਾਰ ਖਤਮ ਕਰਨਾ ਹੈ। ਜਦੋਂ ਸਾਰਾ ਲੋਕਤੰਤਰ ਹੀ ਮਰਨੇ ਪਿਆ ਹੋਇਆ ਹੈ, ਇਕੱਲੇ ਭ੍ਰਿਸ਼ਟਾਚਾਰ ਦੇ ਖਿਲਾਫ ਲੜ ਕੇ ਕਿਹੜਾ ਕੱਦੂ ਵਿਚ ਤੀਰ ਮਾਰ ਲੈਣਗੇ?

ਇਹ ਦੇਸ਼ ਲੀਡਰਾਂ ਦੀ ਜਾਗੀਰ ਨਹੀਂ ਹੋਣਾ ਚਾਹੀਦਾ, ਭਾਰਤ ਦੇ ਉਨ੍ਹਾਂ ਲੋਕਾਂ ਦਾ ਹੈ, ਜਿਨ੍ਹਾਂ ਨੇ ਹਰ ਮੋੜ ਉਤੇ ਇਸ ਨੂੰ ਕਾਇਮ ਰੱਖਣ ਲਈ ਕੁਰਬਾਨੀਆਂ ਦੇਣ ਲਈ ਆਪਣੇ ਪੁੱਤਰਾਂ ਨੂੰ ਅੱਗੇ ਕੀਤਾ ਸੀ। ਆਜ਼ਾਦੀ ਦੀ ਲੜਾਈ ਵੀ ਕਿਸੇ ਬਾਪੂ ਗਾਂਧੀ ਨੇ 'ਬਿਨਾਂ ਖੜਗ ਔਰ ਢਾਲ' ਨਹੀਂ ਸੀ ਲੈ ਕੇ ਦਿੱਤੀ, ਉਸ ਦਾ ਇੱਕ ਰੋਲ ਹੁੰਦੇ ਹੋਏ ਵੀ ਇਸ ਦਾ ਅਸਲੀ ਸਿਹਰਾ ਆਮ ਲੋਕਾਂ ਦੇ ਸਿਰ ਹੈ, ਜਿਨ੍ਹਾਂ ਨੇ ਕਦੀ ਗਿਣਾਇਆ ਹੀ ਨਹੀਂ ਕਿ ਅਸੀਂ ਵੀ ਕੁਰਬਾਨੀਆਂ ਕੀਤੀਆਂ ਸਨ। ਜਿਨ੍ਹਾਂ ਨੇ ਕੁਰਬਾਨੀਆਂ ਕੀਤੀਆਂ ਸਨ, ਉਨ੍ਹਾਂ ਨੂੰ ਕੋਈ ਪੁੱਛਦਾ ਵੀ ਨਹੀਂ। ਸ਼ੇਰਾਂ ਦੀ ਮਾਰ ਉਤੇ ਗਿੱਦੜਾਂ ਨੂੰ ਮੌਜ ਦਾ ਸਬੱਬ ਬਣ ਜਾਵੇ ਤਾਂ ਉਹ ਖਾਂਦੇ ਵੀ ਹਨ ਤੇ ਹਵਾਂਕਦੇ ਵੀ ਹਨ। ਇਹੋ ਕੁਝ ਭਾਰਤ ਵਿਚ ਹੋ ਰਿਹਾ ਹੈ। ਵਿਚਾਰੀ ਭਾਰਤ ਦੀ ਲੋਕਤਾ ਆਪਣੇ ਲਾਸ਼ ਵਰਗੇ ਹੋ ਚੁੱਕੇ ਸਹਿਕਦੇ ਪਏ ਲੋਕਤੰਤਰ ਦਾ ਬੋਝ ਮੋਢਿਆਂ ਉਤੇ ਚੁੱਕ ਕੇ ਪੈਰ ਘਸੀਟਦੀ ਤੁਰੀ ਜਾਂਦੀ ਹੈ। ਪਤਾ ਨਹੀਂ ਉਹ ਦਿਨ ਕਦੋਂ ਆਊਗਾ, ਜਦੋਂ ਲੋਕਤਾ ਨੂੰ ਆਪਣੀ ਤਾਕਤ ਦਾ ਪਤਾ ਚੱਲੂਗਾ।

**Desi Bazar**

916 E. Main Street #118, Greenwood, IN, 46143
Tel: 317-888-2040, Fax: 317-887-6116

We specialize in all kind of Indian Groceries and Sweets

• FRESH VEGETABLES EVERY THURSDAY
• FRESH GOAT MEAT

10% off on all Gurudwara supplies and Religious programs!!

We Are Open 7 Days a Week

ਖੁੱਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

RADIO CHARDI KALA

ਦੁਨੀਆਂ ਭਰ ਵਿਚ ਸੁਣਿਆ ਜਾ ਰਿਹਾ

**ਰੇਡੀਓ ਚੜ੍ਹਦੀ ਕਲਾ**

ਡਾਇਲ ਕਰੋ ਤੇ ਸੁਣੋ
832-551-5038 ਰੇਡੀਓ ਚੜ੍ਹਦੀ ਕਲਾ 24/7
www.radiock.com
702-489-0222 ਖਾਲਸਾ ਰੇਡੀਓ 24/7
(ਗੁਰਬਾਣੀ)
www.khalsaradio.org
702-489-0228 ਆਪਣਾ ਪੰਜਾਬ 24/7
(ਭੰਗੜਾ ਮਿਊਜ਼ਿਕ)
www.apnapunjabradio.com
702-489-0229 ਦੇਸੀ ਬਾਈਟ ਰੇਡੀਓ 24/7
(ਬਾਲੀਵੁਡ ਮਿਊਜ਼ਿਕ)
www.desibiteradio.com

ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੇ ਫਰੀਮਾਂਟ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ

Wifi Radio ਖਰੀਦਣ ਅਤੇ ਹੋਰ ਜਾਣਕਾਰੀ ਲਈ
ਫੋਨ: 510-900-3600

Radio CK, PO Box 296, Fremont, CA 94537

# ਪੰਜਾਬ ਟਾਈਮਜ਼

*ਸਨਿਚਰਵਾਰ, 25 ਮਈ 2013*

## ਪੰਜਾਬ ਫਿਰ ਹਾਰਿਆ

ਜ਼ਿਲ੍ਹਾ ਪ੍ਰੀਸ਼ਦਾਂ ਅਤੇ ਪੰਚਾਇਤ ਸਮਿਤੀਆਂ ਦੀਆਂ ਚੋਣਾਂ ਵਿਚ ਇਕ ਵਾਰ ਫਿਰ ਸ਼੍ਰੋਮਣੀ ਅਕਾਲੀ ਦਲ-ਭਾਰਤੀ ਜਨਤਾ ਪਾਰਟੀ ਗਠਜੋੜ ਦੀ ਜੈ-ਜੈਕਾਰ ਹੋਈ ਹੈ। ਅਜਿਹੀਆਂ ਚੋਣਾਂ ਵਿਚ ਆਮ ਕਰ ਕੇ ਸੱਤਾ ਵਾਲੀ ਧਿਰ ਦਾ ਹੀ ਹੱਥ ਉਤਾਂਹ ਰਹਿੰਦਾ ਹੈ, ਐਤਕੀਂ ਵੀ ਅਜਿਹਾ ਹੀ ਹੋਣਾ ਸੀ ਅਤੇ ਅਜਿਹਾ ਹੋਇਆ ਵੀ ਹੈ, ਪਰ ਇਸ ਵਾਰ ਇਹ ਚੋਣਾਂ ਪਹਿਲਾਂ ਵਾਲੀਆਂ ਚੋਣਾਂ ਨਾਲੋਂ ਕਈ ਮਾਮਲਿਆਂ ਵਿਚ ਵੱਖਰੀਆਂ ਰਹੀਆਂ ਹਨ। ਵੱਖ ਵੱਖ ਸਿਆਸੀ ਧਿਰਾਂ ਵੱਲੋਂ ਆਪੋ-ਆਪਣੇ ਵਿਤ ਮੁਤਾਬਕ ਕੀਤੀ ਤਿੱਖੀ ਸਰਗਰਮੀ ਨੇ ਪਿੰਡਾਂ ਵਿਚ ਧੜੇਬੰਦੀ ਇਸ ਕਦਰ ਵਧਾ ਦਿੱਤੀ ਕਿ ਇਸ ਦਾ ਅਸਰ ਲੰਮੇ ਤੱਕ ਪੈਣਾ ਹੈ। ਇਸ ਤੋਂ ਇਲਾਵਾ ਜਿਸ ਢੰਗ ਨਾਲ ਵੋਟਾਂ ਪੁਆਈਆਂ ਗਈਆਂ ਅਤੇ ਇਸ ਸਭ ਕਾਸੇ ਲਈ ਜੋ ਤੌਰ-ਤਰੀਕੇ ਵਰਤੇ ਗਏ, ਉਹ ਪੰਜਾਬ ਲਈ ਕੋਈ ਸ਼ੁਭ-ਸੰਕੇਤ ਨਹੀਂ। ਇਕ ਗੱਲ ਵੱਡੇ ਵਿਦਵਾਨਾਂ ਅਤੇ ਸਮਾਜ ਵਿਗਿਆਨੀਆਂ ਨੇ ਵੀ ਨੋਟ ਕੀਤੀ ਹੈ ਕਿ ਪੰਜਾਬ ਵਿਚ ਪਿਛਲੇ ਇਕ ਦਹਾਕੇ ਤੋਂ ਸਿਫਤੀ/ਮੁੱਢੋਂ-ਸੁੱਢੋਂ ਤਬਦੀਲੀ ਆਈ ਹੈ। ਇਨ੍ਹਾਂ ਤਕਰੀਬਨ ਦਸ ਸਾਲਾਂ ਦੌਰਾਨ ਪੰਜਾਬ ਦਾ ਸਿਆਸੀ ਮੰਜ਼ਰ ਜਿਸ ਢੰਗ ਨਾਲ ਤੇਜ਼ੀ ਨਾਲ ਬਦਲਿਆ ਹੈ, ਉਹ ਬੇਚੈਨ ਕਰਨ ਵਾਲਾ ਹੈ। ਸਿਆਸਤ ਵਿਚ ਅਜਿਹੇ ਲੋਕ ਘੁਸਪੈਠ ਕਰ ਚੁਕੇ ਹਨ ਜਿਨ੍ਹਾਂ ਦਾ ਨਾ ਤਾਂ ਇਸ ਨਾਲ ਕੋਈ ਲੈਣਾ-ਦੇਣਾ ਹੈ ਅਤੇ ਨਾ ਹੀ ਉਹ ਸਮਾਜ ਪ੍ਰਤੀ ਆਪਣੀ ਕੋਈ ਜ਼ਿੰਮੇਵਾਰੀ ਸਮਝਦੇ ਹਨ। ਇਨ੍ਹਾਂ ਦਾ ਮੁੱਖ ਧੰਦਾ ਪ੍ਰਾਪਰਟੀ ਡੀਲਿੰਗ, ਨਸ਼ਿਆਂ ਦੀ ਤਸਕਰੀ ਤੇ ਕਬੂਤਰਬਾਜ਼ੀ ਹੈ ਤੇ ਇਹ ਲੋਕ ਪੈਸੇ ਦੇ ਜ਼ੋਰ ਨਾਲ ਹੀ ਸਿਆਸੀ ਪਿੜ ਵਿਚ ਛਾਏ ਹਨ। ਸਿਆਸੀ ਪਾਰਟੀਆਂ ਦਾ ਮੁੱਖ ਏਜੰਡਾ ਹੁਣ ਕਿਉਂਕਿ ਚੋਣਾਂ ਜਿੱਤਣਾ ਹੀ ਰਹਿ ਗਿਆ ਹੈ, ਤੇ ਇਹ ਸਾਰੇ ਲੋਕ ਇਹ 'ਸ਼ੁਭ ਕਾਰਜ' ਬਹੁਤ ਵਧੀਆ ਤਰੀਕੇ ਨਾਲ ਨੇਪਰੇ ਚਾੜ੍ਹਦੇ ਹਨ, ਇਸ ਲਈ ਸਿਆਸੀ ਪਾਰਟੀਆਂ ਅਤੇ ਆਗੂਆਂ ਦੀ ਇਨ੍ਹਾਂ 'ਤੇ ਨਿਰਭਰਤਾ ਵਧੀ ਹੈ। ਸਿੱਟੇ ਵਜੋਂ ਹੁਣ ਵਾਲੀਆਂ ਜਾਂ ਪਹਿਲਾਂ ਹੋਈਆਂ ਚੋਣਾਂ ਵਿਚ ਜੋ ਵੀ ਧਾਂਦਲੀਆਂ ਤੇ ਖੂਨ-ਖਰਾਬਾ ਹੋਇਆ ਹੈ, ਉਸ ਦਾ ਸਿੱਧਾ ਸਬੰਧ ਇਨ੍ਹਾਂ ਅਮੀਰ ਤੇ ਲੱਠਮਾਰ ਲੋਕਾਂ ਦੀ ਸਿਆਸੀ ਪਿੜ ਵਿਚ ਧੜੱਲੇਦਾਰ ਸਰਗਰਮੀ ਹੀ ਹੈ।

ਹਾਲਾਤ ਦੀ ਸਿਤਮਜ਼ਰੀਫੀ ਇਹ ਹੈ ਕਿ ਕਿਸੇ ਵੀ ਧਿਰ ਨੇ ਸਿਆਸੀ ਪਿੜ ਵਿਚ ਚੁੱਪ-ਚੁਪੀਤੇ ਹੋਈ ਇਸ ਘੁਸਪੈਠ ਦੀ ਨਿਸ਼ਾਨਦੇਹੀ ਤੱਕ ਨਹੀਂ ਕੀਤੀ। ਕਿਸੇ ਵੀ ਦਿਲ-ਕੰਬਾਊ ਵਾਰਦਾਤ ਤੋਂ ਬਾਅਦ ਸਿਆਸੀ ਲੋੜ ਮੁਤਾਬਕ ਕੁਝ ਆਗੂਆਂ ਦੀ ਨੁਕਤਾਚੀਨੀ ਤਾਂ ਹੁੰਦੀ ਰਹੀ ਹੈ, ਪਰ ਕਿਸੇ ਵੀ ਆਗੂ ਜਾਂ ਜਥੇਬੰਦੀ ਨੇ ਇਸ ਨਵੀਂ ਤਰ੍ਹਾਂ ਦੀ ਸਿਆਸਤ ਉਤੇ ਕੋਈ ਖਾਸ ਉਜਰ ਨਹੀਂ ਕੀਤਾ। ਹੁਣ ਵਾਲੀਆਂ ਚੋਣਾਂ ਦੀ ਹੀ ਮਿਸਾਲ ਹੈ। ਇਨ੍ਹਾਂ ਚੋਣਾਂ ਅਤੇ ਚੋਣ ਨਤੀਜਿਆਂ ਤੋਂ ਤਕਰੀਬਨ ਸਾਰੀਆਂ ਹੀ ਧਿਰਾਂ ਸੰਤੁਸ਼ਟ ਹਨ। ਅਕਾਲੀਆਂ ਅਤੇ ਭਾਜਪਾਈਆਂ ਦਾ ਖੁਸ਼ ਹੋਣਾ ਤਾਂ ਬਣਦਾ ਹੀ ਹੈ, ਕਿਉਂਕਿ ਇਨ੍ਹਾਂ ਨੇ ਇਨ੍ਹਾਂ ਚੋਣਾਂ ਵਿਚ ਵਡੀ ਜਿੱਤ ਹਾਸਲ ਕੀਤੀ ਹੈ, ਕਾਂਗਰਸ ਤੇ ਕਾਂਗਰਸੀ ਆਗੂ ਵੀ ਖੁਸ਼ ਹਨ। ਕਾਂਗਰਸੀ ਆਗੂ ਭਾਵੇਂ ਉਪਰੋਂ ਉਪਰੋਂ ਇਕਜੁੱਟ ਹੋਣ ਦਾ ਲੱਖ ਦਾਅਵਾ ਕਰੀ ਜਾਣ ਪਰ ਸੱਚਾਈ ਇਹੀ ਹੈ ਕਿ ਪਾਰਟੀ ਦੇ ਵੱਖ ਵੱਖ ਧੜਿਆਂ ਨਾਲ ਸਬੰਧਤ ਆਗੂ ਇਕ-ਦੂਜੇ ਦੇ ਖਿਲਾਫ ਹੀ ਭੁਗਤੇ ਹਨ। ਇਸੇ ਕਰ ਕੇ ਰਾਜਿੰਦਰ ਕੌਰ ਭੱਠਲ ਅਤੇ ਸੂਬਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦੇ ਜੱਦੀ ਹਲਕਿਆਂ ਵਿਚ ਪਾਰਟੀ ਨੂੰ ਬਹੁਤ ਬੁਰੀ ਤਰ੍ਹਾਂ ਪਛਾੜਾਂ ਪਈਆਂ ਹਨ। ਸੂਬੇ ਵਿਚ ਤੀਜੀ ਧਿਰ ਵਜੋਂ ਥਾਂ ਬਣਾਉਣ ਲਈ ਯਤਨਸ਼ੀਲ ਸਾਂਝੇ ਮੋਰਚੇ, ਜਿਸ ਵਿਚ ਸਾਬਕਾ ਵਿਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੀ ਪੀਪਲਜ਼ ਪਾਰਟੀ ਆਫ ਪੰਜਾਬ (ਪੀ.ਪੀ.ਪੀ.) ਮੁੱਖ ਧਿਰ ਹੈ, ਨੇ ਵੀ ਇਨ੍ਹਾਂ ਚੋਣਾਂ ਉਤੇ ਤਸੱਲੀ ਪ੍ਰਗਟਾਈ ਹੈ। ਇਸ ਤਸੱਲੀ ਦਾ ਇਕ ਵੱਡਾ ਕਾਰਨ ਇਹ ਵੀ ਹੈ ਕਿ ਸਾਂਝੇ ਮੋਰਚੇ ਵਿਚ ਸ਼ਾਮਲ ਧਿਰਾਂ- ਪੀ.ਪੀ.ਪੀ., ਸੀ.ਪੀ.ਐਮ, ਸੀ.ਪੀ.ਆਈ. ਤੇ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਨੇ ਜਿਥੇ ਜਿਥੇ ਕਾਂਗਰਸ ਅਤੇ ਬਹੁਜਨ ਸਮਾਜ ਪਾਰਟੀ (ਬੀ.ਐਸ.ਪੀ.) ਨਾਲ ਸਮਝੌਤਾ ਕੀਤਾ, ਉਥੇ ਉਥੇ ਮੋਰਚੇ ਦੇ ਉਮੀਦਵਾਰ ਜੇਤੂ ਰਹੇ ਹਨ। ਇਹ ਨੁਕਤਾ ਸਾਂਝੇ ਮੋਰਚੇ ਦੇ ਲੀਡਰਾਂ ਲਈ ਰਾਹ-ਦਿਸੇਰਾ ਵੀ ਬਣ ਸਕਦਾ ਹੈ, ਕਿਉਂਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਦਾ ਜਿਹੜਾ ਨਿਰਪੱਖ ਵਿਸ਼ਲੇਸ਼ਣ ਸਾਹਮਣੇ ਆਇਆ ਸੀ, ਉਹ ਇਹੀ ਸੀ ਕਿ ਜੇ ਸਾਂਝਾ ਮੋਰਚਾ ਜਾਂ ਪੀ.ਪੀ.ਪੀ. ਦੇ ਆਗੂ ਮੁੱਖ ਵਿਰੋਧੀ ਧਿਰ ਕਾਂਗਰਸ ਨਾਲ ਚੋਣ ਤਾਲਮੇਲ ਬਿਠਾਉਂਦੇ ਤਾਂ ਵਿਧਾਨ ਸਭਾ ਚੋਣਾਂ ਦੇ ਨਤੀਜੇ ਹੋਰ ਹੀ ਹੁੰਦੇ।

ਇਸ ਸਭ ਕਾਸੇ ਦੇ ਬਾਵਜੂਦ ਹਾਲ ਦੀ ਘੜੀ ਸਭ ਤੋਂ ਅਹਿਮ ਸਵਾਲ ਇਹ ਹੈ ਕਿ ਪੰਜਾਬ ਦੇ ਲੋਕਾਂ ਨੇ ਐਤਕੀਂ ਕਿਸ ਦੇ ਹੱਕ ਵਿਚ ਫਤਵਾ ਦਿੱਤਾ ਹੈ? ਇਹ ਸਵਾਲ ਰਤਾ ਕੁ ਔਖਾ ਵੀ ਹੈ। ਔਖਾ ਇਸ ਲਈ ਕਿ ਪ੍ਰਚਾਰ ਦੌਰਾਨ ਅਕਾਲੀ ਆਗੂਆਂ ਦੇ ਭਾਸ਼ਣਾਂ ਵਿਚ ਲੋਕਾਂ ਨੂੰ ਸਿਰਫ ਇਕ ਹੀ ਗੱਲ ਚਿਤਾਰੀ ਜਾਂਦੀ ਰਹੀ ਕਿ 'ਤੁਸੀਂ ਦੇਖ ਲੈਣਾ, ਇਲਾਕੇ ਦੇ ਵਿਕਾਸ ਲਈ ਗਰਾਂਟਾਂ ਲੈਣੀਆਂ ਹਨ ਜਾਂ ਨਹੀਂ?' ਅਜਿਹਾ ਇਸ ਕਰ ਕੇ ਹੋਇਆ ਕਿ ਸਭੇ ਸਿਆਸੀ ਧਿਰਾਂ ਦਾ ਦਾਰੋਮਦਾਰ ਹੁਣ ਚੋਣਾਂ ਰਹਿ ਗਈਆਂ ਹਨ। ਲੋਕਾਂ ਵਿਚ ਜਾ ਕੇ ਕੰਮ ਕਰਨ ਦੀ ਥਾਂ, ਉਪਰੋਂ ਠੋਸੀ ਜਾ ਰਹੀ ਸਿਆਸਤ ਨੇ ਲੈ ਲਈ ਹੈ। ਇਸ ਦਾ ਖਮਿਆਜਾ ਪਹਿਲਾਂ ਕਮਿਊਨਿਸਟ ਪਾਰਟੀਆਂ ਭੁਗਤ ਹੀ ਚੁੱਕੀਆਂ ਹਨ। ਕਾਂਗਰਸ ਦਾ ਵੀ ਇਹੀ ਹਾਲ ਹੋਇਆ ਹੈ ਅਤੇ ਆਉਣ ਵਾਲੇ ਸਮੇਂ ਵਿਚ ਅਕਾਲੀਆਂ ਦਾ ਵੀ ਇਹੀ ਹਾਲ ਹੋਣਾ ਹੈ। ਇਹ ਸਭ ਤੈਅ ਹੈ, ਹੁਣ ਦੇਖਣ ਵਾਲੀ ਗੱਲ ਸਿਰਫ ਇਹ ਹੈ ਕਿ ਇਸ ਚੋਣ-ਮੁਖੀ ਬਣ ਗਏ ਢਾਂਚੇ ਵਿਚ ਲੋਕਾਂ ਨਾਲ ਜੁੜ ਕੇ ਸਿਆਸਤ ਕਰਨ ਵਾਲੀਆਂ ਧਿਰਾਂ ਕਿੰਨੀ ਕੁ ਪੈਂਠ ਬਣਾਉਂਦੀਆਂ ਹਨ! ਅਜਿਹੀ ਸਿਆਸਤ ਹੀ ਪਿਛਲੇ ਸਮੇਂ ਦੌਰਾਨ ਸਿਆਸੀ ਪਿੜ ਵਿਚ ਤੇਜ਼ੀ ਨਾਲ ਆਏ ਨਿਘਾਰ ਨੂੰ ਠੱਲ੍ਹ ਪਾ ਸਕਦੀ ਹੈ। ਫਿਲਹਾਲ ਇਸ ਪਾਸੇ ਕੋਈ ਹਿਲਜੁਲ ਨਜ਼ਰੀਂ ਨਹੀਂ ਪੈ ਰਹੀ। ਹੋ ਸਕਦਾ ਹੈ, ਆਉਣ ਵਾਲੇ ਸਮੇਂ ਵਿਚ ਕਿਸੇ ਅਜਿਹੀ ਵੱਢ ਮਾਰਵੀਂ ਸਿਆਸਤ ਦਾ ਕੋਈ ਬੀਜ ਪੁੰਗਰ ਸਕੇ। ਇਤਿਹਾਸ ਵਿਚ ਅਜਿਹਾ ਵਾਪਰਦਾ ਰਿਹਾ ਹੈ ਅਤੇ ਅਗਾਂਹ ਵੀ ਵਾਪਰਨਾ ਹੈ। ਫਿਕਰ ਤਾਂ ਇਹ ਹੈ ਕਿ ਉਦੋਂ ਤੱਕ ਪਤਾ ਨਹੀਂ ਕਿੰਨਾ ਕੁ ਨੁਕਸਾਨ ਹੋ ਚੁੱਕਾ ਹੋਵੇਗਾ!

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਇਉਂ ਬਣ'ਜਾ ਪ੍ਰਧਾਨ ਸਾਬ੍ਹ!*

ਫੰਡ 'ਕੱਠਾ ਕਰਨੇ ਲਈ ਸੰਸਥਾ ਬਣਾ ਲੈ ਕੋਈ, ਵਿਰਸੇ ਦੀ 'ਸੇਵਾ' ਵਾਲਾ ਫੱਟਾ ਲਿਸ਼ਕਾਈ ਜਾਹ।
ਚਾਚੇ, ਤਾਏ, ਮਾਮੇ, ਸਾਲੇ 'ਫਿੱਟ' ਕਰ ਇਹਦੇ 'ਚ, ਕੌਲੀ-ਚੱਟ ਮੈਂਬਰਾਂ ਦੀ ਗਿਣਤੀ ਵਧਾਈ ਜਾਹ।
ਨਸ਼ਾਖੋਰੀ ਰੋਗ ਨੇ ਪੰਜਾਬ ਪੀਲਾ ਭੂਕ ਕੀਤਾ, ਚਿੰਤਾ ਵਾਲੀ 'ਰਾਗਣੀ' ਗਾ ਲੋਕਾਂ ਨੂੰ ਸੁਣਾਈ ਜਾਹ।
ਰਿਸ਼ਵਤਖੋਰੀ, ਕਾਲੇ ਧਨ ਦੇ ਵਿਰੋਧ ਵਿਚ, ਟਾਂਵਾਂ ਟਾਂਵਾਂ ਬਿਆਨ ਅਖਬਾਰ 'ਚ ਛਪਾਈ ਜਾਹ।
ਗਾਉਣ ਵਾਲਿਆਂ ਦੀ ਹੇੜ੍ਹ ਸੱਦ ਕੇ ਇਕੱਠ ਕਰ, ਆਪਣਿਆਂ ਹੱਥੋਂ ਲੋਈਆਂ ਗਲ 'ਚ ਪੁਆਈ ਜਾਹ।
ਲੋਕਾਂ ਲਈ ਜੋ 'ਜੋਕਾਂ' ਬਣੇ ਲੀਡਰਾਂ ਨੂੰ ਸੱਦ ਸੱਦ ਮੇਲਿਆਂ 'ਤੇ 'ਮੁੱਖ ਮਹਿਮਾਨ' ਤੂੰ ਬਣਾਈ ਜਾਹ!

# ਅਸਾਂ ਪੰਜਾਬੀਆਂ ਦਾ ਸਭਿਆਚਾਰ!



ਮਹੀਪ ਸਿੰਘ
ਫੋਨ: 91-93139-32888

ਮੇਰਾ ਖਿਆਲ ਹੈ ਕਿ ਗੁਰੂ ਸਾਹਿਬਾਨ ਅਤੇ ਉਨ੍ਹਾਂ ਤੋਂ ਪਹਿਲਾਂ ਬਾਬਾ ਸ਼ੇਖ ਫ਼ਰੀਦ ਵਰਗੇ ਸੂਫੀ ਸੰਤਾਂ ਨੇ ਇਹ ਮਹਿਸੂਸ ਕੀਤਾ ਹੋਵੇਗਾ ਕਿ ਪੰਜਾਬੀ ਲੋਕ ਜੀਵਨ ਵਿਚ, ਆਪਸੀ ਮਿਲਵਰਤਨ ਵਿਚ ਉਹ ਮਿਠਾਸ ਨਹੀਂ ਜੋ ਹੋਣੀ ਚਾਹੀਦੀ ਹੈ ਅਤੇ ਜਿਸ ਨਾਲ ਕਿਸੇ ਸਮਾਜ ਦਾ ਸੱਭਿਆਚਾਰ ਉੱਸਰਦਾ ਹੈ। ਜਿਸ ਨੂੰ ਅਸੀਂ ਸੰਸਕ੍ਰਿਤੀ (ਸਭਿਆਚਾਰ) ਆਖਦੇ ਹਾਂ, ਉਸ ਦਾ ਸਬੰਧ ਸੰਸਕਾਰ ਨਾਲ ਹੈ। ਸੰਸਕਾਰ ਦਾ ਅਰਥ ਹੈ ਆਪਣੇ ਮਨ ਨੂੰ ਮਾਂਜਣਾ, ਚਮਕਾਉਣਾ, ਸੋਹਣਾ ਬਣਾਉਣਾ, ਪਾਲਿਸ਼ ਕਰਨਾ। ਸਾਡੇ ਉੱਤੇ ਜਿਹੋ ਜਿਹੇ ਸੰਸਕਾਰ ਪੈਣਗੇ, ਸਾਡੀ ਸਾਰੀ ਮਾਨਸਿਕ ਬਣਤਰ ਉਸੇ ਤਰ੍ਹਾਂ ਦੀ ਹੋਵੇਗੀ। ਸੰਸਕਾਰ ਪਾਉਣ ਵਿਚ ਸਭ ਤੋਂ ਮੁੱਢਲੀ ਜ਼ਿੰਮੇਵਾਰੀ ਮਾਂ-ਪਿਉ ਦੀ ਹੁੰਦੀ ਹੈ, ਫਿਰ ਧਾਰਮਿਕ ਤੇ ਸੰਸਾਰੀ ਵਿੱਦਿਆ ਦੀ।

ਪਿਛਲੇ ਪੰਜ ਸੌ ਸਾਲ ਤੋਂ ਪੰਜਾਬ ਵਿਚ ਸੰਸਕਾਰ ਦਾ ਸਭ ਤੋਂ ਵੱਡਾ ਸੋਮਾ ਗੁਰਬਾਣੀ ਰਹੀ ਹੈ। ਉਥੇ ਦੀ ਸਾਰੀ ਸੋਚ ਨੂੰ, ਸਾਰੀ ਚੇਤਨਾ ਨੂੰ ਗੁਰਬਾਣੀ ਦੇ ਮਾਧਿਅਮ ਰਾਹੀਂ ਘੜਿਆ ਤੇ ਸੰਵਾਰਿਆ ਜਾਂਦਾ ਹੈ, ਪਰ ਕਿੰਨੇ ਅਚੰਭੇ ਦੀ ਗੱਲ ਹੈ ਕਿ ਅੱਜ ਵੀ ਪੰਜਾਬ ਦੇ ਲੋਕ ਜੀਵਨ ਉੱਤੇ ਗੁਰਬਾਣੀ ਸੰਸਕਾਰ ਵਿਧੀ ਦਾ ਪ੍ਰਭਾਵ ਬੜਾ ਘੱਟ ਨਜ਼ਰ ਅਉਂਦਾ ਹੈ। ਇਕ ਵਾਕਿਆ ਮੈਨੂੰ ਚੇਤੇ ਆਉਂਦਾ ਹੈ। ਰੇਲ ਸਫ਼ਰ ਦੌਰਾਨ ਮੇਰੇ ਸਾਹਮਣੇ ਦੀ ਬਰਥ 'ਤੇ ਕੁਝ ਪੰਜਾਬੀ ਸੱਜਣ ਬੈਠੇ ਸਨ। ਅੱਧਖੜ ਉਮਰ ਦੇ ਉਹ ਸਾਰੇ ਹੀ ਰੱਜੇ-ਪੁੱਜੇ ਤੇ ਪੜ੍ਹੇ-ਲਿਖੇ ਲਗਦੇ ਸਨ। ਸਵੇਰ ਦਾ ਵੇਲਾ ਸੀ। ਉਹ ਗੱਲਾਂ ਕਰ ਰਹੇ ਸਨ। ਗੱਲਬਾਤ ਵਿਚ ਉਹ ਮਾਵਾਂ-ਭੈਣਾਂ ਦੀਆਂ ਗਾਲ੍ਹਾਂ ਦੀ ਖੁੱਲ੍ਹ ਕੇ ਵਰਤੋਂ ਕਰ ਰਹੇ ਸਨ। ਇਹ ਸਾਰੀਆਂ ਗਾਲ੍ਹਾਂ ਉਨ੍ਹਾਂ ਦਾ ਤਕੀਆ ਕਲਾਮ ਸੀ। ਉਹ ਕਿਸੇ ਦਾ ਜ਼ਿਕਰ ਕਰਦੇ ਸਨ ਤਾਂ ਮਾਂ-ਭੈਣ ਦੀ ਗਾਲ੍ਹ ਕੱਢੇ ਬਗੈਰ ਨਹੀਂ ਸਨ ਕਰਦੇ। ਆਪਸ ਵਿਚ ਵੀ ਉਹ ਇਕ-ਦੂਜੇ ਲਈ ਅਜਿਹੀ ਸ਼ਬਦਾਵਲੀ ਦਾ ਇਸਤੇਮਾਲ ਕਰ ਰਹੇ ਸਨ। ਕਈ ਵਾਰੀ ਤਾਂ ਬੇਜਾਨ ਚੀਜ਼ਾਂ ਦੇ ਜ਼ਿਕਰ ਵਿਚ ਵੀ ਉਹ ਮਾਂ-ਭੈਣ ਨੂੰ ਖਿੱਚ ਲਿਆਉਂਦੇ ਸਨ। ਕੁਝ ਚਿਰ ਪਿੱਛੋਂ ਉਹ ਮੇਰੇ ਨਾਲ ਵੀ ਗੱਲਾਂ ਕਰਨ ਲੱਗ ਪਏ। ਗੱਲਾਂ-ਗੱਲਾਂ ਵਿਚ ਮੈਂ ਉਨ੍ਹਾਂ ਨੂੰ ਕਿਹਾ- 'ਤੁਹਾਨੂੰ ਸਾਰਿਆਂ ਨੂੰ ਮਿਲ ਕੇ ਮੈਨੂੰ ਬੜੀ ਖੁਸ਼ੀ ਮਹਿਸੂਸ ਹੋ ਰਹੀ ਹੈ। ਇਸ ਦੇਸ਼ ਵਿਚ ਮਾਂਵਾਂ-ਭੈਣਾਂ ਦਾ ਸਤਿਕਾਰ ਕਰਨਾ, ਸਦਾ ਉਨ੍ਹਾਂ ਨੂੰ ਯਾਦ ਰੱਖਣਾ ਸਾਡੀ ਪੁਰਾਣੀ ਰਵਾਇਤ ਹੈ। ਤੁਸੀਂ ਇਸ ਰਵਾਇਤ ਨੂੰ ਪੂਰੀ ਤਰ੍ਹਾਂ ਨਿਭਾਅ ਰਹੇ ਹੋ।' ਉਹ ਮੇਰੇ ਵੱਲ ਬਿਟਰ-ਬਿਟਰ ਵੇਖਣ ਲੱਗ ਪਏ। ਖੌਰੇ ਮੇਰੀ ਗੱਲ ਸਮਝਣ ਦਾ ਉਹ ਯਤਨ ਕਰ ਰਹੇ ਸਨ। ਮੈਂ ਕਿਹਾ- 'ਵੇਖੋ ਨਾ, ਸਵੇਰ ਤੋਂ ਤੁਹਾਡੀ ਸਾਰੀ ਗੱਲਬਾਤ ਵਿਚ ਸੈਂਕੜਿਆਂ ਵਾਰੀ ਮਾਵਾਂ-ਭੈਣਾਂ ਦਾ ਜ਼ਿਕਰ ਆਇਆ। ਤੁਹਾਡਾ ਇਕ ਵੀ ਵਾਕ ਇਨ੍ਹਾਂ ਨਾਵਾਂ ਨੂੰ ਯਾਦ ਕੀਤੇ ਬਗ਼ੈਰ ਪੂਰਾ ਨਹੀਂ ਹੁੰਦਾ। ਇਸੇ ਤੋਂ ਪਤਾ ਲਗਦਾ ਹੈ, ਤੁਸੀਂ ਮਾਂਵਾਂ-ਭੈਣਾਂ ਨੂੰ ਕਿੰਨਾ ਯਾਦ ਕਰਦੇ ਹੋ, ਉਨ੍ਹਾਂ ਨੂੰ ਕਿੰਨੀ ਮਾਨਤਾ ਦਿੰਦੇ ਹੋ।'

ਹੁਣ ਮੇਰੀ ਗੱਲ ਦਾ ਵਿਅੰਗ ਉਨ੍ਹਾਂ ਦੀ ਸਮਝ ਵਿਚ ਆਇਆ। ਉਹ ਥੋੜ੍ਹਾ ਸ਼ਰਮਿੰਦਾ ਹੋਏ। ਉਨ੍ਹਾਂ ਵਿਚੋਂ ਇਕ ਬੋਲਿਆ- 'ਕੀ ਕਰੀਏ ਜੀ...ਸਾਨੂੰ ਤੇ ਆਦਤ ਪੈ ਗਈ ਹੈ। ਗੱਲ-ਗੱਲ ਵਿਚ ਮੂੰਹੋਂ ਗਾਲ੍ਹ ਨਿਕਲ ਜਾਂਦੀ ਹੈ।' ਇਕ ਬੰਦੇ ਨੇ ਮੈਨੂੰ ਲਤੀਫਾ ਸੁਣਾਇਆ। ਦੋ ਸਕੇ ਭਰਾ ਇਕ-ਦੂਜੇ ਨੂੰ ਗੱਲ-ਗੱਲ ਵਿਚ ਭੈਣ ਦੀ ਗਾਲ੍ਹ ਕੱਢਦੇ ਸਨ। ਉਨ੍ਹਾਂ ਦੀ ਇਕੋ-ਇਕ ਭੈਣ ਸੀ। ਅਜਿਹੀਆਂ ਗਾਲ੍ਹਾਂ ਉਹ ਵੀ ਸੁਣਦੀ ਸੀ। ਉਸ ਨੇ ਆਪਣੇ ਪਿਉ ਨੂੰ ਸ਼ਿਕਾਇਤ ਕੀਤੀ- 'ਬਾਪੂ, ਮੇਰੇ ਭਰਾ ਇਕ-ਦੂਜੇ ਨੂੰ ਭੈਣ ਦੀਆਂ ਗੰਦੀਆਂ-ਗੰਦੀਆਂ ਗਾਲ੍ਹਾਂ ਕੱਢਦੇ ਹਨ...ਕਈ ਵਾਰੀ ਮੇਰੇ ਹੀ ਸਾਹਮਣੇ। ਤੁਸੀਂ ਇਨ੍ਹਾਂ ਨੂੰ ਡਾਂਟਦੇ ਕਿਉਂ ਨਹੀਂ?' ਪਿਉ ਨੇ ਕਿਹਾ- 'ਧੀਏ ਤੂੰ ਫ਼ਿਕਰ ਨਾ ਕਰ। ਮੈਂ ਉਨ੍ਹਾਂ ਨੂੰ ਡਾਂਟ ਦਿਆਂਗਾ।' ਪਿਉ ਨੇ ਆਪਣੇ ਮੁੰਡਿਆਂ ਨੂੰ ਡਾਂਟਿਆ ਵੀ ਤੇ ਸਮਝਾਇਆ ਵੀ, ਕਿ ਇਹ ਚੰਗੀ ਆਦਤ ਨਹੀਂ, ਪਰ ਪੁੱਤਰਾਂ ਦੀ ਆਦਤ ਵਿਚ ਕੋਈ ਫ਼ਰਕ ਨਾ ਪਿਆ। ਧੀ ਨੇ ਪਿਉ ਅੱਗੇ ਫਿਰ ਸ਼ਿਕਾਇਤ ਕੀਤੀ। ਪਿਉ ਨੂੰ ਗੁੱਸਾ ਚੜ੍ਹ ਗਿਆ ਤੇ ਬੋਲਿਆ- 'ਚੰਗਾ...ਅੱਜ ਆਉਣ ਦੇ ਉਨ੍ਹਾਂ (ਦੋਵਾਂ ਨੂੰ ਭੈਣ ਦੀ ਗਾਲ੍ਹ ਕੱਢ ਕੇ) ਨੂੰ...ਅੱਜ ਮੈਂ ਉਨ੍ਹਾਂ ਦੀ ਅਜਿਹੀ ਖ਼ਬਰ ਲਵਾਂਗਾ ਕਿ ਉਹ (ਮਾਂ ਦੀ ਗਾਲ੍ਹ ਕੱਢ ਕੇ) ਯਾਦ ਰੱਖਣਗੇ।' ਗੁਰਬਾਣੀ ਆਖਦੀ ਹੈ,

ਮਿਠਤੁ ਨੀਵੀ ਨਾਨਕਾ
ਗੁਣ ਚੰਗਿਆਈਆ ਤਤੁ॥

ਸੰਸਾਰ ਦੀਆਂ ਸਾਰੀਆਂ ਚੰਗਿਆਈਆਂ ਦਾ ਤੱਤ ਨਿਮਰਤਾ ਤੇ ਮਿੱਠਾ ਬੋਲਣਾ ਹੈ। ਫਿੱਕਾ, ਕੌੜਾ, ਮੰਦਾ ਬੋਲਣ ਨੂੰ ਗੁਰਬਾਣੀ ਵਿਚ ਥਾਂ-ਥਾਂ 'ਤੇ ਨਿੰਦਿਆ ਗਿਆ ਹੈ...

ਨਾਨਕ ਫਿਕੈ ਬੋਲਿਐ
ਤਨੁ ਮਨੁ ਫਿਕਾ ਹੋਇ॥
ਫਿਕੋ ਫਿਕਾ ਸਦੀਐ
ਫਿਕੇ ਫਿਕੀ ਸੋਇ॥
ਫਿਕਾ ਦਰਗਹ ਸੁਟੀਐ
ਮੁਹਿ ਥੁਕਾ ਫਿਕੇ ਪਾਇ॥
ਫਿਕਾ ਮੂਰਖੁ ਆਖੀਐ
ਪਾਣਾ ਲਹੈ ਸਜਾਇ॥

ਕਿੰਨੇ ਅਸਚਰਜ ਦੀ ਗੱਲ ਹੈ ਕਿ ਸਭ ਤੋਂ ਵੱਧ ਫਿੱਕਾ ਤੇ ਕੌੜਾ ਉਹ ਬੋਲਦੇ ਹਨ ਜਿਹੜੇ ਗੁਰਸਿੱਖੀ ਤੇ ਗੁਰਬਾਣੀ ਨਾਲ ਜੁੜੇ ਹੋਣ ਦਾ ਦਾਅਵਾ ਵਧ-ਚੜ੍ਹ ਕੇ ਕਰਦੇ ਹਨ!

ਮੈਨੂੰ ਪੰਜਾਬ ਦੇ ਸਿੱਖ ਆਗੂਆਂ ਦੀਆਂ ਆਦਤਾਂ ਨੂੰ ਨੇੜੇ ਹੋ ਕੇ ਵੇਖਣ ਦਾ ਬਹੁਤਾ ਮੌਕਾ ਨਹੀਂ ਮਿਲਿਆ, ਪਰ ਸੁਣਿਆ ਹੈ ਕਿ ਉਨ੍ਹਾਂ ਵਿਚੋਂ ਵੀ ਕੁਝ ਵਧ ਚੜ੍ਹ ਕੇ ਗਾਲ੍ਹਾਂ ਕੱਢਣ ਵਿਚ ਬੜੇ ਮਾਹਿਰ ਹਨ। ਦਿੱਲੀ ਦੇ ਸਿੱਖ ਆਗੂਆਂ ਦੀਆਂ ਆਦਤਾਂ ਨੂੰ ਮੈਂ ਨੇੜਿਉਂ ਵੇਖਿਆ ਹੈ। ਮਾਂਵਾਂ-ਭੈਣਾਂ-ਕੁੜੀਆਂ ਦੀਆਂ ਗੰਦੀਆਂ ਤੋਂ ਗੰਦੀਆਂ ਗਾਲ੍ਹਾਂ ਕੱਢਣਾ ਇਨ੍ਹਾਂ ਲਈ ਆਮ ਗੱਲ ਹੈ। ਇਨ੍ਹਾਂ ਨੂੰ ਮਿਲ ਕੇ ਇੰਜ ਜਾਪਦਾ ਹੈ ਕਿ ਸਿੱਖਾਂ ਦਾ ਆਗੂ ਬਣਨ ਲਈ ਸਭ ਤੋਂ ਜ਼ਰੂਰੀ ਗੁਣ ਇਹ ਹੈ ਕਿ ਉਸ ਕੋਲ ਹੋਰ ਕੋਈ 'ਚੰਗਿਆਈ' ਹੋਵੇ ਜਾਂ ਨਾ ਹੋਵੇ, ਗੁਰਬਾਣੀ ਦੀਆਂ ਤੁਕਾਂ ਉਸ ਨੂੰ ਯਾਦ ਹੋਣ ਜਾਂ ਨਾ ਹੋਣ, ਉਸ ਕੋਲ ਗਾਲ੍ਹਾਂ ਕੱਢਣ ਦਾ ਖਜ਼ਾਨਾ ਭਰਪੂਰ ਹੋਣਾ ਚਾਹੀਦਾ ਹੈ। ਇਕ ਵੇਲੇ ਇਹ ਕਿਹਾ ਜਾਂਦਾ ਸੀ ਕਿ ਪੁਲਿਸ ਵਿਚ ਭਰਤੀ ਹੋਣ ਦੀ ਪਹਿਲੀ ਯੋਗਤਾ ਇਹ ਹੈ ਕਿ ਉਮੀਦਵਾਰ ਨੂੰ ਇਕ ਮਿੰਟ ਵਿਚ ਘੱਟ ਤੋਂ ਘੱਟ ਸੌ ਗਾਲ੍ਹਾਂ ਕੱਢਣ ਦੀ ਮੁਹਾਰਤ ਹੋਣੀ ਚਾਹੀਦੀ ਹੈ। ਅੱਜ ਇਹ ਗੱਲ ਦਿੱਲੀ ਦੇ ਬਹੁਤ ਸਾਰੇ ਸਿੱਖ ਆਗੂਆਂ 'ਤੇ ਪੂਰੀ ਤਰ੍ਹਾਂ ਲਾਗੂ ਹੁੰਦੀ ਹੈ।

> ***ਪੰਜਾਬੀ ਬੋਲੀ ਤੇ ਸੱਭਿਆਚਾਰ ਦਾ ਮਖੌਲ ਉਡਾਉਣ ਵਾਲੇ ਇਹ ਗੱਲ ਬੜਾ ਉੱਚਾ ਬੋਲ ਬੋਲ ਕੇ ਆਖਦੇ ਹਨ ਕਿ ਗੰਦੀਆਂ-ਭੈੜੀਆਂ ਗਾਲ੍ਹਾਂ ਦਾ ਜਿੰਨਾ ਵੱਡਾ ਖਜ਼ਾਨਾ ਪੰਜਾਬੀ ਵਿਚ ਹੈ, ਕਿਸੇ ਹੋਰ ਜ਼ੁਬਾਨ ਵਿਚ ਨਹੀਂ। ਅਜਿਹੇ ਲੋਕੀਂ ਇਹ ਵੀ ਆਖਦੇ ਹਨ ਪੰਜਾਬ ਵਿਚ 'ਕਲਚਰ' ਨਾਂ ਦੀ ਕੋਈ ਚੀਜ਼ ਨਹੀਂ। ਜੇ ਕੁਝ ਹੈ ਤਾਂ ਉਹ ਸਿਰਫ 'ਐਗਰੀਕਲਚਰ' ਹੈ। ਬੋਲ-ਕੁਬੋਲ ਬੋਲਣੇ, ਗੰਦੀਆਂ ਗਾਲ੍ਹਾਂ ਕੱਢਣੀਆਂ, ਫਿੱਕਾ ਬੋਲਣਾ, ਕੌੜਾ ਬੋਲਣਾ, ਦੂਜੇ ਨੂੰ ਨੀਵਾਂ ਦਿਖਾਉਣਾ, ਕੀ ਸੱਚਮੁੱਚ ਇਹ ਪੰਜਾਬੀ ਸੱਭਿਆਚਾਰ ਦੇ ਅੰਗ ਹਨ? ਕੀ ਇਨ੍ਹਾਂ ਦੇ ਬਗੈਰ ਪੰਜਾਬੀ ਸੋਚ, ਵਿਚਾਰ, ਵਿਹਾਰ ਅਤੇ ਸੰਵਾਦ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ?***

ਜਿਵੇਂ ਸ਼ਰਾਬ ਪੀਣ ਵਾਲਾ ਦੁੱਖ ਵਿਚ ਹੋਵੇ ਤਾਂ ਗ਼ਮ ਗ਼ਲਤ ਕਰਨ ਲਈ ਸ਼ਰਾਬ ਪੀਂਦਾ ਹੈ। ਸਹਿਜ ਅਵਸਥਾ ਵਿਚ ਹੋਵੇ ਤਾਂ ਆਪਣੀ ਸਹਿਜਤਾ ਕਾਇਮ ਰੱਖਣ ਲਈ ਸ਼ਰਾਬ ਪੀਂਦਾ ਹੈ ਅਤੇ ਜਦੋਂ ਕੁਝ ਖੁਸ਼ ਹੋਵੇ ਤਾਂ ਜਸ਼ਨ ਮਨਾਉਣ ਲਈ ਸ਼ਰਾਬ ਪੀਂਦਾ ਹੈ। ਉਸੇ ਤਰ੍ਹਾਂ ਗਾਲ੍ਹਾਂ ਕੱਢਣ ਵਾਲਾ ਨਾਰਾਜ਼ਗੀ ਵਿਚ ਤਾਂ ਰੱਜ ਕੇ ਗਾਲ੍ਹਾਂ ਕੱਢਦਾ ਹੀ ਹੈ, ਆਮ ਗੱਲਬਾਤ ਵਿਚ ਵੀ ਉਹ ਆਪਣੀ ਸਹਿਜ ਅਵਸਥਾ ਨੂੰ ਕਾਇਮ ਰੱਖਣ ਲਈ ਗਾਲ੍ਹਾਂ ਦੀ ਵਾਛੜ ਕਰਦਾ ਰਹਿੰਦਾ ਹੈ ਅਤੇ ਜਦੋਂ ਬੜਾ ਖੁਸ਼ ਹੋਵੇ ਤਾਂ ਉਹ ਖੁਸ਼ੀ ਦਾ ਪ੍ਰਗਟਾਵਾ ਕਰਨ ਲਈ ਵੱਧ-ਚੜ੍ਹ ਕੇ ਗਾਲ੍ਹਾਂ ਕੱਢਦਾ ਹੈ। ਇਹ ਵੀ ਘੱਟ ਅਸਚਰਜ ਦੀ ਗੱਲ ਨਹੀਂ ਕਿ ਅਜਿਹੇ ਲੋਕੀ ਗੁਰਬਾਣੀ ਤੇ ਗਾਲ੍ਹਾਂ ਨੂੰ ਇਕੋ ਵੇਲੇ ਆਪਣੇ ਮੂੰਹ ਵਿਚ ਰੱਖਣ ਦੀ ਸਮਰੱਥਾ ਰਖਦੇ ਹਨ। ਮੈਨੂੰ ਸਵੇਰੇ ਦੀ ਸੈਰ ਵੇਲੇ ਬਜ਼ੁਰਗ ਸੱਜਣ ਮਿਲ ਜਾਂਦੇ ਹਨ। ਉਹ ਸੈਰ ਕਰਦੇ ਹੋਏ ਪਾਠ ਕਰਦੇ ਰਹਿੰਦੇ ਹਨ। ਕਈ ਵਾਰੀ ਮੈਨੂੰ ਰੋਕ ਕੇ ਦੇਸ਼ ਤੇ ਪੰਥ ਦੀ ਅਜੋਕੀ ਹਾਲਤ ਬਾਰੇ ਆਪਣਾ ਤਬਸਰਾ ਕਰਦੇ ਹੋਏ ਉਹ ਵੱਡੇ ਤੋਂ ਵੱਡੇ ਤੇ ਛੋਟੇ ਤੋਂ ਛੋਟੇ ਲੀਡਰਾਂ ਦੀਆਂ ਮਾਂਵਾਂ-ਭੈਣਾਂ ਦੀ ਅਹੀ-ਤਹੀ ਕਰ ਦਿੰਦੇ ਹਨ। ਫਿਰ ਸੈਰ ਲਈ ਅੱਗੇ ਤੁਰ ਪੈਂਦੇ ਹਨ ਤੇ ਅਧੂਰਾ ਛੱਡਿਆ ਪਾਠ ਮੁੜ ਆਰੰਭ ਕਰ ਲੈਂਦੇ ਹਨ।

ਪਾਠ ਦੀ ਗੱਲ ਤੋਂ ਇਕ ਹੋਰ ਵਾਕਿਆ ਚੇਤੇ ਆਉਂਦਾ ਹੈ। ਮੈਨੂੰ ਦਿੱਲੀ ਦੇ ਕੁਝ ਬੜੇ ਮੰਨੇ-ਪ੍ਰਮੰਨੇ ਆਗੂਆਂ ਨਾਲ ਕਾਰ ਰਾਹੀਂ ਲੰਮੀ ਯਾਤਰਾ ਕਰਨ ਦਾ ਮੌਕਾ ਮਿਲਿਆ। ਸਵੇਰ ਦਾ ਵੇਲਾ ਸੀ। ਉਨ੍ਹਾਂ ਵਿਚ ਕੁਝ ਚੰਗੇ ਨਿਤਨੇਮੀ ਵੀ ਸਨ। ਰਾਹ ਵਿਚ ਆਪਣਾ ਨਿਤਨੇਮ ਪੂਰਾ ਕਰਨ ਲਈ ਉਨ੍ਹਾਂ ਨੇ ਗੁਟਕੇ ਵੀ ਨਾਲ ਰੱਖ ਲਏ ਸਨ। ਕਾਰ ਤੁਰੀ ਤਾਂ ਨਿਤਨੇਮ ਤੋਂ ਪਹਿਲਾਂ ਗਾਲ੍ਹਾਂ ਦਾ ਨੇਮ ਸ਼ੁਰੂ ਹੋ ਗਿਆ। ਰਾਹ ਵਿਚ ਆਪਣੇ ਧੜੇ ਅਤੇ ਮੁਖਾਲਿਫ ਧੜੇ ਦੇ ਲੋਕਾਂ ਦਾ ਜ਼ਿਕਰ ਆਉਣਾ ਹੀ ਸੀ। ਇਹ ਜ਼ਿਕਰ ਉਨ੍ਹਾਂ ਦੀਆਂ ਮਾਂਵਾਂ-ਭੈਣਾਂ ਨੂੰ ਯਾਦ ਕੀਤੇ ਬਗ਼ੈਰ ਹੋ ਨਹੀਂ ਸੀ ਸਕਦਾ। ਸਿੱਖ ਰਾਜਨੀਤੀ ਦਾ ਮਿਆਰ ਅਜਿਹੀ ਧੜੇਬੰਦੀ ਤੋਂ ਉਤਾਂਹ ਕਦੀ ਜਾਂਦਾ ਹੀ ਨਹੀਂ। ਦੇਸ਼-ਵਿਦੇਸ਼ ਵਿਚ ਕੀ ਹੋ ਰਿਹਾ ਹੈ, ਸੰਸਾਰ ਵਿਚ ਆਪਣੀ ਹੋਂਦ ਲਈ ਜੂਝਣ ਵਾਲੀਆਂ ਕੌਮਾਂ ਉਤੇ ਕੀ ਗੁਜ਼ਰ ਰਿਹਾ ਹੈ, ਅਜੋਕੇ ਸਿੱਖ-ਸੰਕਟ ਦੀ ਸ਼ਿੱਦਤ ਕਿੰਨੀ ਤੇ ਕਿਹੋ ਜਿਹੀ ਹੈ- ਅਜਿਹੇ ਸਵਾਲਾਂ ਨਾਲ ਉਨ੍ਹਾਂ ਦਾ ਬਹੁਤਾ ਸਰੋਕਾਰ ਨਹੀਂ ਹੁੰਦਾ। 'ਧੜਾ ਧਰਮ ਹੈ ਮੇਰਾ' ਤੋਂ ਉਤਾਂਹ ਉੱਠ ਕੇ ਸਿੱਖ ਆਗੂ ਕੁਝ ਸੋਚਦੇ ਹੀ ਨਹੀਂ। 'ਐਸੇ ਜਨ ਵਿਰਲੇ ਜਗ ਅੰਦਰਿ ਪਰਖਿ ਖਜਾਨੈ ਪਾਇਆ॥' ਵਾਲੀ ਗੱਲ ਇਨ੍ਹਾਂ 'ਤੇ ਲਾਗੂ ਹੁੰਦੀ ਹੈ।

ਉਸ ਯਾਤਰਾ ਵਿਚ ਮੈਂ ਵੇਖਿਆ ਕਿ ਨਿਤਨੇਮ ਤੇ ਕੋਝੀਆਂ ਗਾਲ੍ਹਾਂ ਦੀ ਬਰਖਾ ਨਾਲੋ-ਨਾਲ ਚੱਲ ਰਹੀ ਸੀ। ਕੀ ਗੁਰਬਾਣੀ ਰਚਣ ਵਾਲਿਆਂ ਨੇ ਆਪਣੇ ਸਿੱਖਾਂ ਕੋਲੋਂ ਅਜਿਹੇ ਅਨੂਠੇ ਸੰਜੋਗ ਦੀ ਗੱਲ ਸੋਚੀ ਹੋਵੇਗੀ? ਸ਼ੁਰੂ ਵਿਚ ਹੀ ਮੈਂ ਸੰਸਕਾਰਾਂ ਦੀ ਗੱਲ ਕੀਤੀ ਸੀ। ਪੰਜਾਬੀ ਸਮਾਜ ਦੇ ਬੜੇ ਵੱਡੇ ਹਿੱਸੇ ਉਤੇ ਗਾਲ੍ਹਾਂ ਭਰਿਆ ਇਹ ਕੋਝਾ ਆਚਾਰ ਛਾਇਆ ਹੋਇਆ ਹੈ। ਇਸ ਸਭਿਆਚਾਰ (ਜਾਂ ਕੋਝਾਚਾਰ) ਦੀ ਪਕੜ ਸਿਰਫ ਅਨਪੜ੍ਹ ਜਾਂ ਅੱਧਪੜ ਲੋਕਾਂ ਤੱਕ ਹੀ ਨਹੀਂ; ਪੜ੍ਹੇ-ਲਿਖੇ, ਵਕੀਲ, ਡਾਕਟਰ, ਪ੍ਰੋਫੈਸਰ, ਅਫਸਰ ਤੇ ਵਪਾਰੀ ਵੀ ਇਸ ਆਦਤ ਵਿਚ ਕਿਸੇ ਤੋਂ ਪਿੱਛੇ ਨਹੀਂ। ਜਦੋਂ ਮੈਂ ਕਿਸੇ ਬੰਦੇ ਨੂੰ ਅਜਿਹੇ ਕੁਬੋਲ ਬੋਲਦਾ ਸੁਣਦਾ ਹਾਂ ਤਾਂ ਮੈਨੂੰ ਜਾਪਦਾ ਹੈ ਕਿ ਇਸ ਦੇ ਸੰਸਕਾਰਾਂ ਵਿਚ ਕਿਤੇ ਬੜੀ ਵੱਡੀ ਘਾਟ ਰਹਿ ਗਈ ਹੈ। ਸ਼ਾਇਦ ਇਸ ਬੰਦੇ ਦੇ ਘਰ ਵਿਚ ਅਜਿਹੀ ਚਾਲ ਪਿਤਾ-ਪੁਰਖੀ ਚਲੀ ਆ ਰਹੀ ਹੋਵੇਗੀ। ਸ਼ਾਇਦ ਇਸ ਦੀ ਧਾਰਮਿਕ ਤੇ ਸੰਸਾਰੀ ਸਿੱਖਿਆ ਨੇ ਇਸ ਨੂੰ ਇਹ ਸੂਝ ਨਹੀਂ ਦਿੱਤੀ ਕਿ ਉਹ ਅਜਿਹੀ ਆਦਤ ਤੋਂ ਛੁਟਕਾਰਾ ਪਾ ਸਕੇ ਜਾਂ ਸ਼ਾਇਦ ਗੁਰਬਾਣੀ ਦੇ ਪ੍ਰਕਾਸ਼ ਦੀ ਕੋਈ ਕਿਰਨ ਵੀ ਇਸ ਦੇ ਅੰਦਰ ਨਹੀਂ ਗਈ। ਗੁਰਬਾਣੀ ਆਖਦੀ ਹੈ-

ਜਿਤੁ ਬੋਲਿਐ ਪਤਿ ਪਾਈਐ
ਸੋ ਬੋਲਿਆ ਪਰਵਾਣੁ॥
ਫਿਕਾ ਬੋਲਿ ਵਿਗੁਚਣਾ,
ਸੁਣਿ ਮੂਰਖ ਮਨ ਅਜਾਣ॥

ਜਿਨ੍ਹਾਂ ਦਾ ਪ੍ਰਭਾਤ ਵੇਲਾ ਹੀ ਫਿਕੇ, ਕੌੜੇ ਤੇ ਕੋਝੇ ਬੋਲਾਂ ਤੋਂ ਆਰੰਭ ਹੁੰਦਾ ਹੈ; ਅਜਿਹੇ ਬੰਦੇ ਜੇ ਕਿਸੇ ਕੌਮ ਦੇ ਲੀਡਰ ਬਣ ਜਾਣਗੇ ਤਾਂ ਉਸ ਕੌਮ ਦਾ ਕੀ ਹਸ਼ਰ ਹੋਵੇਗਾ? ਚੰਗੇ ਸੰਸਕਾਰ ਬਣਾਉਣ ਲਈ ਚੰਗੇ ਆਦਰਸ਼ਾਂ ਦੀ ਲੋੜ ਹੁੰਦੀ ਹੈ। ਗੁਰਬਾਣੀ ਨੇ ਅਜਿਹਾ ਸਰਵ-ਵਿਆਪੀ ਆਦਰਸ਼ ਸਾਡੇ ਸਾਹਮਣੇ ਰੱਖਿਆ। ਗੁਰੂ ਅਰਜਨ ਦੇਵ ਜੀ ਨੇ ਆਪਣੇ ਮਨ ਵਿਚ ਕਲਪਿਤ ਅਕਾਲ ਪੁਰਖ ਨੂੰ ਇਸ ਰੂਪ ਵਿਚ ਚਿਤਰਿਆ-

ਮਿਠ ਬੋਲੜਾ ਜੀ
ਹਰਿ ਸਜਣੁ ਸੁਆਮੀ ਮੇਰਾ॥
ਹਉ ਸੰਮਲਿ ਥੱਕੀ ਜੀ
ਓਹੁ ਕਦੇ ਨ ਬੋਲੈ ਕਉਰਾ॥

ਕੀ ਇਸ ਬਾਰੇ ਸਾਨੂੰ ਮਿਲ-ਜੁਲ ਕੇ ਵਿਚਾਰ ਕਰਨ ਦੀ ਲੋੜ ਨਹੀਂ ਕਿ ਅਸੀਂ ਕਿਹੜੇ ਸੱਭਿਆਚਾਰ ਦੇ ਵਾਰਸ ਹਾਂ? ਜਿਹੋ ਜਿਹੀ ਜੀਵਨ ਜਾਚ ਸਾਨੂੰ ਗੁਰਬਾਣੀ ਰਾਹੀਂ ਮਿਲੀ ਸੀ, ਕੀ ਸਾਡਾ ਅੱਜ ਦਾ ਵਰਤਾਰਾ ਉਸ ਦੇ ਅਨੁਕੂਲ ਹੈ? ਕੀ ਸੰਸਕਾਰ-ਹੀਣਤਾ ਦੇ ਮਾਹੌਲ ਵਿਚ ਜੰਮੇ-ਪਲੇ ਅਜਿਹੇ ਆਗੂ ਆਪਣੇ ਸਮਾਜ ਦੀ ਨਵੀਂ ਪਨੀਰੀ ਵਿਚ ਚੰਗੇ ਆਚਾਰ ਨੂੰ ਉਸਾਰਨ ਦੀ ਸਮਰੱਥਾ ਰੱਖਦੇ ਹਨ? ਅਸੀਂ ਕਿਹੋ ਜਿਹੇ ਸਮਾਜ ਤੇ ਸੱਭਿਆਚਾਰ ਦੀ ਸਿਰਜਣਾ ਕਰ ਰਹੇ ਹਾਂ?

# ਪ੍ਰਛਾਵਿਆਂ ਪਿੱਛੇ ਲੱਗੇ ਲੋਕ

*ਮਜ਼ਹਬੀ ਤੁਅਸਬ ਕਿਸੇ ਵੀ ਮਹਾਂਪੁਰਖ ਨੇ ਨਹੀਂ ਸਿਖਾਇਆ, ਫਿਰ ਵੀ ਦੁਨੀਆਂ ਦੇ ਬਹੁਤ ਸਾਰੇ ਲੋਕ ਆਪਣੇ ਧਰਮਾਂ ਦੀਆਂ ਵਲਗਣਾਂ ਨੂੰ ਪੀਡਿਆਂ ਕਰਦਿਆਂ ਇਸ ਦਾ ਸ਼ਿਕਾਰ ਹੋਏ ਹਨ। ਇਹ ਤੁਅਸਬ ਇਨਸਾਨੀਅਤ ਦਾ ਦੁਸ਼ਮਣ ਹੈ। ਇਸ ਦਾ ਬਹੁਤ ਹੀ ਭੈੜਾ ਚਿਹਰਾ ਦਹਿਸ਼ਤਵਾਦ ਹੈ। ਪਾਕਿਸਤਾਨ ਇਸ ਵਬਾਅ ਤੋਂ ਆਪਣੀ ਹੋਂਦ ਤੋਂ ਹੀ ਸ਼ਿਕਾਰ ਰਿਹਾ ਹੈ। ਆਪਣੀ ਪੁਸਤਕ 'ਚੇਜ਼ਿੰਗ ਏ ਮਿਰਾਜ਼' ਵਿਚ ਤਾਰਿਕ ਫਤਿਹ ਨੇ ਇਸੇ ਗੱਲ ਉਪਰ ਉਂਗਲ ਧਰੀ ਹੈ। ਪ੍ਰੋ. ਕੁਲਵੰਤ ਸਿੰਘ ਰੋਮਾਣਾ ਨੇ ਇਸ ਲੇਖ ਵਿਚ ਇਸੇ ਪੁਸਤਕ ਦੀ ਚਰਚਾ ਕੀਤੀ ਹੈ।-ਸੰਪਾਦਕ*

ਇਹ ਸਤਰ ਤਾਰਿਕ ਫਤਿਹ ਦੀ ਅੰਗਰੇਜ਼ੀ ਵਿਚ ਲਿਖੀ ਕਿਤਾਬ 'ਚੇਜ਼ਿੰਗ ਏ ਮਿਰਾਜ' ਦੇ ਸਿਰਲੇਖ ਦਾ ਪੰਜਾਬੀ ਵਿਚ ਖੁੱਲ੍ਹਾ ਜਿਹਾ ਤਰਜਮਾ ਹੈ। ਤਾਰਿਕ ਫਤਿਹ ਦਾ ਮੰਨਣਾ ਹੈ ਕਿ ਇਸਲਾਮਿਕ ਰਿਆਸਤ ਮਹਿਜ਼ ਪ੍ਰਛਾਵਾਂ ਜਾਂ ਛਲ ਹੈ ਜਿਸ ਨੂੰ ਕਾਇਮ ਕਰਨ ਲਈ ਸੰਸਾਰ ਭਰ ਦੇ ਇਸਲਾਮੀ ਜਹਾਦੀਆਂ ਨੇ ਕਤਲੋ-ਗਾਰਤ ਦੀ ਕਵਾਇਦ ਸ਼ੁਰੂ ਕਰ ਰੱਖੀ ਹੈ। ਮੇਰਾ ਖਿਆਲ ਹੈ ਕਿ ਇਸ ਦਿਲਚਸਪ ਕਿਤਾਬ ਬਾਰੇ ਜਾਣਨ ਤੋਂ ਪਹਿਲਾਂ ਇਸ ਕਿਤਾਬ ਦੇ ਲੇਖਕ ਤਾਰਿਕ ਫ਼ਤਿਹ ਬਾਰੇ ਜਾਣਨਾ ਜ਼ਿਆਦਾ ਦਿਲਚਸਪ ਤੇ ਜ਼ਰੂਰੀ ਹੈ। ਤਾਰਿਕ ਪਾਕਿਸਤਾਨੀ ਮੂਲ ਦਾ ਕੈਨੇਡੀਅਨ ਸ਼ਹਿਰੀ ਹੈ ਜੋ ਸਥਾਪਤ ਲੇਖਕ, ਪੱਤਰਕਾਰ ਤੇ ਟੀ.ਵੀ. ਹੋਸਟ ਹੈ। ਅੰਗਰੇਜ਼ੀ ਵਿਚ ਕਿਤਾਬਾਂ ਦਾ ਲੇਖਕ ਹੋਣ ਤੋਂ ਇਲਾਵਾ ਉਹ



**ਪ੍ਰੋ. ਕੁਲਵੰਤ ਸਿੰਘ ਰੋਮਾਣਾ**
**ਫੋਨ: 209-416-5020**

'ਟੋਰਾਂਟੋ ਸਨ' ਦਾ ਸਥਾਈ ਕਾਲਮਨਵੀਸ ਹੈ ਅਤੇ 'ਤਾਰਿਕ ਫਤਿਹ ਸ਼ੋਅ' ਨਾਂ ਦੇ ਅੰਗਰੇਜ਼ੀ ਟਾਕ ਸ਼ੋਅ ਦਾ ਹੋਸਟ ਹੈ। ਤਾਰਿਕ ਖੁਦ ਤੇ ਉਸ ਦੀਆਂ ਲਿਖਤਾਂ ਹਮੇਸ਼ਾ ਵਿਵਾਦਾਂ ਵਿਚ ਰਹੇ ਹਨ। ਰਵਾਇਤੀ ਮਜ਼ਹਬੀ ਤੇ ਗਰਮਖਿਆਲੀ ਮੁਸਲਮਾਨਾਂ ਅਤੇ ਇਸਲਾਮੀ ਤਨਜ਼ੀਮਾਂ ਨੂੰ ਉਹ ਵਿਹੁ ਵਰਗਾ ਲਗਦਾ ਹੈ ਜਿਸ ਕਾਰਨ ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਮਿਲਦੀਆਂ ਰਹਿੰਦੀਆਂ ਹਨ। ਦੂਜੇ ਪਾਸੇ, ਫਰਾਖਦਿਲ ਮੁਸਲਮਾਨਾਂ ਤੇ ਆਮ ਲੋਕਾਂ ਲਈ ਉਹ ਐਸੀ ਬੁਲੰਦ ਆਵਾਜ਼ ਹੈ ਜੋ ਮੁਸਲਮਾਨਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਰੋਸ਼ਨ ਬਾਤ ਕਰ ਰਿਹਾ ਹੈ।

ਤਾਰਿਕ 1949 ਵਿਚ ਪਾਕਿਸਤਾਨ ਦੇ ਸ਼ਹਿਰ ਕਰਾਚੀ ਵਿਚ ਪੈਦਾ ਹੋਇਆ। ਕਰਾਚੀ ਯੂਨੀਵਰਸਿਟੀ ਤੋਂ ਸਾਇੰਸ ਵਿਚ ਗਰੈਜੂਏਸ਼ਨ ਕੀਤੀ। ਵਿਦਿਆਰਥੀ ਜੀਵਨ ਵਿਚ ਲੀਡਰ ਰਿਹਾ ਹੋਣ ਕਰ ਕੇ ਨੌਕਰੀ ਕਰਨ ਦੀ ਬਜਾਏ ਪੱਤਰਕਾਰੀ ਸ਼ੁਰੂ ਕਰ ਦਿੱਤੀ। ਖੋਜੀ ਪੱਤਰਕਾਰ ਬਣਿਆ ਜਿਸ ਕਾਰਨ ਉਸ ਨੂੰ ਦੋ ਵਾਰ ਜੇਲ੍ਹ ਵੀ ਜਾਣਾ ਪਿਆ। ਲਿਖਣ ਤੇ ਬੋਲਣ ਦੀ ਗੁਲਾਮੀ ਤੋਂ ਤੰਗ ਆ ਕੇ ਉਹ 1977 ਵਿਚ ਦੁਬਈ ਚਲਾ ਗਿਆ ਜਿੱਥੇ ਉਸ ਨੇ 10 ਸਾਲ ਕੌਮੀ ਤੇ ਕੌਮਾਂਤਰੀ ਅਖ਼ਬਾਰਾਂ ਤੇ ਰਸਾਲਿਆਂ ਲਈ ਲਿਖਿਆ ਤੇ ਇਸ਼ਤਿਹਾਰਾਂ ਦਾ ਕੰਮ ਕੀਤਾ। ਫਿਰ 1987 ਵਿਚ ਕੈਨੇਡਾ ਜਾ ਡੇਰੇ ਲਾਏ ਅਤੇ ਅੱਜਕੱਲ੍ਹ ਉਹ ਉਥੋਂ ਦਾ ਸ਼ਹਿਰੀ ਹੈ। ਉਸ ਨੇ ਪਾਕਿਸਤਾਨ ਨੂੰ ਬੜਾ ਨੇੜਿਉਂ ਵੇਖਿਆ ਹੈ, ਖੌਰੇ ਇਸੇ ਲਈ ਪਾਕਿਸਤਾਨ ਬਾਰੇ ਉਸ ਦੇ ਵਿਚਾਰ ਬੜੇ ਸਖਤ ਹਨ। ਉਹ ਕਹਿੰਦਾ ਹੈ ਕਿ ਪਾਕਿਸਤਾਨ ਬਣਿਆ ਹੀ ਸਾਜ਼ਿਸ਼ ਦੀ ਬੁਨਿਆਦ 'ਤੇ ਹੈ। ਨਾ ਇਹ ਮੁਸਲਿਮ ਲੀਗ ਦੀ ਮੰਗ ਸੀ ਤੇ ਨਾ ਹੀ ਜਿਨਾਹ ਦੀ। ਅਸਲ ਵਿਚ ਦੱਖਣੀ ਏਸ਼ੀਆ ਵਿਚ ਇਸ ਤਰ੍ਹਾਂ ਦਾ ਦੇਸ਼ ਕਾਇਮ ਕਰਨਾ ਦੂਜੀ ਸੰਸਾਰ ਜੰਗ ਤੋਂ ਬਾਅਦ ਯੂਰਪੀ ਬਸਤੀਵਾਦੀਆਂ ਦੀ ਜ਼ਰੂਰਤ ਸੀ। ਇਸੇ ਲਈ ਇਹ ਮੁਲਕ ਅੱਜ ਤੱਕ ਕਲੋਨੀ ਵਾਂਗ ਹੀ ਵਰਤਿਆ ਜਾ ਰਿਹਾ ਹੈ। ਇਸ ਦਾ ਵੱਡਾ ਕਾਰਨ ਹੈ ਕਿ ਇਹ ਦੇਸ਼ ਝੂਠ 'ਚੋਂ ਜਨਮਿਆ ਤੇ ਅੱਜ ਵੀ ਇਸ ਦੇਸ਼ ਦੇ ਹਰ ਸ਼ੋਅਬੇ ਵਿਚ ਝੂਠ ਪ੍ਰਧਾਨ ਹੈ।

ਤਾਲੀਮ ਨੂੰ ਹੀ ਲੈ ਲਉ। ਤਾਰਿਕ ਕਹਿੰਦਾ ਹੈ ਕਿ ਪੰਜਾਬੀ, ਬਲੋਚ ਤੇ ਪਖਤੂਨ ਬੱਚੇ ਆਪਣੇ ਸਕੂਲਾਂ ਵਿਚ ਆਪਣੀ ਮਾਤ-ਭਾਸ਼ਾ ਪੰਜਾਬੀ, ਬਲੋਚੀ ਜਾਂ ਪਖਤੂਨ ਨਹੀਂ ਪੜ੍ਹ ਸਕਦੇ। ਉਨ੍ਹਾਂ ਨੂੰ ਉਰਦੂ ਹੀ ਪੜ੍ਹਾਈ ਜਾਂਦੀ ਹੈ। ਸੂਬਾਈ ਭਾਸ਼ਾਵਾਂ ਨੂੰ ਅਨਪੜ੍ਹ ਗਵਾਰਾਂ ਦੀ ਭਾਸ਼ਾ ਸਮਝਿਆ ਜਾਂਦਾ ਹੈ। ਮਾਦਰੀ ਜ਼ੁਬਾਨ ਤੋਂ ਬੇਗਾਨੀਆਂ ਹੋਈਆਂ ਕੌਮਾਂ ਕਦੇ ਵੀ ਤਰੱਕੀ ਨਹੀਂ ਕਰ ਸਕਦੀਆਂ। ਤਾਰਿਕ ਅਨੁਸਾਰ ਇਥੇ ਹੀ ਬੱਸ ਨਹੀਂ, ਪਾਠ ਪੁਸਤਕਾਂ ਵਿਚ ਬੱਚਿਆਂ ਨੂੰ ਇਹ ਵੀ ਪੜ੍ਹਾਇਆ ਜਾਂਦਾ ਹੈ ਕਿ ਪਾਕਿਸਤਾਨ ਦੀ ਫੌਜ ਬੜੀ ਬਹਾਦਰ ਤੇ ਹੁੱਬ-ਏ-ਵਤਨ ਹੈ। ਇਹ ਵੀ ਦੱਸਿਆ ਜਾਂਦਾ ਹੈ ਕਿ ਭਾਰਤ ਨੇ ਚਾਰ ਵਾਰ ਪਾਕਿਸਤਾਨ 'ਤੇ ਹਮਲਾ ਕੀਤਾ ਤੇ ਪਾਕਿਸਤਾਨ ਨੇ ਚਾਰੇ ਵਾਰ ਭਾਰਤ ਨੂੰ ਸ਼ਿਕਸਤ ਦਿੱਤੀ। ਅਸਲੀਅਤ ਇਹ ਹੈ ਕਿ ਪਾਕਿ ਫੌਜ ਨਾ ਬਹਾਦਰ ਹੈ ਤੇ ਨਾ ਹੀ ਹੁੱਬ-ਏ-ਵਤਨ ਹੈ। ਇਹ ਵੀ ਸੱਚ ਹੈ ਕਿ ਭਾਰਤ ਨਾਲ ਸਭ ਯੁੱਧਾਂ ਵਿਚ ਪਹਿਲਾਂ ਹਮਲਾ ਪਾਕਿਸਤਾਨ ਨੇ ਕੀਤਾ ਤੇ ਹਾਰ ਵੀ ਪਾਕਿਸਤਾਨ ਦੀ ਹੋਈ। ਹੁੱਬ-ਏ-ਵਤਨੀ ਜਾਂ ਦੇਸ਼ ਭਗਤੀ ਦਾ ਇਹ ਹਾਲ ਹੈ ਕਿ ਵੱਡੇ ਲੋਕਾਂ ਦੇ ਬੱਚਿਆਂ ਦੀ ਪਹਿਲੀ ਪਸੰਦ ਫੌਜੀ ਅਫ਼ਸਰ ਬਣਨਾ ਹੈ। ਕਾਰਨ? ਨੌਕਰੀ ਦੌਰਾਨ ਪੈਸੇ ਦੇ ਖੁੱਲ੍ਹੇ ਗੱਫੇ ਮਿਲਦੇ ਹਨ, ਕਿਉਂਕਿ ਫੌਜ ਆਪਣਾ ਬਜਟ ਆਪ ਤੈਅ ਕਰਦੀ ਹੈ। ਜਿਥੇ ਵੀ ਕੋਈ ਨਵੀਂ ਕਲੋਨੀ ਬਣਦੀ ਹੈ, ਪਹਿਲਾਂ ਇਕ-ਦੋ ਵੱਡੇ ਤੇ ਚੰਗੇ ਪਲਾਟ ਫੌਜੀ ਜਰਨੈਲਾਂ ਦੀ ਨਜ਼ਰ ਕੀਤੇ ਜਾਂਦੇ ਹਨ। ਰਿਟਾਇਰਮੈਂਟ 'ਤੇ ਇੰਨੀ ਕੁ ਜ਼ਮੀਨ ਮਿਲਦੀ ਹੈ ਕਿ ਰਿਟਾਇਰ ਜਰਨੈਲ ਚੰਗਾ ਜ਼ਿਮੀਂਦਾਰ ਬਣ ਜਾਂਦਾ ਹੈ ਤੇ ਉਸ ਨੂੰ ਚੰਗਾ ਸਿਵਲ ਅਹੁਦਾ ਵੀ ਮਿਲ ਜਾਂਦਾ ਹੈ। ਸਿਰਫ਼ ਫੌਜ ਦਾ ਇਹ ਹਾਲ ਨਹੀਂ, ਸਗੋਂ ਹਰ ਅਦਾਰੇ ਦਾ ਮੂਲ ਮੰਤਰ ਹੀ ਪੈਸਾ ਹੈ। ਤਾਰਿਕ ਕਹਿੰਦਾ ਹੈ ਕਿ ਉਥੇ ਪੈਸੇ ਨਾਲ ਤੁਸੀਂ ਐਟਮ ਬੰਬ ਤੋਂ ਲੈ ਕੇ ਜੱਜ ਤੱਕ ਖਰੀਦ ਸਕਦੇ ਹੋ। ਕਮਾਲ ਦੀ ਬਾਤ ਇਹ ਹੈ ਕਿ ਇਹ ਸਭ ਕੁਝ ਅੱਲਾ ਦੇ ਨਾਮ 'ਤੇ ਹੋ ਰਿਹਾ ਹੈ!




*ਤਾਰਿਕ ਫਤਿਹ ਦੀ ਕਿਤਾਬ 'ਚੇਜ਼ਿੰਗ ਏ ਮਿਰਾਜ਼' ਦਾ ਟਾਈਟਲ*

ਉਹ ਦੱਸਦਾ ਹੈ ਕਿ ਜੋ ਕੁਝ ਥੋੜ੍ਹਾ-ਬਹੁਤਾ ਪਾਕਿਸਤਾਨ ਵਿਚ ਹਾਂ-ਪੱਖੀ ਸੀ, ਉਸ ਦਾ ਭੱਠਾ ਜ਼ਿਆ-ਉਲ-ਹੱਕ ਨੇ ਬਿਠਾ ਦਿੱਤਾ। ਉਸ ਨੇ ਪਾਕਿਸਤਾਨ ਨੂੰ ਲਿਖਤੀ ਤੌਰ 'ਤੇ ਮਜ਼ਹਬੀ ਸਟੇਟ ਬਣਾ ਦਿੱਤਾ ਜਿਥੇ ਜੋ ਕੋਈ ਮੁਸਲਮਾਨ ਹੈ ਤਾਂ ਉਹ ਇਕ ਨੰਬਰ ਦਾ ਸ਼ਹਿਰੀ ਹੈ; ਬਾਕੀ ਸਭ ਦਰਜਾ ਦੋਇਮ। ਜਿਸ ਮੁਲਕ ਵਿਚ ਸ਼ਹਿਰੀਅਤ ਦਾ ਤਾਅਲੁਕ ਸਿੱਧਾ ਮਜ਼ਹਬ ਨਾਲ ਹੋਵੇ, ਉਸ ਨੇ ਬੁਰੀ ਰਿਆਸਤ (Rogue State) ਤਾਂ ਬਣਨਾ ਹੀ ਬਣਨਾ ਹੈ। ਤੇ ਪਾਕਿਸਤਾਨ ਐਸੀ ਹੀ ਰਿਆਸਤ ਬਣ ਗਿਆ ਹੈ। ਪੰਜਾਬ ਦੇ ਗਵਰਨਰ ਸਲਮਾਨ ਤਾਸੀਰ ਨੂੰ ਉਸ ਦੇ ਬਾਡੀਗਾਰਡ ਨੇ ਗੋਲੀਆਂ ਨਾਲ ਭੁੰਨ ਦਿੱਤਾ, ਕਿਉਂਕਿ ਉਹ ਬੇਕਸੂਰ ਗਰੀਬ ਇਸਾਈ ਔਰਤ ਨੂੰ ਮੁਲਾਣੇ ਵੱਲੋਂ ਦਿੱਤੀ ਮੌਤ ਦੀ ਸਜ਼ਾ ਦੇ ਖਿਲਾਫ਼ ਸੀ ਤੇ ਉਸ ਨਾਲ ਹਮਦਰਦੀ ਪ੍ਰਗਟ ਕਰਨ ਲਈ ਉਸ ਨੂੰ ਜੇਲ੍ਹ ਵਿਚ ਮਿਲਣ ਗਿਆ ਸੀ। ਜਦੋਂ ਇਸ ਬਾਡੀਗਾਰਡ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ ਤਾਂ ਸੈਂਕੜੇ ਵਕੀਲਾਂ ਨੇ ਉਸ ਉਤੇ ਫੁੱਲਾਂ ਦੀ ਵਰਖਾ ਕੀਤੀ। ਇਨ੍ਹਾਂ ਹੀ ਵਕੀਲਾਂ ਵਿਚੋਂ ਇਕ, ਅੱਜ ਇਸਲਾਮਾਬਾਦ ਹਾਈਕੋਰਟ ਦਾ ਜੱਜ ਹੈ। ਤਾਰਿਕ ਪੁੱਛਦਾ ਹੈ ਕਿ ਐਸੇ ਮੁਲਕ ਵਿਚ ਕੀ ਕੋਈ ਇਨਸਾਫ਼ ਦੀ ਤਵੱਕੋ ਕਰ ਸਕਦਾ ਹੈ?

ਜਦੋਂ ਉਹ ਪਾਕਿਸਤਾਨ ਬਾਰੇ ਇਸ ਤਰ੍ਹਾਂ ਦੀਆਂ ਗੱਲਾਂ ਕਰਦਾ ਹੈ ਤਾਂ ਅਕਸਰ ਉਸ ਨੂੰ ਪੁੱਛਿਆ ਜਾਂਦਾ ਹੈ ਕਿ ਪਾਕਿਸਤਾਨ ਵਿਚ ਜਨਮ ਲੈ ਕੇ ਉਹ ਪਾਕਿਸਤਾਨ ਦੇ ਐਨਾ ਖਿਲਾਫ਼ ਕਿਉਂ ਹੈ? ਉਸ ਦਾ ਜਵਾਬ ਬੜਾ ਸਪੱਸ਼ਟ ਹੁੰਦਾ ਹੈ। ਉਹ ਕਹਿੰਦਾ ਹੈ, "ਮੈਂ ਪਾਕਿਸਤਾਨ ਵਿਚ ਪੈਦਾ ਹੋਇਆ ਹਿੰਦੋਸਤਾਨੀ ਹਾਂ। ਮੇਰੇ ਵਡੇਰੇ 18ਵੀਂ ਸਦੀ ਵਿਚ ਹਿੰਦੂਆਂ ਤੋਂ ਮੁਸਲਮਾਨ ਹੋਏ ਸਨ। ਮੈਂ ਪੰਜਾਬੀ ਹਾਂ ਜੋ ਇਸਲਾਮ ਵਿਚ ਪੈਦਾ ਹੋਇਆ; ਕੈਨੇਡੀਅਨ ਇਮੀਗਰਾਂਟ ਹਾਂ ਜੋ ਐਸੀ ਮੁਸਲਿਮ ਚੇਤੰਨਤਾ ਦਾ ਮਾਲਕ ਹਾਂ ਜਿਸ ਦੀਆਂ ਜੜ੍ਹਾਂ ਮਾਰਕਸਵਾਦ ਵਿਚ ਹਨ। ਕੈਨੇਡਾ ਨੇ ਮੇਰੇ ਅੰਦਰ ਜੁਰਅਤ ਪੈਦਾ ਕੀਤੀ ਹੈ ਜਿਸ ਕਰਕੇ ਮੈਂ ਆਪਣੇ ਮਜ਼ਹਬ ਦੇ ਇਸਲਾਮੀ ਅਗਵਾਕਾਰਾਂ ਖਿਲਾਫ਼ ਬੁਲੰਦ ਆਵਾਜ਼ ਵਿਚ ਬੋਲ ਸਕਿਆ ਹਾਂ। ਤਾਰਿਕ ਇਹ ਇੰਕਸ਼ਾਫ਼ ਵੀ ਕਰਦਾ ਹੈ ਕਿ ਭਾਵੇਂ ਪਾਕਿਸਤਾਨ ਤੇ ਬੰਗਲਾਦੇਸ਼ ਮੁਸਲਿਮ ਮੁਲਕ ਹਨ ਪਰ ਇਨ੍ਹਾਂ ਦੋਹਾਂ ਦੇਸ਼ਾਂ ਦੇ ਆਮ ਮੁਸਲਮਾਨਾਂ ਨਾਲੋਂ ਭਾਰਤ ਵਿਚਲੇ ਆਮ ਮੁਸਲਮਾਨਾਂ ਦੀ ਹਾਲਤ ਕਿਤੇ ਬਿਹਤਰ ਹੈ। ਉਨ੍ਹਾਂ ਕੋਲ ਤਰੱਕੀ ਤੇ ਖੁਸ਼ਹਾਲੀ ਦੇ ਵੱਧ ਮੌਕੇ ਹਨ। ਉਥੇ ਗਰੀਬ ਮੁਸਲਮਾਨਾਂ ਦੀ ਵੱਧ ਸੁਣਵਾਈ ਹੈ।

'ਚੇਜ਼ਿੰਗ ਏ ਮਿਰਾਜ਼' ਵਿਚ ਉਹ ਦੱਸਦਾ ਹੈ ਕਿ ਇਸਲਾਮਪ੍ਰਸਤ ਹਮੇਸ਼ਾ ਇਹ ਕਹਿੰਦੇ ਹਨ ਕਿ ਮੁਹੰਮਦ ਸਾਹਿਬ ਦੀ ਮੌਤ ਤੋਂ ਬਾਅਦ ਦਾ ਸਮਾਂ ਇਸਲਾਮ ਲਈ ਸੁਨਹਿਰੀ ਯੁੱਗ ਸੀ ਅਤੇ ਅੱਜ ਮੁਸਲਿਮ ਜਗਤ ਦੀ ਲੋੜ ਹੈ ਕਿ ਉਸੇ ਸੁਨਹਿਰੀ ਯੁੱਗ ਨੂੰ ਮੁੜ ਜ਼ਿੰਦਾ ਕੀਤਾ ਜਾਵੇ। ਤਾਰਿਕ ਸਮਝਦਾ ਹੈ ਕਿ ਮੁਸਲਮਾਨਾਂ ਨੇ ਮੁਹੰਮਦ ਸਾਹਿਬ ਨੂੰ ਦਫ਼ਨ ਕਰਨ ਵੇਲੇ ਇਸਲਾਮ ਦੇ ਉਹ ਕਾਇਦੇ ਕਾਨੂੰਨ ਵੀ ਨਾਲ ਹੀ ਦਫ਼ਨ ਕਰ ਦਿੱਤੇ ਸਨ ਜਿਨ੍ਹਾਂ ਦਾ ਹਜ਼ਰਤ ਮੁਹੰਮਦ ਪ੍ਰਚਾਰ ਕਰਦੇ ਰਹੇ ਸਨ। ਇਸਲਾਮੀ ਤਾਰੀਖ ਦਸਦੀ ਹੈ ਕਿ ਲੋਕਾਂ ਨੇ ਸੱਤਾ ਦੀ ਲਾਲਸਾ ਵੱਸ ਮੁਹੰਮਦ ਸਾਹਿਬ ਦੇ ਨਾਮ 'ਤੇ ਇਕ-ਦੂਜੇ ਨੂੰ ਕਤਲ ਕੀਤਾ ਹੈ ਅਤੇ ਇਹ ਰੁਝਾਨ ਮੁਹੰਮਦ ਸਾਹਿਬ ਦੀ ਮੌਤ ਤੋਂ ਕੁਝ ਹੀ ਘੰਟੇ ਬਾਅਦ ਸ਼ੁਰੂ ਹੋ ਗਿਆ ਸੀ। ਅੱਜ ਇਸਲਾਮਪ੍ਰਸਤਾਂ ਦੇ ਡਰ ਕਾਰਨ ਇਸ ਕੌੜੀ ਸੱਚਾਈ ਨੂੰ ਇਤਿਹਾਸ ਵਿਚ ਲਿਪ-ਪੋਚ ਕੇ ਪੇਸ਼ ਕੀਤਾ ਜਾ ਰਿਹਾ ਹੈ। ਇਹੋ ਕਾਰਨ ਹੈ ਕਿ ਅੱਜਕੱਲ੍ਹ ਇਸਲਾਮ ਇਕ ਫਾਸ਼ੀ, ਦਕੀਆਨੂਸ ਅਤੇ ਮਧਯੁੱਗੀ ਵਰਤਾਰਾ ਲੱਗਣ ਲੱਗ ਪਿਆ ਹੈ। ਮਿਸਾਲ ਦੇ ਤੌਰ 'ਤੇ ਮੁਸਲਿਮ ਬ੍ਰਦਰਹੁੱਡ ਤੇ ਜਮਾਇਤ-ਏ-ਇਸਲਾਮੀ ਵਰਗੀਆਂ ਇਸਲਾਮੀ ਤਨਜ਼ੀਮਾਂ ਮੁਸਲਮਾਨਾਂ ਨਾਲ ਹੋ ਰਹੀ ਬੇਇਨਸਾਫ਼ੀ ਲਈ ਨਹੀਂ ਲੜ ਰਹੀਆਂ ਜਿਵੇਂ ਇਹ ਪ੍ਰਚਾਰ ਕਰ ਰਹੀਆਂ ਹਨ, ਸਗੋਂ ਇਹ ਤਾਰੀਖ਼ ਨੂੰ ਪੁੱਠਾ ਗੇੜਾ ਦੇ ਕੇ ਉਸ ਮੁਕਾਮ 'ਤੇ ਲੈ ਜਾਣਾ ਚਾਹੁੰਦੀਆਂ ਹਨ ਜਿਥੇ ਮੁਸਲਿਮ ਆਵਾਮ ਇਨ੍ਹਾਂ ਦਾ ਹਰ ਨਾਦਰੀ ਫਰਮਾਨ ਸਿਰ ਝੁਕਾ ਕੇ ਮੰਨਣ। ਇਹ ਸਭ ਕੁਝ ਸੱਤਾ ਦੇ ਭੁੱਖੇ ਲੋਕ ਮਜ਼ਹਬ ਨੂੰ ਸੰਦ ਬਣਾ ਕੇ ਸਮਾਜ 'ਤੇ ਕਾਬਜ਼ ਹੋਣ ਦੀ ਲਾਲਸਾ ਵੱਸ ਕਰ ਰਹੇ ਹਨ।

ਤਾਰਿਕ ਅਨੁਸਾਰ ਇਸਲਾਮਪ੍ਰਸਤਾਂ ਦਾ ਇਹ ਮਿਸ਼ਨ ਮਹਿਜ਼ ਕਬਾਇਲੀ ਯੁੱਗ ਦਾ ਸੁਪਨਾ ਹੈ ਜੋ ਅੱਜ ਦੇ ਵਿਗਿਆਨਕ ਯੁੱਗ ਵਿਚ ਕਦੇ ਸਾਕਾਰ ਨਹੀਂ ਹੋ ਸਕਦਾ, ਪਰ ਇਸ ਪ੍ਰਛਾਵੇਂ ਨੂੰ ਫੜਨ ਪਿੱਛੇ ਲਾਈ ਆਪਣੀ ਦੌੜ ਕਾਰਨ ਇਸਲਾਮਪ੍ਰਸਤਾਂ ਨੇ ਸੰਸਾਰ ਭਰ ਵਿਚ ਆਮ ਮੁਸਲਮਾਨਾਂ ਨੂੰ ਦੋਜ਼ਖ ਵਿਚ ਪਾ ਦਿੱਤਾ ਹੈ। ਪਾਕਿਸਤਾਨ, ਸੁਡਾਨ, ਇਰਾਕ ਅਤੇ ਸੀਰੀਆ ਦੀ ਹਾਲਤ ਵੇਖੋ! ਹਰ ਰੋਜ਼ ਮੁਸਲਮਾਨ ਧੜਾ-ਧੜ ਥੋਕ ਵਿਚ ਮੁਸਲਮਾਨਾਂ ਨੂੰ ਕਤਲ ਕਰ ਰਹੇ ਹਨ। ਸਿਤਮਜ਼ਰੀਫ਼ੀ ਇਹ ਕਿ ਇਸਲਾਮ ਦੇ ਨਾਂ 'ਤੇ ਲਗਦਾ ਹੈ ਕਿ ਮੁਸਲਿਮ ਸੰਸਾਰ ਜੋਰੈਸਿਕ ਪਾਰਕ ਦੀ ਸ਼ਕਲ ਅਖਤਿਆਰ ਕਰ ਰਿਹਾ ਹੈ।

ਤਾਰਿਕ ਸਵਾਲ ਕਰਦਾ ਹੈ ਕਿ ਅੱਜ ਦੇ ਯੁੱਗ ਵਿਚ ਕੀ ਐਸੀ ਰਿਆਸਤ ਕਾਇਮ ਹੋ ਸਕਦੀ ਹੈ ਜਿਥੇ ਕੋਈ ਟੀ.ਵੀ., ਰੇਡੀਓ, ਸਿਨੇਮਾ ਜਾਂ ਕੋਈ ਗੀਤ-ਸੰਗੀਤ ਨਹੀਂ ਹੋਵੇਗਾ? ਹੁਣ ਤਾਂ ਸਗੋਂ ਇਹ ਸਭ ਕੁਝ ਤੁਹਾਡੀ ਜੇਬ ਵਿਚਲੇ ਮੋਬਾਈਲ ਫੋਨ ਵਿਚ ਮੌਜੂਦ ਹੈ! ਕੀ ਕੋਈ ਐਸੀ ਰਿਆਸਤ ਕਾਇਮ ਹੋ ਸਕਦੀ ਹੈ ਜਿਥੇ ਪੋਲੀਓ ਵਰਗੀ ਖਤਰਨਾਕ ਬਿਮਾਰੀ ਦਾ ਇਲਾਜ ਹੀ ਵਰਜਿਤ ਹੋਵੇ ਜਦੋਂਕਿ ਯੂ.ਐਨ.ਓ. ਦੇ ਸਿਹਤ ਸਬੰਧੀ ਅਦਾਰੇ ਡਬਲਿਊ.ਐਚ.ਡੀ. ਨੇ ਇਸ ਦਾ ਨਾਮੋ-ਨਿਸ਼ਾਨ ਮਿਟਾਉਣ ਦਾ ਤਹੱਈਆ ਕੀਤਾ ਹੋਇਆ ਹੈ। ਕੀ ਸੰਸਾਰ ਦੇ ਕਿਸੇ ਖਿੱਤੇ ਵਿਚ ਕੁੜੀਆਂ ਨੂੰ ਸਕੂਲਾਂ ਵਿਚ ਪੜ੍ਹਨੋਂ ਰੋਕਿਆ ਜਾ ਸਕਦਾ ਹੈ ਜਦੋਂ ਮਲਾਲਾ ਵਰਗੀ ਕੁੜੀ ਨੂੰ ਆਪਣਾ ਬਣਾਉਣ ਲਈ ਸਾਰਾ ਸੰਸਾਰ ਬਾਹਾਂ ਉਲਾਰ ਰਿਹਾ ਹੈ ਤੇ ਸੰਸਾਰ ਦਾ ਸਭ ਤੋਂ ਵੱਡਾ ਇਨਾਮ ਨੋਬੇਲ ਉਸ ਨੂੰ ਦੇਣ ਦੀ ਵਿਉਂਤ ਬਣਾ ਰਿਹਾ ਹੈ। ਤਾਰਿਕ ਅਨੁਸਾਰ ਇਸਲਾਮੀ ਰਿਆਸਤ ਦੀ ਕਾਇਮੀ ਲਈ ਹੋ ਰਹੀ ਇਹ ਖੂਨੀ ਕਵਾਇਦ ਅੱਜ ਨਾ ਸਿਰਫ਼ ਮੁਸਲਮਾਨਾਂ ਲਈ, ਸਗੋਂ ਸੰਸਾਰ ਦੇ ਸਾਰੇ ਲੋਕਾਂ ਲਈ ਡਾਢੇ ਫ਼ਿਕਰ ਦਾ ਮਸਲਾ ਹੈ। ਇਸ ਦਾ ਇਕੋ-ਇਕ ਹੱਲ ਹੈ ਜੋ ਖੁਦ ਮੁਸਲਮਾਨ ਹੀ ਕਰ ਸਕਦੇ ਹਨ। ਇਸਲਾਮ ਨੂੰ ਸਿਆਸੀ ਸੰਦ ਦੇ ਤੌਰ 'ਤੇ ਵਰਤਣ ਖਿਲਾਫ਼ ਸੰਸਾਰ ਪੱਧਰ ਦਾ ਮੁਹਾਜ਼ ਖੜ੍ਹਾ ਕੀਤਾ ਜਾਵੇ। ਇਸਲਾਮ ਤੇ ਇਸਲਾਮੀ ਤਾਰੀਖ਼ ਦੀ ਸਹੀ ਤੇ ਵਿਸਥਾਰ ਵਾਲੀ ਵਿਆਖਿਆ ਆਮ ਲੋਕਾਂ, ਖਾਸ ਕਰ ਮੁਸਲਿਮ ਆਵਾਮ ਤਕ ਪਹੁੰਚਾਈ ਜਾਵੇ। ਇਸਲਾਮ ਨੂੰ ਮਾਡਰਨ ਸੰਸਾਰ ਦੇ ਹਵਾਲੇ ਨਾਲ ਵੱਡੇ ਫਰਕ ਬਾਰੇ ਦੱਸਿਆ ਜਾਵੇ। ਦੱਸਿਆ ਜਾਵੇ ਕਿ ਇਸਲਾਮ ਇਕ ਮਜ਼ਹਬ ਹੈ ਜੋ ਬੰਦੇ ਵਾਸਤੇ ਪਾਕ, ਸਾਦਾ ਅਤੇ ਸਾਫ-ਸ਼ਫ਼ਾਫ਼ ਜੀਵਨ ਜਾਚ ਦੀ ਨਿਸ਼ਾਨਦੇਹੀ ਕਰਦਾ ਹੈ ਅਤੇ ਇਸਲਾਮੀ ਰਿਆਸਤ ਇਕ ਛਲ ਹੈ ਜਿਸ ਦਾ ਮਜ਼ਹਬ ਨਾਲ ਕੋਈ ਸਬੰਧ ਨਹੀਂ। ਅੱਜਕੱਲ੍ਹ ਤਾਰਿਕ ਆਪਣੀ ਅਗਲੀ ਕਿਤਾਬ (Jinah's Orphans) 'ਜਿਨਾਹ ਦੇ ਯਤੀਮ' ਲਿਖਣ ਵਾਸਤੇ ਸਮੱਗਰੀ ਇਕੱਠੀ ਕਰਨ ਲਈ ਭਾਰਤ ਦੌਰੇ 'ਤੇ ਹੈ।

ਤਾਰਿਕ ਫਤਿਹ ਨੇ ਮਜ਼ਹਬ ਨੂੰ ਸਿਆਸੀ ਸੰਦ ਵਜੋਂ ਵਰਤੇ ਜਾਣ 'ਤੇ ਇਸ ਦੇ ਖ਼ਤਰਨਾਕ ਨਤੀਜਿਆਂ ਦੀ ਗੱਲ ਕੀਤੀ ਹੈ ਪਰ ਜਦੋਂ ਕਿਸੇ ਸ਼ੈਅ ਦੀ ਪੈਦਾਇਸ਼ ਹੀ ਕਿਸੇ ਸ਼ਾਤਰ ਤਰੀਕੇ ਨਾਲ ਖਾਸ ਮਿਸ਼ਨ ਦੀ ਪੂਰਤੀ ਲਈ ਹੋਈ ਹੋਵੇ ਤਾਂ ਉਸ ਦਾ ਉਸੇ ਮਿਸ਼ਨ ਦੀ ਪ੍ਰਾਪਤੀ ਲਈ ਵਰਤਿਆ ਜਾਣਾ ਸੁਭਾਵਕ ਹੈ। ਸੰਸਾਰ ਭਰ ਦੇ ਵਿਗਿਆਨਕ ਸੋਚ ਰੱਖਣ ਵਾਲੇ ਦਾਨਸ਼ਵਰਾਂ ਨੇ ਚਿਰੋਕਣਾ ਇਹ ਤੱਥ ਚਿੱਟੇ ਦਿਨ ਵਾਂਗ ਸਾਫ ਕਰ ਦਿੱਤਾ ਹੈ ਕਿ ਮਨੁੱਖੀ ਸਮਾਜ ਦੇ ਸ਼ੁਰੂ ਵਿਚ ਹੀ ਸ਼ਾਤਰ ਕਿਸਮ ਦੇ ਲੋਕਾਂ ਨੇ ਕੁਦਰਤੀ ਆਫ਼ਤਾਂ ਨੂੰ ਬੱਦਲਾਂ ਤੋਂ ਪਾਰ ਦਫਤਰ ਖੋਲ੍ਹੀ ਬੈਠੇ ਡਾਢੇ ਭਾਈ ਜਿਸ ਨੂੰ ਰੱਬ/ਖੁਦਾ ਕਹਿੰਦੇ ਹਨ, ਦੀ ਕਾਰਵਾਈ ਦੱਸ ਕੇ ਆਮ ਲੋਕਾਂ ਦੇ ਮਨਾਂ ਵਿਚ ਐਸਾ ਭੈਅ ਪੈਦਾ ਕੀਤਾ ਕਿ ਉਹ ਹਰ ਕਿਸਮ ਦੇ ਕੁਦਰਤੀ ਕਹਿਰ ਨੂੰ ਉਸੇ ਡਾਢੇ ਦੀ ਕਰੋਪੀ ਸਮਝਦੇ ਰਹੇ। ਇਸੇ ਡਰ ਤੇ ਵਹਿਮ ਵਿਚੋਂ ਪੁੰਨ-ਪਾਪ, ਨਰਕ-ਸਵਰਗ, ਅਗਲਾ ਜਹਾਨ/ਪਿਛਲਾ ਜਹਾਨ ਅਤੇ ਜਾਤ-ਪਾਤ ਪੈਦਾ ਹੋ ਗਏ। ਇਹ ਸਭ ਕੁਝ ਰਲ ਕੇ ਸਿਸਟਮ ਬਣ ਗਿਆ ਤੇ ਆਦਿ ਕਾਲ ਤੋਂ ਹੀ ਚੌਧਰੀ ਲੋਕ ਇਸ ਨੂੰ ਆਪਣੀ ਚੌਧਰ ਕਾਇਮ ਰੱਖਣ ਲਈ ਸੰਦ ਵਜੋਂ ਵਰਤਦੇ ਰਹੇ ਹਨ।

ਜੇ ਭਾਰਤ ਦੀ ਗੱਲ ਕਰੀਏ ਤਾਂ ਕਹਿ ਸਕਦੇ ਹਾਂ ਕਿ ਉਥੋਂ ਦੀਆਂ ਸਾਰੀਆਂ ਸਿਆਸੀ ਧਿਰਾਂ ਸੱਤਾ ਹਾਸਲ ਕਰਨ ਲਈ ਅਤੇ ਸੱਤਾ ਵਿਚ ਕਾਇਮ ਰਹਿਣ ਲਈ ਇਸ ਸਿਸਟਮ ਨੂੰ ਬਲੈਕਮੇਲ ਕਰਦੀਆਂ ਹਨ। ਜੇ ਭਾਜਪਾ ਤੇ ਅਕਾਲੀ ਦਲ ਸਿੱਧੇ ਤੌਰ 'ਤੇ ਮਜ਼ਹਬ (ਧਰਮ) ਨੂੰ ਸਿਆਸੀ ਸੰਦ ਵਜੋਂ ਵਰਤਦੇ ਹਨ ਤਾਂ ਦੂਜੀਆਂ ਪਾਰਟੀਆਂ ਜਿਵੇਂ ਕਾਂਗਰਸ ਜਾਂ ਹੋਰ ਖੇਤਰੀ ਪਾਰਟੀਆਂ ਧਰਮ ਵਿਚੋਂ ਫੁੱਟੀਆਂ ਬ੍ਰਾਂਚਾਂ ਜਿਵੇਂ ਜਾਤ-ਪਾਤ, ਖੇਤਰੀਵਾਦ ਆਦਿ ਦਾ ਸਹਾਰਾ ਲੈਂਦੀਆਂ ਹਨ। ਇਨ੍ਹਾਂ ਧਿਰਾਂ ਨੂੰ ਇਸ ਦੀ ਕੀਮਤ ਵੀ ਕੋਈ ਘੱਟ ਨਹੀਂ ਤਾਰਨੀ ਪੈਂਦੀ, ਕੁਰੱਪਟ ਤੇ ਅਪਰਾਧੀ ਕਿਸਮ ਦੇ ਬੰਦਿਆਂ ਦੀ ਸਰਪ੍ਰਸਤੀ ਕਰਨੀ ਪੈਂਦੀ ਹੈ। ਮਿਸਾਲ ਵਜੋਂ ਕਰਨਾਟਕ ਸੂਬੇ ਵਿਚ ਲੰਘੀ 5 ਮਈ ਨੂੰ ਵੋਟਾਂ ਪਈਆਂ ਹਨ। ਕੁਝ 223 ਸੀਟਾਂ ਲਈ ਚੋਣ ਲੜ ਰਹੇ ਉਮੀਦਵਾਰਾਂ ਵਿਚੋਂ 123 ਐਸੇ ਹਨ ਜੋ ਅਪਰਾਧੀ ਹਨ ਤੇ ਜੇਲ੍ਹਾਂ ਵਿਚੋਂ ਜ਼ਮਾਨਤ 'ਤੇ ਆ ਕੇ ਚੋਣ ਲੜ ਰਹੇ ਹਨ। ਇਨ੍ਹਾਂ ਵਿਚ 55 ਕਾਂਗਰਸ



*ਤਾਰਿਕ ਫਤਿਹ*

ਅਤੇ 45 ਭਾਜਪਾ ਦੇ ਉਮੀਦਵਾਰ ਸਨ। ਇਨ੍ਹਾਂ ਵਿਚੋਂ ਦੋ ਬਲਾਤਕਾਰ ਦੇ ਦੋਸ਼ੀ ਹਨ ਤੇ ਅੱਠ ਕਤਲ ਕੇਸਾਂ ਦੇ ਮੁਲਜ਼ਮ ਹਨ। ਜਿੰਨੇ ਕੁ ਵੱਡੇ ਪੱਧਰ 'ਤੇ ਕੋਈ ਧਿਰ ਮਜ਼ਹਬ ਦੇ ਸਿਸਟਮ ਨੂੰ ਆਪਣੇ ਸਵਾਰਥੀ ਮਿਸ਼ਨ ਲਈ ਵਰਤਦੀ ਹੈ, ਉਨੇ ਕੁ ਵੱਡੇ ਖਤਰਿਆਂ ਦਾ ਸਾਹਮਣਾ ਉਸ ਨੂੰ ਦੇਰ-ਸਵੇਰ ਕਰਨਾ ਪੈਂਦਾ ਹੈ।

ਠੰਢੀ ਜੰਗ ਵੇਲੇ ਰੂਸ ਨੂੰ ਅਫ਼ਗਾਨਿਸਤਾਨ ਵਿਚੋਂ ਕੱਢਣ ਲਈ ਅਮਰੀਕਾ ਤੇ ਉਸ ਦੇ ਸਾਥੀਆਂ ਨੇ ਹਰ ਕਿਸਮ ਦੀ ਮਦਦ ਨਾਲ ਅਫ਼ਗਾਨ ਤਾਲਿਬਾਨ ਪੈਦਾ ਕੀਤੇ। ਪਾਕਿਸਤਾਨ ਨੇ ਜਹਾਦੀ ਅਫ਼ਗਾਨਿਸਤਾਨ ਵਿਚ ਧੱਕੇ। ਮੱਧ ਪੂਰਬ ਦੇ ਸਾਰੇ ਦੇਸ਼ਾਂ ਦੇ ਮੂਲਵਾਦੀ ਨੌਜਵਾਨ ਉਥੇ ਇਕੱਠੇ ਕਰ ਲਏ। ਨਤੀਜਾ ਇਹ ਹੋਇਆ ਕਿ ਰੂਸ ਤਾਂ ਉਥੋਂ ਨਿਕਲ ਗਿਆ ਪਰ ਉਸ ਕਵਾਇਦ ਵਿਚ ਪੈਦਾ ਹੋਏ ਅਫ਼ਗਾਨ ਤਾਲਿਬਾਨ, ਪਾਕਿਸਤਾਨ ਤਹਿਰੀਕ-ਏ-ਤਾਲਿਬਾਨ ਅਤੇ ਅਲ-ਕਾਇਦਾ ਹੁਣ ਆਪਣੇ ਆਕਾਵਾਂ ਦੇ ਖੂਨ ਦੇ ਪਿਆਸੇ ਹੋਏ ਫ਼ਿਰਦੇ ਹਨ। ਕਾਂਗਰਸ ਨੇ 70ਵਿਆਂ ਤੇ 80ਵਿਆਂ ਵਿਚ ਪੰਜਾਬ 'ਚ ਧਰਮ ਦਾ ਪੱਤਾ ਖੇਡਣ ਦੀ ਕੋਸ਼ਿਸ਼ ਕੀਤੀ ਸੀ; ਨਤੀਜਾ ਸਾਡੇ ਸਾਹਮਣੇ ਹੈ। ਭਾਜਪਾ ਨੇ ਹਿੰਦੂ ਵੋਟ ਬੈਂਕ ਪੱਕਾ ਕਰਨ ਲਈ ਬਾਬਰੀ ਮਸਜਿਦ ਢਹਿ-ਢੇਰੀ ਕਰ ਦਿੱਤੀ ਪਰ ਇਸ ਨੇ ਹਿੰਦੂ ਤਾਲਿਬਾਨ ਪੈਦਾ ਕਰਨ ਦੇ ਬੀਜ ਬੋਅ ਦਿੱਤੇ ਜੋ ਆਰ.ਐਸ.ਐਸ. ਦੀਆਂ ਬ੍ਰਾਂਚਾਂ ਜਿਵੇਂ ਬਜਰੰਗ ਦਲ, ਵਿਸ਼ਵ ਹਿੰਦੂ ਪ੍ਰੀਸ਼ਦ ਦੀਆਂ ਕਾਰਵਾਈਆਂ ਤੇ ਐਲਾਨਾਂ ਵਿਚ ਸਾਫ਼ ਦਿਸਦੇ ਹਨ, ਪਰ ਸੱਤਾ ਤੇ ਚੌਧਰ ਦਾ ਸਵਾਦ ਹੀ ਐਸਾ ਹੈ ਕਿ ਹੁਕਮਰਾਨ ਇਸ ਨੂੰ ਕਾਇਮ ਰੱਖਣ ਲਈ ਕਿਸੇ ਕਾਰਵਾਈ ਤੋਂ ਗੁਰੇਜ਼ ਨਹੀਂ ਕਰਦੇ ਤੇ ਉਸ ਤੋਂ ਪੈਦਾ ਹੋਣ ਵਾਲੇ ਖਤਰਿਆਂ ਤੋਂ ਅਵੇਸਲੇ ਹੋ ਜਾਂਦੇ ਹਨ।

ਪਿਛਲੇ ਦਿਨੀਂ ਅਮਰੀਕਾ ਦੇ ਰੱਖਿਆ ਸਕੱਤਰ ਚੈਕ ਹੇਗਲ ਦਾ ਬਿਆਨ ਆਇਆ ਹੈ ਕਿ ਪੈਂਟਾਗਨ ਸੀਰੀਆ ਵਿਚ ਲੋਕਤੰਤਰ ਤੇ ਸ਼ਾਂਤੀ ਕਾਇਮ ਕਰਨ ਲਈ ਪ੍ਰੈਜੀਡੈਂਟ ਬਸ਼ਰ ਅਲ-ਅਸਦ ਦੇ ਖਿਲਾਫ਼ ਲੜ ਰਹੇ ਬਾਗੀਆਂ ਨੂੰ ਹਥਿਆਰ ਸਪਲਾਈ ਕਰਨ ਬਾਰੇ ਸੋਚ ਰਿਹਾ ਹੈ। ਪ੍ਰੈਜੀਡੈਂਟ ਅਲ-ਅਸਦ ਦੀ ਸਰਕਾਰ ਖਿਲਾਫ਼ ਬਗਾਵਤ ਦੀ ਅਗਵਾਈ ਅਲ-ਨੁਸਰਾ ਨਾਂ ਦੀ ਜਥੇਬੰਦੀ ਕਰ ਰਹੀ ਹੈ ਜੋ ਆਪਣੇ ਆਪ ਨੂੰ ਅਲ-ਕਾਇਦਾ ਦੇ ਅੰਗ ਮੰਨਦੀ ਹੈ। ਅਮਰੀਕਾ ਦੇ ਰੱਖਿਆ ਮਾਹਰ, ਰੱਖਿਆ ਸਕੱਤਰ ਨੂੰ ਇਸ ਤਜਵੀਜ਼ ਨੂੰ ਠੰਢੇ ਬਸਤੇ ਵਿਚ ਪਾਉਣ ਦੀ ਸਲਾਹ ਦੇ ਰਹੇ ਕਿਉਂਕਿ ਇਸ ਦੇ ਨਤੀਜੇ ਵੀ ਅਫ਼ਗਾਨਿਸਤਾਨ ਵਾਂਗ ਖ਼ਤਰਨਾਕ ਨਿਕਲ ਸਕਦੇ ਹਨ।



*ਤਾਲਿਬਾਨ ਤਬਾਹੀ ਦਾ ਮੰਜ਼ਰ*

# ਸ਼੍ਰੋਮਣੀ ਕਮੇਟੀ ਖੁਦ ਕਰੇਗੀ ਜਹਾਜ ਹਵੇਲੀ ਦੀ ਸਾਂਭ-ਸੰਭਾਲ

## ਹਰਮਿੰਦਰ ਕੌਰ ਯੂ ਕੇ ਤੋਂ ਕਾਰ ਸੇਵਾ ਵਾਪਸ ਲਈ

**ਫਤਿਹਗੜ੍ਹ ਸਾਹਿਬ (ਪੰਜਾਬ ਟਾਈਮਜ਼ ਬਿਊਰੋ):** ਸਿੱਖ ਪੰਥ ਵਿਚ ਸਤਿਕਾਰਤ ਸ਼ਖਸੀਅਤ ਦੀਵਾਨ ਟੋਡਰ ਮੱਲ ਦੀ ਇਤਿਹਾਸਕ ਜਹਾਜ ਹਵੇਲੀ ਦੀ ਕਈ ਵਰ੍ਹਿਆਂ ਬਾਅਦ ਵੀ ਸਾਂਭ-ਸੰਭਾਲ ਦਾ ਮਾਮਲਾ ਕਿਸੇ ਤਣ ਪੱਤਣ ਨਹੀਂ ਲੱਗਾ। ਸ਼੍ਰੋਮਣੀ ਕਮੇਟੀ ਨੇ ਭਾਵੇਂ ਇਸ ਇਮਾਰਤ ਦੀ ਪੁਰਾਣੀ ਦਿਖ ਨੂੰ ਮੁੜ ਬਹਾਲ ਕਰਨ ਦਾ ਕਈ ਵਾਰ ਮਨ ਬਣਾਇਆ ਪਰ ਹਰ ਵਾਰ ਕਿਸੇ ਨਾ ਕਿਸੇ ਕਾਰਨ ਇਸ ਕੰਮ ਵਿੱਚ ਅੜਿੱਕਾ ਪੈਂਦਾ ਰਿਹਾ ਤੇ ਸਿੱਟੇ ਵਜੋਂ ਇਹ ਹਵੇਲੀ ਖੰਡਰ ਦਾ ਰੂਪ ਧਾਰ ਰਹੀ ਹੈ।

ਜ਼ਿਕਰਯੋਗ ਹੈ ਕਿ ਦੀਵਾਨ ਟੋਡਰ ਮੱਲ ਨੇ ਸਿੱਖ ਕੌਮ ਦੇ ਮਹਾਨ ਸ਼ਹੀਦ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਿਹ ਸਿੰਘ ਤੇ ਮਾਤਾ ਗੁਜਰੀ ਦੇ ਸਸਕਾਰ ਲਈ ਉਸ ਸਮੇਂ ਸੋਨੇ ਦੀਆਂ ਖੜ੍ਹੀਆਂ ਮੋਹਰਾਂ ਵਿਛਾ ਕੇ ਜਗ੍ਹਾ ਖਰੀਦੀ ਸੀ। ਸ਼੍ਰੋਮਣੀ ਕਮੇਟੀ ਨੇ ਇਸ ਹਵੇਲੀ ਦੀ ਪੁਰਾਣੀ ਦਿੱਖ ਨੂੰ ਬਹਾਲ ਕਰਨ ਲਈ ਇਸ ਦੀ ਕਾਰ ਸੇਵਾ ਕਈ ਵਾਰ ਬਦਲੀ ਹੈ ਤੇ ਹੁਣ ਤਾਜ਼ਾ ਫੈਸਲੇ ਰਾਹੀਂ ਯੂ.ਕੇ ਦੀ ਬੀਬੀ ਹਰਮਿੰਦਰ ਕੌਰ ਤੋਂ ਕਾਰ ਸੇਵਾ ਵਾਪਸ ਲੈ ਲਈ ਗਈ ਹੈ। ਸ਼੍ਰੋਮਣੀ ਕਮੇਟੀ ਨੇ ਹੁਣ ਆਪਣੇ ਪੱਧਰ 'ਤੇ ਹੀ ਜਹਾਜ਼ ਹਵੇਲੀ ਦੀ ਪੁਰਾਣੀ ਦਿਖ ਬਹਾਲ ਕਰਨ ਦਾ ਫੈਸਲਾ ਕੀਤਾ ਹੈ।



ਹਵੇਲੀ ਦੀ ਇਕ ਤਸਵੀਰ।

ਜ਼ਿਕਰਯੋਗ ਹੈ ਕਿ ਇਸ ਜਹਾਜ ਹਵੇਲੀ ਨੂੰ 2003 ਵਿਚ ਤਕਰੀਬਨ 17 ਲੱਖ ਰੁਪਏ ਵਿਚ ਪੰਜਾਬ ਵਿਰਾਸਤ ਚੈਰੀਟੇਬਲ ਟਰੱਸਟ ਨੂੰ ਮਾਲ ਵਿਭਾਗ ਦੇ ਰਿਕਾਰਡ ਵਿਚ ਮੌਜੂਦ ਮਾਲਕ ਨੇ ਵੇਚ ਦਿੱਤਾ ਸੀ। ਇਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਇਸ ਇਤਿਹਾਸਕ ਹਵੇਲੀ ਨੂੰ ਆਪਣੇ ਅਧੀਨ ਲੈਣ ਲਈ ਸਰਗਰਮ ਹੋਈ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਐਲਾਨ ਕੀਤਾ ਕਿ ਜੇਕਰ ਉਨ੍ਹਾਂ ਨੂੰ ਇਹ ਹਵੇਲੀ ਸਬੰਧਤ ਟਰਸਟ ਸੌਂਪ ਦੇਵੇ ਤਾਂ ਉਹ ਛੇ ਮਹੀਨੇ ਦੇ ਅੰਦਰ-ਅੰਦਰ ਤਕਨੀਕੀ ਮਾਹਿਰਾਂ ਨਾਲ ਸਲਾਹ ਮਸ਼ਵਰਾ ਕਰਕੇ ਇਸ ਦੀ ਪੁਰਾਣੀ ਦਿੱਖ ਬਹਾਲ ਕਰਵਾ ਦੇਣਗੇ। ਇਹ ਮਾਮਲਾ ਮੀਡੀਆ ਵਿਚ ਆਉਣ 'ਤੇ ਹਿੰਦੂ ਜੈਨ ਸੰਸਥਾਵਾਂ ਤੇ ਸ਼੍ਰੋਮਣੀ ਕਮੇਟੀ ਆਹਮੋ ਸਾਹਮਣੇ ਹੋ ਗਏ। ਜੈਨ ਸੰਸਥਾਵਾਂ ਦੇ ਆਗੂਆਂ ਨੇ ਹਵੇਲੀ 'ਤੇ ਆਪਣਾ ਹੱਕ ਜਤਾ ਕੇ ਇਸ ਨੂੰ ਉਨ੍ਹਾਂ ਦੇ ਹਵਾਲੇ ਕਰਨ ਲਈ ਮੁੱਖ ਮੰਤਰੀ ਤੇ ਪੰਜਾਬ-ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਸਮੇਤ ਪੰਜਾਬ ਕਾਂਗਰਸ ਕਮੇਟੀ ਦੇ ਸੀਨੀਅਰ ਆਗੂਆਂ ਨੂੰ ਪੱਤਰ ਲਿਖ ਦਿੱਤੇ। ਇਨ੍ਹਾਂ ਆਗੂਆਂ ਨੇ ਮੰਗ ਕੀਤੀ ਕਿ ਦੀਵਾਨ ਟੋਡਰ ਮੱਲ ਜੈਨ ਹਿੰਦੂ ਆਸਥਾ ਵਾਲੇ ਵਿਅਕਤੀ ਤੇ ਪਰਿਵਾਰ ਵਿਚੋਂ ਸਨ।

ਵਿਵਾਦ ਵਧਣ ਉਪਰੰਤ ਪੰਜਾਬ ਵਿਰਾਸਤ ਚੈਰੀਟੇਬਲ ਟਰਸਟ ਦੇ ਆਗੂਆਂ ਨੇ ਹਵੇਲੀ ਤੇ ਇਸ ਦੇ ਦੋ ਕਨਾਲ 17 ਮਰਲੇ ਰਕਬੇ ਦੀ ਬਗੈਰ ਕੀਮਤ ਲਏ ਗੁਰਦੁਆਰਾ ਫਤਿਹਗੜ੍ਹ ਸਾਹਿਬ ਦੇ ਨਾਂ ਰਜਿਸਟਰੀ ਕਰਵਾ ਦਿੱਤੀ ਤੇ ਦਸਤਾਵੇਜ਼ ਭੋਰਾ ਸਾਹਿਬ ਵਿਚ ਰੱਖ ਕੇ ਮੱਥਾ ਟੇਕ ਦਿੱਤਾ। ਇਸ ਉਪਰੰਤ ਇਹ ਹਵੇਲੀ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਦੇ ਨਾਂ ਹੋ ਗਈ। ਸ਼੍ਰੋਮਣੀ ਕਮੇਟੀ ਨੇ ਹਵੇਲੀ ਦੀ ਪੁਰਾਤਨ ਦਿੱਖ ਬਹਾਲ ਕਰਨ ਦੇ ਮਕਸਦ ਨਾਲ ਇਸ ਦੀ ਕਾਰ ਸੇਵਾ ਬੀਬੀ ਹਰਮਿੰਦਰ ਕੌਰ ਯੂ.ਕੇ ਨੂੰ ਸੌਂਪ ਦਿੱਤੀ।

ਕੰਮ ਦੀ ਰਫਤਾਰ ਢਿੱਲੀ ਹੋਣ ਕਾਰਨ ਸ਼੍ਰੋਮਣੀ ਕਮੇਟੀ ਨੇ ਜਦੋਂ ਸੇਵਾ ਵਾਪਸ ਲੈਣ ਲਈ ਕਿਹਾ ਤਾਂ ਬੀਬੀ ਹਰਮਿੰਦਰ ਕੌਰ ਵੱਲੋਂ ਬੇਨਤੀ ਕਰਨ 'ਤੇ ਉਨ੍ਹਾਂ ਨੂੰ ਮੁੜ ਕਾਰ ਸੇਵਾ ਸੌਂਪ ਦਿੱਤੀ ਗਈ। ਇਸ ਉਪਰੰਤ 15 ਅਪਰੈਲ, 2011 ਨੂੰ ਇਹ ਕਾਰ ਸੇਵਾ ਬਾਬਾ ਅਮਰੀਕ ਸਿੰਘ ਨੂੰ ਸੌਂਪ ਦਿੱਤੀ ਗਈ ਤੇ ਉਨ੍ਹਾਂ ਨੇ ਵੀ ਮਾਮਲਾ ਠੰਢੇ ਬਸਤੇ ਵਿਚ ਪਾ ਦਿੱਤਾ ਜਿਸ ਕਾਰਨ ਸ਼੍ਰੋਮਣੀ ਕਮੇਟੀ ਨੇ ਕੰਮ ਬੰਦ ਕਰਵਾ ਦਿੱਤਾ। ਕੁਝ ਸਮਾਂ ਕੰਮ ਬੰਦ ਰਹਿਣ ਉਪਰੰਤ ਬੀਬੀ ਹਰਮਿੰਦਰ ਕੌਰ ਯੂ.ਕੇ ਨੇ ਫਿਰ ਕਾਰ ਸੇਵਾ ਕਰਨ ਲਈ ਬੇਨਤੀ ਕੀਤੀ ਜਿਸ ਨੂੰ ਪ੍ਰਵਾਨ ਕਰਦਿਆਂ ਸ਼੍ਰੋਮਣੀ ਕਮੇਟੀ ਨੇ 13 ਦਸੰਬਰ 2012 ਨੂੰ ਮੁੜ ਉਨ੍ਹਾਂ ਨੂੰ ਕਾਰ ਸੇਵਾ ਸੌਂਪ ਦਿੱਤੀ।

ਹੁਣ ਫਿਰ ਸ਼੍ਰੋਮਣੀ ਕਮੇਟੀ ਨੇ ਸਖਤ ਕਾਰਵਾਈ ਕਰਦਿਆਂ ਕਾਰ ਸੇਵਾ ਦਾ ਕੰਮ ਮੁਕੰਮਲ ਤੌਰ 'ਤੇ ਬੰਦ ਕਰਵਾ ਦਿੱਤਾ ਹੈ। ਹੁਣ ਸ਼੍ਰੋਮਣੀ ਕਮੇਟੀ ਨੇ ਦੀਵਾਨ ਟੋਡਰ ਮੱਲ ਦੀ ਜਹਾਜ ਹਵੇਲੀ ਨੂੰ ਸੰਭਾਲਣ ਦਾ ਕੰਮ ਆਪਣੇ ਪੱਧਰ 'ਤੇ ਹੀ ਕਰਵਾਉਣ ਦਾ ਫੈਸਲਾ ਲਿਆ ਹੈ।

# ਸਿੱਖ ਕੁੜੀਆਂ ਦੇ ਜਬਰੀ ਵਿਆਹ ਤੋਂ ਕਸ਼ਮੀਰੀ ਸਿੱਖ ਭੜਕੇ

## ਜਥੇਬੰਦੀਆਂ ਨੇ ਮਾਮਲਾ ਮੁੱਖ ਮੰਤਰੀ ਤੱਕ ਪਹੁੰਚਾਇਆ

**ਜੰਮੂ:** ਵੱਖ-ਵੱਖ ਸਿੱਖ ਜਥੇਬੰਦੀਆਂ ਨੇ ਕਸ਼ਮੀਰ ਵਾਦੀ ਵਿਚ ਕੱਟੜਪੰਥੀਆਂ ਵੱਲੋਂ ਸਾਜ਼ਿਸ਼ ਤਹਿਤ ਸਿੱਖ ਲੜਕੀਆਂ ਦੇ ਮੁਸਲਮਾਨ ਲੜਕਿਆਂ ਨਾਲ ਵਿਆਹ ਕਰਵਾਉਣ ਤੇ ਕਸ਼ਮੀਰ ਦੀ ਅਖ਼ਬਾਰ 'ਤੇ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਦੋਸ਼ ਲਾਉਂਦੇ ਹੋਏ ਸ਼ਹਿਰ ਵਿਚ ਰੋਸ ਰੈਲੀ ਕੱਢੀ ਤੇ ਪ੍ਰਦਰਸ਼ਨ ਕੀਤਾ। ਕਸ਼ਮੀਰ ਦੇ ਅੰਗਰੇਜ਼ੀ ਅਖ਼ਬਾਰ 'ਕਸ਼ਮੀਰ ਲਾਈਫ਼' ਵਿਚ ਅੰਤਰ-ਧਰਮ ਵਿਆਹ ਬਾਰੇ ਪ੍ਰਕਾਸ਼ਿਤ ਲੇਖ ਤੇ ਮੁਸਲਮਾਨ ਲੜਕੇ ਦੇ ਹੱਥ ਵਿਚ 'ਚੰਨ ਤਾਰਾ' ਤੇ ਸਿੱਖ ਲੜਕੀ ਦੇ ਹੱਥ ਵਿਚ 'ਖੰਡਾ ਕਿਰਪਾਨ' ਦੀ ਕਾਲਪਨਿਕ ਤਸਵੀਰ ਦਿਖਾਉਣ ਪਿੱਛੋਂ ਸਿੱਖ ਭਾਈਚਾਰੇ ਵਿਚ ਰੋਸ ਹੈ।

ਬਾਰਾਮੂਲਾ ਵਿਚ ਇਕ ਸਿੱਖ ਪ੍ਰੋਫੈਸਰ ਕੁੜੀ ਨੇ ਇਸਲਾਮ ਧਰਮ ਅਪਣਾ ਲਿਆ ਸੀ। ਇਸ ਬਾਰੇ ਪੁਲਿਸ ਨੇ ਕੁਝ ਲੋਕਾਂ ਨੂੰ ਗ੍ਰਿਫ਼ਤਾਰ ਵੀ ਕੀਤਾ ਸੀ ਪਰ ਕੱਟੜਪੰਥੀਆਂ ਨੇ ਉਨ੍ਹਾਂ ਨੂੰ ਛੁਡਾ ਲਿਆ। ਬਾਰਾਮੂਲਾ ਦਾ ਮੁਫ਼ਤੀ ਬਸ਼ੀਰ ਉਦ-ਦੀਨ ਤੇ ਇਸਲਾਮੀ ਪੜ੍ਹਾਈ ਕਰਵਾਉਣ ਵਾਲਾ ਡਾ. ਨਜ਼ੀਰ ਤੇ ਉਸ ਦੇ ਸਾਥੀ ਇਸ ਏਜੰਡੇ ਨੂੰ ਹੱਲਾਸ਼ੇਰੀ ਦੇ ਰਹੇ ਹਨ। ਜਥੇਬੰਦੀਆਂ ਨੇ ਕੱਟੜਪੰਥੀਆਂ 'ਤੇ ਦੋਸ਼ ਲਾਉਂਦੇ ਹੋਏ ਕਿਹਾ ਕਿ ਕਸ਼ਮੀਰੀ ਪੰਡਤਾਂ ਦੀ ਤਰ੍ਹਾਂ ਵਾਦੀ ਵਿਚ ਘੱਟ ਗਿਣਤੀ ਸਿੱਖ ਭਾਈਚਾਰੇ ਨੂੰ ਵੀ ਬਾਹਰ ਕੱਢਣ ਦੀ ਸਾਜ਼ਿਸ਼ ਤਹਿਤ ਸਿੱਖ ਲੜਕੀਆਂ ਦੇ ਜਬਰਨ ਵਿਆਹ ਕਰਵਾਏ ਜਾ ਰਹੇ ਹਨ।

ਇਸ ਮਾਮਲੇ ਵਿਚ ਸ੍ਰੀ ਅਕਾਲ ਤਖ਼ਤ ਅੰਮ੍ਰਿਤਸਰ ਦੇ ਜਥੇਦਾਰ ਤੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਦਖਲ ਦੇਣ ਦੀ ਅਪੀਲ ਕੀਤੀ ਗਈ ਹੈ। ਯੂਨਾਈਟਿਡ ਸਿੱਖ ਕੌਂਸਲ ਦੇ ਪ੍ਰਧਾਨ ਕੁਲਦੀਪ ਸਿੰਘ ਤੇ ਕਸ਼ਮੀਰੀ ਸਿੱਖ ਸੰਗਤ ਦੇ ਅਦੀਪ ਸਿੰਘ ਮਹਿਤਾ ਨੇ ਰਿਆਸਤੀ ਸਰਕਾਰ ਉੱਤੇ ਇਲਜ਼ਾਮ ਲਾਉਂਦੇ ਹੋਏ ਕਿਹਾ ਕਿ ਵਾਦੀ ਵਿਚ ਸਿੱਖਾਂ ਨੂੰ ਸੁਰੱਖਿਆ ਦੇਣ ਤੇ ਉਨ੍ਹਾਂ ਦੇ ਮਾਣ-ਸਨਮਾਨ ਦੀ ਰਾਖੀ ਵਿਚ ਸਰਕਾਰ ਅਸਫਲ ਰਹੀ ਹੈ।

18 ਅਕਤੂਬਰ 2009 ਨੂੰ ਵੀ ਇਕ ਸਿੱਖ ਮੁਟਿਆਰ ਅੰਮ੍ਰਿਤਪਾਲ ਕੌਰ ਨੂੰ ਅਗਵਾ ਕਰਕੇ ਉਸ ਦਾ ਜ਼ਬਰਦਸਤੀ ਵਿਆਹ ਮੁਹੰਮਦ ਇਮਰਾਨ ਨਾਲ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ। ਉਸ ਵਕਤ ਵੀ ਸਰਕਾਰ ਨੇ ਇਸ ਮਸਲੇ ਨੂੰ ਗੰਭੀਰਤਾ ਨਾਲ ਨਹੀਂ ਲਿਆ ਤੇ ਹੁਣ ਮੁਫ਼ਤੀ ਬਸ਼ੀਰ-ਉਲ-ਦੀਨ, ਪ੍ਰੋ. ਨਜ਼ੀਰ ਤੇ ਬਾਰਾਮੂਲਾ ਹਾਇਰ ਸੈਕੰਡਰੀ ਸਕੂਲ (ਲੜਕੀਆਂ) ਦਾ ਪ੍ਰਿੰਸੀਪਲ ਜਾਵੇਦ ਸਾਜ਼ਿਸ਼ ਤਹਿਤ ਇਹ ਸਾਰਾ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਜਿਸ ਢੰਗ ਨਾਲ 'ਕਸ਼ਮੀਰ ਲਾਈਫ' ਅਖ਼ਬਾਰ ਨੇ ਸਿੱਖਾਂ ਦੇ ਧਾਰਮਿਕ ਚਿੰਨ੍ਹ ਨੂੰ ਦਿਖਾਇਆ ਹੈ, ਉਸ ਨਾਲ ਸਿੱਖ ਸਮਾਜ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ। ਉਨ੍ਹਾਂ ਨੇ ਮੁੱਖ ਮੰਤਰੀ ਉਮਰ ਅਬਦੁੱਲਾ ਨੂੰ ਕਿਹਾ ਕਿ ਇਸ ਪੂਰੇ ਮਾਮਲੇ ਦੀ 30 ਦਿਨਾਂ ਦੇ ਅੰਦਰ ਉੱਚ ਪੱਧਰੀ ਜਾਂਚ ਕਰਵਾਈ ਜਾਵੇ ਤੇ ਨਾਲ ਹੀ ਦੋਸ਼ੀਆਂ ਨੂੰ ਪੀ.ਐਸ.ਏ ਤਹਿਤ ਗ੍ਰਿਫਤਾਰ ਕੀਤਾ ਜਾਵੇ।

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਸੀਨੀਅਰ ਮੀਤ ਪ੍ਰਧਾਨ ਜਸਪਾਲ ਸਿੰਘ 'ਮੰਗਲ' ਨੇ ਕਿਹਾ ਕਿ ਇਥੇ ਬਹੂ-ਬੇਟੀਆਂ ਸੁਰੱਖਿਅਤ ਨਹੀਂ ਹਨ। ਉਧਰ ਨੈਸ਼ਨਲ ਸਿੱਖ ਫਰੰਟ ਦੇ ਚੇਅਰਮੈਨ ਵਰਿੰਦਰਜੀਤ ਸਿੰਘ ਨੇ ਰਾਜ ਸਰਕਾਰ ਉੱਤੇ ਦੋਹਰੇ ਮਾਪਦੰਡ ਅਪਣਾਉਣ ਦਾ ਇਲਜ਼ਾਮ ਲਾਉਂਦੇ ਹੋਏ ਕਿਹਾ ਕਿ ਕਸ਼ਮੀਰ ਵਾਦੀ ਵਿਚ ਸਿੱਖ ਭਾਈਚਾਰੇ ਨਾਲ ਜਿਸ ਢੰਗ ਨਾਲ ਵਧੀਕੀਆਂ ਹੋ ਰਹੀਆਂ ਹਨ ਤੇ ਜਿਸ ਤਰ੍ਹਾਂ ਦਾ ਰੁਖ ਸਰਕਾਰ ਨੇ ਅਪਣਾਇਆ ਹੈ, ਉਸ ਤੋਂ ਲਗਦਾ ਹੈ ਕਿ ਸਾਜ਼ਿਸ਼ ਤਹਿਤ ਕੰਮ ਹੋ ਰਿਹਾ ਹੈ।

# ਪੰਜਾਬੀਆਂ ਵਿਚ ਵੀ ਆਈ ਲਹੂ ਦੀ ਘਾਟ

**ਚੰਡੀਗੜ੍ਹ:** ਖੁੱਲ੍ਹਾ ਖਾਣ ਤੇ ਹੰਢਾਉਣ ਵਜੋਂ ਜਾਣੇ ਜਾਂਦੇ ਪੰਜਾਬੀ ਇਨ੍ਹੀਂ ਦਿਨੀਂ ਲਹੂ ਦੀ ਘਾਟ ਦਾ ਸ਼ਿਕਾਰ ਹਨ। ਖਾਸ ਕਰਕੇ ਗਰਭਵਤੀ ਔਰਤਾਂ ਤੇ ਬੱਚਿਆਂ ਵਿਚ ਇਹ ਘਾਟ ਸਭ ਤੋਂ ਵੱਧ ਹੈ। ਰਜਿੰਦਰਾ ਹਸਪਤਾਲ ਪਟਿਆਲਾ ਦੇ ਡਾਕਟਰਾਂ ਦੀ ਇਕ ਟੀਮ ਵੱਲੋਂ ਕੀਤੇ ਗਏ ਵਿਸ਼ਲੇਸ਼ਣ ਵਿਚ ਪਾਇਆ ਗਿਆ ਹੈ ਕਿ ਪੰਜਾਬ ਵਿਚ 80.5 ਫੀਸਦੀ ਗਰਭਵਤੀ ਔਰਤਾਂ ਤੇ ਇਕ ਸਾਲ ਤੋਂ ਛੋਟੀ ਉਮਰ ਦੇ ਬੱਚਿਆਂ ਵਿਚ ਖ਼ੂਨ ਦੀ ਘਾਟ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਖ਼ੂਨ ਦੀ ਘਾਟ ਤੋਂ ਸਭ ਤੋਂ ਵੱਧ ਪੀੜਤ ਬਿਹਾਰ ਦੇ ਲੋਕ ਹੁੰਦੇ ਸਨ। ਉਨ੍ਹਾਂ ਵਿਚੋਂ 76 ਫੀਸਦੀ ਲੋਕ ਖ਼ੂਨ ਦੀ ਘਾਟ ਤੋਂ ਪੀੜਤ ਹੁੰਦੇ ਸਨ ਜੋ ਕਿ ਇਕ ਕੌਮੀ ਰਿਕਾਰਡ ਸੀ। ਇਸ ਟੀਮ ਵੱਲੋਂ ਨਿਰੋਲ ਰਜਿੰਦਰਾ ਹਸਪਤਾਲ 'ਤੇ ਅਧਾਰਤ ਕੀਤੇ ਗਏ ਵੱਖਰੇ ਸਰਵੇਖਣ ਤਹਿਤ 54 ਹਜ਼ਾਰ 750 ਲੋਕਾਂ ਦੇ ਹੋਏ ਐਚ.ਬੀ ਟੈਸਟ ਵਿਚੋਂ ਸਿਰਫ 0.3 ਫੀਸਦੀ ਲੋਕ ਹੀ ਖ਼ੂਨ ਦੀ ਸਹੀ ਮਾਤਰਾ ਦੇ ਪਾਏ ਗਏ ਜਦੋਂ ਕਿ ਬਾਕੀ ਸਾਰੇ ਲਹੂ ਦੀ ਵੱਡੀ ਘਾਟ ਤੋਂ ਪੀੜਤ ਪਾਏ ਗਏ ਹਨ।

ਰਜਿੰਦਰਾ ਹਸਪਤਾਲ ਦੇ ਡਾਕਟਰਾਂ ਦੀ ਟੀਮ ਨੇ ਲੰਘੇ ਸਾਲ ਅਪਰੈਲ 2012 ਤੋਂ ਮਾਰਚ 2013 ਤੱਕ ਕੀਤੇ ਗਏ ਸਰਵੇਖਣ ਵਿਚ 734 ਗਰਭਵਤੀਆਂ ਤੇ ਇਕ ਸਾਲ ਤੋਂ ਛੋਟੇ ਬੱਚਿਆਂ ਦੇ ਕੀਤੇ ਖ਼ੂਨ ਟੈਸਟ ਵਿਚੋਂ ਪਾਇਆ ਕਿ 80.5 ਫੀਸਦੀ ਵਿਚ ਖ਼ੂਨ ਦੀ ਘਾਟ ਹੈ। ਇਨ੍ਹਾਂ ਵਿਚੋਂ 10 ਫੀਸਦੀ ਉਹ ਬੱਚੇ ਹਨ ਜਿਨ੍ਹਾਂ ਵਿਚ ਖ਼ੂਨ ਸਿਰਫ ਤਿੰਨ ਤੋਂ ਪੰਜ ਗ੍ਰਾਮ ਤੱਕ ਹੀ ਸੀ। ਜਦੋਂ ਕਿ ਵਿਸ਼ਵ ਸਿਹਤ ਸੰਗਠਨ ਮੁਤਾਬਕ ਸਿਹਤਮੰਦ ਮਨੁੱਖ ਦੇ ਸਰੀਰ ਵਿਚ ਖ਼ੂਨ ਦੀ ਮਾਤਰਾ ਘੱਟੋ-ਘੱਟ 14 ਗ੍ਰਾਮ ਹੋਣੀ ਚਾਹੀਦੀ ਹੈ। ਇਸ ਤੋਂ ਇਲਾਵਾ 92 ਫੀਸਦੀ ਇਕ ਸਾਲ ਤੋਂ ਘੱਟ ਉਮਰ ਦੇ ਬੱਚੇ ਖ਼ੂਨ ਦੀ ਵੱਡੀ ਘਾਟ ਦਾ ਸ਼ਿਕਾਰ ਮਿਲੇ।

ਸਰਵੇਖਣ ਮੁਤਾਬਕ ਰਜਿੰਦਰਾ ਹਸਪਤਾਲ ਵਿਚ 54750 ਲੋਕਾਂ ਜਿਨ੍ਹਾਂ ਵਿਚ 100 ਸਾਲ ਦੇ ਬਿਰਧਾਂ ਤੋਂ ਲੈ ਕੇ ਨਵ ਜਨਮੇ ਬੱਚੇ ਤੱਕ ਸ਼ਾਮਲ ਸਨ, ਦੇ ਐਚ.ਬੀ ਟੈਸਟ ਹੋਏ। ਇਨ੍ਹਾਂ ਵਿਚੋਂ ਸਿਰਫ 1460 ਜਣੇ ਹੀ ਖ਼ੂਨ ਦੀ ਸਹੀ ਮਾਤਰਾ ਵਾਲੇ ਪਾਏ ਗਏ। ਇਸ ਅੰਕੜੇ ਮੁਤਾਬਕ 0.3 ਫੀਸਦੀ ਤੋਂ ਵੀ ਘੱਟ ਪੰਜਾਬੀ ਸਰੀਰ ਵਿਚ ਖ਼ੂਨ ਦੀ ਮਾਤਰਾ ਪੱਖੋਂ ਤੰਦਰੁਸਤ ਸਨ। ਇਸੇ ਤਰ੍ਹਾਂ ਹਸਪਤਾਲ ਵਿਚ 19162 ਬੱਚਿਆਂ ਦੇ ਇਕ ਸਾਲ ਵਿਚ ਖ਼ੂਨ ਦੀ ਮਾਤਰਾ ਦੇ ਹੋਏ ਟੈਸਟ ਵਿਚੋਂ ਸਿਰਫ 0.2 ਫੀਸਦੀ ਭਾਵ 511 ਬੱਚੇ ਹੀ ਠੀਕ ਪਾਏ ਗਏ ਜਦੋਂ ਕਿ ਬਾਕੀ ਸਾਰੇ ਖ਼ੂਨ ਦੀ ਘਾਟ ਤੋਂ ਪੀੜਤ ਸਨ।

ਸਰਵੇਖਣ ਵਿਚ ਇਹ ਵੀ ਪਾਇਆ ਗਿਆ ਹੈ ਕਿ ਪੰਜਾਬੀ ਸੰਤੁਲਿਤ ਖੁਰਾਕ ਤੋਂ ਦੂਰ ਹੋਣ ਲੱਗੇ ਹਨ। ਮਾਵਾਂ ਆਪਣੇ ਛੋਟੇ ਬੱਚਿਆਂ ਨੂੰ ਸਿਰਫ ਦੁੱਧ ਦੇ ਸਿਰ 'ਤੇ ਹੀ ਪਾਲਣ 'ਤੇ ਜ਼ੋਰ ਦਿੰਦੀਆਂ ਹਨ ਜਦੋਂ ਕਿ ਦੁੱਧ ਵਿਚ ਓਨੀ ਮਾਤਰਾ ਵਿਚ ਆਇਰਨ ਨਹੀਂ ਹੁੰਦਾ ਕਿ ਉਹ ਬੱਚੇ ਦਾ ਸਾਰਾ ਵਿਸਥਾਰ ਕਰਨ ਦੇ ਸਮਰੱਥ ਹੋਵੇ। ਸਰਵੇਖਣ ਟੀਮ ਦਾ ਕਹਿਣਾ ਹੈ ਕਿ ਉਹ ਪੰਜਾਬੀਆਂ ਵਿਚ ਖ਼ੂਨ ਦੀ ਘਾਟ ਬਾਰੇ ਇਸ ਰਿਪੋਰਟ ਨੂੰ ਅਗਲੇ ਸਾਲ ਜਨਵਰੀ ਵਿਚ ਹੋਣ ਵਾਲੀ ਕੌਮੀ ਕਾਨਫਰੰਸ ਵਿਚ ਪੇਸ਼ ਕਰਨਗੇ ਤਾਂ ਕਿ ਸਰਕਾਰ ਅਜਿਹੀ ਮਨੁੱਖੀ ਘਾਟ ਵੱਲ ਉਚਿਤ ਗੌਰ ਕਰ ਸਕੇ।

## ਪਤਨੀ 'ਤੇ ਹਮਲਾ ਕਰਨ ਵਾਲੇ ਭਾਰਤੀ ਨੂੰ ਕੈਦ

**ਸਿੰਗਾਪੁਰ:** ਭਾਰਤੀ ਮੂਲ ਦੇ ਬੇਰੁਜ਼ਗਾਰ ਵਿਅਕਤੀ ਨੂੰ ਪਤਨੀ 'ਤੇ ਚਾਕੂ, ਪੱਖੇ ਤੇ ਫਲਾਸਕ ਨਾਲ ਹਮਲਾ ਕਰਨ 'ਤੇ ਨੌਂ ਮਹੀਨੇ ਦੀ ਸਜ਼ਾ ਸੁਣਾਈ ਗਈ ਹੈ। ਐਸਆਈ ਜਾਰਜ ਰਾਜ (42) ਨੂੰ 2000 ਸਿੰਗਾਪੁਰ ਦੇ ਡਾਲਰ ਦਾ ਜੁਰਮਾਨਾ ਕੀਤਾ ਗਿਆ ਹੈ। ਉਸ ਨੂੰ ਹੁਕਮ ਸਨ ਕਿ ਉਹ ਆਪਣੀ ਪਤਨੀ ਦੇ ਨੇੜੇ ਨਹੀਂ ਢੁਕ ਸਕਦਾ ਕਿਉਂਕਿ ਪਿਛਲੇ ਸਮੇਂ ਵਿਚ ਵੀ ਉਹ ਆਪਣੀ ਵੱਖ ਰਹਿ ਰਹੀ ਪਤਨੀ 'ਤੇ ਹਮਲੇ ਕਰਦਾ ਰਿਹਾ ਸੀ। ਉਸ ਦੀ ਪਤਨੀ ਸ਼ਿਵਾਨੀ ਪ੍ਰਿਆਦਰਸ਼ਨੀ ਦਿਨੇਸ਼ ਕੁਮਾਰ ਵੇਲਾਇਪਨ ਆਪਣੀ ਮਾਂ ਨਾਲ ਰਹਿ ਰਹੀ ਸੀ ਤੇ ਅਕਤੂਬਰ 2011 ਵਿਚ ਅਦਾਲਤ ਨੇ ਰਾਜ ਨੂੰ ਹੁਕਮ ਦਿੱਤੇ ਸਨ ਕਿ ਉਹ ਆਪਣੀ ਪਤਨੀ ਦੇ ਨੇੜੇ ਨਾ ਜਾਵੇ।

# ਪੰਜਾਬ ਪੁਲਿਸ ਵੱਲੋਂ ਸ਼ਾਹੀ ਤਸਵੀਰ ਲੱਭਣ ਤੋਂ ਹੱਥ ਖੜ੍ਹੇ

## ਦਸ ਮਹੀਨੇ ਪੁਰਾਣਾ ਕੇਸ ਬੰਦ ਹੋਵੇਗਾ

**ਫ਼ਰੀਦਕੋਟ:** ਜ਼ਿਲ੍ਹਾ ਪੁਲਿਸ ਦਸ ਮਹੀਨਿਆਂ ਪਿੱਛੋਂ ਵੀ ਫ਼ਰੀਦਕੋਟ ਰਿਆਸਤ ਦੇ ਮਹਾਰਾਜਾ ਬਲਬੀਰ ਸਿੰਘ ਦੀ ਇਕ ਸੌ ਸਾਲ ਤੋਂ ਵੱਧ ਪੁਰਾਣੀ ਇਤਿਹਾਸਕ ਤੇ ਕੀਮਤੀ ਤਸਵੀਰ ਚੋਰੀ ਹੋਣ ਦੇ ਮਾਮਲੇ ਨੂੰ ਨਹੀਂ ਸੁਲਝਾ ਸਕੀ। ਮਸਲੇ ਦਾ ਹੱਲ ਕੱਢਣ ਵਿਚ ਨਾਕਾਮ ਰਹੀ ਪੁਲਿਸ ਨੇ ਹੁਣ ਇਸ ਕੇਸ ਨੂੰ ਬੰਦ ਕਰਨ ਲਈ ਮੁੱਢਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਦੱਸਣਯੋਗ ਹੈ ਕਿ ਸਿਟੀ ਪੁਲਿਸ ਨੇ ਫ਼ਰੀਦਕੋਟ ਦੇ ਚੀਫ਼ ਜੁਡੀਸ਼ੀਅਲ ਮੈਜਿਸਟਰੇਟ ਦੀ ਸ਼ਿਕਾਇਤ ਦੇ ਅਧਾਰ 'ਤੇ 17 ਸਤੰਬਰ, 2012 ਨੂੰ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਤਸਵੀਰ ਚੋਰੀ ਕਰਨ ਦੇ ਦੋਸ਼ਾਂ ਤਹਿਤ ਕੇਸ ਦਰਜ ਕੀਤਾ।

ਇਸ ਮਾਮਲੇ ਦੀ ਪੜਤਾਲ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੀ ਨਿਗਰਾਨੀ ਹੇਠ ਹੋਈ ਸੀ। ਲੰਮੀ ਜਾਂਚ ਪੜਤਾਲ ਤੋਂ ਬਾਅਦ ਹਾਈ ਕੋਰਟ ਨੇ ਇਸ ਮਾਮਲੇ ਵਿਚ ਪਰਚਾ ਦਰਜ ਕਰਨ ਦੀ ਸ਼ਿਫ਼ਾਰਸ਼ ਕੀਤੀ ਸੀ। ਮਿਲੀ ਜਾਣਕਾਰੀ ਮੁਤਾਬਕ ਫ਼ਰੀਦਕੋਟ ਵਿਚ ਇਤਿਹਾਸਕ ਲਾਲ ਕੋਠੀ ਜਿਸ ਨੂੰ ਅੱਜ-ਕੱਲ੍ਹ ਜੱਜਾਂ ਦੀ ਰਿਹਾਇਸ਼ ਲਈ ਵਰਤਿਆ ਜਾ ਰਿਹਾ ਹੈ, ਵਿਚ ਕਥਿਤ ਤੌਰ 'ਤੇ ਮਹਾਰਾਜਾ ਬਲਬੀਰ ਸਿੰਘ ਦੀ 1890 ਵਿਚ ਬਣੀ ਇਤਿਹਾਸਕ ਤਸਵੀਰ ਪਈ ਸੀ ਜੋ ਉਥੋਂ 28 ਅਕਤੂਬਰ, 2010 ਨੂੰ ਅਚਾਨਕ ਗੁੰਮ ਹੋ ਗਈ। ਫ਼ਰੀਦਕੋਟ ਦੇ ਜ਼ਿਲ੍ਹਾ ਜੱਜ ਵੱਲੋਂ ਤਸਵੀਰ ਗੁੰਮ ਮਾਮਲੇ ਵਿਚ ਫ਼ਰੀਦਕੋਟ ਦੇ ਇਕ ਸਾਬਕਾ ਜੱਜ ਨੂੰ ਵੀ ਜਾਂਚ ਦੇ ਘੇਰੇ ਵਿਚ ਲਿਆਂਦਾ ਸੀ।



ਇਹ ਇਤਿਹਾਸਕ ਤਸਵੀਰ ਇਸੇ ਜੱਜ ਦੇ ਕਾਰਜਕਾਲ ਦੌਰਾਨ ਗੁੰਮ ਹੋਈ ਦੱਸੀ ਜਾਂਦੀ ਹੈ। ਜਾਂਚ ਦੇ ਘੇਰੇ ਵਿਚ ਆਏ ਸੀਨੀਅਰ ਜੱਜ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੂੰ ਲਿਖਤੀ ਬੇਨਤੀ ਭੇਜ ਕੇ ਕਿਹਾ ਹੈ ਕਿ ਮਹਾਰਾਜਾ ਬਲਬੀਰ ਸਿੰਘ ਦੀ ਤਸਵੀਰ ਚੋਰੀ ਮਾਮਲੇ ਵਿਚ ਕੋਈ ਵੀ ਕਾਰਵਾਈ ਕਰਨ ਤੋਂ ਪਹਿਲਾਂ ਉਸ ਦਾ ਪੱਖ ਸੁਣਿਆ ਜਾਵੇ। ਹੁਣ ਇਹ ਜੱਜ ਸੇਵਾ ਮੁਕਤ ਹੋ ਚੁੱਕੇ ਹਨ ਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਇਸ ਜੱਜ ਦੇ ਸੇਵਾ ਮੁਕਤੀ ਲਾਭ, ਮਾਮਲਾ ਹੱਲ ਹੋਣ ਤੱਕ ਜਾਰੀ ਨਾ ਕਰਨ ਦਾ ਫੈਸਲਾ ਕੀਤਾ ਹੈ।

ਪ੍ਰਸਿੱਧ ਇਤਿਹਾਸਕਾਰ ਪ੍ਰੋ. ਸੁਭਾਸ਼ ਪਰਿਹਾਰ ਨੂੰ ਵੀ ਇਸ ਜਾਂਚ ਵਿਚ ਸ਼ਾਮਲ ਕੀਤਾ ਗਿਆ ਸੀ ਜਿਨ੍ਹਾਂ ਨੇ ਜਾਂਚ ਵਿਚ ਸਪੱਸ਼ਟ ਕੀਤਾ ਹੈ ਕਿ ਗੁੰਮ ਹੋਈ ਤਸਵੀਰ ਦੀ ਕੋਈ ਕੀਮਤ ਤੈਅ ਨਹੀਂ ਕੀਤੀ ਜਾ ਸਕਦੀ। ਸੂਤਰਾਂ ਮੁਤਾਬਕ ਤਸਵੀਰ ਦੀ ਕੀਮਤ ਤਕਰੀਬਨ 40 ਲੱਖ ਦੱਸੀ ਜਾਂਦੀ ਹੈ ਤੇ ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਇਹ ਤਸਵੀਰ ਲੰਡਨ ਵਿਖੇ ਇਤਿਹਾਸਕ ਚੀਜ਼ਾਂ ਦੀ ਨਿਲਾਮੀ ਦੌਰਾਨ ਵੇਚ ਦਿੱਤੀ ਗਈ ਹੈ। ਇਸ ਬਾਰੇ ਜ਼ਿਲ੍ਹਾ ਪੁਲਿਸ ਦਾ ਕਹਿਣਾ ਹੈ ਕਿ ਇਸ ਮਾਮਲੇ ਦੀ ਪਿਛਲੇ ਲੰਮੇ ਸਮੇਂ ਤੋਂ ਪੜਤਾਲ ਕੀਤੀ ਜਾ ਰਹੀ ਹੈ ਪਰ ਇਸ ਬਾਰੇ ਅਜੇ ਤੱਕ ਕੋਈ ਸੁਰਾਗ ਹਾਸਲ ਨਹੀਂ ਹੋਇਆ। ਇਸ ਮਾਮਲੇ ਵਿਚ ਅਗਲੀ ਕਾਰਵਾਈ ਕਾਨੂੰਨ ਮੁਤਾਬਕ ਕੀਤੀ ਜਾਵੇਗੀ।

ਦੇਗ ਤੇਗ ਫਤਹਿ

ੴ ਸਤਿਗੁਰ ਪ੍ਰਸਾਦਿ॥

ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ॥
ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ॥

ਪੰਥ ਕੀ ਜੀਤ

# ਸੰਤ ਬਾਬਾ ਪ੍ਰੇਮ ਸਿੰਘ ਜੀ ਦੀ 63ਵੀਂ ਬਰਸੀ

ਗੁਰੂ ਪਿਆਰੀ ਸਾਧ ਸੰਗਤ ਜੀ,
ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ॥

## ਗੁਰੂ ਲਾਧੋ ਰੇ ਸੇਵਾ ਸੁਸਾਇਟੀ ਬਾਬਾ ਮੱਖਣ ਸ਼ਾਹ ਲੁਬਾਣਾ, ਮਿਲਵਾਕੀ ਅਤੇ ਗੁਰਦੁਆਰਾ ਸਿੱਖ ਟੈਂਪਲ ਆਫ ਵਿਸਕਾਨਸਿਨ ਦੇ ਸਮੂਹ ਸੇਵਾਦਾਰਾਂ ਵਲੋਂ

ਪੂਰਨ ਸੰਤ ਮਹਾਪੁਰਖ ਬਾਬਾ ਪ੍ਰੇਮ ਸਿੰਘ ਮੁਰਾਲੇਵਾਲਿਆਂ ਦੀ 63ਵੀਂ ਬਰਸੀ ਮਨਾਈ ਜਾ ਰਹੀ ਹੈ। ਇਹ ਸਮਾਗਮ ਭਗਤ ਕਬੀਰ ਜੀ ਦੇ ਜਨਮ ਦਿਹਾੜੇ, ਅਪਰੇਸ਼ਨ ਬਲੂ ਸਟਾਰ ਦੇ ਸ਼ਹੀਦਾਂ, ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਦੇ ਸ਼ਹੀਦੀ ਦਿਵਸ ਅਤੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਰਾਏ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ ਹੋਵੇਗਾ। ਇਸ ਮੌਕੇ ਹੁੰਮ ਹੁਮਾ ਕੇ ਹਾਜ਼ਰੀਆਂ ਭਰ ਕੇ ਆਪ ਸਭ ਨੂੰ ਗੁਰਬਾਣੀ ਦਾ ਲਾਹਾ ਲੈਣ ਦੀ ਬੇਨਤੀ ਕੀਤੀ ਜਾਂਦੀ ਹੈ।




ਗੁਰਦੁਆਰਾ ਸਿੱਖ ਟੈਂਪਲ ਆਫ ਵਿਸਕਾਨਸਿਨ



ਸੰਤ ਪ੍ਰੇਮ ਸਿੰਘ ਜੀ ਮੁਰਾਲੇਵਾਲੇ

ਸਿੱਖ ਪੰਥ ਵਿਚ ਸੰਤ ਪ੍ਰੇਮ ਸਿੰਘ ਜੀ ਮੁਰਾਲੇਵਾਲੇ ਇਕ ਅਜਿਹੀ ਅਦੁੱਤੀ ਸ਼ਖ਼ਸੀਅਤ ਹੋਏ ਹਨ, ਜੋ ਦੈਵੀ ਗੁਣਾਂ ਦਾ ਭੰਡਾਰ ਅਤੇ ਪਰਉਪਕਾਰ ਦੀ ਮੂਰਤ ਸਨ। ਗੁਰਮਤਿ ਅਤੇ ਗੁਰਬਾਣੀ ਨੂੰ ਹੀ ਆਪ ਜੀ ਨੇ ਆਪਣਾ ਜੀਵਨ ਬਣਾਇਆ ਹੋਇਆ ਸੀ। ਅੰਮ੍ਰਿਤ ਸੰਚਾਰ ਦੀ ਲਹਿਰ ਚਲਾ ਕੇ ਉਨ੍ਹਾਂ ਨੇ ਸਿੱਖੀ ਦੀ ਫੁਲਵਾੜੀ ਨੂੰ ਅੱਗੇ ਵਧਾਇਆ। ਉਹ 1926 ਤੋਂ 1950 ਤੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਰਹੇ ਅਤੇ 1937 ਤੇ 1945 ਵਿਚ ਦੋ ਵਾਰ ਪੰਜਾਬ ਅਸੰਬਲੀ ਦੇ ਮੈਂਬਰ ਬਣੇ। ਵਿਦਿਆ ਦਾ ਚਾਨਣ ਵੰਡਣ ਲਈ ਉਨ੍ਹਾਂ ਕਈ ਸਕੂਲ ਬਣਵਾਏ। ਪੰਜਾਬ ਦੀ ਲੁਬਾਣਾ ਬਰਾਦਰੀ ਉਨ੍ਹਾਂ ਦੀ ਬਖਸ਼ਿਸ਼ ਸਦਕਾ ਹੀ ਅੱਜ ਦੁਨੀਆਂ ਵਿਚ ਉਜਵਲ ਇਤਿਹਾਸ ਸਿਰਜ ਰਹੀ ਹੈ।

ਪ੍ਰੋਗਰਾਮ ਦਾ ਵੇਰਵਾ

**ਅਰੰਭ ਸ੍ਰੀ ਅਖੰਡ ਪਾਠ: 31 ਮਈ 2013–ਸਵੇਰੇ 10 ਵਜੇ**
**ਭੋਗ ਸ੍ਰੀ ਅਖੰਡ ਪਾਠ: 2 ਜੂਨ 2013–ਸਵੇਰੇ 10:30 ਵਜੇ**

ਉਪਰੰਤ ਕੀਰਤਨ ਦਰਬਾਰ ਵਿਚ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਗੁਰਮੇਲ ਸਿੰਘ ਸ਼ਬਦ ਕੀਰਤਨ ਕਰਨਗੇ।
ਕੈਨੇਡਾ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚ ਰਿਹਾ ਭਾਈ ਸਰੂਪ ਸਿੰਘ ਕੰਡਿਆਣਾ ਦਾ ਢਾਡੀ ਜਥਾ ਵਾਰਾਂ ਗਾ ਕੇ ਸੰਗਤਾਂ ਨੂੰ ਨਿਹਾਲ ਕਰੇਗਾ।
ਭਾਈ ਸੁਰਜੀਤ ਸਿੰਘ ਜ਼ਖਮੀ ਅਤੇ ਲੋਕਲ ਬੱਚੇ ਸ਼ਬਦ ਕੀਰਤਨ ਕਰਨਗੇ।
ਗੁਰੂ ਕਾ ਲੰਗਰ ਅਤੁੱਟ ਵਰਤੇਗਾ

**ਸੇਵਾ: ਗੁਰੂ ਲਾਧੋ ਰੇ ਸੇਵਾ ਸੁਸਾਇਟੀ ਬਾਬਾ ਮੱਖਣ ਸ਼ਾਹ ਲੁਬਾਣਾ, ਮਿਲਵਾਕੀ ਦੇ ਸਮੂਹ ਸੇਵਾਦਾਰਾਂ ਵਲੋਂ**

7512 South Howell Ave. Oak Creek, WI 53154
Web Site: sikhtemplewi.org Ph. 414-764-7454 Fax: 414-764-7512

# ਪੰਜਾਬ ਸਪੋਰਟਸ ਕਲੱਬ ਸਿਨਸਿਨੈਟੀ (ਓਹਾਇਓ) ਦਾ ਵਿਸਾਖੀ ਮੇਲਾ

## ਤਸਵੀਰਾਂ ਦੀ ਜ਼ੁਬਾਨੀ

























ਹੋਰ ਤਸਵੀਰਾਂ ਅਗਲੇ ਸਫੇ 'ਤੇ ਦੇਖੋ

















ੴ ਸਤਿਗੁਰ ਪ੍ਰਸਾਦਿ

# ਦਾਦੀ ਜੀ ਤੇ ਦਾਦਾ ਜੀ ਨੂੰ ਚੇਤੇ ਕਰਦਿਆਂ...

ਜਿਨੀ ਨਾਮ ਧਿਆਇਆ ਗਏ ਮਸਕਤ ਘਾਲਿ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥
ਹਰ ਜੀ ਮਾਤਾ ਹਰ ਜੀ ਪਿਤਾ ਹਰ ਜੀਓ ਪ੍ਰਿਤਪਾਲਕ॥
ਹਰ ਜੀ ਮੇਰੀ ਸਾਰ ਕਰੇ ਹੁਣ ਹਰ ਕੇ ਬਾਰਿਕ॥

ਸਾਡੇ ਪਿਆਰੇ ਦਾਦੀ ਜੀ ਬੀਬੀ ਭੁਪਿੰਦਰਜੀਤ ਕੌਰ ਕੁਝ ਸਾਲ ਪਹਿਲਾਂ ਆਪਣੇ ਅਸਲੀ ਘਰ ਚਲੇ ਗਏ ਸਨ, ਉਹ ਅੱਜ ਵੀ ਸਾਡੇ ਦਿਲਾਂ ਵਿਚ ਸਾਡੇ ਨਾਲ ਹਨ। ਉਨ੍ਹਾਂ ਨੂੰ ਅਸੀਂ ਯਾਦ ਕਰ ਰਹੇ ਹਾਂ। ਫਿਰ ਦਾਦਾ ਜੀ ਵੀ ਉਨ੍ਹਾਂ ਦੇ ਪਿਛੇ ਚਲੇ ਗਏ। ਉਹ ਵੀ ਬਹੁਤ ਯਾਦ ਆਉਂਦੇ ਹਨ।

ਸਿਮਰਨ ਆਪਣੇ ਦਾਦੀ ਜੀ ਤੇ ਦਾਦਾ ਜੀ ਨੂੰ ਮਿਸ ਕਰ ਰਹੀ ਹੈ। ਉਸ ਨੇ ਪਾਪਾ ਨੂੰ ਪੁੱਛਿਆ, "ਪਾਪਾ ਜੀ ਮੈਂ ਦਾਦੀ ਜੀ ਤੇ ਦਾਦਾ ਜੀ ਕੋਲ ਮੂਨ 'ਤੇ ਜਾ ਕੇ ਕਦੋਂ ਮਿਲਾਂਗੀ?" ਕਿਉਂਕਿ ਅਸੀਂ ਕਿਹਾ ਸੀ ਕਿ ਦਾਦੀ ਜੀ ਤੇ ਦਾਦਾ ਜੀ ਮੂਨ (ਚੰਦ) 'ਤੇ ਚਲੇ ਗਏ ਹਨ। ਪਾਪਾ ਨੇ ਕਿਹਾ, "ਜਦੋਂ ਤੂੰ ਬੁੱਢੀ ਹੋ ਜਾਏਂਗੀ।" ਫਿਰ ਉਸ ਨੇ ਤਾੜੀ ਮਾਰੀ ਤੇ ਕਿਹਾ "ਅਸੀਂ ਦਾਦੀ ਜੀ ਤੇ ਦਾਦਾ ਜੀ ਨੂੰ ਮੂਨ 'ਤੇ ਮਿਲਾਂਗੇ।"

ਦਾਦਾ ਜੀ ਤੇ ਦਾਦੀ ਜੀ ਅਸੀਂ ਤੁਹਾਨੂੰ ਬਹੁਤ ਮਿਸ ਕਰਦੇ ਹਾਂ।



*ਦਾਦੀ ਜੀ ਬੀਬੀ ਭੁਪਿੰਦਰਜੀਤ ਕੌਰ ਅਤੇ ਦਾਦਾ ਜੀ ਸ. ਹਰਮਿੰਦਰ ਸਿੰਘ*

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ॥

**WE MISS YOU DADI JI**

**FROM: SIMRAN, SAHIBA, SEHAJ & SARGUN**

# ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ, ਮਿਸ਼ੀਗਨ

ਸ਼ੋਹਰਤ ਦੇ ਦੀਵੇ ਵਿਚ ਖ਼ੂਨ ਜਿਗਰ ਦਾ ਪੈਂਦਾ ਏ, ਦੁਨੀਆਂ ਵਿਚ ਨਾਮ ਕਮਾਉਣਾ ਸੌਖਾ ਨਹੀਂ ਹੁੰਦਾ।
ਕਾਮਯਾਬ ਨੇ ਜਿਹੜੇ ਉਨ੍ਹਾਂ ਤੋਂ ਸਦਕੇ ਜਾਵਾਂ ਮੈਂ, ਬਾਹਰਲੇ ਮੁਲਕ 'ਚ ਪੈਰ ਜਮਾਉਣਾ ਸੌਖਾ ਨਹੀਂ ਹੁੰਦਾ।

# 6ਵਾਂ ਪੰਜਾਬੀ ਖੇਡ ਮੇਲਾ

## 6 ਜੁਲਾਈ 2013 (ਸਨਿਚਰਵਾਰ, ਸਵੇਰੇ 8:30 ਤੋਂ ਸ਼ਾਮ 8:00 ਵਜੇ ਤੱਕ)

**Canton Sports Center - Victory Park:** 46555 W. Michigan Ave. Rd., Canton, MI 48188 (Near Beck Rd.)

**ਖੇਡਾਂ: ਕਬੱਡੀ, ਵਾਲੀਬਾਲ, ਸੌਕਰ, ਅਥਲੈਟਿਕਸ**

### ਇਨਾਮ

**ਕਬੱਡੀ ਓਪਨ**
ਪਹਿਲਾ ਇਨਾਮ-7500 ਡਾਲਰ
ਦੂਜਾ ਇਨਾਮ-6000 ਡਾਲਰ
ਤੀਜਾ ਇਨਾਮ-4500 ਡਾਲਰ
ਚੌਥਾ ਇਨਾਮ-3000 ਡਾਲਰ

**ਕਬੱਡੀ ਅੰਡਰ-21**
ਪਹਿਲਾ ਇਨਾਮ-2100 ਡਾਲਰ
ਦੂਜਾ ਇਨਾਮ-1100 ਡਾਲਰ
ਤੀਜਾ ਇਨਾਮ-500 ਡਾਲਰ

**ਕਬੱਡੀ ਅੰਡਰ-15**
ਪਹਿਲਾ ਇਨਾਮ-600 ਡਾਲਰ
ਦੂਜਾ ਇਨਾਮ-400 ਡਾਲਰ
ਤੀਜਾ ਇਨਾਮ 200 ਡਾਲਰ

**ਵਾਲੀਬਾਲ**
ਪਹਿਲਾ ਇਨਾਮ-2100 ਡਾਲਰ
ਦੂਜਾ ਇਨਾਮ-1100 ਡਾਲਰ

**ਸੌਕਰ**
ਪਹਿਲਾ ਇਨਾਮ-2100 ਡਾਲਰ
ਦੂਜਾ ਇਨਾਮ-1100 ਡਾਲਰ



ਯਾਰੋ ਫੜਨੇ ਸੌਖੇ ਨਹੀਂ-ਮਿਰਗ ਦੀ ਲੱਤ, ਸ਼ੇਰ ਦਾ ਨੱਕ, ਉਡਣੇ ਸੱਪ, ਕਬੂਤਰ ਚੀਨੇ।

**ਮੇਲਾ-ਗੇਲਾ, ਖੇਡਾਂ, ਨੱਚਣ-ਟੱਪਣ, ਗਾਉਣ-ਪਾਣੀ ਅਤੇ ਖੁੱਲ੍ਹਾ ਖਾਣ-ਪੀਣ ਆਓ ਅਤੇ ਮੌਜ ਮਨਾਓ**

***Free Entry *Free Food *Free Entertainment**

ਪਰਿਵਾਰਾਂ ਸਮੇਤ ਆਓ ਤੇ ਮੇਲੇ ਦਾ ਲੁਤਫ ਉਠਾਓ

ਸਭਿਆਚਾਰਕ ਪ੍ਰੋਗਰਾਮ ਤੇ ਗਿੱਧਾ-ਭੰਗੜਾ ਵੀ ਹੋਵੇਗਾ।

ਕਬੱਡੀ ਰੈਫਰੀ:ਨਰਿੰਦਰ ਮੁੰਦਰ, ਕੁਲਵਿੰਦਰ ਕਿੰਦਾ ਤੇ ਗੁਰਮੀਤ ਬੋਪਾਰਾਏ



ਲੰਗਰ ਦਾ ਖਰਚਾ ਅਤੇ ਸੇਵਾ ਆਗੇਨਾਈਜ਼ਿੰਗ ਕਮੇਟੀ ਦੇ ਮੈਂਬਰਾਂ ਵਲੋਂ ਹੋਵੇਗੀ

## PSCA Committee Members and Gold Sponsors


ਕਰਮਬੀਰ ਸਿੰਘ


ਅਰਜੁਨ ਗਿੱਲ


ਰਾਜ ਨਿੱਜਰ


ਜਸਵਿੰਦਰ ਧਾਲੀਵਾਲ


ਅਮਰਜੀਤ ਗਿੱਲ


ਰਵਿੰਦਰ ਥਿੰਦ


ਅਮਰੀਕ ਰਾਏ


ਸੁਖਵੰਤ ਗਿੱਲ


ਸੁਖਦੇਵ ਸੇਖੋਂ


ਕੇਵਲ ਗਿੱਲ


ਕੁਲਬੀਰ ਗਿੱਲ


ਸੁੱਖਾ ਸੇਖੋਂ


ਬਲਕਾਰ ਗਿੱਲ

## ਹੋਰ ਜਾਣਕਾਰੀ ਲਈ ਕਾਲ ਕਰੋ

Karn Gill (Mela, Sponsors, Kabaddi, Soccer) 734-612-9984
Karmbir Singh (Mela, Volleyball) 734-558-3151
Arjun Gill (Kabaddi) 734-231-3576
Raj Jamarai (Kabaddi, Singer) 734-644-1010

**Organizing Committee**
Amarjit Gill, Amrik Rai, Sukhwant Gill, Jaswinder Dhaliwal, Ravinder Thind, Raj Nijjar, Sukhdev Sekhon, Kulbir Gill, Sukha Sekhon, Balkar Gill, Kewal Gill, Manpreet Gill

**WWW.PSCA-MI.COM**

## ਮੁੱਖ ਸਪਾਂਸਰ



ਚੈਨ ਸਿੰਘ ਸੰਧੂ | ਜੈਰੀ ਸਿੰਘ | ਦਰਸ਼ਨ ਸਿੰਘ ਗਰੇਵਾਲ | ਹਰਪ੍ਰੀਤ ਆਹਲੂਵਾਲੀਆ | ਕਰਨ ਗਿੱਲ | ਹਰਪ੍ਰੀਤ ਸਿੰਘ

## Invited Honorable Public Officials



*Gary Peters*
*US Congressman*

*Phil Lajoy*
*Canton City Mayor*

*Virg Bernero*
*Lansing City Mayor*

*Patrick Colbeck*
*Michigan Senator*

*Kurt Heise*
*MI Congressman*

*Diane Slaven*
*MI Congresswomen*

*Sam Singh*
*MI Congressman*

## ਸਾਡੇ ਗੋਲਡ ਸਪਾਂਸਰ



ਡਾ. ਸਈਅਦ ਤਾਜ | ਗੁਰਬਚਨ ਗੈਰੀ ਮਾਨ | ਅਮਰਜੀਤ ਸਿੱਧੂ | ਰਤਨ ਸੇਖੋਂ | ਬਲਬੀਰ ਗਰੇਵਾਲ | ਅਟਾਰਨੀ ਜੱਸੀ ਸਚਦੇਵ | ਇੰਦਰਜੀਤ ਗਿੱਲ | ਗੱਗੀ ਗਿੱਲ | ਅਮਰੀਕ ਮਾਹਲ | ਬਲਵਿੰਦਰ ਬਾਠ



ਬਲਜੀਤ ਬੈਂਸ | ਗੁਰਿੰਦਰ ਧਨੋਆ | ਬਲਦੇਵ ਸਿੰਘ ਸੱਲ੍ਹਾਂ | ਸੁੱਖੀ ਨਰਵਾਲ | ਗੋਲਡੀ ਢਿੱਲੋਂ | ਚਰਨਜੀਤ ਰੁਸਟੀ | ਸਾਵਲ ਸਿੰਘ | ਸੰਨੂ ਧੁੜ | ਮਨਜੀਤ ਨੰਨਣ | ਰਣਵੀਰ ਲਾਲੀ ਧਾਲੀਵਾਲ



ਰਾਜਵਿੰਦਰ ਗਰੇਵਾਲ | ਗੁਰਜਿੰਦਰ ਡਿੰਪਲ | ਜਰਨੈਲ ਸਿੰਘ ਪੱਪੀ | ਨਰਿੰਦਰ ਮੁੰਦਰ | ਹਰਪਾਲ ਪੰਮਾ | ਡਾ. ਹਰਜਿੰਦਰ ਖਹਿਰਾ | ਮਿੱਕੀ ਕਾਹਲੋਂ | ਜਸਕਰਨ ਧਾਲੀਵਾਲ | ਅਮਰਦੇਵ ਬਦੇਸ਼ਾ | ਹੈਪੀ ਹੀਰ



ਸਰਵਣ ਸਿੰਘ ਟਿਵਾਣਾ | ਦਰਸ਼ਨ ਬਸਰਾਓਂ | ਅਜੈਬ ਸਿੰਘ ਲੱਖਣ | ਸਤਿੰਦਰ ਸੁਸਾਣਾ | ਹਰਵਿੰਦਰ ਵਾਲੀਆ | ਸੁਰਜੀਤ ਮਾਵੀ | ਗੁਰਿੰਦਰ ਢਿੱਲੋਂ | ਸਤਵੰਤ ਸਿੰਘ ਨਿੱਜਰ | ਇਕਬਾਲ ਬੋਪਾਰਾਏ | ਹਰਜੀਤ ਢਿੱਲੋਂ

**ਸਿਲਵਰ ਸਪਾਂਸਰ:** ਜਗਤਾਰ ਜੱਗਾ, ਹਰਪਾਲ ਸੰਘਾ, ਲਾਲੀ ਮਾਂਗਟ, ਹਰਜਿੰਦਰ ਗਿੱਲ, ਚਮੌਕਰ ਸਿੰਘ ਗਿੱਲ, ਸੁਖਦੇਵ ਬਰਾੜ, ਦਲਜੀਤ ਰੰਧਾਵਾ, ਲਖਵਿੰਦਰ ਰਾਏਭੱਟੀ, ਮਲਕੀਅਤ ਸਿੰਘ ਭੱਠਲ, ਭੁਪਿੰਦਰ ਸੰਧੂ, ਭੁਪਿੰਦਰ ਪੇਲੀਆ, ਹਰਮੋਹਨਜੀਤ ਬੈਂਸ, ਅਜੈ ਗਰੋਵਰ, ਰੇਨੂ ਤੱਖਰ, ਰਾਣੀ ਸੈਲੂਨ, ਪੰਮੀ।

ਸਮਰਥਕ ਸੱਜਣ: **(ਮਿਸ਼ੀਗਨ):** ਤੇਜਕਰਨ ਢਿੱਲੋਂ, ਸੁਰਿੰਦਰ ਸਿੰਘ ਗਰਚਾ, ਸਤਵੀਰ ਸਵੈਚ, ਰਾਜ ਸਿਆਨ, ਗੁਰਪ੍ਰੀਤ ਸਿੱਧੂ, ਪਰਦੀਪ ਸੰਘਾ, ਸੁੱਖੀ ਧਾਲੀਵਾਲ, ਇੰਦਰਜੀਤ ਵਿਰਕ, ਹਰਜਿੰਦਰ ਗਿੱਲ, ਨਵਦੀਪ ਗਿੱਲ, ਦਵਿੰਦਰ ਗਰੇਵਾਲ, ਲਾਲੀ ਮਾਂਗਟ, ਅੰਮ੍ਰਿਤਪਾਲ ਹੇਅਰ, ਗੁਰਮੀਤ ਸੰਧੂ, ਬਲਦੇਵ ਧਾਲੀਵਾਲ, ਗੁਰਦਾਤਾਰ ਸਿੰਘ, ਊਧਮ ਸਿੰਘ, ਸੁਖਪਾਲ ਢਿੱਲੋਂ, ਸੁਰਜੀਤ ਗਿੱਲ, ਗੁਰਭਿੰਦਰ ਸਿੰਘ, ਨਿਰਮਲ ਸਿੰਘ ਸਰਾਂ, ਮੋਹਨ ਸਿੰਘ ਢੋਲੀ, ਕਰਤਾਰ ਸਿੰਘ ਬੱਬੂ, ਸੋਨੂੰ ਸੰਧੂ, ਦਲਜੀਤ ਰੰਧਾਵਾ, ਲਖਵਿੰਦਰ ਰਾਏਭੱਟੀ, ਸੁਰਿੰਦਰਜੀਤ ਕਾਹਲੋਂ, ਗੁਰਦੇਵ ਗਿੱਲ, ਇੰਦਰਪਾਲ ਸਿੰਘ, ਜਤਿੰਦਰ ਬੱਤਰਾ, ਜੌਲੀ ਸਿੰਘ, ਸੁਭਦੇਵ ਮਰਾਹਰ, ਸੁਖਵਿੰਦਰ ਸੰਧੂ, ਸੁਖਵੀਰ ਭੱਟੀ, ਗੁਰਦੇਵ ਸਿੰਘ ਨੰਨਣ, ਲਾਲੀ ਰਣਵੀਰ ਧਾਲੀਵਾਲ, ਪਾਲ ਖਲੀਲ, ਰਿੰਕੂ, ਬਲਬੀਰ ਸਿੰਘ, ਕੁਲਦੀਪ ਸਿੰਘ ਲੈਨਸਿੰਗ, ਲਾਡੀ ਮੁਲਤਾਨੀ, ਦਲਬਾਰਾ ਸਿੰਘ ਮਾਂਗਟ, ਬਲਜੀਤ ਬਾਸੀ, ਭਗਵਾਨ (ਬੌਬ) ਸਿੰਘ ਖਹਿਰਾ, ਰੇਸ਼ਮ ਸਿੰਘ ਸੈਣੀ।

**(ਸ਼ਿਕਾਗੋ):** ਸਤਿੰਦਰ ਸੁਸਾਣਾ, ਜਸਕਰਨ ਧਾਲੀਵਾਲ, ਹੈਪੀ ਹੀਰ, ਡਾ. ਹਰਜਿੰਦਰ ਖਹਿਰਾ, ਦਰਸ਼ਨ ਬਸਰਾਓਂ, ਅਮਰਦੇਵ ਬਦੇਸ਼ਾ, ਲਵਦੀਪ ਦੁੱਲਤ, ਅਜੈਬ ਲੱਖਣ, ਮਿੱਕੀ ਕਾਹਲੋਂ, ਵਿਕਰਾਂਤ ਸਿੰਘ, ਵਿਕਰਾਂਤ ਸਿੰਘ, ਦੀਪਾ ਬਦੇਸ਼ਾ, ਸੰਨੀ ਕੁਲਾਰ, ਬਲਵਿੰਦਰ ਗਿਰਨ, ਪਰਮਿੰਦਰ ਵਾਲੀਆ, ਬਲਜੀਤ ਸਿੱਧੂ, ਅਜਮੇਰ ਪੰਨੂ, ਹਰਵਿੰਦਰ ਸਿੰਘ ਘੋਤੜਾ, ਸੰਤੋਖ ਸਿੰਘ ਡੀ ਸੀ, ਨਰਿੰਦਰ ਸਿੰਘ ਸਰਾਂ, ਟੋਨੀ ਸੰਘੇੜਾ, ਗੁਰਮੁਖ ਸਿੰਘ ਭੁੱਲਰ, ਜੈਰਾਮ ਸਿੰਘ ਕਾਹਲੋਂ, ਜੱਸੀ ਪਰਮਾਰ, ਬੇਅੰਤ ਬੋਪਾਰਾਏ, ਗੁਲਜ਼ਾਰ ਸਿੰਘ ਮੁਲਤਾਨੀ, ਲਵ ਮਿਨਹਾਸ, ਮਨਜੀਤ ਧਨੋਆ, ਸੁਰਿੰਦਰ ਕਾਲੜਾ, ਰਛਪਾਲ ਖੰਗੂੜਾ, ਠਾਕਰ ਬਸਾਤੀ, ਰਾਜਿੰਦਰ ਮਾਗੋ, ਨਿੱਕ ਗਾਖਲ, ਗੁਰਮੀਤ ਬਾਠ।

**(ਇੰਡੀਆਨਾ)**: ਸਰਵਣ ਸਿੰਘ ਟਿਵਾਣਾ, ਗੁਰਿੰਦਰ ਢਿੱਲੋਂ, ਬਲਦੇਵ ਸੱਲ੍ਹਾਂ, ਪ੍ਰਿਥਪਾਲ ਘੋਤੜਾ, ਦਰਸ਼ਨ ਸਿੰਘ ਦਰੜ, ਕਿੰਟੂ ਬਾਵਾ, ਰਾਜਿੰਦਰ ਸਿੰਘ ਬੈਂਸ, ਮਨਦੀਪ ਸਿੰਘ ਭੂਰਾ, ਲਾਲੀ ਸਿੱਧੂ, ਵਰਿੰਦਰ ਸਾਹੀ, ਮਨਜੀਤ ਨਾਗਰਾ।

**(ਓਹਾਇਓ):** ਹਰਵਿੰਦਰ ਵਾਲੀਆ, ਸੁਰਜੀਤ ਮਾਵੀ, ਇਕਬਾਲ ਬੋਪਾਰਾਏ, ਹਰਜੀਤ ਢਿੱਲੋਂ, ਮਹਿੰਦਰ ਭੇਲਾ, ਅਮਰਜੀਤ ਕੰਗ, ਪਲਵਿੰਦਰ ਸੋਹਲ, ਅੰਮ੍ਰਿਤਪਾਲ ਗਰੇਵਾਲ, ਸੁਖਜੀਤ ਗਿੱਲ, ਦਲਜੀਤ ਢਿੱਲੋਂ, ਡਾ. ਮੁਖਤਾਰ ਨਿੱਜਰ।

**(ਵਿੰਡਸਰ, ਓਂਟਾਰੀਓ):** ਗੁਰਬਖ਼ਸ਼ ਭੁੱਲਰ, ਜੋਗਾ ਸਿੰਘ, ਬਿਕਰਮ ਗਰੇਵਾਲ, ਜੀਵਨ ਗਿੱਲ, ਜੈਸਨ ਸੇਖੋਂ, ਗੁਰਬਖ਼ਸ਼ ਵਾਹਿਦ, ਹਰਜਿੰਦਰ ਕੰਦੋਲਾ, ਭਗਵੰਤ ਸਿੰਘ।

**ਸਮਰਥਕ ਸੰਸਥਾਵਾਂ:** ਕਲੀਵਲੈਂਡ ਸਪੋਰਟਸ ਕਲੱਬ, ਸ਼ਿਕਾਗੋ ਸਪੋਰਟਸ ਕਲੱਬ, ਇੰਡੀਆਨਾ ਸਪੋਰਟਸ ਕਲੱਬ, ਸਿਨਸਿਨੈਟੀ ਸਪੋਰਟਸ ਕਲੱਬ, ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ (ਓਹਾਇਓ), ਐਨ ਵਾਈ ਐਕਸ ਕੰਪਨੀ, ਪੀ ਸੀ ਐਸ ਸ਼ਿਕਾਗੋ, ਪੀ ਐਚ ਓ ਸ਼ਿਕਾਗੋ, ਪੀ ਸੀ ਐਸ ਕਲੀਵਲੈਂਡ, ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ, ਪੰਜਾਬ ਸਪੋਰਟਸ ਕਲੱਬ ਮਿਡਵੈਸਟ, ਰੇਡੀਓ ਚੰਨ ਪ੍ਰਦੇਸੀ।

# ਗੁਲਜ਼ਾਰ: ਮੁਸਾਫਿਰ ਹੂੰ ਯਾਰੋ, ਨਾ ਘਰ ਹੈ ਨਾ ਠਿਕਾਨਾ

**ਸ਼ਿਕਾਗੋ (ਸੁਰਿੰਦਰ ਸਿੰਘ ਭਾਟੀਆ):** ਗੁਲਜ਼ਾਰ ਫਿਲਮੀ ਦੁਨੀਆਂ ਅਤੇ ਸਾਹਿਤ ਜਗਤ ਦੀ ਇਕ ਉਘੀ ਸ਼ਖਸੀਅਤ ਹੈ ਜਿਸ ਦੇ ਗੀਤਾਂ ਦਾ ਅਨੰਦ ਪੁਰਾਣੀ ਪੀੜ੍ਹੀ ਤਾਂ ਮਾਣਦੀ ਹੀ ਹੈ, ਨਵੀਂ ਪੀੜ੍ਹੀ ਦੇ ਅਦਬੀ ਲੁਤਫ ਉਠਾਉਣ ਦੇ ਚਾਹਵਾਨ ਵੀ ਸ਼ੈਦਾਈ ਹਨ। ਸਥਾਨਕ ਸੰਸਥਾ 'ਦ੍ਰਿਸ਼ਟੀ' ਨੇ ਗੁਲਜ਼ਾਰ ਨੂੰ ਸਮਰਪਿਤ ਇਕ ਸ਼ੋਅ 'ਬਾਤ ਪਸ਼ਮੀਨੇ ਕੀ' ਇਥੋਂ ਦੇ ਰੋਲਿੰਗ ਮੈਡੋਜ਼ ਕਲੱਬ ਵਿਚ ਕਰਵਾਇਆ। ਆਰਟ ਗਰੁਪ 'ਨਿਚੇਅ' ਵਲੋਂ ਪੇਸ਼ ਕੀਤੇ ਗਏ ਇਸ ਪ੍ਰੋਗਰਾਮ ਵਿਚ ਗੁਲਜ਼ਾਰ ਦੀ ਫਿਲਮੀ ਤੇ ਨਿਜੀ ਜ਼ਿੰਦਗੀ ਦੇ ਵੱਖ ਵੱਖ ਪੱਖਾਂ ਨੂੰ ਆਧਾਰ ਬਣਾਇਆ ਗਿਆ ਸੀ।

ਸੁਚਜੇ ਢੰਗ ਨਾਲ ਵਿਉਂਤਬੱਧ ਕੀਤੇ ਇਸ ਨਿਵੇਕਲੇ ਸ਼ੋਅ ਨੂੰ ਆਧੁਨਿਕ ਸੰਚਾਰ ਮਾਧਿਅਮ, ਪੁਰਾਣੇ ਰਵਾਇਤੀ ਮੰਚ ਦੇ ਸੁਤਰਧਾਰ ਅਤੇ ਅਦਬੀ ਮੁਸ਼ਾਇਰੇ ਦੇ ਰੰਗਾਂ ਨਾਲ ਸ਼ਿਗਾਰਿਆ ਗਿਆ ਸੀ। ਸਟੇਜ਼ ਦੇ ਸੱਜੇ ਪਾਸੇ ਸੁਤਰਧਾਰ ਗੁਲਜ਼ਾਰ ਦੀ ਜਿੰਦਗੀ ਅਤੇ ਉਸ ਦੇ ਫਿਲਮੀ ਸਫਰ ਦੀ ਗੱਲ ਕਰੀ ਜਾਂਦਾ ਅਤੇ ਖੱਬੇ ਪਾਸੇ ਗਾਇਕ ਕਲਾਕਾਰ ਉਸ ਹਿੱਸੇ ਨਾਲ ਮੇਲ ਖਾਂਦਾ ਗੀਤ ਗਾਈ ਜਾਂਦਾ। ਇਸ ਦੇ ਨਾਲ ਹੀ ਹਾਲ ਵਿਚ ਲਗੀਆਂ ਤਿੰਨ ਵੱਡ-ਅਕਾਰੀ ਸਕਰੀਨਾਂ 'ਤੇ ਸਬੰਧਤ ਫਿਲਮ ਦੇ ਸੀਨ ਜਾਂ ਗੀਤ ਨਾਲ ਨਾਲ ਚਲਦੇ ਰਹਿੰਦੇ।

ਪ੍ਰੋਗਰਾਮ ਦੀ ਸ਼ੁਰੂਆਤ ਦ੍ਰਿਸ਼ਟੀ ਸੰਸਥਾ ਦੀ ਡਾਇਰੈਕਟਰ ਸ਼ਭਾਨੀ ਨੇ ਸ਼ਮਾ ਰੌਸ਼ਨ ਕਰ ਕੇ ਕੀਤੀ। "ਇਕ ਸਬੱਬ ਮਰਨੇ ਕਾ, ਇਕ ਤਲਬ ਜੀਨੇ ਕੀ, ਚਾਂਦ ਪੁਖਰਾਜ ਕਾ, ਬਾਤ ਪਸ਼ਮੀਨੇ ਕੀ" ਦੀ ਇਬਾਰਤ ਵਾਲੇ ਬੈਨਰ ਦੇ ਐਨ ਥੱਲੇ ਬਣੇ ਮੰਚ 'ਤੇ ਸੂਤਰਧਾਰ ਦਰਸ਼ਕਾਂ ਦੇ ਰੂਬਰੂ ਹੁੰਦੇ। ਸੁਤਰਧਾਰ ਨੇ ਗੁਲਜ਼ਾਰ ਦੀ ਜਿੰਦਗੀ, ਉਸ ਦੇ ਫਿਲਮੀ ਸਫਰ ਤੇ ਉਸ ਦੀ ਸ਼ਾਇਰੀ ਬਿਆਨ ਕਰਦਿਆਂ ਦਸਿਆ ਕਿ ਗੁਲਜ਼ਾਰ ਦਾ ਅਸਲੀ ਨਾਂ ਸੰਪੂਰਨ ਸਿੰਘ ਕਾਲੜਾ ਹੈ। ਗੁਲਜ਼ਾਰ ਉਸ ਦਾ ਫਿਲਮੀ ਨਾਂ ਹੈ ਜਿਸ ਦਾ ਮਤਲਬ ਰੰਗ ਬਿਰੰਗੇ ਫੁੱਲਾਂ ਨਾਲ ਸਜਿਆ ਬਗੀਚਾ ਹੈ। ਗੁਲਜ਼ਾਰ ਦਾ ਜਨਮ ਪਿੰਡ ਦੀਨਾ, ਜੇਹਲਮ (ਪਾਕਿਸਤਾਨ) ਵਿਚ ਹੋਇਆ। ਉਹ 9 ਸਾਲ ਦਾ ਸੀ ਜਦੋਂ ਭਾਰਤ ਦੀ ਵੰਡ ਹੋ ਗਈ ਅਤੇ ਸੰਨ '47 ਦਾ ਸੰਤਾਪ ਉਸ ਨੇ ਅੱਖੀ ਦੇਖਿਆ। ਆਪਣੀ ਮਰਜੀ ਨਾਲ ਮਜਹਬ ਨਹੀਂ ਚੁਣਿਆ, ਮਜਹਬ ਉਹ ਹੀ ਜੋ ਜਨਮ ਤੋਂ ਮਿਲਿਆ। ਫਿਰ ਇਕ ਦੂਜੇ ਨਾਲ ਨਫਰਤ ਕਿਉਂ? ਇਹ ਫਿਰਕਾਪ੍ਰਸਤੀ ਕਿਉਂ? ਅਤੀਤ ਦੀ ਗੁਝੀ ਪੀੜ, ਪਰਿਵਾਰ ਦੇ ਪਿਛੋਕੜ ਦਾ ਦਰਦ, ਵਤਨੋਂ ਬੇਵਤਨ ਹੋਣ ਦੀ ਹੂਕ ਅਕਸਰ ਉਸ ਦੇ ਗੀਤਾਂ ਤੇ ਫਿਲਮੀ ਸੰਵਾਦਾਂ ਵਿਚੋਂ ਝਲਕਦੀ ਹੈ।



ਗਾਇਕ ਕਲਾਕਾਰਾਂ ਪ੍ਰਿਅੰਕਾ ਭਰਵੇ, ਸਵਪਨਾ ਲੇਲੇ, ਹਰੀਕੇਸ਼ ਤੇ ਜਤਿੰਦਰ ਅਭਿਨਾਕਰ ਨੇ ਵਾਰੋ ਵਾਰੀ 'ਮੋਹੇ ਸ਼ਾਮ ਰੰਗ ਦੇ ਦੇ', 'ਤੁਮ੍ਹਾਰਾ ਇੰਤਜਾਰ ਹੈ', 'ਮਾਂਝੀ ਰੇ ਓ ਮਾਂਝੀ, ਛਲਕਾ ਛਲਕਾ ਰੇ ਪਾਨੀ', 'ਚੱਪਾ ਚੱਪਾ ਚਰਖਾ ਚਲੇ', 'ਆਖੋਂ ਮੇਂ ਨੀਂਦ ਨਾ ਹੋਗੀ, ਰਾਤ ਭਰ ਖਵਾਬ ਮੇਂ ਦੇਖਾ', 'ਦਿਲ ਤੋ ਬੱਚਾ ਹੈ ਜੀ', 'ਦੋ ਨੈਨੋਂ ਮੇਂ ਆਂਸੂ ਭਰੇ ਹੈਂ', 'ਬੀਤੇ ਨਾ ਬਿਤਾਈ ਰੈਨਾ', 'ਪੱਥਰ ਕੀ ਹਵੇਲੀ, ਸ਼ੀਸ਼ੇ ਕਾ ਘਰੌਂਦਾ', 'ਰੁਕੇ ਰੁਕੇ ਸੇ ਕਦਮ ਰੁਕ ਕੇ ਬਾਰ ਬਾਰ ਚਲੇ', 'ਦਿਲ ਢੂੰਡਤਾ ਹੈ ਫਿਰ ਵਹੀ ਫੁਰਸਤ ਕੇ ਰਾਤ ਦਿਨ' ਆਦਿ ਗੁਲਜ਼ਾਰ ਦੇ ਗੀਤ ਸੁਰੀਲੀਆਂ ਅਵਾਜ਼ਾਂ 'ਚ ਗਾ ਕੇ ਦਰਸ਼ਕਾਂ ਦਾ ਮਨ ਮੋਹ ਲਿਆ।

ਅੱਧੀ ਸਦੀ ਤੋਂ ਫਿਲਮੀ ਦੁਨੀਆਂ ਵਿਚ ਵਿਚਰ ਰਹੇ ਪਦਮ ਭੁਸ਼ਨ ਐਵਾਰਡ ਨਾਲ ਸਨਮਾਨਿਤ ਗੁਲਜ਼ਾਰ ਨੇ ਆਪਣੇ ਸਟਾਈਲ ਨਾਲ ਕਦੀ ਸਮਝੌਤਾ ਨਹੀਂ ਕੀਤਾ। ਗੁਲਜ਼ਾਰ ਅਕਸਰ ਕਹਿੰਦੇ ਹਨ, "ਕਵੀ ਹਮੇਸ਼ਾ ਕਸ਼ਿਸ਼ ਮੇਂ ਜੀਤੇ ਹੈਂ, ਸਮਝੌਤਾ ਨਹੀਂ ਕਰਤੇ, ਨਜ਼ਮ ਆਤੀ ਹੈ ਤੋ ਮੇਰੇ ਕੰਧੇ ਪੇ ਹਾਥ ਰਖ ਕੇ ਕਹਿਤੀ ਹੈ, ਮੈਂ ਤੇਰਾ ਬੋਝ ਉਠਾ ਲੂੰਗੀ, ਬਸ ਲਗੇ ਰਹੋ।" ਗੁਲਜ਼ਾਰ ਨੇ ਅਨੇਕਾਂ ਫਿਲਮਾਂ ਦੀਆਂ ਕਹਾਣੀਆਂ, ਸਕਰੀਨ ਪਲੇਅ ਤੇ ਡਾਇਲਾਗ ਵੀ ਲਿਖੇ ਹਨ। ਕਈ ਫਿਲਮਾਂ ਦਾ ਨਿਰਦੇਸ਼ਨ ਵੀ ਕੀਤਾ ਹੈ। ਉਨ੍ਹਾਂ ਦੀਆਂ ਫਿਲਮਾਂ ਵੀ ਇਕ ਕਵਿਤਾ ਦੀ ਤਰ੍ਹਾਂ ਹੀ ਹਨ। ਆਨੰਦ, ਆਸ਼ੀਰਵਾਦ, ਖਾਮੋਸ਼ੀ, ਕਿਤਾਬ, ਕਿਨਾਰਾ, ਕੋਸ਼ਿਸ਼, ਪਰਿਚੈ, ਮੌਸਮ, ਨਮਕ ਹਰਾਮ, ਅਚਾਨਕ, ਇਜਾਜ਼ਤ, ਲੇਕਿਨ, ਦਿਲ ਸੇ, ਫਿਜ਼ਾ, ਸਾਥੀਆ ਆਦਿ ਇਸ ਦੀ ਮਿਸਾਲ ਹਨ। ਉਨ੍ਹਾਂ ਸਮਾਜਿਕ ਕੁਰੀਤੀਆਂ ਅਤੇ ਭ੍ਰਿਸ਼ਟਾਚਾਰ ਵਿਰੁਧ ਜ਼ੋਰਦਾਰ ਅਵਾਜ਼ ਉਠਾਈ। ਫਿਲਮ 'ਆਂਧੀ' ਅਤੇ 'ਮਾਚਿਸ' ਬਣਾਈ।

ਗੁਲਜ਼ਾਰ ਨੇ ਕਰੀਬ ਸਾਰੀਆਂ ਹੀ ਫਿਲਮੀ ਹਸਤੀਆਂ ਨਾਲ ਕੰਮ ਕੀਤਾ ਪਰ ਉਹ ਮੰਨਦੇ ਹਨ ਕਿ ਉਨ੍ਹਾਂ ਜ਼ਿਆਦਾ ਰਚਨਾਤਮਕ ਕੰਮ ਸਵਰਗੀ ਆਰ.ਡੀ. ਬਰਮਨ ਤੇ ਸੰਜੀਵ ਕੁਮਾਰ ਨਾਲ ਕੀਤਾ "ਕਿਉਂਕਿ ਅਸੀਂ ਇਕ ਦੁਜੇ ਦੇ ਗੁਣ ਚੰਗੀ ਤਰ੍ਹਾਂ ਸਮਝਦੇ ਸਾਂ।" ਸੰਜੀਵ ਨਾਲ ਕਾਮੇਡੀ ਫਿਲਮ 'ਅਗੂੰਰ' ਵੀ ਬਣਾਈ ਤਾਂ ਇਹ ਵੀ ਆਪਣੇ ਆਪ ਵਿਚ ਸ਼ਾਹਕਾਰ ਸੀ। ਛੋਟੇ ਬੱਚਿਆਂ ਪ੍ਰਤੀ ਗੁਲਜ਼ਾਰ ਨੂੰ ਵਿਸ਼ੇਸ ਖਿੱਚ ਹੈ। ਉਸ ਨੇ 300 ਬੱਚਿਆਂ ਲਈ ਸੰਗੀਤ ਸਿੱਖਣ ਦਾ ਪ੍ਰਬੰਧ ਕੀਤਾ ਹੈ। ਉਨ੍ਹਾਂ ਬੱਚਿਆਂ ਲਈ ਐਨੀਮੇਸ਼ਨ ਫਿਲਮ 'ਜੰਗਲ ਜੰਗਲ ਫੁਲ ਖਿਲਾ' ਬਣਾਈ। ਗੁਲਜ਼ਾਰ ਅਕਸਰ ਕਹਿੰਦੇ ਹਨ, "ਬੱਚਿਆਂ ਨਾਲ ਬੱਚਿਆਂ ਵਰਗਾ ਇਮਾਨਦਾਰ ਹੋਣਾ ਜਰੂਰੀ ਹੈ।"

ਪ੍ਰੋਗਰਾਮ ਦੇ ਇੰਟਰਵਲ ਤੋਂ ਬਾਅਦ ਸੂਤਰਧਾਰ ਕਿਸ਼ੋਰ ਕਦਮ ਨੇ ਗੁਲਜ਼ਾਰ ਦੀ ਬਹੁਚਰਚਿਤ ਕਹਾਣੀ 'ਰਾਵੀ ਪਾਰ' ਇਕਾਂਗੀ ਪਾਤਰ ਦੇ ਰੂਪ ਵਿਚ ਪੇਸ਼ ਕੀਤੀ। 'ਵੋਹ ਲਾਸ਼ ਚੁਰਾਹੇ ਪੇ ਪੜੀ ਥੀ, ਛੋੜ ਆਏ ਵੋਹ ਗਲੀਆਂ' ਕਵਿਤਾ ਛੋਹੀ ਤਾਂ ਦਰਸ਼ਕਾਂ ਦੀਆਂ ਅੱਖਾਂ ਨਮ ਹੋ ਗਈਆਂ।

ਗੁਲਜ਼ਾਰ ਜਿਥੇ ਪੰਜਾਬੀ ਭਾਸ਼ਾ ਨੂੰ ਬਹੁਤ ਪਿਆਰ ਕਰਦੇ ਹਨ, ਉਥੇ ਉਰਦੂ ਨਾਲ ਵੀ ਉਨ੍ਹਾਂ ਨੂੰ ਘੱਟ ਮੋਹ ਨਹੀਂ ਹੈ। ਉਰਦੂ ਜ਼ੁਬਾਨ ਬਾਰੇ ਗੁਲਜ਼ਾਰ ਕਹਿੰਦੇ ਹਨ, "ਹਲਕ ਛੂਤੀ ਹੈ ਉਰਦੂ ਤੋ ਲਗਤਾ ਹੈ ਕਿ ਮੈਅ ਕਾ ਘੁੰਟ ਗਲੇ ਸੇ ਉਤਰਾ ਹੈ, ਤਹਿਜੀਬ ਕੀ ਅਵਾਜ਼ ਹੈ ਉਰਦੂ ਮੇਂ, ਫਕੀਰੀ ਮੇਂ ਭੀ ਨਵਾਬੀ ਕਾ ਮਜ਼ਾ ਦੇਤੀ ਹੈ ਉਰਦੂ।" ਇਸੇ ਲਈ ਉਨ੍ਹਾਂ ਨੂੰ ਟੀ.ਵੀ. ਸੀਰੀਅਲ ਮਿਰਜ਼ਾ ਗਾਲਿਬ ਵਿਸ਼ੇਸ਼ ਤੌਰ 'ਤੇ ਲਿਖਣ ਵਿਚ ਮਜ਼ਾ ਆਇਆ। ਕਵੀ ਤੇ ਗੀਤਕਾਰ ਦਾ ਫਾਸਲਾ ਗੁਲਜ਼ਾਰ ਨੇ ਘੱਟ ਕੀਤਾ। ਗੁਲਜ਼ਾਰ ਅਕਸਰ ਇਹ ਜੁਮਲਾ ਦੁਹਰਾਉਂਦੇ ਹਨ, "ਗੀਤ ਦਾ ਇਕ ਚਿਹਰਾ ਹੁੰਦਾ ਹੈ, ਗੀਤ ਕਦੀ ਬੁਢੇ ਨਹੀਂ ਹੁੰਦੇ, ਬੱਸ ਸੁਣਨ ਵਾਲਿਆਂ ਦੀ ਉਮਰ ਬਦਲ ਜਾਂਦੀ ਹੈ।"

ਗੁਲਜ਼ਾਰ ਨੂੰ ਹੁਣ ਤੱਕ 19 ਫਿਲਮ ਫੇਅਰ ਐਵਾਰਡ ਮਿਲ ਚੁਕੇ ਹਨ। ਇਸ ਤੋਂ ਇਲਾਵਾ ਨੈਸ਼ਨਲ ਐਵਾਰਡ, ਗਰਾਮੀ ਐਵਾਰਡ ਵੀ ਮਿਲੇ। ਉਨ੍ਹਾਂ ਦਾ ਗੀਤ "ਜੈ ਹੋ" ਆਸਕਰ ਐਵਾਰਡ ਲਈ ਚੁਣਿਆ ਗਿਆ।

ਪ੍ਰੋਗਰਾਮ ਦੇ ਅਖੀਰ ਵਿਚ ਗਾਇਕ ਕਲਾਕਾਰਾਂ ਨੇ ਮਿਲ ਕੇ 'ਕਜਰਾਰੇ ਕਜਰਾਰੇ ਨੈਨਾ' ਤੇ 'ਜੈ ਹੋ, ਜੈ ਹੋ' ਗੀਤ ਪੇਸ਼ ਕਰਕੇ ਦਰਸ਼ਕਾਂ ਦਾ ਮਨ ਮੋਹ ਲਿਆ। ਸਚਮੁਚ 'ਜੈ ਹੋ' ਉਸ ਮਹਾਨ ਕਲਾਕਾਰ ਦੀ ਜਿਸ ਨੇ ਪੰਜਾਬ ਦੇ ਰਿਫਿਊਜੀ ਕੈਂਪ ਤੋਂ ਲੈ ਕੇ ਵਿਸ਼ਵ ਫਿਲਮੀ ਦੁਨੀਆਂ ਤੱਕ ਦਾ ਸ਼ਾਨਦਾਰ ਸਫਰ ਤੈਅ ਕੀਤਾ ਤੇ 'ਇਹ ਸਫਰ ਜਾਰੀ ਹੈ', 'ਜਨਮ ਸੇ ਬਨਜਾਰਾ ਜਨਮ ਜਨਮ ਸੇ ਬਨਜਾਰਾ, ਮੁਸਾਫਿਰ ਹੂੰ ਯਾਰੋ, ਨਾ ਘਰ ਹੈ ਨਾ ਠਿਕਾਨਾ।'



*ਗੁਲਜ਼ਾਰ*

ਗੁਲਜ਼ਾਰ ਭਾਵੇਂ ਖੁਦ ਇਸ ਪ੍ਰੋਗਰਾਮ 'ਚ ਸ਼ਾਮਿਲ ਨਹੀਂ ਸਨ ਪਰ ਜਿਸ ਉਸਤਾਦੀ ਨਾਲ ਨਿਰਦੇਸ਼ਕ ਮਿਲਿੰਦ ਔਕ ਨੇ ਇਹ ਪ੍ਰੋਗਰਾਮ ਪੇਸ਼ ਕੀਤਾ, ਉਹ ਆਸ ਪਾਸ ਹੀ ਪ੍ਰਤੀਤ ਹੁੰਦਾ ਸੀ। ਸੂਤਰਧਾਰ ਦਾ ਰੋਲ ਕਿਸ਼ੋਰ ਕਦਮ ਤੇ ਪੁਰਨਿਮਾ ਮਨੋਹਰ ਨੇ ਨਿਭਾਇਆ। ਪ੍ਰਵੀਨ ਜੋਸ਼ੀ ਇਸ ਦੇ ਲੇਖਕ ਸਨ। ਦ੍ਰਿਸ਼ਟੀ ਇੰਕ ਵਲੋਂ ਸਾਰੇ ਕਲਾਕਾਰਾਂ ਦਾ ਸਨਮਾਨ ਕੀਤਾ ਗਿਆ। ਨਿਰਦੇਸ਼ਕ ਮਿਲਿੰਦ ਔਕ ਨੂੰ ਸ਼ਾਲ ਭੇਟ ਕੀਤੀ ਗਈ।





ਐਸ ਅਸ਼ੋਕ ਭੌਰਾ ਦੀ ਪੁਸਤਕ 'ਗੱਲੀਂ ਬਾਤੀਂ' ਅਤੇ ਨਵੀਂ ਪੁਸਤਕ 'ਨੈਣ-ਨਕਸ਼' ਲੈਣ ਲਈ ਸੰਪਰਕ ਕਰੋ




ਫੋਨ: 510-695-4836, 510-512-3401, 847-359-0746




## Syan Video Production, Inc.



ਰਾਜਿੰਦਰ ਸਿੰਘ

ਵਿਆਹ-ਸ਼ਾਦੀ ਹੋਵੇ, ਖੁਸ਼ੀ ਦਾ ਕੋਈ ਵੀ ਮੌਕਾ ਜਾਂ ਫਿਰ ਯਾਦਗਾਰੀ ਪਲ ਆਪਣੀਆਂ ਯਾਦਾਂ ਨੂੰ ਬਿਹਤਰੀਨ ਤਰੀਕੇ ਨਾਲ ਸਾਂਭਣ ਲਈ ਸੇਵਾ ਦਾ ਮੌਕਾ ਦਿਓ ਮਿਸ਼ੀਗਨ, ਇੰਡੀਆਨਾ, ਇਲੀਨਾਏ, ਓਹਾਇਓ, ਆਇਓਆ

*Professional HD Video & Digital Photo Production*

Multiple Camera shooting/Digital Still Photography
(with flush mount album)
Live Video Display With Large Screens
DJ Service with Laser Lights
Call Toll Free: 1-800-RAJ-SYAN
(with 17 years Experienced)

**Call:734-261-0936 or 734-890-1767**

e-mail: raj@syanvideo.com or visit at: www.syanvideo.com

# ਸਿੱਖ ਸਤਿਸੰਗ ਆਫ ਇੰਡੀਅਨਐਪੋਲਿਸ, ਇੰਡੀਆਨਾ

10950 South East Ave., Indianapolis, Indiana, 46239 Ph: 317-862-SIKH (7454) www.indianapolisgurdwara.org

ੴ ਸਤਿਗੁਰ ਪ੍ਰਸਾਦਿ॥

*ਜਿਨਾ ਸਾਸਿ ਗਿਰਾਸਿ ਨਾ ਵਿਸਰੈ ਹਰਿ ਨਾਮਾਂ ਮਨਿ ਮੰਤੁ॥ ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥*

## ਸੰਤ ਪ੍ਰੇਮ ਸਿੰਘ ਜੀ ਮੁਰਾਲੇਵਾਲਿਆਂ ਦੀ 63ਵੀਂ ਬਰਸੀ

ਸਿੱਖ ਸਤਿਸੰਗ ਆਫ ਇੰਡੀਅਨਐਪੋਲਿਸ, ਇੰਡੀਆਨਾ ਦੀ ਸਮੂਹ ਸਾਧ ਸੰਗਤ ਵਲੋਂ ਸੰਤ ਪ੍ਰੇਮ ਸਿੰਘ ਜੀ ਮੁਰਾਲੇਵਾਲਿਆਂ ਦੀ ਨਿੱਘੀ ਯਾਦ 2 ਜੂਨ 2013 ਨੂੰ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਈ ਜਾ ਰਹੀ ਹੈ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਇਸ ਮੌਕੇ ਗੁਰੂ ਘਰ ਵਿਚ ਹਾਜ਼ਰੀਆਂ ਭਰ ਕੇ ਜਨਮ ਸਫਲਾ ਕਰੋ ਜੀ।

**31 ਮਈ 2013** ਅਰੰਭ ਸ੍ਰੀ ਅਖੰਡ ਪਾਠ ਸਾਹਿਬ-10 ਵਜੇ ਸਵੇਰੇ

**2 ਜੂਨ 2013** ਭੋਗ ਸ੍ਰੀ ਅਖੰਡ ਪਾਠ ਸਾਹਿਬ-9 ਵਜੇ ਸਵੇਰੇ

ਕਥਾਵਾਚਕ ਭਾਈ ਸਾਹਿਬ ਸਿੰਘ ਕੈਨੇਡਾ ਤੇ ਭਾਈ ਮਲਕੀਤ ਸਿੰਘ ਚੰਡੀਗੜ੍ਹ ਕਥਾ ਵਿਆਖਿਆ ਅਤੇ ਪੰਥ ਪ੍ਰਸਿਧ ਰਾਗੀ ਜਥੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ

> ਗੁਰੂ ਕਾ ਲੰਗਰ ਅਤੁੱਟ ਵਰਤੇਗਾ। > ਗਰਮਾ ਗਰਮ ਛੋਲੇ-ਭਠੂਰਿਆਂ, ਜਲੇਬੀਆਂ, ਪਕੌੜਿਆਂ, ਹਦਵਾਣੇ ਅਤੇ ਗੰਨੇ ਦੇ ਰਸ ਦੇ ਵਿਸ਼ੇਸ਼ ਸਟਾਲ ਲਗਣਗੇ।



ਸੰਤ ਪ੍ਰੇਮ ਸਿੰਘ ਜੀ ਮੁਰਾਲੇਵਾਲੇ

ਸਿੱਖ ਪੰਥ ਵਿਚ ਸੰਤ ਪ੍ਰੇਮ ਸਿੰਘ ਜੀ ਮੁਰਾਲੇਵਾਲੇ ਇਕ ਅਜਿਹੀ ਅਦੁੱਤੀ ਸ਼ਖ਼ਸੀਅਤ ਹੋਏ ਹਨ, ਜੋ ਦੈਵੀ ਗੁਣਾਂ ਦਾ ਭੰਡਾਰ ਅਤੇ ਪਰਉਪਕਾਰ ਦੀ ਮੂਰਤ ਸਨ। ਗੁਰਮਤਿ ਅਤੇ ਗੁਰਬਾਣੀ ਨੂੰ ਹੀ ਆਪ ਜੀ ਨੇ ਆਪਣਾ ਜੀਵਨ ਬਣਾਇਆ ਹੋਇਆ ਸੀ। ਅੰਮ੍ਰਿਤ ਸੰਚਾਰ ਦੀ ਲਹਿਰ ਚਲਾ ਕੇ ਉਨ੍ਹਾਂ ਨੇ ਸਿੱਖੀ ਦੀ ਫੁਲਵਾੜੀ ਨੂੰ ਅੱਗੇ ਵਧਾਇਆ।





### Executive Committee

Baldev Singh Sallhan, Convenor (317-362-5843)
1. Harjinderpal Singh Dala, President (317-748-6911)
2. Inderjit Singh Dala, Vice President (317-605-2901)
3. Jasvir Singh Dipty, Chairman (812-344-4870)
4. Gurmeet Singh Sallhan, Vice Chairman (317-987-3185)
5. Gurpreet Singh Sallhan, Cashier (317-748-7164)
6. Ranjit Singh Columbus, Secretary (812-375-4398)
7. Harpal Singh Jabbo, Joint Secretary (317-551-8199)
8. Sarbjit Singh Sallhan (317-362-5823)
9. Sukhwinder Singh Sukha (812-391-3062)
10. Lakhwant Singh S. P. (317-985-8513)
11. Neetu Ghotan (317-702-0112)
12. Swaran Singh (347-935-7439)
13. Amarinder Singh Rubal (732-581-8859)
14. Lakhwant Singh Khasria (317-985-1081)

### Committee Members

1. Davinder Singh (Guraya)
2. Gurinder Singh
3. Davinder Singh Dubur Ji
4. Rick Singh Dala
5. Prithpal Singh Ghotra
6. Balwinder Singh Khak
7. Ranbir Singh Happy
8. Rocky Anderson
9. Amritpal Singh
10. Gurpreet Singh Billa
11. Baldev Singh (Rice Mill)
12. Ranjinder Singh New Castle
13. Lakhwinder Singh New Castle
14. Balvir Singh New Castle
15. Avtar Singh Muncie
16. Balwinder Singh (Bali Upland)
17. Lakhwinder Singh Jalalpur
18. Ranjit Singh Salempur
19. Satpal Singh Jabbo
20. Jatinder Singh
21. Raj Singh
22. Pradeep Singh
23. Ragbir Singh (Khalil)
24. Surinder Singh Sallhan
25. Satinder Singh Kaki
26. Lada Begowal
27. Bittu Begowal
28. Dilbag Singh Evansville
29. Yuvraj Singh (Ambala)
30. Palwinder Singh (Ambala)
31. Joginder Singh Columbus
32. Gurdev Singh Columbus
33. Dr. Kalyan Singh
34. Kamaljit Singh Kamal
35. Sujaan Singh Bedford
36. Manjit Singh Bittu
37. Surmukh Singh
38. Kulveer Singh Vicky
39. Rocky Briar
40. Kurbaan Singh
41. Ballu (Patnura)
42. Parmjit Singh (Maksudpur)
43. Nick (Kokomo)

# ਸ਼ੇਕਸਪੀਅਰ ਵਾਲੇ ਬਾਬਾ ਹਾਂਸ

ਕਲਾ ਪਰਿਕਰਮਾ

***ਸੁਰਜੀਤ ਹਾਂਸ ਪੰਜਾਬੀ ਦੇ ਵਿਲੱਖਣ ਲੇਖਕ ਹਨ। ਉਨ੍ਹਾਂ ਆਪਣੀ ਕਵਿਤਾ ਅਤੇ ਖੋਜ ਪੁਸਤਕਾਂ ਨਾਲ ਪੰਜਾਬੀ ਸਾਹਿਤ ਦੇ ਵਿਹੜੇ ਵਿਚ ਬਹੁਤ ਭਰਵੀਂ ਹਾਜ਼ਰੀ ਲਵਾਈ ਹੈ। ਚੜ੍ਹਦੀ ਵਰੇਸੇ ਉਨ੍ਹਾਂ ਦੇ ਅਧਿਆਪਕ ਏ.ਜੀ. ਸਟੋਕ ਨੇ ਮਾਂ-ਬੋਲੀ ਲਈ ਮੋਹ ਮੁੜ ਜਗਾਇਆ। ਫਿਰ ਇਤਿਹਾਸ ਦੀ ਐਮ.ਏ. ਕਰਦਿਆਂ ਨੇ ਉਨ੍ਹਾਂ ਅਹਿਦ ਲਿਆ ਕਿ ਉਹ ਸਿਰਫ਼ ਪੰਜਾਬੀ ਵਿਚ ਹੀ ਕਿਤਾਬਾਂ ਲਿਖੇਗਾ; ਕਵਿਤਾ ਹੋਵੇ ਜਾਂ ਵਾਰਤਕ ਉਹ ਆਪਣੇ ਅਹਿਦ ਉੱਤੇ ਕਾਇਮ ਹੈ। ਪਿਛਲੇ ਕਈ ਦਹਾਕਿਆਂ ਤੋਂ ਉਹ ਸ਼ੇਕਸਪੀਅਰ ਦੀਆਂ ਰਚਨਾਵਾਂ ਦੇ ਤਰਜਮੇ ਵਿਚ ਜੁਟੇ ਹੋਏ ਹਨ ਅਤੇ ਉਨ੍ਹਾਂ ਇਹ ਕਾਰਜ ਸਿਰੇ ਵੀ ਚਾੜ੍ਹ ਲਿਆ ਹੈ। ਉਨ੍ਹਾਂ ਦੀ ਇਸ ਘਾਲਣਾ ਬਾਰੇ ਪੱਤਰਕਾਰ ਸ਼ਾਇਰਾ ਨਿਰੂਪਮਾ ਦੱਤ ਨੇ ਲਿਖਿਆ ਹੈ ਜੋ ਅਸੀਂ ਪਾਠਕਾਂ ਨਾਲ ਸਾਂਝ ਕਰ ਰਹੇ ਹਾਂ। -ਸੰਪਾਦਕ***

ਇਹ ਬਾਬਾ ਹਰ ਰੋਜ਼ ਪਹੁ-ਫੁਟਾਲੇ ਹੀ ਜਾਗ ਪੈਂਦਾ ਹੈ ਅਤੇ ਸ਼ੈਕਸਪੀਅਰ ਨਾਲ ਹੀ ਦਿਨ ਦੀ ਸ਼ੁਰੂਆਤ ਕਰਦਾ ਹੈ। ਪਿਛਲੇ ਵੀਹ ਸਾਲਾਂ ਤੋਂ ਉਹ ਰੋਜ਼ਾਨਾ ਅੱਠ ਘੰਟੇ ਕੰਮ ਨਾ ਕਰੇ ਤਾਂ ਉਸ ਨੂੰ ਚੈਨ ਨਹੀਂ ਆਉਂਦੀ, ਉਹ ਵੀ ਪ੍ਰੋਫੈਸਰ ਵਜੋਂ ਆਪਣੀ ਸੇਵਾਮੁਕਤੀ ਮਗਰੋਂ।

ਮੁਹੱਬਤ ਵਾਂਗ ਕੀਤੀ ਉਸ ਦੀ ਇਹ ਮਿਹਨਤ ਅਜਾਈਂ ਨਹੀਂ ਗਈ ਸਗੋਂ ਪੰਜਾਬੀ ਵਿਚ 39 ਕਿਤਾਬਾਂ ਦੇ ਰੂਪ ਵਿਚ ਸੰਭਾਲੀ ਗਈ ਹੈ। ਸੁਰਜੀਤ ਹਾਂਸ ਨੇ ਸ਼ੈਕਸਪੀਅਰ ਦੇ ਸਾਰੇ, ਭਾਵ 37 ਨਾਟਕਾਂ ਅਤੇ ਉਸ ਦੀਆਂ ਕਵਿਤਾਵਾਂ ਤੇ ਸਰੋਦੀ ਕਵਿਤਾਵਾਂ ਦੀ ਇੱਕ-ਇੱਕ ਕਿਤਾਬ ਦੇ ਤਰਜਮੇ ਦਾ ਵੱਡਾ ਕਾਰਜ ਨੇਪਰੇ ਚਾੜ੍ਹਿਆ ਹੈ। ਵਾਲਸਲ ਦੇ ਗੁਰਦੁਆਰੇ



ਨਿਰੂਪਮਾ ਦੱਤ
ਫੋਨ: 91-95017-39171

ਵਿਚ ਸ਼ਰਧਾਲੂਆਂ ਨੂੰ ਇਤਿਹਾਸ ਦੇ ਸਾਬਕਾ ਪ੍ਰੋਫੈਸਰ ਵੱਲੋਂ ਕੀਤੇ ਇਸ ਅਸਾਧਾਰਨ ਕਾਰਜ ਦੀ ਖ਼ਬਰ ਛਾਪਣ ਮਗਰੋਂ ਲੰਡਨ ਦੇ ਅਖ਼ਬਾਰ 'ਦਿ ਟੈਲੀਗ੍ਰਾਫ' ਦੀਆਂ ਕਾਪੀਆਂ ਵੰਡੀਆਂ ਗਈਆਂ। ਅਖ਼ਬਾਰ ਨੇ ਹੀਥਰੋ ਦਾ ਸਾਬਕਾ ਪੋਸਟਮੈਨ ਕਹਿ ਕੇ ਉਸ ਦੀ ਸ਼ਲਾਘਾ ਕੀਤੀ ਸੀ। ਉਹ ਸੱਠਵਿਆਂ ਦੇ ਮੱਧ ਵਿਚ ਲੰਡਨ ਵਿਖੇ ਇੱਕ ਸਾਲ ਲਈ ਇਉਂ ਵੀ ਰਿਹਾ, ਪਰ 'ਬਾਰਡ ਆਫ ਏਵਨ' ਨਾਲ ਉਸ ਦਾ ਮੋਹ 50ਵਿਆਂ ਦੇ ਮੱਧ ਵਿਚ ਪੰਜਾਬ ਯੂਨੀਵਰਸਿਟੀ ਕਾਲਜ ਵਿਚ ਪੜ੍ਹਦਿਆਂ ਹੀ ਪੈ ਗਿਆ ਸੀ।

ਮੁਹਾਲੀ ਆਪਣੇ ਘਰ ਆਪਣੇ 82 ਸਾਲ ਲੰਮੇ ਸਫ਼ਰ ਉੱਤੇ ਪਿਛਲਝਾਤ ਪਾਉਂਦਿਆਂ ਉਨ੍ਹਾਂ ਕਿਹਾ: "ਕਾਲਜ ਦੀਆਂ ਪੌੜੀਆਂ, ਇੱਕ ਰੁੱਖ ਅਤੇ ਵਾਟਰ ਫੀਚਰ (water feature) ਵਾਲੀ ਡੰਗ ਟਪਾਊ ਸਟੇਜ ਉੱਤੇ ਮੈਕਬੈਥ ਦੀ ਪੇਸ਼ਕਾਰੀ ਹੋ ਰਹੀ ਸੀ (ਹੁਣ ਮੈਨੂੰ ਜਾਪਦਾ ਹੈ ਕਿ ਡੰਗ-ਟਪਾਊ ਸਟੇਜ ਸਚਮੁੱਚ ਬਿਹਤਰੀਨ ਹੁੰਦੀ ਹੈ) ਅਤੇ ਇਸ ਵਿਚ ਮੇਰੇ ਦੋ ਰੋਲ ਸਨ; ਇੱਕ ਜ਼ਖ਼ਮੀ ਸਿਪਾਹੀ ਅਤੇ ਦੂਜਾ ਮੈਕਬੈਥ ਦੇ ਵਫ਼ਾਦਾਰ ਲੈਫਟੀਨੈਂਟ ਸੇਅਟਨ ਦਾ ਰੋਲ। ਉਦੋਂ ਹੀ ਮੈਂ ਮੈਕਬੈਥ ਦਾ ਪੰਜਾਬੀ ਵਿਚ ਤਰਜਮਾ ਸ਼ੁਰੂ ਕੀਤਾ। ਮੈਂ ਅਸਲ ਵਿਚ ਕਵੀ (ਸ਼ੈਕਸਪੀਅਰ) ਵਾਲਾ ਆਕਰਸ਼ਣ ਪੰਜਾਬੀ ਪਾਠਕਾਂ ਨਾਲ ਸਾਂਝਾ ਕਰਨਾ ਚਾਹੁੰਦਾ ਸੀ।" ਉਸ ਸਾਲ ਨੌਜਵਾਨ ਹਾਂਸ ਨੇ ਹਵਸ ਅਤੇ ਲਾਲਚ ਸਬੰਧੀ ਬੈਨ ਜੌਨਸਨ ਦੇ ਸੁਖਾਂਤਕ ਨਾਟਕ 'ਵੋਲਪੋਨ' ਦਾ ਅਨੁਵਾਦ ਵੀ ਕੀਤਾ। ਸ਼ੈਕਸਪੀਅਰ ਦੀਆਂ ਰਚਨਾਵਾਂ ਦਾ ਇੱਕ-ਇੱਕ ਸ਼ਬਦ ਪੰਜਾਬੀ ਵਿਚ



*ਆਪਣੀ ਲਾਇਬਰੇਰੀ ਵਿਚ ਕਿਤਾਬਾਂ ਨਾਲ ਖਿੜਿਆ ਬੈਠਾ ਸੁਰਜੀਤ ਹਾਂਸ।*

ਉਲਥਾਉਣ ਮਗਰੋਂ ਉਸ ਨੂੰ ਉਹ ਹੋਰ ਵੀ ਆਪਣਾ ਜਾਪਣ ਲੱਗਿਆ। ਹਾਂਸ ਮੁਤਾਬਕ ਅਧਿਆਪਕ ਏ.ਜੀ. ਸਟੋਕ ਨੇ ਮਾਂ-ਬੋਲੀ ਪ੍ਰਤੀ ਉਸ ਦਾ ਮੋਹ ਮੁੜ ਜਗਾਇਆ। ਇਤਿਹਾਸ ਦੀ ਐੱਮ.ਏ. ਕਰਦਿਆਂ ਨੇ ਉਸ ਅਹਿਦ ਲਿਆ ਕਿ ਉਹ ਸਿਰਫ਼ ਪੰਜਾਬੀ ਵਿਚ ਹੀ ਕਿਤਾਬਾਂ ਲਿਖੇਗਾ; ਕਵਿਤਾ ਹੋਵੇ ਜਾਂ ਵਾਰਤਕ ਉਹ ਆਪਣੇ ਅਹਿਦ ਉੱਤੇ ਕਾਇਮ ਹੈ।

ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਇਤਿਹਾਸ ਦੇ ਪ੍ਰੋਫੈਸਰ ਵਜੋਂ

***ਇੰਨੇ ਵੱਡੇ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਵਿਸ਼ਾਲ ਸ਼ਬਦਾਵਲੀ ਬਾਰੇ ਉਸ ਦਾ ਜੁਆਬ ਹੈ: "ਮੈਨੂੰ ਲੱਗਿਆ, ਮੈਂ ਇਹ ਕਰ ਸਕਦਾ ਸੀ ਕਿਉਂਕਿ ਦਿਲੋਂ ਮੈਂ ਹਮੇਸ਼ਾ ਪੇਂਡੂ ਬੰਦਾ ਰਿਹਾ ਹਾਂ। ਮੈਂ ਸਕੂਲੀ ਪੜ੍ਹਾਈ ਆਪਣੇ ਪਿੰਡ ਸੁਰਜਾਪੁਰ ਤੋਂ ਕੀਤੀ ਅਤੇ ਉਸ ਵੇਲੇ ਸਿੱਖੇ ਸ਼ਬਦਾਂ ਨੇ ਮੇਰੀ ਮਦਦ ਕੀਤੀ। ਲੋਕ ਵਿਸ਼ਵਾਸ, ਰੀਤਾਂ ਅਤੇ ਪੁਰਾਤਨ ਭਾਸ਼ਾਵਾਂ ਸਿਰਫ ਪੇਂਡੂ ਸਮਾਜ ਵਿਚ ਹੀ ਜਿਉਂਦੀਆਂ ਹਨ। ਇਉਂ ਮੇਰਾ ਪੇਂਡੂ ਭਾਸ਼ਾਈ ਪਿਛੋਕੜ ਮੇਰੀ ਵੱਡੀ ਤਾਕਤ ਸੀ।"***

ਸੇਵਾ-ਮੁਕਤੀ ਮਗਰੋਂ ਉਸ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਫੈਲੋਸ਼ਿਪ ਉਤੇ 'ਓਥੈਲੋ' ਨਾਲ ਸ਼ੈਕਸਪੀਅਰ ਦੀਆਂ ਰਚਨਾਵਾਂ ਦੇ ਤਰਜਮੇ ਦਾ ਪ੍ਰੋਜੈਕਟ ਸ਼ੁਰੂ ਕੀਤਾ। ਫਿਰ ਉਸ ਨੇ ਮੁੜ ਮੈਕਬੈਥ ਦਾ ਅਨੁਵਾਦ ਕੀਤਾ। ਉਹ ਜਵਾਨੀ ਵੇਲੇ ਪੰਚ ਚਰਨੀ ਛੰਦ ਵਿਚ ਕੀਤੇ ਉਲਥੇ ਤੋਂ ਸੰਤੁਸ਼ਟ ਨਹੀਂ ਸੀ। ਅਗਲੇ ਦੋ ਦਹਾਕੇ ਸ਼ੈਕਸਪੀਅਰ 'ਤੇ ਹੀ ਕੰਮ ਚੱਲਿਆ ਅਤੇ ਹੁਣ ਉਸ ਦੀਆਂ ਸਾਰੀਆਂ ਰਚਨਾਵਾਂ ਦਾ ਤਰਜਮਾ ਸਾਡੇ ਸਾਹਮਣੇ ਹੈ।

ਲੰਡਨ ਰਹਿੰਦਿਆਂ ਹਾਂਸ, 'ਰਾਇਲ ਸ਼ੈਕਸਪੀਅਰ ਕੰਪਨੀ ਕਲੱਬ' ਦਾ ਮੈਂਬਰ ਬਣਿਆ ਅਤੇ ਉਥੋਂ ਹੀ ਜਵਾਨੀ ਦਾ ਰੋਮਾਂਸ, ਉਮਰ ਭਰ ਦਾ ਰਿਸ਼ਤਾ ਬਣ ਗਿਆ। ਇੰਨੇ ਵੱਡੇ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਵਿਸ਼ਾਲ ਸ਼ਬਦਾਵਲੀ ਬਾਰੇ ਉਸ ਦਾ ਜੁਆਬ ਹੈ: "ਮੈਨੂੰ ਲੱਗਿਆ, ਮੈਂ ਇਹ ਕਰ ਸਕਦਾ ਸੀ ਕਿਉਂਕਿ ਦਿਲੋਂ ਮੈਂ ਹਮੇਸ਼ਾ ਪੇਂਡੂ ਬੰਦਾ ਰਿਹਾ ਹਾਂ। ਮੈਂ ਸਕੂਲੀ ਪੜ੍ਹਾਈ ਆਪਣੇ ਪਿੰਡ ਸੁਰਜਾਪੁਰ ਤੋਂ ਕੀਤੀ ਅਤੇ ਉਸ ਵੇਲੇ ਸਿੱਖੇ ਸ਼ਬਦਾਂ ਨੇ ਮੇਰੀ ਮਦਦ ਕੀਤੀ। ਲੋਕ ਵਿਸ਼ਵਾਸ, ਰੀਤਾਂ ਅਤੇ ਪੁਰਾਤਨ ਭਾਸ਼ਾਵਾਂ ਸਿਰਫ ਪੇਂਡੂ ਸਮਾਜ ਵਿਚ ਹੀ ਜਿਉਂਦੀਆਂ ਹਨ। ਇਉਂ ਮੇਰਾ ਪੇਂਡੂ ਭਾਸ਼ਾਈ ਪਿਛੋਕੜ ਮੇਰੀ ਵੱਡੀ ਤਾਕਤ ਸੀ।"

ਹਾਂਸ ਨੂੰ ਪੰਜਾਬੀਆਂ ਵਿਚ ਪੜ੍ਹਨ ਦੀ ਆਦਤ ਘਟਣ ਦਾ ਅਫਸੋਸ ਹੈ। ਫਿਰ ਵੀ ਆਪਣੀ ਮਾਂ ਬੋਲੀ ਵਿਦੇਸ਼ੀ ਸਾਹਿਤ ਪੜ੍ਹਨ ਦੇ ਚਾਹਵਾਨਾਂ ਲਈ ਉਸ ਨੇ ਆਪਣੇ ਵਿੱਤੋਂ ਵੱਧ ਯੋਗਦਾਨ ਪਾਇਆ ਹੈ। ਜਵਾਨੀ ਵੇਲੇ ਮਾਸਕੋ ਦੀ ਲੈਨਿਨ ਲਾਇਬਰੇਰੀ ਵਿਚ ਬਹੁਤ ਘੱਟ ਕਿਤਾਬਾਂ ਵੇਖ ਕੇ ਉਸ ਨੂੰ ਨਿਰਾਸ਼ਾ ਹੋਈ ਸੀ ਪਰ ਉਸ ਨੇ ਇਹ ਯਕੀਨੀ ਬਣਾਇਆ ਕਿ ਕੋਈ ਵੀ ਪੰਜਾਬੀ ਪਾਠਕ 'ਬਾਰਡ ਆਫ ਏਵਨ' ਦੀਆਂ ਰਚਨਾਵਾਂ ਤੋਂ ਵਿਰਵਾ ਨਾ ਰਹੇ। ਥੀਏਟਰ ਪ੍ਰਤੀ ਇਸ ਵਿਦਵਾਨ ਦੇ ਮੋਹ ਨੂੰ ਲੰਡਨ ਅਤੇ ਮਾਸਕੋ ਵਿਚ ਸਲਾਹਿਆ ਗਿਆ। ਉਹ ਯਾਦ ਕਰਦਿਆਂ ਕਹਿੰਦਾ ਹੈ, "ਮੈਨੂੰ ਹਾਲੇ ਵੀ ਚੇਤੇ ਹੈ ਕਿ ਮਾਸਕੋ ਵਿਚ ਲੱਕੜ ਦੇ ਖੋਖਿਆਂ 'ਤੇ ਥੀਏਟਰ ਟਿਕਟਾਂ ਕਿਵੇਂ ਵਿਕਦੀਆਂ ਸਨ।"

ਹੁਣ ਜਦੋਂ ਉਸ ਨੇ ਇੰਗਲੈਂਡ ਦੇ ਕਵੀ ਦੀਆਂ ਸਾਰੀਆਂ ਰਚਨਾਵਾਂ ਆਪਣੀ ਮਾਂ ਬੋਲੀ ਵਿਚ ਉਲਥਾ ਲਈਆਂ ਹਨ, ਉਸ ਦਾ ਅਗਲਾ ਕੰਮ ਚਾਰਲਸ ਡਾਰਵਿਨ ਦੀ 'ਦਿ ਓਰਿਜਨ ਆਫ ਸਪੀਸ਼ੀਜ਼' ਦਾ ਤਰਜਮਾ ਬਣ ਗਿਆ ਹੈ। ਇਸ ਮਗਰੋਂ ਐਡਮ ਸਮਿੱਥ ਸਕਰਾਈਬਜ਼ ਦੀ 'ਵੈਲਥ ਆਫ ਨੇਸ਼ਨਜ਼' ਦੀ ਵਾਰੀ ਹੈ।



*ਸੁਰਜੀਤ ਹਾਂਸ ਦੀ ਇਕ ਪੁਰਾਣੀ ਤਸਵੀਰ*

## ਸ਼ੇਕਸਪੀਅਰ ਦੀ ਖਾਸੀਅਤ

***ਸ਼ੇਕਸਪੀਅਰ ਦਾ ਉਲਥਾ ਕਾਵਿ-ਰੂਪ ਵਿਚ ਕਰਨਾ ਮੇਰੇ ਲਈ ਅਹਿਮ ਸੀ ਕਿਉਂਕਿ ਇਹੀ ਇਸ ਦੀ ਖਾਸੀਅਤ ਹੈ। ਉਸ ਦੇ ਨਾਟਕਾਂ ਦੀਆਂ ਕਹਾਣੀਆਂ ਜ਼ਿਆਦਾ ਖਾਸ ਨਹੀਂ ਹਨ। ਕਾਵਿਕਤਾ ਹੀ ਇਨ੍ਹਾਂ ਨੂੰ ਖਾਸ ਬਣਾਉਂਦੀ ਹੈ। ਸ਼ੇਕਸਪੀਅਰ ਦੀਆਂ ਰਚਨਾਵਾਂ ਵਿਚ ਅਜਿਹਾ ਬਹੁਤ ਕੁਝ ਹੈ ਜਿਸ ਨਾਲ ਪੰਜਾਬੀ ਖੁਦ ਨੂੰ ਵਧੇਰੇ ਸੌਖ ਨਾਲ ਜੋੜ ਕੇ ਵੇਖ ਸਕਣਗੇ ਕਿਉਂਕਿ ਜ਼ਿੰਦਗੀ ਦੇ ਸੁਖਾਂਤਕ ਅਤੇ ਦੁਖਾਂਤਕ ਪੱਖ ਦੋਵਾਂ ਵਿਚ ਪੰਜਾਬੀ ਖਾਸ ਦਿਲਚਸਪੀ ਰੱਖਦੇ ਹਨ।***



*ਸ਼ੇਕਸਪੀਅਰ*

# ਆਖ ਤਸਵੀਰਾਂ ਬੋਲਦੀਆਂ

'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਸ਼ੁਰੂ ਕੀਤੇ ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ ਵਿਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਵਧੀਆ ਲਿਖਤਾਂ ਪਰਚੇ ਵਿਚ ਛਾਪੀਆਂ ਜਾਣਗੀਆਂ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਕਾਵਿ ਟੋਟਾ ਤੁਹਾਡੀ ਆਪਣੀ ਜਾਂ ਕਿਸੇ ਹੋਰ ਦੀ ਰਚਨਾ ਵੀ ਹੋ ਸਕਦੀ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਜਾਂ ਕੋਈ ਹੋਰ ਵਿਕੋਲਿਤਰੀ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਸਾਡੇ ਪਾਸ ਪਹੁੰਚਣ ਲਈ ਆਖਰੀ ਤਾਰੀਖ ਪਹਿਲੀ ਜੂਨ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-66



*ਮੰਮੀ ਪਾਉਂਦੇ ਜੀਨਾਂ, ਈਸ਼ੀ ਸੂਟ ਪਾਉਂਦੀ ਆ।*
*ਲਾ ਕੇ ਸੱਗੀਫੁੱਲ, ਵੱਖਰੀ ਟੌਰ੍ਹ ਬਣਾਉਂਦੀ ਆ।*
*ਪਰਦੇਸਾਂ 'ਚ ਵੀ ਆਪਣਾ ਸੱਭਿਆਚਾਰ ਸਿਖਾਉਂਦੀ ਆ।*

## ਕੈਪਸ਼ਨ ਮੁਕਾਬਲਾ-64



ਹੁਣ ਪਿੰਡਾਂ ਵਿਚ ਬਹਿ ਕੇ
ਕੱਢਦੀਆਂ ਨਹੀਂ ਫੁਲਕਾਰੀ।
ਅੱਜਕੱਲ੍ਹ ਧੀਆਂ ਧਿਆਣੀਆਂ ਦੀ ਹੈ
ਫੈਸ਼ਨ ਨੇ ਮੱਤ ਮਾਰੀ।
ਹੁਣ ਚਿੜੀਆਂ ਦੇ ਚੰਬੇ ਨੇ
ਫੁਲਕਾਰੀ ਕੀ ਹੈ ਕਰਨੀ।
ਪੈਂਟ ਸ਼ਰਟ ਦੇ ਨਾਲ ਹੋਵੇਗੀ
ਅਮਰੀਕਾ ਵੱਲ ਜਰਨੀ।
ਤਨ ਤੋਂ ਕੱਪੜੇ ਘਟਦੇ ਜਾਂਦੇ
ਲਾਜ ਸ਼ਰਮ ਨਾ ਰਹੀ।
ਪੁੱਛ 'ਸੁਰਜੀਤ' ਪੰਜਾਬੀਆਂ ਤੋਂ
ਫੁਲਕਾਰੀ ਕਿੱਥੇ ਗਈ?
***-ਬੀਬੀ ਸੁਰਜੀਤ ਕੌਰ***
***ਸੈਕਰਾਮੈਂਟੋ।***

ਕੱਠੀਆਂ ਹੋ ਕਸੀਦਾ ਕੱਢਦੀਆਂ
ਵੇਲ ਬੂਟੀਆਂ ਪਾਵਣ।
ਨੇੜੇ ਹੋ ਹੋ ਇੱਕ ਦੂਜੀ ਨੂੰ
ਦਿਲ ਦੇ ਭੇਤ ਸੁਨਾਵਣ।
ਅੱਜ ਖੁਸ਼ੀ ਵਿਚ ਖੀਵੀਆਂ ਹੋਈਆਂ
ਪਤਾ ਨਹੀਂ ਕਦ ਵਿਛੜ ਜਾਵਣ।
***-ਜਗਮੀਤ ਸਿੰਘ ਪੰਧੇਰ***

---

ਨਾ ਹੁਣ ਉਹ ਲੋਕ ਹੀ ਰਹਿ ਗਏ,
ਨਾ ਰਹੀਆਂ ਫ਼ੁਲਕਾਰੀਆਂ।
ਹੁਣ ਨਾ ਪੰਜਾਬ 'ਚ ਰਹੀਆਂ ਚਿੜੀਆਂ,
ਚੰਬਾ ਮਾਰ ਗਿਆ ਕਿਤੇ ਉਡਾਰੀਆਂ।
ਵਿਚ ਫੋਟੋ ਫੁਲਕਾਰੀ ਕੱਢਦੀਆਂ,
ਸੋਹਣੀਆਂ ਲਗਦੀਆਂ ਧੀਆਂ-ਧਿਆਣੀਆਂ।
***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 718-690-8403***

## ਕੈਪਸ਼ਨ ਮੁਕਾਬਲਾ-63

ਲੋਕੀ ਐਵੇਂ ਵੱਢੀ ਜਾਂਦੇ, ਚੰਗੇ ਭਲੇ ਰੁੱਖ,
ਰੁੱਖ ਨਾ ਦੇਣ ਦੁੱਖ, ਇਹ ਦੇਣ ਸਦਾ ਹੀ ਸੁੱਖ।
ਜੇਕਰ ਇਕ ਵੱਢੋ ਤਾਂ ਚਾਰ ਹੋਰ ਲਗਾਓ,
ਆਪ ਸਮਝੋ, ਨਾਲੇ ਦੂਜਿਆਂ ਨੂੰ ਸਮਝਾਓ।
***-ਗੋਰਾ ਪ੍ਰਜਾਪਤ, ਨਿਊ ਯਾਰਕ***




# ਫਿਰ ਸਾਲ ਸੋਲਵਾਂ ਚੜ੍ਹ ਪਿਆ ਸੀ

ਕਈ ਬੰਦੇ ਮੇਲਾ ਤਾਂ ਵੇਖਣ ਗਏ ਸਨ ਪਰ ਮੇਲੀ ਨਾ ਬਣ ਸਕਣ ਕਾਰਨ ਮੇਲੇ ਦੀ ਮੌਜ ਨਹੀਂ ਮਾਣ ਸਕੇ। ਇਵੇਂ ਕਈਆਂ ਨੇ ਜ਼ਿੰਦਗੀ ਦੇ ਮੇਲੇ ਵਿਚ ਕੋਈ ਯੋਗਦਾਨ ਨਹੀਂ ਪਾਇਆ, ਸਗੋਂ ਖ਼ੂਬਸੂਰਤ ਰੰਗਾਂ ਦੀ ਹੋਲੀ ਖੇਡਣ ਵਾਲਿਆਂ ਹੱਥੋਂ ਰੰਗ ਹੀ ਖੋਹਣ ਦੀ ਕੋਸ਼ਿਸ਼ ਕੀਤੀ ਹੈ। ਬਹੁਤਿਆਂ ਨੇ ਆਪਣੀ ਜ਼ਿੰਦਗੀ ਦੀ ਹਾਲਤ ਉਹੀ ਕਰੀ ਰੱਖੀ ਹੈ ਕਿ ਜਿਵੇਂ ਮੂਰਖ ਡਾਕਟਰ ਛੋਟੇ ਜ਼ਖ਼ਮ 'ਤੇ ਵੱਡੀ ਪੱਟੀ ਕਰ ਦਿੰਦੇ ਹਨ। ਖ਼ੈਰ! ਜਦੋਂ ਯਾਦਾਂ ਤੁਹਾਡੀ ਜ਼ਿੰਦਗੀ ਵਿੱਚ ਰੰਗਲਾ ਪੀੜ੍ਹਾ ਡਾਹ ਕੇ ਬੈਠ ਜਾਣ ਤਾਂ ਫਿਰ ਇਨ੍ਹਾਂ ਦੀ ਮਿਣਤੀ ਸੁਆਦ ਲਈ ਗਜ਼ਾਂ ਵਿਚ ਨਹੀਂ, ਸਗੋਂ ਫੁੱਟਾਂ ਵਿਚ ਕਰਨੀ ਚਾਹੀਦੀ ਹੈ।

ਕਹੀ ਤਾਂ ਜਾਂਦੇ ਹਨ ਕਿ ਯੁਧਿਸ਼ਟਰ ਸਵਰਗ ਗਿਆ ਸੀ, ਪਰ ਹਾਲੇ ਤੱਕ ਤਸਦੀਕ ਇਸ ਕਰ ਕੇ ਨਹੀਂ ਹੋ ਸਕਿਆ ਕਿ ਵਿਗਿਆਨਕ ਯੁੱਗ ਵਿਚ ਵੀ 'ਈ-ਮੇਲ' ਧਰਮ ਰਾਜ ਨੂੰ ਭੇਜਣ ਦੀ ਵਿਵਸਥਾ ਨਹੀਂ ਹੈ ਤੇ ਨਾ ਹੀ ਹਾਲੇ ਤੀਕਰ ਕਿਸੇ ਡਾਕਖਾਨੇ ਵਿਚ ਸਵਰਗ ਜਾਂ ਨਰਕ ਤੋਂ ਕਿਸੇ ਨੇ ਖ਼ਤ ਆਉਣ ਦੀ ਗੱਲ ਆਖੀ ਹੈ। 'ਜਰਮਨ ਸ਼ੈਫਰਡ' ਜਾਂ 'ਲੈਬਰਾਡੌਗ' ਵਰਗੇ ਨਸਲੀ ਕੁੱਤਿਆਂ ਨੂੰ ਪਾਲਣ ਦਾ ਨੇਮ ਤਾਂ ਬੜੇ ਚਾਅ ਨਾਲ ਕੀਤਾ ਜਾਂਦਾ ਹੈ ਪਰ ਹਾਲੇ ਤੀਕਰ ਕਿਸੇ ਵੀ ਵਫ਼ਾਦਾਰ ਕੁੱਤੇ ਨੇ ਆਪਣੇ ਮਾਲਕ ਨੂੰ ਇਹ ਨਹੀਂ ਦੱਸਿਆ ਕਿ ਉਨ੍ਹਾਂ ਦਾ ਕੋਈ ਭਰਾ ਯੁਧਿਸ਼ਟਰ ਨਾਲ ਸਵਰਗ ਨੂੰ ਵੀ ਗਿਆ ਸੀ। ਸੋ, ਜ਼ਿੰਦਗੀ ਉਹ ਥੀਏਟਰ ਹੈ ਜਿੱਥੇ ਖੇਡਦੇ ਤਾਂ ਸਾਰੇ ਨੇ ਪਰ ਕਰਮਾਂ ਦੀ ਖੇਡ ਦੱਸ ਕੇ ਨਾਟਕਕਾਰ ਵਿਧ-ਮਾਤਾ ਨੂੰ ਹੀ ਮੰਨੀ ਜਾਂਦੇ ਹਨ।

ਪਿੱਛੇ ਜਿਹੇ ਮੈਂ ਜ਼ਿੰਦਗੀ ਨੂੰ ਅਲਵਿਦਾ ਕਹਿਣ ਲੱਗਾ ਸਾਂ, ਪਰ ਉਸ ਨੇ ਮੈਨੂੰ ਘੁੱਟ ਕੇ ਜੱਫੀ ਐਂ ਪਾ ਲਈ ਜਿਵੇਂ ਪ੍ਰੇਮਿਕਾ ਪ੍ਰੇਮੀ ਨੂੰ ਪਿਆਰ ਕਰਨ ਦੇ ਪਹਿਲੇ ਦਿਨ ਮਿਲਦੀ ਹੈ। ਇਸੇ ਲਈ ਮੈਂ ਆਪਣੀ ਜੀਵਨ-ਜਾਚ 'ਚੋਂ ਸੰਗੀਤਕ ਪਰਤਾਂ ਫਰੋਲਦਿਆਂ ਅਨੰਦ ਹੀ ਨਹੀਂ, ਪ੍ਰਸੰਨਤਾ ਵੀ ਕਬੂਲਦਾ ਹਾਂ।

ਸਕੂਲੀ ਜੀਵਨ ਦਾ ਜਦੋਂ ਮੈਂ ਫੌਜੀਆਂ ਵਾਂਗ ਬਿਸਤਰਾ ਬੰਨ੍ਹਿਆਂ ਤਾਂ ਦੋ ਗੱਲਾਂ ਪਜਾਮੇ-ਕਮੀਜ਼ ਵਾਂਗ ਮੇਰੇ ਨਾਲ ਜੁੜ ਗਈਆਂ ਸਨ। ਪਹਿਲੀ ਇਹ ਕਿ ਜਿਸ ਹੱਥ ਨਾਲ ਮੈਨੂੰ ਪੰਤਾਲੀ ਸਾਲ ਕਲਮ ਚਲਾਉਂਦਿਆਂ ਗੁਜ਼ਰ ਚੱਲੇ ਹਨ, ਜਾਣੀ ਸੱਜੇ ਹੱਥ ਦਾ ਮੇਰਾ ਅੰਗੂਠਾ ਸਾਈਜ਼ ਵਿਚ ਅੱਧੇ ਤੋਂ ਘੱਟ ਹੈ; ਇਹ ਜਮਾਂਦਰੂ ਛੋਟਾ ਨਹੀਂ, ਸਗੋਂ ਮੈ ਚਾਰ ਕੁ ਸਾਲ ਦਾ ਸਾਂ ਜਦੋਂ ਇਹ ਸ਼ਰਾਰਤਾਂ ਕਰਦੇ ਨੇ ਪੱਠੇ ਕੁਤਰਨ ਵਾਲੀ ਮਸ਼ੀਨ ਨਾਲ ਵਢਾ ਲਿਆ ਸੀ। ਵੱਢੀ ਤਾਂ ਨਾਲ ਦੀ ਅੱਧੀ ਉਂਗਲ ਵੀ ਗਈ ਸੀ ਪਰ ਉਹ ਨਾਲ ਲਟਕਦੀ ਰਹਿਣ ਕਰ ਕੇ ਟਾਂਕੇ ਲਾਉਣ ਨਾਲ ਬਚ ਗਈ ਸੀ। ਉਂਜ ਅੰਗੂਠੇ ਦਾ ਅਗਲਾ ਹਿੱਸਾ ਪੱਠਿਆਂ 'ਚੋਂ ਬੇਬੇ ਨੇ ਕਈ ਦਿਨਾਂ ਪਿੱਛੋਂ ਲੱਭਿਆ ਸੀ। ਉਸ ਨੇ ਸੰਭਾਲ ਕੇ ਵੀ ਇਹ ਗਹਿਣਿਆਂ ਵਾਂਗ ਆਪਣੇ ਇਕ ਰੇਸ਼ਮੀ ਰੁਮਾਲ ਵਿਚ ਰੱਖਿਆ ਹੋਇਆ ਸੀ ਜਿਸ ਨੂੰ ਮੈਂ ਵਿਆਹ ਤੋਂ ਇਕ ਵਰ੍ਹੇ ਪਹਿਲਾਂ ਸਤਲੁਜ ਦਰਿਆ ਵਿਚ ਰੋੜ੍ਹ ਆਇਆ ਸਾਂ।

ਹਾਲਾਂ ਕਿ ਮੇਰੇ ਸਿਧਰੇ ਜਿਹੇ ਬਾਪੂ ਨੂੰ ਪਿੰਡ ਦੇ ਲੋਕ ਕਿਹਾ ਕਰਦੇ ਸਨ, ਪਈ ਤੇਰੇ ਮੁੰਡੇ ਦਾ ਵਿਆਹ ਨਹੀਂ ਹੋਣਾ। ਜੇ ਹੋ ਗਿਆ ਤਾਂ ਕੰਗਣਾਂ ਕਿਵੇਂ ਖੋਲ੍ਹੇਗਾ? ਬਾਪੂ ਨੂੰ ਇਸ ਗੱਲ ਦਾ ਝੋਰਾ ਨਹੀਂ ਸੀ ਕਿ ਵਿਆਹ ਹੋਵੇਗਾ ਕਿ ਨਹੀਂ, ਪਰ ਉਹ ਉਦਾਸ ਇਸ ਕਰ ਕੇ ਹੋ ਜਾਂਦਾ ਸੀ ਕਿ ਇਹ ਲਿਖ-ਪੜ੍ਹ ਨਹੀਂ ਸਕੇਗਾ। ਖੈਰ! ਬਾਪੂ ਉਸੇ ਸਾਲ ਬੱਸ ਕੁਝ ਕੁ ਚਿਰ ਬਿਮਾਰ ਰਹਿ ਕੇ ਪਰਿਵਾਰ ਦਾ ਸਾਥ ਛੱਡ ਗਿਆ ਸੀ, ਪਰ ਉਹਨੂੰ ਇਹ ਨਹੀਂ ਪਤਾ ਸੀ ਕਿ ਇਹ ਮੁੰਡਾ ਇਸੇ ਅੱਧੇ ਅੰਗੂਠੇ ਨਾਲ ਭੱਠੇ ਦੀਆਂ ਇੱਟਾਂ ਵਾਂਗ ਅੱਖਰਾਂ ਦੇ ਚੱਕੇ ਲਗਾ ਦੇਵੇਗਾ। ਮੈਨੂੰ ਯਾਦ ਹੈ ਕਿ ਮੇਰੇ ਵਿਆਹ 'ਤੇ ਜਦੋਂ ਅਖ਼ਬਾਰਾਂ ਵਿਚ ਖ਼ਬਰ ਛਪੀ ਸੀ ਕਿ 'ਵਿਆਹ ਭੌਰੇ ਦਾ, ਬਰਾਤ ਕਲਾਕਾਰਾਂ ਦੀ' ਤਾਂ ਬੇਬੇ ਨੇ ਉਦੋਂ ਮਾਣਕ ਦਾ ਮੋਢਾ ਫੜ ਕੇ ਕਿਹਾ ਸੀ ਕਿ ਮਰਨ ਵਾਲਾ ਕਹਿੰਦਾ ਹੁੰਦਾ ਸੀ, ਇਹ ਪੜ੍ਹ-ਲਿਖ ਨਹੀਂ ਸਕੇਗਾ; ਵੇਖ ਲਾ, ਇਹ ਜਗਰਾਵਾਂ ਦੀ ਰੌਸ਼ਨੀ ਅਤਿਵਾਦ ਦੇ ਨੇਰ੍ਹਿਆਂ ਵਿਚ ਇਹਨੇ ਆਪਣੇ ਪਿੰਡ ਈ ਲਾ ਦਿਤੀ ਆ।

ਸਕੂਲ ਪੜ੍ਹਦੇ ਸਾਰ ਹੀ ਦੂਜੀ ਗੱਲ ਜਿਹੜੀ ਪਰਮਾਣੂ ਬੰਬ ਫਟਣ ਵਰਗੀ ਸੀ, ਇਉਂ ਵਾਪਰੀ ਕਿ ਸਾਡੇ ਗੁਆਂਢੀਆਂ ਦੀ ਇਕ ਕੁੜੀ ਬਲਵਿੰਦਰ ਕੌਰ ਜੇ.ਬੀ.ਟੀ. ਕਰਨ ਕਿਤੇ ਰਿਸ਼ਤੇਦਾਰੀ 'ਚੋਂ ਆ ਗਈ। ਸੀਗੀ ਰੱਜ ਕੇ ਸੁਨੱਖੀ। ਮੇਰੇ ਹੀ ਪਿੰਡ ਦਾ ਇਕ ਅਧਿਆਪਕ ਹਾਲੇ ਨਵਾਂ ਨਵਾਂ ਲੱਗਾ ਸੀ। ਕਹਿਣ ਲੱਗਾ, "ਜੇ ਕਿਤੇ ਮੇਰੇ ਨਾਲ ਇਹਦਾ ਵਿਆਹ ਹੋ ਜੇ ਤਾਂ ਕਿਆ ਬਾਤ।" ਉਨ੍ਹਾਂ ਦਿਨਾਂ ਵਿਚ ਕੇ. ਐਸ. ਕੂਨਰ ਦਾ ਗੀਤ ਆਇਆ ਸੀ, "ਗੋਰਾ ਗੋਰਾ ਰੰਗ ਅੱਖਾਂ ਬਿੱਲੀਆਂ, ਸਾਡੇ ਪਿੰਡ 'ਚ ਪ੍ਰਾਹੁਣੀ ਇਕ ਆ ਗਈ...।" ਉਹਦੀਆਂ ਅੱਖਾਂ ਤਾਂ ਬਿੱਲੀਆਂ ਘੱਟ ਸਨ ਪਰ ਪ੍ਰਾਹੁਣੀ ਜ਼ਰੂਰ ਆਈ ਹੋਈ ਸੀ। ਆਂਢ-ਗੁਆਂਢ ਵਿਚ ਉਦੋਂ ਦੁਬਈ ਮਾਰਕਾ ਟੇਪਾਂ ਦੀ ਬੜੀ ਚੜ੍ਹਾਈ ਸੀ। ਗਲੀ ਮੁਹੱਲੇ 'ਚ ਹਰ ਤੀਜੇ ਘਰ ਉਦੋਂ ਇਹੀ ਗੀਤ ਵੱਜਿਆ ਕਰੇ। ਸਾਡੇ ਨਾਲ ਦੇ ਪਿੰਡ ਨੌਰੇ ਉਦੋਂ ਜੇ.ਬੀ.ਟੀ. ਦੀ ਟ੍ਰੇਨਿੰਗ ਹੁੰਦੀ ਸੀ। ਹਾਲਾਤ ਇਹ ਬਣੇ ਕਿ ਉਮੀਦਵਾਰ ਹੋਰ ਸਨ ਤੇ ਵੋਟਾਂ ਕਿਤੇ ਹੋਰ ਪੈ ਗਈਆਂ। ਪੜ੍ਹ ਕੇ ਆਉਂਦੀ ਇਕ ਦਿਨ ਉਹ ਮੈਨੂੰ ਪੁੱਛਣ ਲੱਗੀ, "ਤੁਹਾਡੇ ਕੋਲ ਕੋਈ ਪੜ੍ਹਨ ਵਾਲਾ ਰਸਾਲਾ ਹੈ।" ਬਾਂਦਰ ਦੇ ਸਵੈਟਰ ਪਾਉਣ ਵਾਲੀ ਗੱਲ ਹੋ ਗਈ। ਮੈਂ ਚਾਮਲ੍ਹ ਗਿਆ। ਰਾਂਝਾ ਜਿਵੇਂ ਕੈਦੋਂ ਦੇ ਘਰ ਜੰਮ ਪਿਆ ਹੋਵੇ। ਮੈਨੂੰ ਵੀ ਲਗਦਾ ਸੀ ਕਿ ਚੂਰੀ ਸੁੱਕੀ ਕੁੱਟੀ ਗਈ ਹੈ। ਸਰਬਾਲਾ ਲਾੜਾ ਬਣਨ ਦਾ ਭਰਮ ਪਾਲ ਬੈਠਾ ਸੀ। ਅਗਲੇ ਦਿਨ ਮੈਂ ਉਸ ਨੂੰ ਦਿੱਲੀ ਤੋਂ ਛਪਦੇ 'ਕੌਮੀ ਏਕਤਾ' ਰਸਾਲੇ ਦੀ ਕਾਪੀ ਭੇਂਟ ਕਰ ਦਿੱਤੀ। ਮੁੰਡ੍ਹੀਰ ਨੇ ਵੇਖ ਲਿਆ। ਰੌਲਾ ਜਿਹਾ ਪੈ ਗਿਆ ਜਿਵੇਂ ਦਮਯੰਤੀ ਨੇ ਰਾਜਾ ਨਲ ਲੱਭ ਲਿਆ ਹੋਵੇ। ਹਫ਼ਤੇ ਕੁ ਬਾਅਦ ਜਦੋਂ ਉਸ ਪ੍ਰਾਹੁਣੀ ਨੇ ਉਹੋ 'ਕੌਮੀ ਏਕਤਾ' ਮੈਨੂੰ ਵਾਪਸ ਕੀਤਾ ਤਾਂ ਸ਼ੇਅਰ ਤਾਂ ਉਹਨੇ ਕਈ ਵਰਕਿਆਂ 'ਤੇ ਲਿਖੇ ਹੋਏ ਸਨ, ਪਰ ਉਨ੍ਹਾਂ 'ਚੋਂ ਚੇਤੇ ਮੈਨੂੰ ਇਕ ਹੀ ਹੈ। ਉਹਨੇ ਬੜਾ ਘਰੋੜ ਕੇ ਲਿਖਿਆ ਸੀ ਜਿਵੇਂ ਪੀਂਘ ਦਰਖ਼ਤ ਵਾਲੀ ਨਹੀਂ, ਮੀਂਹ ਪੈਣ ਤੋਂ ਪਿੱਛੋਂ ਮਾਈ ਬੁੱਢੀ ਦੀ ਪੈ ਗਈ ਹੋਵੇ। ਸ਼ੇਅਰ ਸੀ,

ਦਿਲ ਇਕ ਸੀ ਇਕ ਨੂੰ ਦੇ ਦਿੱਤਾ
ਰੋਜ਼ ਰੋਜ਼ ਨਹੀਂ ਦਿਲ ਵਟਾਏ ਜਾਂਦੇ
ਇਕ ਲਾ ਲਿਆ ਗ਼ਮ ਅਸ਼ੋਕ ਤੇਰਾ
ਰੋਜ਼ ਨਵੇਂ ਨਹੀਂ ਗ਼ਮ ਲਗਾਏ ਜਾਂਦੇ...।

ਕਰੇਲਿਆਂ ਦੀ ਵੇਲ ਤੋਂ ਭਲਾ ਹਦਵਾਣੇ ਦਾ ਭਾਰ ਚੁੱਕ ਹੁੰਦੈ! ਕੱਚੀ ਉਮਰ ਦਾ ਇਕਪਾਸੜ ਪਿਆਰ ਖਿੱਲਰ ਗਿਆ। ਘਰਦਿਆਂ ਨੇ ਉਹਨੂੰ ਰਿਸ਼ਤੇਦਾਰੀ 'ਚੋਂ ਕੱਢ ਨੌਰੇ ਪਿੰਡ 'ਚ ਕਮਰਾ ਵੀ ਲੈ ਕੇ ਦਿੱਤਾ, ਪਰ ਉਹ ਭਰਿੰਡ ਵਾਂਗ ਜਿਵੇਂ ਚਿੰਬੜਦੀ ਜਾਂਦੀ ਹੋਵੇ। ਮਜਬੂਰਨ ਘਰਦਿਆਂ ਨੇ ਜੇ.ਬੀ.ਟੀ. ਨੂੰ ਵਿਚਾਲੇ ਮੋਛਾ ਪਾ ਕੇ ਉਹਨੂੰ ਹਟਾ ਕੇ ਵਿਆਹੁਣ ਦੀ ਕੀਤੀ। ਮੇਰੀ ਹਾਲਤ ਇਹ ਸੀ ਜਿਵੇਂ ਕਿਸੇ ਨੇ ਦੀਵੇ ਦੀ ਥਾਂ ਥੜ੍ਹੇ ਉਤੇ ਤੇਲ ਡੋਲ੍ਹ ਕੇ ਚਿਰਾਗ ਕਰਨ ਦੀ ਕੋਸ਼ਿਸ਼ ਕੀਤੀ ਹੋਵੇ। ਖੈਰ! ਮਾਲ੍ਹ ਤੋਂ ਬਿਨਾਂ ਚਰਖਾ ਤਾਂ ਕੀ ਚੱਲਣਾ ਸੀ, ਪੂਣੀ ਕੱਤਣ ਦੀ ਕੋਸ਼ਿਸ਼ ਕੀਤੀ ਗਈ ਸੀ ਪਰ ਤੱਕਲਾ ਹੀ ਵਿੰਗਾ ਕਰਵਾ ਲਿਆ!

ਕਹਾਣੀ ਦਾ ਮੌਜੂ ਮੈਂ ਹੋਰ ਪਾਸੇ ਲੈ ਗਿਆਂ ਹਾਂ। ਮਾਹਿਲ ਗਹਿਲਾਂ ਦਾ ਸਕੂਲ ਛੱਡਣ ਤੋਂ ਪਹਿਲਾਂ ਹੋਈ ਇਕ ਜੱਗੋਂ ਸੋਲਵੀਂ ਵੀ ਤੁਹਾਡੇ ਨਾਲ ਸਾਂਝੀ ਕਰਨੀ ਚਾਹਾਂਗਾ। ਉਨੀ ਸੌ ਸਤੱਤਰ ਵਿਚ ਅੱਠਵੀਂ ਦੀ ਪ੍ਰੀਖਿਆ ਬੋਰਡ ਨੇ ਬੜੇ ਚਿਰਾਂ ਬਾਅਦ ਲੈਣ ਦਾ ਫੈਸਲਾ ਕੀਤਾ ਸੀ, ਪਰ ਜਦੋਂ ਮੈਂ ਸਕੂਲ 'ਚੋਂ ਅੱਵਲ ਆਇਆ ਤਾਂ ਮੇਰੀ ਮਾਂ ਨੇ ਮੈਨੂੰ ਫਾਂਟਾਂ (ਲਾਈਨਾਂ) ਵਾਲਾ ਪਜਾਮਾ ਸੁਆ ਕੇ ਦਿੱਤਾ। ਪਹਿਲੇ ਦਿਨ ਜਦੋਂ ਮੈਂ ਇਹ ਪਜਾਮਾ ਪਾ ਕੇ ਸਕੂਲ ਗਿਆ ਤਾਂ ਨਾਲ ਦੇ ਮੁੰਡੇ ਜੋ ਮੇਰੇ ਹੀ ਪਿੰਡ ਤੋਂ ਸਨ, ਗੁਆਂਢੀ ਵੀ ਸੀ, ਨੇ ਵਿਆਹ 'ਤੇ ਜਾਣਾ ਸੀ। ਅਸੀਂ ਅੱਧੀ ਛੁੱਟੀ ਨੂੰ ਜਦੋਂ ਘਰ ਆਏ ਤਾਂ ਉਹ ਕਹਿਣ ਲੱਗਾ, "ਤੂੰ ਮੈਨੂੰ ਆਪਣਾ ਨਵਾਂ ਪਜਾਮਾ ਦੇ ਦੇ। ਪਰਸੋਂ ਨੂੰ ਆ ਕੇ ਮੋੜ ਦਿਆਂਗਾ।" ਪਜਾਮਾ ਤਾਂ ਮੈਂ ਲਾਹ ਕੇ ਉਹਨੂੰ ਦੇ ਦਿੱਤਾ, ਪਰ ਮਾਂ ਨੇ ਦੂਜਾ ਪਜਾਮਾ ਧੋਣ ਲਈ ਸੋਢੇ 'ਚ ਭਿਉਂ ਰੱਖਿਆ ਸੀ। ਪੈਂਟ ਤਾਂ ਦੂਰ ਦੀ ਗੱਲ, ਤੀਜਾ ਪਜਾਮਾ ਵੀ ਹੈ ਨਹੀਂ ਸੀ। ਸਕੂਲੋਂ ਛੁੱਟੀ ਤਾਂ ਅੱਧੀ ਕਰ ਲੈਂਦਾ, ਪਰ ਝੋਲਾ ਜਮਾਤ 'ਚ ਪਿਆ ਸੀ। ਬੇਬੇ ਊਂ ਉਬਲੇ, ਪਈ ਤੂੰ ਵੱਡਾ ਬਿਰਲਾ ਜਿਹੜਾ ਲੋਕਾਂ ਨੂੰ ਵਿਆਹ ਲਈ ਲੀੜੇ ਦਿੰਨਾਂ।

ਮਾੜੀ ਕਿਸਮਤ ਕਛਹਿਰੇ ਸਣੇ ਸਕੂਲ ਚਲਾ ਗਿਆ। ਕਮੀਜ਼ ਉਦਾਂ ਥੋੜ੍ਹੀ ਲੰਮੀ ਸੀ। 'ਕੱਠਾ ਜਿਹਾ ਹੋ ਕੇ ਪਿੱਛੇ ਜਿਹੇ ਨੂੰ ਬਹਿ ਗਿਆ। ਬਾਹਰ ਪਿੱਪਲ ਛਾਂਵੇਂ ਕਲਾਸ ਲੱਗੀ ਹੋਈ। ਮੋਹਨ ਸਿੰਘ ਸ਼ੇਰਗਿਲ ਮਾਸਟਰ ਦਾ ਪੀਰੀਅਡ ਆ ਗਿਆ ਸਮਾਜਕ ਦਾ। ਉਨ੍ਹਾਂ ਦਿਨਾਂ 'ਚ ਸਾਡੇ ਸਕੂਲ ਵਿਚ ਟੌਹਰ ਤੇ ਆਕੜ ਵੀ ਉਹਦੇ ਵਰਗੀ ਕਿਸੇ ਦੀ ਨਹੀਂ ਸੀ। ਵਿਦਿਆਰਥੀਆਂ 'ਚ ਦਹਿਸ਼ਤ ਰੱਜ ਕੇ। ਪਿੰਡ ਉਹਦਾ ਦਾਰਾ ਸਿੰਘ ਪਹਿਲਵਾਨ ਦੇ ਉਸਤਾਦ ਹਰਬੰਸ ਸਿੰਘ ਵਾਲਾ ਰਾਏਪੁਰ ਡੱਬਾ। ਮੁੱਛਾਂ ਦੇ ਵੱਟ 'ਚ ਏਨੀ ਜਾਨ, ਪਈ ਮੁੱਛ 'ਤੇ ਕਿਤੇ ਨਿੰਬੂ ਟਿਕਾ ਲਵੇ ਤਾਂ ਦੰਦਾਂ ਨਾਲ ਘੜਾ ਚੱਕਦੀਆਂ ਮੁਟਿਆਰਾਂ ਵਾਂਗ ਹਿੱਲਣ ਨਾ ਦੇਵੇ। ਫੁੱਟ ਗਏ ਮੁਕੱਦਰ; ਸੁਣਨ ਲੱਗ ਪਿਆ, "ਮੁਹੰਮਦ ਤੁਗਲਕ ਨੂੰ ਪੜ੍ਹਿਆ ਲਿਖਿਆ ਮੂਰਖ ਬਾਦਸ਼ਾਹ ਕਿਉਂ ਕਹਿੰਦੇ ਸਨ?" ਆ ਗਈ ਵਾਰੀ ਮੇਰੀ। ਜਦੋਂ ਮੈਂ ਇਸ ਪ੍ਰਸ਼ਨ ਦਾ ਉਤਰ ਸੁਣਾਉਣ ਲਈ ਖੜ੍ਹਾ ਹੋਇਆ ਤਾਂ ਮੇਰੀਆਂ ਨੰਗੀਆਂ ਲੱਤਾਂ ਦੇਖ ਕੇ ਬਲ ਗਿਆ ਅੱਗ ਦੀ ਨਾਲ, "ਓਏ ਤੂੰ ਨੰਗਾ ਸਕੂਲ ਪੜ੍ਹਨ ਆ ਗਿਆ? ਹਰਦੂ ਲਾਹਣਤ ਤੇਰੇ। ਕੁੜੀਆਂ ਦੀ ਕਲਾਸ 'ਚ ਤੈਨੂੰ ਸ਼ਰਮ ਨ੍ਹੀ ਆਈ?" ਮੈਂ ਕੰਬਦੇ ਤੇ ਡਰਦੇ ਨੇ ਹੌਲੀ ਦੇਣੀ ਕਿਹਾ, "ਸਰ ਹੇਠਾਂ ਕਛਹਿਰਾ ਹੈਗਾ।" ਕਹਿੰਦਾ, "ਚੱਕਿਆ ਕਛਿਹਰੇ ਦਾ। ਤੇਰਾ ਪਜਾਮਾ ਕਿੱਥੇ ਹੈ?"

ਜੀਭ ਤਾਲੂਏ ਨਾਲ ਜਾ ਲੱਗੀ, "ਸਰ ਸੁਰਿੰਦਰ ਪਾਲ ਮੰਗ ਕੇ ਲੈ ਗਿਆ। ਵਿਆਹ ਜਾਣਾ ਸੀ ਉਹਨੇ।"

"ਚੱਕ ਝੋਲਾ ਤੇ ਨਿਕਲ ਜਾ ਸਕੂਲੋਂ। ਉਦੋਂ ਤੱਕ ਸਕੂਲ ਨਾ ਵੜੀਂ ਜਦੋਂ ਤੱਕ ਪਜਾਮਾ ਵਿਆਹ ਤੋਂ ਨਹੀਂ ਆਉਂਦਾ।"

ਜਿਸ ਦਿਨ ਸਕੂਲ 'ਚ ਮੇਰੇ ਨਾਲ ਇਹ ਮਾੜੇ ਢੰਗੇ ਵਾਂਗ ਰੱਜ ਕੇ ਕੁਪੱਤ ਹੋਈ ਸੀ, ਯਕੀਨ ਕਰਿਉ! ਉਸ ਤੋਂ ਅਗਲੇ ਦਿਨ 'ਅਕਾਲੀ ਪੱਤ੍ਰਿਕਾ' ਵਿਚ ਮੇਰਾ ਮੁੱਖ ਪੰਨੇ 'ਤੇ ਲੇਖ ਛਪਿਆ ਸੀ, "ਫੈਸ਼ਨਾਂ ਨੇ ਅੱਤ ਚੁੱਕ ਲਈ।"

ਉਨ੍ਹਾਂ ਬੰਦਿਆਂ ਨੇ ਜ਼ਿੰਦਗੀ ਵਿਚ ਦੂਜਿਆਂ ਤੋਂ ਕਦੇ ਮਦਦ ਦੀ ਆਸ ਹੀ ਨਹੀਂ ਰੱਖੀ ਜਿਹੜੇ ਸ਼ੀਸ਼ੇ ਮੂਹਰੇ ਖੜ੍ਹੇ ਹੋ ਕੇ ਸ਼ੀਸ਼ੇ ਤੋਂ ਤਸਦੀਕ ਕਰਾਉਂਦੇ ਰਹੇ ਨੇ ਕਿ "ਆਹ ਹੀ ਬੰਦਾ ਸਾਡੀ ਮੱਦਦ ਕਰੇਗਾ।"

ਜਦੋਂ ਮੈਂ ਓਵਰਸੀਅਰ ਬਣਨ ਲਈ ਫਗਵਾੜੇ ਦੇ ਰਾਮਗੜ੍ਹੀਆ ਪੌਲੀਟੈਕਨਿਕ ਵਿਚ ਅਰਜ਼ੀ ਦਿੱਤੀ ਤਾਂ ਮਲਕੜੇ ਜਿਹੇ ਮੈਥੋਂ ਸੌ ਅੰਕ ਪਿੱਛੇ ਰਹਿਣ ਵਾਲੇ ਮੇਰੇ ਉਸ ਪੇਂਡੂ ਜਮਾਤੀ ਨੇ ਵੀ ਨਾਲ ਈ ਪੰਗਾ ਲੈ ਲਿਆ ਜੋ ਮੇਰੇ ਨਾਲ ਲੋਹੜੀ ਮੰਗਦਾ ਹੁੰਦਾ ਸੀ, ਹਾਲਾਂਕਿ ਉਹਨੇ ਵਿਆਹ ਪਤੰਦਰ ਨੇ ਦਸਵੀਂ ਜਮਾਤ 'ਚ ਪੜ੍ਹਦੇ ਨੇ ਹੀ ਕਰਵਾ ਲਿਆ ਸੀ!



*ਇਸ ਫੋਟੋ ਨੂੰ ਗਹੁ ਨਾਲ ਵੇਖੋ! ਇਹ ਮੁਹੱਬਤ ਤੇ ਅਪਣੱਤ ਭਰੇ ਦਿਨ ਸ਼ਾਇਦ ਫਿਰ ਕਦੇ ਵੀ ਨਾ ਆਉਣ। ਕਿਉਂਕਿ ਹੁਣ...ਗਾਇਕਾਂ ਦੀ ਭਰਮਾਰ ਹੈ। ਇਹ 'ਘੋਲ-ਮਚੋਲਾ' ਪੰਜਾਬ ਦਾ ਸਭ ਤੋਂ ਸੁਰੀਲਾ ਗਾਇਕ ਸਰਦੂਲ ਸਿਕੰਦਰ ਮੇਰੇ ਨਾਲ ਇਸ ਕਰ ਕੇ ਕਰ ਰਿਹਾ ਹੈ ਕਿ ਉਹ ਕਹਿਣ ਲੱਗਾ, "ਕੁਲਦੀਪ ਮਾਣਕ, ਹਰਚਰਨ ਗਰੇਵਾਲ ਨਾਲ ਢੋਲਕੀ ਵਜਾਉਂਦਾ ਰਿਹਾ ਹੈ।" ਮੈਂ ਕਿਹਾ, "ਤੂੰ ਮਾਣਕ ਨਾਲ ਪੇਟੀ ਵਜਾਈ ਹੈ।" ਸਰਦੂਲ ਹਾਲੇ ਤੱਕ ਮੇਰਾ ਸਭ ਤੋਂ ਪਿਆਰਾ ਤੇ ਨੇੜਲਾ ਮਿੱਤਰ ਹੈ, ਪਰ ਮਾਣਕ ਵਿਰੁਧ ਗੱਲ ਮੈਂ ਕਦੇ ਬਰਦਾਸ਼ਤ ਨਹੀਂ ਕੀਤੀ ਸੀ। 'ਕੱਲੇ ਦੀ ਤਾਂ ਮੈਂ ਪੇਸ਼ ਨਾ ਜਾਣ ਦਿੰਦਾ, ਪਰ ਦੋ ਜਣਿਆਂ ਰਲ ਕੇ ਹੇਠਾਂ ਸੁੱਟ ਲਿਆ। ਕੋਈ ਮੰਨੇ ਜਾਂ ਨਾ ਮੰਨੇ, ਪਰ ਅਸਲ ਵਿਚ ਪੰਜਾਬੀ ਗਾਇਕੀ ਦੇ ਇਹ ਉਹ ਦਿਨ ਸਨ ਜਿਵੇਂ ਬੁੱਧ ਦੀ ਮੂਰਤੀ ਤਿਊੜੀ ਤੇ ਹਾਸੇ, ਦੋਹਾਂ ਤੋਂ ਮੁਕਤ ਸੀ।*

ਮੇਰਾ ਭਰਾ ਤੇ ਕੁਝ ਹੋਰ ਨੇੜਲੇ ਰਿਸ਼ਤੇਦਾਰ ਚਾਹੁੰਦੇ ਸਨ ਕਿ ਮੈਂ ਸਿਵਲ ਇੰਜੀਨੀਅਰ ਬਣਾਂ, ਕਿਉਂਕਿ ਪੜ੍ਹ ਕੇ ਬੰਦਾ ਜਦੋਂ ਓਵਰਸੀਅਰ ਲਗਦੈ ਤਾਂ ਸੜਕਾਂ ਤੇ ਪੁਲਾਂ ਦੀ ਬਣਾਈ, ਚਣਾਈ 'ਚ ਦੋ ਨੰਬਰ ਦਾ ਪੈਸਾ ਬਹੁਤ ਰਲਦੈ। ਊਂ ਮੈਥੋਂ ਪਹਿਲਾਂ ਸਾਡੇ ਪਿੰਡ ਦਾ ਇਕ ਮੁੰਡਾ ਸਿਵਲ ਕਰ ਕੇ ਮੋਟੀ ਕਮਾਈ ਕਰਨ ਨਾਲ ਸਿੱਧਾ ਜਲੰਧਰ ਈ ਕੋਠੀ ਪਾ ਕੇ ਟਿਕ ਗਿਆ ਸੀ, ਪਰ ਮੇਰਾ ਬਿਜਲੀ ਬੋਰਡ 'ਚ ਲੱਗਾ ਗਜ਼ਟਿਡ ਅਫ਼ਸਰ ਮਾਮਾ ਚਾਹੁੰਦਾ ਸੀ ਕਿ ਮੈਂ ਮਕੈਨੀਕਲ ਜਾਂ ਇਲੈਕਟ੍ਰੀਕਲ ਟਰੇਡ ਵਿਚ ਜਾਵਾਂ, ਕਿਉਂਕਿ ਆਉਣ ਵਾਲਾ ਸਮਾਂ ਮਸ਼ੀਨਰੀ ਦਾ ਆਵੇਗਾ। ਕੰਪਿਊਟਰ ਯੁੱਗ ਦਾ ਤਾਂ ਕਿਸੇ ਨੂੰ ਚੇਤਾ ਵੀ ਨਹੀਂ ਸੀ ਉਦੋਂ। ਦਾਖਲੇ ਲਈ ਐਂਟਰੈਂਸ ਟੈਸਟ ਤਾਂ ਚੱਲੇ ਵੀ ਨਹੀਂ ਸਨ, ਪਰ ਲੋਕਾਂ ਦਾ ਇਧਰ ਰੁਝਾਨ ਵਧਣ ਕਰ ਕੇ ਮੈਰਿਟ ਕਾਫੀ ਉਚੀ ਜਾਣ ਲੱਗ ਪਈ ਸੀ। ਲਿਸਟ ਲੱਗੀ ਤਾਂ ਮੇਰਾ ਤੇਰਵਾਂ ਨੰਬਰ ਸੀ ਤੇ ਤੀਹ ਸੀਟਾਂ ਸਨ। ਇੰਟਰਵਿਊ ਵੇਲੇ ਮੈਂ ਆਪਣੀ ਪਸੰਦ ਨਾਲ ਮਕੈਨੀਕਲ ਵਿਚ ਦਾਖਲਾ ਲੈ ਲਿਆ, ਪਰ ਮੈਨੂੰ ਮੈਡੀਕਲ ਵਿਚ ਛਾਤੀ ਪੂਰੀ ਨਾ ਫੁੱਲਣ ਕਾਰਨ ਕੱਢ ਦਿੱਤਾ ਗਿਆ। ਮੈਂ ਘਰੇ ਬੈਠ ਗਿਆ। ਦੋ ਦਿਨ ਬਾਅਦ ਸਾਡੇ ਤਾਏ ਦਾ ਦੋਹਤਾ ਸਤਨਾਮ ਚੁੰਬਰ ਜੋ ਹੁਣ ਅਮਰੀਕਾ 'ਚ ਹੀ ਹੈ, ਪਿੰਡ ਆਇਆ। ਉਦੋਂ ਉਹ ਆਈ.ਟੀ.ਆਈ. 'ਚ ਪੜ੍ਹਦਾ ਸੀ। ਉਹਨੂੰ ਮੈਂ ਸਾਰੀ ਗੱਲ ਦੱਸੀ ਕਿ ਜਾਂ ਤਾਂ ਇਹ ਸਾਡੇ ਪਿੰਡ ਵਾਲੇ ਹਮਜਮਾਤੀ ਨੇ ਸ਼ਰਾਰਤ ਕੀਤੀ ਐ, ਕਿਉਂਕਿ ਉਹਦਾ ਭਰਾ ਪਟਵਾਰੀ ਲੱਗਾ ਹੋਇਆ ਸੀ, ਜਾਂ ਰਾਮਗੜ੍ਹੀਆਂ ਨੇ ਆਪਣੇ ਕਿਸੇ ਖਾਸ ਨੂੰ ਅਡਜਸਟ ਕਰਨੈਂ। ਸਤਨਾਮ ਨੇ ਗੱਲ ਐਸ. ਐਫ. ਆਈ. ਦੇ ਮੱਖਣ ਸਿੰਘ ਸੰਧੂ ਤੇ ਕੁਲਵੰਤ ਸਿੰਘ ਸੰਧੂ ਨਾਲ ਕੀਤੀ। ਪ੍ਰਿੰ. ਮਾਨ ਸਿੰਘ ਨੇ ਮੈਡੀਕਲ ਫਾਰਮ ਦੇ ਦਿਤੇ। ਅਗਲੇ ਦਿਨ ਅਸੀਂ ਸਿਵਲ ਹਸਪਤਾਲ ਤੋਂ 20 ਰੁਪਏ 'ਚ ਮੈਡੀਕਲ ਕਰਾਇਆ ਤੇ ਮੈਂ ਇੰਜੀਨੀਅਰਿੰਗ ਦਾ ਸਟੂਡੈਂਟ ਬਣ ਗਿਆ।

ਚਲੋ, ਸਰਕਾਰੀ ਸਕੂਲ ਵਿਚ ਪੰਜਾਬੀ ਮਾਧਿਅਮ ਪੜ੍ਹ ਕੇ ਅੰਗਰੇਜ਼ੀ 'ਚ ਤੁਰਨਾ ਔਖਾ ਤਾਂ ਸੀ, ਪਰ ਗੱਡੀ ਰਿੜ੍ਹ ਪਈ।

ਪਹਿਲੇ ਦੋ ਚਾਰ ਦਿਨਾਂ ਵਿਚ ਹੀ ਪੂਰੇ ਕਾਲਜ ਵਿਚ ਪਤਾ ਲੱਗ ਗਿਆ ਕਿ ਕੋਈ ਅਜਿਹਾ ਮੁੰਡਾ ਵੀ ਦਾਖਲ ਹੋਇਆ ਹੈ ਜੋ ਅਖ਼ਬਾਰਾਂ 'ਚ ਚੰਗੇ ਲੇਖ ਲਿਖਦੈ। ਉਨ੍ਹਾਂ ਦਿਨਾਂ ਵਿਚ, ਜਾਣੀ ਸੰਨ 1979 ਵਿਚ 'ਅਜੀਤ' ਅਖ਼ਬਾਰ ਦੇ ਬਾਨੀ ਸੰਪਾਦਕ ਸਾਧੂ ਸਿੰਘ ਹਮਦਰਦ ਐਤਵਾਰ ਨੂੰ ਗ਼ਜ਼ਲਾਂ ਦਾ ਪੰਨਾ ਛਾਪਦੇ ਸਨ। ਉਹ ਆਪ ਵੀ ਕਿਉਂਕਿ ਵਧੀਆ ਗ਼ਜ਼ਲ ਲਿਖਦੇ ਸਨ, ਇਸ ਲਈ ਉਨ੍ਹਾਂ ਦਿਨਾਂ ਵਿਚ ਸ.ਸ. ਮੀਸ਼ਾ, ਪ੍ਰਿੰਸੀਪਲ ਤਖਤ ਸਿੰਘ, ਡਾਕਟਰ ਜਗਤਾਰ, ਦੀਪਕ ਜੈਤੋਈ, ਉਲਫ਼ਤ ਬਾਜਵਾ, ਆਰਿਫ਼ ਗੋਬਿੰਦਪੁਰੀ, ਬੀਬੀ ਪ੍ਰਕਾਸ਼ ਕੌਰ ਆਦਿ ਨਾਂਵਾਂ ਦੀ ਬੜੀ ਚੜ੍ਹਤ ਸੀ। ਸੁਰਜੀਤ ਪਾਤਰ ਇਨ੍ਹਾਂ ਤੋਂ ਬਾਅਦ ਦੀ ਗੱਲ ਸੀ। ਸਾਡੇ ਕਾਲਜ ਵਿਚ ਮਾੜਕੂ ਜਿਹਾ ਇੰਸਟਰੱਕਟਰ ਅਜੀਤ ਸਿੰਘ ਚੱਗਰ ਹਿਰਖੀ ਉਨ੍ਹੀਂ ਦਿਨੀਂ ਸਾਹਿਤਕ ਸਰਗਰਮੀਆਂ ਲਈ ਕਾਲਜ ਦੀ ਰੀੜ੍ਹ ਦੀ ਹੱਡੀ ਸੀ। ਕਾਲਜ ਮੈਗਜ਼ੀਨ 'ਵਿਸ਼ਵਾ ਕਿਰਤੀ' ਦੇ ਪੰਜਾਬੀ ਵਿਭਾਗ ਦਾ ਉਹ ਮੁਖੀ ਸੀ। ਅੱਧੀ ਛੁੱਟੀ ਵੇਲੇ ਉਹ ਗ਼ਜ਼ਲ, ਬਹਿਰ, ਪਿੰਗਲ ਬਾਰੇ ਜਾਣਕਾਰੀ ਵੀ ਦਿੰਦਾ ਸੀ। ਉਹਨੇ ਵਿਦਿਆਰਥੀਆਂ ਦਾ ਮਿੰਨੀ ਕਹਾਣੀ ਦਾ ਮੁਕਾਬਲਾ ਕਰਵਾਇਆ ਤਾਂ ਮੇਰੀ ਕਹਾਣੀ 'ਇਸ਼ਕ ਮਰ ਨਹੀਂ ਸਕਦਾ' ਪਹਿਲੇ ਨੰਬਰ 'ਤੇ ਆ ਗਈ। ਪ੍ਰਿੰਸੀਪਲ ਤੋਂ ਚੰਗਾ ਸਨਮਾਨ ਮਿਲਿਆ, ਪਰ ਨਾਲ ਲਗਦੇ ਹੀ ਇਹ ਹਾਲਤ ਬਣੀ ਕਿ ਘੁਮਾਰੀ ਪੈਂਦੀ ਸੱਟੇ ਗਧੇ ਤੋਂ ਡਿੱਗ ਪਈ।

ਕਾਲਜ ਮੈਗਜ਼ੀਨ ਪਤਾ ਨਹੀਂ ਕਦੋਂ ਤਿਆਰ ਹੋ ਰਿਹਾ ਸੀ ਕਿ ਮੈਨੂੰ ਮੇਰਾ ਇਕ ਹਮਜਮਾਤੀ ਆਂਹਦਾ, "ਲਿਆ ਤੇਰੀ ਕੋਈ ਰਚਨਾ ਛਪਾ ਦਿੰਨੇ ਆਂ। ਪ੍ਰਿੰਟਿੰਗ ਪ੍ਰੈਸ ਰਾਮਗੜ੍ਹੀਆਂ ਦੀ ਆਪਣੀ ਐ ਤੇ ਮੇਰਾ ਡੈਡੀ ਉਥੇ ਲੱਗਿਆ ਹੋਇਐ।" ਸਟੂਡੈਂਟ ਐਡੀਟਰ ਜੋਗਿੰਦਰ ਸੈਣੀ ਫਾਈਨਲ ਯੀਅਰ ਦਾ ਵਿਦਿਆਰਥੀ, ਹੈ ਤਾਂ ਸਾਡੇ ਪਿੰਡਾਂ ਵੱਲ ਦਾ ਸੀ, ਪਰ ਮੇਰੇ ਨਾਲ ਕੋਈ ਗੱਲਬਾਤ ਨਹੀਂ ਸੀ। ਮੈਂ ਗੀਤ ਇਕ ਤਰਜ਼ 'ਤੇ ਲਿਖ ਕੇ ਉਸ ਮੁੰਡੇ ਨੂੰ ਦੇ'ਤਾ। ਜਿਵੇਂ ਤੀਜੇ ਦਿਨ ਅਨਾਰ ਪਟਾਕੇ ਸਣੇ ਚੱਲ ਗਿਆ ਹੋਵੇ! ਉਸ ਪ੍ਰੋ. ਅਜੀਤ ਹਿਰਖੀ ਨੇ ਮੈਨੂੰ ਡਰਾਇੰਗ ਦੇ ਪੀਰੀਅਡ ਵਿਚ ਸੱਦ ਲਿਆ। ਆਂਹਦਾ, "ਤੂੰ ਐਂ ਅਸ਼ੋਕ?"

"ਹਾਂ ਜੀ ਸਰ।" ਮੈਂ ਨੀਵੀਂ ਪਾ ਕੇ ਕਿਹਾ।

"ਆਹ ਗੀਤ ਤੈਂ ਲਿਖਿਆ?" ਉਹਨੇ ਕੰਪੋਜ ਕੀਤਾ ਗੀਤ ਮੇਰੇ ਮੱਥੇ 'ਤੇ ਮਾਰਿਆ, "ਸ਼ਰਮ ਕਰੋ ਕੁਛ। ਪੜ੍ਹਨ ਕੀ ਆਏ ਓਂ ਤੇ ਕਰਦੇ ਕੀ ਓਂ?" ਜਿਵੇਂ ਅੱਲੇ ਜ਼ਖ਼ਮ ਤੋਂ ਪੱਟੀ ਖਿੱਚ ਕੇ ਲਾਹ ਦਿੱਤੀ ਹੋਵੇ। ਮੈਂ ਮਰਨ ਨੂੰ ਥਾਂ ਟੋਲਾਂ। ਸਾਰੀ ਜਮਾਤ ਸਾਹਮਣੇ ਮੇਰੀ ਰੱਜ ਕੇ ਬੇਇੱਜ਼ਤੀ ਹੋਈ ਸੀ। ਉਹਦੀ ਇਕ ਗੱਲ ਮੈਨੂੰ ਹਾਲੇ ਤੱਕ ਵੀ ਰੜਕਦੀ ਐ ਕਿ 'ਤੂੰ ਏਦਾਂ ਦੇ ਲੋਕਾਂ 'ਚ ਈ ਬਹਿੰਦਾ ਹੋਣੈ?'

ਦਰਅਸਲ ਹੋਇਆ ਇਹ ਸੀ ਕਿ ਉਨ੍ਹੀਂ ਦਿਨੀਂ ਇਕ ਗੀਤ ਦੁਬਈ-ਮਸਕਟ ਤੋਂ ਆਉਣ ਵਾਲਿਆਂ ਨੇ ਟੇਪਾਂ 'ਚ ਵਜਾ ਵਜਾ ਕੇ ਘਸਾ ਸੁੱਟਿਆ ਸੀ। ਗੀਤ ਸੀ 'ਦੋਗਾਣਾ',

ਗੱਡੀ ਲੱਦ ਕਲਕੱਤੇ ਵੜਦਾ
ਮੁੜ ਕੇ ਪਤਾ ਨ੍ਹੀ ਲੈਂਦਾ ਘਰਦਾ
ਸਹੁਰਾ ਨਿੱਤ ਮੇਰੇ ਨਾਲ ਲੜਦਾ
ਮੈਨੂੰ ਸੱਸ ਬੁਲਾਵੇ ਨਾ...
ਨਾਲ ਡਰਾਇਵਰ ਨੀ ਕੁੜੀਓ
ਕੋਈ ਵਿਆਹ ਕਰਵਾਏ ਨਾ...।

ਇਸੇ ਗੀਤ ਦੀ ਤਰਜ਼ 'ਤੇ ਜਿਹੜਾ ਗੀਤ ਮੈਂ ਲਿਖ ਕੇ ਦਿੱਤਾ ਸੀ ਤੇ ਜੀਹਨੇ ਕਲਾਸ 'ਚ ਝਾੜ ਝੰਬ ਕਰਾਈ ਸੀ, ਉਹਦਾ ਮੁਖੜਾ ਸੀ,

ਜਦ ਮੈਂ ਦਸ ਜਮਾਤਾਂ ਪੜ੍ਹ ਗਈ
ਭੱਜ ਕੇ ਇਸ਼ਕ ਦੀ ਪੌੜੀ ਚੜ੍ਹ ਗਈ
ਮੇਰੀ ਅੱਖ ਜੀਹਦੇ ਨਾਲ ਲੜ ਗਈ
ਹੁਣ ਉਹ ਅੱਖ ਮਿਲਾਵੇ ਨਾ...
ਨਾਲ ਕਾਲਜ ਦੇ ਮੁੰਡੇ ਦੇ ਕੋਈ
ਯਾਰੀ ਲਾਵੇ ਨਾ...।

ਪ੍ਰਿੰਸੀਪਲ ਦੇ ਕਮਰੇ ਵਿਚ ਲਿਜਾ ਕੇ ਪ੍ਰੋ. ਹਿਰਖੀ ਨੇ ਇੰਦਾਂ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਕਿ ਇਹ ਕੋਈ ਲੋਫਰ ਜਿਹਾ ਮੁੰਡਾ ਕਾਲਜ 'ਚ ਆ ਗਿਆ ਹੈ। ਉਹ ਇਸ ਗੱਲ 'ਤੇ ਵੀ ਅੜਿਆ ਰਿਹਾ ਕਿ 'ਤੂੰ ਇਹ ਦੱਸ, ਇਹ ਤੇਰਾ ਗੀਤ ਬਾਹਰੋ-ਬਾਹਰ ਪ੍ਰੈਸ ਵਿਚ ਕਿਵੇਂ ਪੁੱਜਾ?' ਪਰ ਮੈਂ ਮਾੜੇ ਮੁਜਰਮ ਵਾਂਗ ਦੰਦ ਘੁੱਟੀ ਰੱਖੇ।

ਹੈਰਾਨੀ ਇਹ ਸੀ ਕਿ ਇਸੇ ਪ੍ਰੋਫੈਸਰ ਨੇ ਫਿਰ ਅਗਲੇ ਸਾਲਾਂ 'ਚ ਮੈਨੂੰ ਕਾਲਜ ਮੈਗਜ਼ੀਨ ਦਾ ਐਡੀਟਰ ਬਣਾ ਦਿੱਤਾ ਸੀ!

# ਦਲੇਰ ਸਿੱਖ ਬੀਬੀਆਂ



ਡਾ. ਗੁਰਨਾਮ ਕੌਰ, ਕੈਨੇਡਾ

ਪਿਛਲੇ ਲੇਖਾਂ ਵਿਚ ਗੁਰੂ ਪਰਿਵਾਰਾਂ ਨਾਲ ਸਬੰਧਤ ਬੀਬੀਆਂ ਦੇ ਸੰਖੇਪ ਜੀਵਨ-ਬਿਰਤਾਂਤ ਵਿਚ ਇਹ ਦੇਖਣ ਦੀ ਕੋਸ਼ਿਸ਼ ਕੀਤੀ ਗਈ ਸੀ ਕਿ ਉਨ੍ਹਾਂ ਸਿੱਖ ਧਰਮ ਦੇ ਪ੍ਰਚਾਰ, ਇਸ ਦੀਆਂ ਨੀਹਾਂ ਨੂੰ ਮਜ਼ਬੂਤ ਕਰਨ, ਗੁਰੂ ਸਾਹਿਬਾਨ ਵਲੋਂ ਬਾਣੀ ਅਤੇ ਰਹਿਤ-ਮਰਿਆਦਾ ਦੇ ਰੂਪ ਵਿਚ ਦੱਸੇ ਮੂਲ ਵਿਧਾਨ, ਪਰੰਪਰਾਵਾਂ, ਸੇਵਾ ਅਤੇ ਲੰਗਰ ਜਿਹੀਆਂ ਸੰਸਥਾਵਾਂ ਨੂੰ ਵਿਵਸਥਿਤ ਕਰਨ ਲਈ ਕਿਸ ਤਰ੍ਹਾਂ ਨਿੱਗਰ ਯੋਗਦਾਨ ਪਾਇਆ। ਸਮੇਂ ਸਮੇਂ ਗੁਰੂ ਪਰਿਵਾਰਾਂ ਤੋਂ ਬਾਹਰ ਦੀਆਂ ਸਿੱਖ ਬੀਬੀਆਂ ਦਾ ਯੋਗਦਾਨ ਵੀ ਬਹੁਤ ਵਡਮੁੱਲਾ ਰਿਹਾ ਹੈ। ਸਿੱਖ ਬੀਬੀਆਂ ਨੇ ਇਹ ਸਾਬਤ ਕਰਕੇ ਦਿਖਾਇਆ ਹੈ ਕਿ ਜੇ ਗੁਰੂ ਗੋਬਿੰਦ ਸਿੰਘ ਨੇ ਉਨ੍ਹਾਂ ਨੂੰ ਗੁਰੂ ਨਾਨਕ ਦੇ ਦਿੱਤੇ ਬਰਾਬਰੀ ਦੇ ਸਿਧਾਂਤ ਤੇ ਚੱਲਦਿਆਂ ਅੰਮ੍ਰਿਤ ਦੀ ਦਾਤ ਦੇ ਕੇ 'ਕੌਰ' ਦਾ ਖ਼ਿਤਾਬ ਬਖਸ਼ਿਆ ਤਾਂ ਉਨ੍ਹਾਂ ਨੇ ਵੀ ਗੁਰੂ ਅੰਮ੍ਰਿਤ ਦੀ ਸ਼ਕਤੀ ਦਾ ਲੋੜ ਪੈਣ 'ਤੇ ਪੂਰੀ ਤਰ੍ਹਾਂ ਪ੍ਰਗਟਾਵਾ ਕੀਤਾ। ਇਨ੍ਹਾਂ ਬੀਬੀਆਂ ਦਾ ਨਾਂ ਇਤਿਹਾਸ ਵਿਚ ਹਮੇਸ਼ਾ ਚਮਕਦਾ ਰਹੇਗਾ ਅਤੇ ਆਉਣ ਵਾਲੀਆਂ ਪੀੜ੍ਹੀਆਂ ਦਾ ਰਾਹ ਦਰਸਾਵਾ ਰਹੇਗਾ। ਬੇਸ਼ਕ ਸਾਰੀਆਂ ਬੀਬੀਆਂ ਦਾ ਜੀਵਨ-ਵੇਰਵਾ ਇਥੇ ਦੇ ਸਕਣਾ ਸੰਭਵ ਨਹੀਂ ਹੈ ਪਰ ਕੁੱਝ ਇੱਕ ਨਾਂਵਾਂ ਦਾ ਜ਼ਿਕਰ ਮਿਸਾਲ ਦੇ ਤੌਰ 'ਤੇ ਕੀਤਾ ਜਾ ਸਕਦਾ ਹੈ।

**ਬੀਬੀ ਦਲੇਰ ਕੌਰ:** ਜਦੋਂ ਦਸੰਬਰ 1705 ਈਸਵੀ ਵਿਚ ਮੁਗ਼ਲਾਂ ਵਲੋਂ ਕੁਰਾਨ ਦੀਆਂ ਕਸਮਾਂ ਖਾ ਕੇ ਭਰੋਸਾ ਦੇਣ ਅਤੇ ਖ਼ਾਲਸੇ ਦੇ ਕਹਿਣ 'ਤੇ ਦਸਮ ਗੁਰੂ ਗੋਬਿੰਦ ਸਿੰਘ ਨੇ ਪਰਿਵਾਰ ਅਤੇ ਖ਼ਾਲਸੇ ਸਮੇਤ ਅਨੰਦਪੁਰ ਦਾ ਕਿਲਾ ਛੱਡਣ ਦਾ ਫੈਸਲਾ ਕੀਤਾ ਤਾਂ ਉਨ੍ਹਾਂ ਨੇ ਨਾਲ ਹੀ ਇਹ ਵੀ ਫੈਸਲਾ ਕੀਤਾ ਕਿ ਉਹ ਕਿਲਾ ਸੁੰਨਾ ਨਹੀਂ ਛੱਡਣਗੇ। ਇਤਿਹਾਸਕਾਰਾਂ ਅਨੁਸਾਰ ਗੁਰੂ ਸਾਹਿਬ ਨੇ ਬੀਬੀ ਦਲੇਰ ਕੌਰ ਨੂੰ ਥਾਪੜਾ ਦਿੱਤਾ ਕਿ ਉਹ 10 ਸਿੰਘਾਂ ਅਤੇ ਬਾਕੀ ਸਿੰਘਣੀਆਂ ਸਮੇਤ ਕਿਲੇ ਦੀ ਰਾਖੀ ਕਰੇਗੀ। ਬੀਬੀ ਦਲੇਰ ਕੌਰ ਨੇ ਸੱਚੇ ਪਾਤਿਸ਼ਾਹ ਦੇ ਹੁਕਮ ਨੂੰ ਮੰਨਦਿਆਂ ਬੇਨਤੀ ਕੀਤੀ ਕਿ ਗੁਰੂ ਸਾਹਿਬ ਉਸ ਨੂੰ ਅਸ਼ੀਰਵਾਦ ਦੇਣ ਤਾਂ ਕਿ ਉਹ ਆਪਣਾ ਫ਼ਰਜ਼ ਨਿਭਾ ਕੇ ਖ਼ਾਲਸੇ ਲਈ ਇੱਜ਼ਤ ਕਮਾ ਸਕੇ। ਗੁਰੂ ਸਾਹਿਬ ਨੇ ਆਪਣੇ ਤੀਰ ਨਾਲ ਬੀਬੀ ਦਲੇਰ ਕੌਰ ਦੇ ਮੋਢੇ 'ਤੇ ਥਾਪੜਾ ਦਿੱਤਾ। ਗੁਰੂ ਸਾਹਿਬ ਦੇ ਕਿਲਾ ਛੱਡਣ ਤੇ ਮੁਗ਼ਲੀਆ ਫ਼ੌਜ ਅਤੇ ਪਹਾੜੀ ਰਾਜਿਆਂ ਨੇ ਕਸਮਾਂ ਤੋੜਦਿਆਂ ਗੁਰੂ ਸਾਹਿਬ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਬੀਬੀ ਦਲੇਰ ਕੌਰ ਨੇ ਦੇਖਿਆ ਕਿ ਮੁਗ਼ਲਾਂ ਨੇ ਗੁਰੂ ਸਾਹਿਬ ਨਾਲ ਧੋਖਾ ਕੀਤਾ ਹੈ। ਉਸ ਨੇ ਦਸ਼ਮੇਸ਼ ਪਿਤਾ ਦੀਆਂ ਪੁੱਤਰੀਆਂ ਨੂੰ ਜੰਗ ਲਈ ਤਿਆਰ ਕੀਤਾ (ਹਰ ਅੰਮ੍ਰਿਤਧਾਰੀ ਸਿੰਘ ਅਤੇ ਸਿੰਘਣੀ ਦਾ ਪਿਤਾ ਗੁਰੂ ਗੋਬਿੰਦ ਸਿੰਘ ਅਤੇ ਮਾਤਾ ਸਾਹਿਬ ਕੌਰ ਹੈ)।

ਮੁਗ਼ਲ ਫੌਜੀਆਂ ਨੇ ਕਿਲੇ ਨੂੰ ਲੁੱਟਣ ਦੇ ਇਰਾਦੇ ਨਾਲ ਕਿਲੇ 'ਤੇ ਧਾਵਾ ਬੋਲ ਦਿੱਤਾ ਅਤੇ ਜੋ ਕੁੱਝ ਵੀ ਸਾਹਮਣੇ ਆਇਆ, ਉਸ ਨੂੰ ਤਬਾਹ ਕਰਨਾ ਸ਼ੁਰੂ ਕਰ ਦਿੱਤਾ। ਬੀਬੀ ਦਲੇਰ ਕੌਰ ਨੇ ਸਿੰਘਣੀਆਂ ਨੂੰ ਅੰਮ੍ਰਿਤ ਪਾਨ ਕਰਨ ਵੇਲੇ 'ਸਿਰ ਦੇਣ' ਦੇ ਵਾਅਦੇ ਨੂੰ ਯਾਦ ਕਰਾਉਂਦਿਆਂ, ਫੜੇ ਜਾਣ 'ਤੇ ਦੁਸ਼ਮਣ ਹੱਥੋਂ ਜ਼ਲੀਲ ਹੋਣ ਨਾਲੋਂ ਲੜ ਕੇ ਸ਼ਹੀਦੀ ਪ੍ਰਾਪਤ ਕਰਨ ਲਈ ਪ੍ਰੇਰਿਆ। ਆਪਣੀਆਂ ਬੰਦੂਕਾਂ ਸੰਭਾਲਦੇ ਹੋਏ ਮੋਰਚਾ ਮੱਲ ਕੇ 'ਬੋਲੇ ਸੋ ਨਿਹਾਲ' ਦਾ ਜੈਕਾਰਾ ਬੁਲਾ ਦਿੱਤਾ। ਫ਼ੌਜੀਆਂ ਨੇ ਸਮਝਿਆ ਕਿਲਾ ਖਾਲੀ ਹੈ। ਅਚਾਨਕ ਗੋਲੀਆਂ ਦੀ ਹੋਈ ਬੁਛਾੜ ਨਾਲ ਸੈਂਕੜੇ ਸਿਪਾਹੀ ਕਿਲੇ ਦੇ ਬਾਹਰ ਢੇਰ ਹੋ ਗਏ ਅਤੇ ਬਾਕੀ ਦੇ ਭੱਜ ਨਿਕਲੇ। ਵਜ਼ੀਰ ਖਾਨ ਨੇ ਤੋਪਾਂ ਦੇ ਗੋਲਿਆਂ ਨਾਲ ਕਿਲੇ ਦੀ ਦੀਵਾਰ ਤੋੜਨ ਦਾ ਹੁਕਮ ਦਿੱਤਾ ਅਤੇ ਕੁੱਝ ਹਿੱਸਾ ਤੋੜਨ ਵਿਚ ਕਾਮਯਾਬ ਹੋ ਗਿਆ। ਕਿਲੇ ਵਿਚ ਕੋਈ ਨਜ਼ਰ ਨਾ ਆਇਆ ਪਰ ਫਿਰ ਅਚਾਨਕ ਗੋਲੀਆਂ ਦੀ ਵਾਛੜ ਹੋਈ ਅਤੇ ਫ਼ੌਜੀਆਂ ਦੀ ਕਤਾਰ ਢੇਰੀ ਹੋ ਗਈ। ਹੋਰ ਫ਼ੌਜੀ ਆਉਂਦੇ ਗਏ ਅਤੇ ਮਰਦੇ ਰਹੇ। ਜਦੋਂ ਗੋਲੀ ਸਿੱਕਾ ਮੁੱਕ ਗਿਆ ਤਾਂ ਦਲੇਰ ਕੌਰ ਨੇ ਯਾਦ ਕਰਾਇਆ ਕਿ ਸ਼ਹੀਦੀਆਂ ਪਾਉਣ ਦਾ ਸਮਾ ਆ ਗਿਆ ਹੈ। ਸਿੰਘਣੀਆਂ ਨੇ ਮੋਰਚੇ ਮੱਲ ਲਏ। ਫ਼ੌਜੀਆਂ ਨੇ ਅੱਗੇ ਵਧਣ ਲਈ ਮਲਬੇ ਦੇ ਢੇਰ 'ਤੇ ਚੜ੍ਹਨਾ ਸ਼ੁਰੂ ਕਰ ਦਿੱਤਾ। ਅੱਗੇ ਸੌ ਸਿੰਘਣੀਆਂ ਅਤੇ ਦਸ ਕੁ ਸਿੰਘਾਂ ਨੂੰ ਜੰਗ ਲਈ ਤਿਆਰ ਦੇਖ ਕੇ ਫ਼ੌਜੀ ਠਿਠਕ ਗਏ। ਉਨ੍ਹਾਂ ਨੇ ਪਹਿਲਾਂ ਕਦੀ ਔਰਤਾਂ ਨੂੰ ਮੈਦਾਨੇ-ਜੰਗ ਵਿਚ ਲੜਦੇ ਨਹੀਂ ਸੀ ਦੇਖਿਆ। ਮੁਗ਼ਲ ਫਿਰ ਪਿੱਛੇ ਹਟ ਗਏ ਅਤੇ ਜ਼ਬਰਦਸਤ ਖਾਨ ਨੇ ਫਿਰ ਤੋਪਾਂ ਦੇ ਗੋਲੇ ਵਰਸਾਉਣ ਦਾ ਹੁਕਮ ਦਿੱਤਾ ਜਿਸ ਨਾਲ ਦੀਵਾਰ ਹੋਰ ਟੁੱਟ ਗਈ। ਕਿਲੇ ਦਾ ਵਿਹੜਾ ਚੰਗੀ ਤਰ੍ਹਾਂ ਨਜ਼ਰ ਆਉਂਦਾ ਸੀ ਪਰ ਉਥੇ ਕੋਈ ਖ਼ਾਲਸਾ ਨਜ਼ਰ ਨਹੀਂ ਸੀ ਆਉਂਦਾ। ਫ਼ੌਜ ਨੇ ਸਾਰਾ ਕਿਲਾ ਛਾਣ ਮਾਰਿਆ ਪਰ ਉਨ੍ਹਾਂ ਨੂੰ ਕੋਈ ਵੀ ਨਹੀਂ ਮਿਲਿਆ। ਜਦੋਂ ਸਮਾਨ ਲੁੱਟਣ ਦੇ ਇਰਾਦੇ ਨਾਲ ਮਲਬਾ ਫੋਲਿਆ ਤਾਂ ਸ਼ਹੀਦ ਸਿੰਘਣੀਆਂ ਅਤੇ ਸਿੰਘਾਂ ਦੇ ਸਰੀਰ ਮਲਬੇ ਹੇਠ ਦੱਬੇ ਹੋਏ ਨਿਕਲੇ, ਜਿਨ੍ਹਾਂ ਦੇ ਚਿਹਰੇ ਸ਼ਹਾਦਤ ਦੇ ਚਾਅ ਨਾਲ ਚਮਕਾਂ ਮਾਰ ਰਹੇ ਸੀ। (ਸੋਮਾ: ਗੇਟ ਵੇ ਟੂ ਸਿਖਇਜ਼ਮ, ਹਰਜੀਤ ਸਿੰਘ ਲਖਣ)।

**ਬੀਬੀ ਦੀਪ ਕੌਰ:** ਬੀਬੀ ਦੀਪ ਕੌਰ ਦਾ ਨਾਂ ਬਹੁਤ ਜਾਣਿਆ-ਪਛਾਣਿਆ ਹੈ। ਬੀਬੀ ਦੀਪ ਕੌਰ ਦਾ ਘਰ ਅਨੰਦਪੁਰ ਸਾਹਿਬ ਨੂੰ ਜਾਣ ਵਾਲੀ ਸੜਕ ਤੋਂ ਤਿੰਨ ਮੀਲ ਦੀ ਵਿੱਥ 'ਤੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਤਾਲਬਾਂ ਵਿਚ ਸੀ। ਅਨੰਦਪੁਰ ਸਾਹਿਬ ਵਿਚ ਧਰਮ ਯੁੱਧ ਛਿੜ ਜਾਣ 'ਤੇ ਮਾਝੇ ਦੇ ਪਿੰਡਾਂ ਵਿਚੋਂ ਸਿੰਘਾਂ ਨੇ ਜਥੇ ਬਣਾ ਕੇ ਯੁੱਧ ਵਿਚ ਸ਼ਾਮਲ ਹੋਣ ਲਈ ਪਿੰਡਾਂ ਤੋਂ ਕੂਚ ਕਰਨਾ ਸ਼ੁਰੂ ਕਰ ਦਿੱਤਾ ਅਤੇ ਇਨ੍ਹਾਂ ਨੂੰ ਸ਼ਾਮਲ ਹੋਣ ਤੋਂ ਰੋਕਣ ਲਈ ਤੁਰਕ ਫ਼ੌਜ ਦੀ ਟੁਕੜੀ ਇਲਾਕੇ ਵਿਚ ਗਸ਼ਤ ਕਰ ਰਹੀ ਸੀ। ਹਕੂਮਤ ਹਰ ਤਰ੍ਹਾਂ ਨਾਲ ਲੋਕਾਂ ਨੂੰ ਡਰਾਉਣ ਦੀ ਕੋਸ਼ਿਸ਼ ਕਰ ਰਹੀ ਸੀ ਤਾਂ ਕਿ ਉਹ ਅਨੰਦਪੁਰ ਜਾ ਕੇ ਯੁੱਧ ਵਿਚ ਹਿੱਸਾ ਨਾ ਲੈ ਸਕਣ।

ਬੀਬੀ ਦੀਪ ਕੌਰ ਜਥੇ ਦੇ ਦਰਸ਼ਨ ਕਰਨ ਅਤੇ ਸੇਵਾ ਕਰਨ ਲਈ ਉਤਸੁਕ ਸੀ। ਇਸ ਲਈ ਉਹ ਸੜਕ ਤੋਂ ਲਾਂਭੇ ਹੋ ਕੇ ਖੜੀ ਹੋ ਗਈ ਅਤੇ ਜਥੇ ਦੀ ਉਡੀਕ ਕਰਨ ਲੱਗੀ। ਬੀਬੀ ਨੂੰ ਦੂਰੋਂ ਧੂੜ ਉਡਦੀ ਦਿਖਾਈ ਦਿੱਤੀ ਅਤੇ ਉਹ ਇਸ ਨੂੰ ਸਿੰਘਾਂ ਦਾ ਜਥਾ ਸਮਝ ਕੇ ਸੜਕ 'ਤੇ ਆ ਗਈ ਪਰ ਇਹ ਤੁਰਕ ਫ਼ੌਜ ਦੀ ਗਸ਼ਤ ਕਰ ਰਹੀ ਟੁਕੜੀ ਸੀ। ਉਨ੍ਹਾਂ ਨੇ ਬੀਬੀ ਨੂੰ ਦੇਖ ਲਿਆ ਅਤੇ ਪੁੱਛ-ਗਿੱਛ ਸ਼ੁਰੂ ਕਰ ਦਿੱਤੀ। ਇਹ ਪਤਾ ਲੱਗਣ 'ਤੇ ਕਿ ਉਹ ਸਿੱਖ ਹੈ, ਕਮਾਂਡਰ ਨੇ ਬੀਬੀ ਨੂੰ ਲਾਲਚ ਦੇ ਕੇ ਆਪਣੇ ਭਰਮ-ਜਾਲ ਵਿਚ ਫਸਾਉਣਾ ਚਾਹਿਆ। ਬੀਬੀ ਦੀਪ ਕੌਰ ਦੇ ਨਾ ਝੁਕਣ 'ਤੇ ਟੁਕੜੀ ਦੇ ਕਮਾਂਡਰ ਨੇ ਬੀਬੀ ਵੱਲ ਵੱਧਣਾ ਸ਼ੁਰੂ ਕਰ ਦਿੱਤਾ। ਬੀਬੀ ਨੇ ਸ਼ੇਰਨੀ ਦੀ ਤਰ੍ਹਾਂ ਪਿੱਛੇ ਹਟ ਕੇ ਆਪਣੀ ਕਿਰਪਾਨ ਮਿਆਨ ਵਿਚੋਂ ਧੂਹੀ ਅਤੇ ਅੱਖ ਦੇ ਪਲਕਾਰੇ ਵਿਚ ਕਮਾਂਡਰ ਦੇ ਪੇਟ ਵਿਚ ਖੋਭ ਦਿੱਤੀ। ਕਮਾਂਡਰ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ ਅਤੇ ਆਪਣੇ ਕਮਾਂਡਰ ਨੂੰ ਮਰਦਾ ਦੇਖ ਕੇ ਸਿਪਾਹੀ ਗੁੱਸੇ ਨਾਲ ਬੀਬੀ ਵੱਲ ਵਧੇ। ਬੀਬੀ ਘਬਰਾਈ ਨਹੀਂ ਅਤੇ ਇੱਕ ਸ਼ੇਰਨੀ ਦੀ ਤਰ੍ਹਾਂ ਉਨ੍ਹਾਂ ਦਾ ਮੁਕਾਬਲਾ ਕੀਤਾ। ਦੋ ਨੂੰ ਥਾਂਏਂ ਮਾਰ ਮੁਕਾਇਆ ਅਤੇ ਬਾਕੀਆਂ ਨੂੰ ਜ਼ਖ਼ਮੀ ਕਰ ਦਿੱਤਾ। ਏਨੇ ਨੂੰ ਸਿੰਘਾਂ ਦਾ ਜਥਾ ਵੀ ਘੋੜਿਆਂ 'ਤੇ ਸਵਾਰ ਧੂੜ ਉਡਾਉਂਦਾ ਨੇੜੇ ਆ ਗਿਆ ਜਿਸ ਨੂੰ ਦੇਖ ਕੇ ਤੁਰਕ ਆਪਣੇ ਕਮਾਂਡਰ ਅਤੇ ਸਾਥੀ ਸਿਪਾਹੀਆਂ ਦੀਆਂ ਲਾਸ਼ਾਂ ਥਾਂ 'ਤੇ ਹੀ ਛੱਡ ਕੇ ਭੱਜ ਨਿਕਲੇ। ਜਥੇ ਨੇ ਜ਼ਖ਼ਮੀ ਬੀਬੀ ਨੂੰ ਸੰਭਾਲਿਆ ਅਤੇ ਉਸ ਦੀ ਮਰਮ੍ਹ-ਪੱਟੀ ਕੀਤੀ।

**ਬੀਬੀ ਹਰਸ਼ਰਨ ਕੌਰ:** ਸਿੱਖ ਬੀਬੀਆਂ ਨੇ ਹਰ ਮੁਸ਼ਕਿਲ ਘੜੀ ਵਿਚ ਆਪਣੇ ਫ਼ਰਜ਼ਾਂ ਨੂੰ ਬਖ਼ੂਬੀ ਨਿਭਾਇਆ ਹੈ। ਆਪਣੇ ਅਧਿਆਤਮਕ ਕਾਰਜਾਂ ਦੇ ਰਸਤੇ ਵਿਚ ਆਉਣ ਵਾਲੀ ਕਿਸੇ ਵੀ ਔਕੜ ਅਤੇ ਮੁਸੀਬਤ ਨੂੰ ਉਨ੍ਹਾਂ ਨੇ ਆਪਣੀ ਮੰਜ਼ਿਲ ਦਾ ਅੜਿੱਕਾ ਨਹੀਂ ਬਣਨ ਦਿੱਤਾ। ਬੀਬੀ ਹਰਸ਼ਰਨ ਕੌਰ ਅਜਿਹੀ ਹੀ ਨਿਡਰ ਅਤੇ ਬਹਾਦਰ ਸਿੰਘਣੀ ਸੀ ਜਿਸ ਨੇ ਅਣਗਿਣਤ ਮੁਗ਼ਲ ਫ਼ੌਜਾਂ ਅਤੇ ਆਉਣ ਵਾਲੀਆਂ ਮੁਸੀਬਤਾਂ ਦੀ ਪਰਵਾਹ ਨਾ ਕਰਦਿਆਂ ਆਪਣਾ ਫ਼ਰਜ਼ ਪੂਰਾ ਕੀਤਾ। ਅਨੰਦਪੁਰ ਦਾ ਕਿਲਾ ਛੱਡਣ ਤੋਂ ਬਾਅਦ ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਦੋ ਵੱਡੇ ਸਾਹਿਬਜ਼ਾਦਿਆਂ, ਪੰਜ ਪਿਆਰਿਆਂ ਅਤੇ ਗਿਣਤੀ ਦੇ ਕੁੱਝ ਸਿੰਘਾਂ ਸਮੇਤ ਸਰਸਾ ਪਾਰ ਕਰਕੇ ਚਮਕੌਰ ਪਹੁੰਚੇ ਅਤੇ ਰਾਤ ਨੂੰ ਕੱਚੀ ਗੜ੍ਹੀ ਵਿਚ ਡੇਰਾ ਕੀਤਾ। ਮੁਗ਼ਲ ਫੌਜ ਵੀ ਪਿੱਛਾ ਕਰਦੀ ਆ ਰਹੀ ਸੀ। ਮੁਗ਼ਲ ਫੌਜ ਨਾਲ ਸਾਰਾ ਦਿਨ ਘਮਸਾਣ ਦਾ ਯੁੱਧ ਹੋਇਆ ਜਿਸ ਵਿਚ ਵੱਡੇ ਸਾਹਿਬਜ਼ਾਦੇ ਅਤੇ ਸਿੰਘ ਸ਼ਹੀਦ ਹੋ ਗਏ।

ਗੁਰੂ ਗੋਬਿੰਦ ਸਿੰਘ ਨੇ ਵੀ ਗੜ੍ਹੀ ਵਿਚੋਂ ਯੁੱਧ ਵਿਚ ਹਿੱਸਾ ਲਿਆ। ਬਚਦੇ ਪੰਜ ਸਿੰਘਾਂ ਨੇ ਰਾਤ ਸਮੇਂ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਖ਼ਾਲਸਾ ਪੰਥ ਦੀ ਖ਼ਾਤਰ ਉਹ ਰਾਤ ਦੇ ਹਨੇਰੇ ਵਿਚ ਗੜ੍ਹੀ ਛੱਡ ਕੇ ਚਲੇ ਜਾਣ। ਨਾ ਮੰਨਣ 'ਤੇ ਉਨ੍ਹਾਂ ਨੇ ਖਾਲਸੇ ਦੇ ਤੌਰ 'ਤੇ ਹੁਕਮ ਕੀਤਾ ਅਤੇ ਗੁਰੂ ਗੋਬਿੰਦ ਸਿੰਘ ਮਾਛੀਵਾੜੇ ਦੇ ਜੰਗਲ ਵੱਲ ਨਿਕਲ ਗਏ ਜਿਥੇ ਉਨ੍ਹਾਂ ਨੂੰ ਪਿੱਛੇ ਆ ਰਹੇ ਤਿੰਨ ਸਿੰਘਾਂ ਨੇ ਮਿਲਣਾ ਸੀ। ਦੋ ਸਿੰਘ ਪਿੱਛੇ ਗੜ੍ਹੀ ਵਿਚ ਮੁਗ਼ਲਾਂ ਦਾ ਮੁਕਾਬਲਾ ਕਰਨ ਲਈ ਠਹਿਰ ਗਏ। ਰਸਤੇ ਵਿਚ ਗੁਰੂ ਸਾਹਿਬ ਬੀਬੀ ਹਰਸ਼ਰਨ ਕੌਰ ਦੇ ਪਿੰਡ ਪਹੁੰਚੇ, ਜਿਸ ਨੇ ਉਨ੍ਹਾਂ ਨੂੰ ਪਛਾਣ ਲਿਆ। ਬੀਬੀ ਨੇ ਸਾਹਿਬਜ਼ਾਦਿਆਂ ਨੂੰ ਬਚਪਨ ਵਿਚ ਖਿਡਾਇਆ ਸੀ। ਉਸ ਨੇ ਜਦੋਂ ਉਨ੍ਹਾਂ ਬਾਰੇ ਪੁੱਛਿਆ ਤਾਂ ਗੁਰੂ ਸਾਹਿਬ ਨੇ ਚਮਕੌਰ ਦੇ ਯੁੱਧ ਵਿਚ ਪਾਈਆਂ ਸ਼ਹੀਦੀਆਂ ਬਾਰੇ ਦੱਸਿਆ।



*ਮਾਈ ਭਾਗੋ*

ਬੀਬੀ ਹਰਸ਼ਰਨ ਕੌਰ ਰਾਤ ਦੇ ਹਨੇਰੇ ਵਿਚ ਪੋਲੇ ਪੈਰੀਂ ਯੁੱਧ ਦੇ ਮੈਦਾਨ ਵਿਚ ਪਹੁੰਚੀ। ਮੁਗ਼ਲ ਫ਼ੌਜ ਯੁੱਧ ਤੋਂ ਥੱਕ ਹਾਰ ਕੇ ਤੰਬੂਆਂ ਵਿਚ ਸੌਂ ਰਹੀ ਸੀ। ਬੀਬੀ ਨੇ ਪਛਾਣ ਕੇ ਸਾਹਿਬਜ਼ਾਦਿਆਂ ਅਤੇ ਸ਼ਹੀਦ ਸਿੰਘਾਂ ਦੇ ਸਰੀਰ ਇਕੱਠੇ ਕੀਤੇ। ਆਸ-ਪਾਸ ਤੋਂ ਜਿੰਨੀਆਂ ਵੀ ਲੱਕੜਾਂ ਇਕੱਠੀਆਂ ਕਰ ਸਕੀ ਕਰਕੇ ਇੱਕ ਥਾਂ ਢੇਰ ਲਾ ਲਿਆ। ਲੱਕੜਾਂ ਦੇ ਢੇਰ 'ਤੇ ਸ਼ਹੀਦਾਂ ਦੇ ਸਰੀਰ ਚਿਣ ਕੇ ਅੱਗ ਲਾ ਦਿੱਤੀ। ਅੱਗ ਦੇ ਮੱਚਦੇ ਭਾਂਬੜ ਦੇਖ ਕੇ ਮੁਗ਼ਲ ਫ਼ੌਜੀ ਹੈਰਾਨੀ ਵਿਚ ਉਠ ਖੜ੍ਹੇ ਹੋਏ। ਆਪਣੇ ਹਾਕਮਾਂ ਤੋਂ ਵੱਡੇ ਇਨਾਮ ਲੈਣ ਅਤੇ ਰੁਤਬੇ ਪ੍ਰਾਪਤ ਕਰਨ ਦੇ ਉਨ੍ਹਾਂ ਦੇ ਸੁਪਨੇ ਚਕਨਾਚੂਰ ਹੋ ਗਏ ਕਿਉਂਕਿ ਹਾਕਮਾਂ ਨੂੰ ਦਿਖਾਉਣ ਲਈ ਉਨ੍ਹਾਂ ਕੋਲ ਕੁੱਝ ਵੀ ਨਹੀਂ ਬਚਿਆ ਸੀ। ਅੱਗ ਦੀਆਂ ਲਾਟਾਂ ਦੇ ਚਾਨਣ ਵਿਚ ਉਨ੍ਹਾਂ ਨੇ ਦੇਖਿਆ ਕਿ ਬਲ ਰਹੀ ਅੱਗ ਦੇ ਨੇੜੇ ਇੱਕ ਇਸਤਰੀ ਹੱਥ ਵਿਚ ਬਰਛਾ ਲਈ ਖੜੀ ਸੀ ਜਿਸ ਨੂੰ ਦੇਖ ਕੇ ਉਹ ਹੈਰਾਨ ਰਹਿ ਗਏ।

ਮੁਗ਼ਲ ਉਸ ਕੋਲ ਪਹੁੰਚੇ ਅਤੇ ਪੁੱਛਿਆ ਕਿ ਉਹ ਕੌਣ ਸੀ ਅਤੇ ਕਿੱਥੋਂ ਆਈ ਸੀ? ਪਰ ਬੀਬੀ ਚੁੱਪ ਰਹੀ ਕਿਉਂਕਿ ਉਸ ਨੇ ਝੂਠ ਨਹੀਂ ਸੀ ਬੋਲਣਾ। ਉਸ ਦੀ ਚੁੱਪ ਕਾਰਨ ਉਹ ਉਸ ਦਾ ਭੇਤ ਖੋਲ੍ਹਣ ਵਿਚ ਕਾਮਯਾਬ ਨਹੀਂ ਹੋ ਸਕੇ। ਉਨ੍ਹਾਂ ਨੂੰ ਉਸ ਦੀ ਚੁੱਪ ਤੇ ਏਨਾ ਕ੍ਰੋਧ ਆ ਗਿਆ ਕਿ ਉਨ੍ਹਾਂ ਨੇ ਬਰਛੇ ਸਮੇਤ ਬੀਬੀ ਨੂੰ ਚੁੱਕ ਕੇ ਬਲਦੀ ਅੱਗ ਵਿਚ ਸੁੱਟ ਦਿੱਤਾ। ਇਸ ਤਰ੍ਹਾਂ ਬੀਬੀ ਹਰਸ਼ਰਨ ਕੌਰ ਨੇ 23 ਦਸੰਬਰ 1704 ਨੂੰ ਸ਼ਹੀਦੀ ਪ੍ਰਾਪਤ ਕਰ ਲਈ। ਭਾਈ ਵੀਰ ਸਿੰਘ ਨੇ 'ਕਲਗੀਧਰ ਚਮਤਕਾਰ' ਦੇ ਪੰਜਵੇਂ ਪਾਠ ਵਿਚ ਬੀਬੀ ਦਾ ਨਾਮ ਸ਼ਰਨ ਕੌਰ ਲਿਖਿਆ ਹੈ। ਬੀਬੀ ਹਰਸ਼ਰਨ ਕੌਰ ਨੇ ਸਾਹਿਬਜ਼ਾਦਿਆਂ ਅਤੇ ਸ਼ਹੀਦ ਹੋਏ ਸਿੰਘਾਂ ਦਾ ਅੰਤਮ ਸਸਕਾਰ ਕਰਕੇ ਇੱਕ ਬਹਾਦਰੀ ਭਰਿਆ ਕਾਰਨਾਮਾ ਕਰ ਦਿਖਾਇਆ ਜੋ ਸ਼ਾਇਦ ਮੁਗ਼ਲ ਫੌਜਾਂ ਦੇ ਹੁੰਦਿਆਂ ਕੋਈ ਪੁਰਸ਼ ਵੀ ਕਰਨ ਦਾ ਹੌਸਲਾ ਨਾ ਕਰ ਸਕਦਾ। ਇਹ ਹੀ 'ਚਿੜੀਆਂ ਕੋਲੋਂ ਬਾਜ਼ ਤੁੜਾਉਣ' ਦੀ ਕਰਾਮਾਤ ਸੀ ਜੋ ਦਸਮ ਗੁਰੂ ਦੇ ਅੰਮ੍ਰਿਤ ਨੇ ਕਰ ਦਿਖਾਈ।

**ਮਾਈ ਭਾਗੋ:** ਮਾਈ ਭਾਗੋ ਦਾ ਨਾਮ ਸਿੱਖ ਇਤਿਹਾਸ ਵਿਚ ਕੌਣ ਨਹੀਂ ਜਾਣਦਾ? ਮਾਈ ਭਾਗੋ ਭਾਈ ਪਾਰੇ ਸ਼ਾਹ ਦੇ ਖਾਨਦਾਨ ਵਿਚੋਂ ਸੀ। ਭਾਈ ਪਾਰੇ ਸ਼ਾਹ ਦੇ ਪੁੱਤਰ ਭਾਈ ਮੱਲੋ ਦੀ ਮਾਈ ਭਾਗੋ ਪੁੱਤਰੀ ਸੀ ਜਿਸ ਦਾ ਜਨਮ ਆਪਣੇ ਜੱਦੀ ਪਿੰਡ ਝਬਾਲ, ਜ਼ਿਲ੍ਹਾ ਅੰਮ੍ਰਿਤਸਰ ਵਿਚ ਹੋਇਆ। ਭਾਈ ਲੰਗਾਹ ਢਿੱਲੋਂ ਜੱਟ ਸੀ ਜੋ ਗੁਰੂ ਅਰਜਨ ਦੇਵ ਦੇ ਵੇਲੇ ਸਿੱਖ ਸੱਜ ਗਿਆ ਸੀ। ਉਸ ਨੇ ਗੁਰੂ ਅਰਜਨ ਦੇਵ ਜੀ ਦੇ ਨਾਲ ਹਰਮੰਦਰ ਸਾਹਿਬ ਦੀ ਉਸਾਰੀ ਵਿਚ ਹਿੱਸਾ ਪਾਇਆ ਅਤੇ ਜਦੋਂ ਗੁਰੂ ਅਰਜਨ ਦੇਵ ਜੀ ਸ਼ਹੀਦੀ ਪਾਉਣ ਲਾਹੌਰ ਗਏ ਤਾਂ ਭਾਈ ਲੰਗਾਹ ਵੀ ਉਨ੍ਹਾਂ ਪੰਜ ਸਿੱਖਾਂ ਵਿਚ ਸ਼ਾਮਲ ਸੀ ਜਿਹੜੇ ਗੁਰੂ ਅਰਜਨ ਦੇਵ ਜੀ ਨਾਲ ਲਾਹੌਰ ਗਏ।

ਮਾਈ ਭਾਗੋ ਦਾ ਬਚਪਨ ਦਾ ਨਾਮ ਭਾਗਭਰੀ ਸੀ ਅਰਥਾਤ ਕਿਸਮਤ ਵਾਲੀ ਅਤੇ ਅੰਮ੍ਰਿਤ ਛੱਕਣ ਤੋਂ ਬਾਅਦ ਨਾਂ ਭਾਗ ਕੌਰ ਰੱਖਿਆ ਗਿਆ। ਸਿੱਖ ਇਤਿਹਾਸ ਵਿਚ ਉਸ ਨੂੰ ਮਾਈ ਭਾਗੋ ਵਜੋਂ ਯਾਦ ਕੀਤਾ ਜਾਂਦਾ ਹੈ। ਉਸ ਦਾ ਵਿਆਹ ਪੱਟੀ ਦੇ ਨਿਧਾਨ ਸਿੰਘ ਵੜੈਚ ਨਾਲ ਹੋਇਆ ਜੋ ਜਨਮ ਅਤੇ ਪਾਲਣਾ ਕਰਕੇ ਪੂਰਨ ਗੁਰਸਿੱਖ ਸੀ। ਅਨੰਦਪੁਰ ਦਾ ਕਿਲਾ ਖਾਲੀ ਕਰਾਉਣ ਲਈ ਮੁਗ਼ਲਾਂ ਨੇ ਐਲਾਨ ਕੀਤਾ ਸੀ ਕਿ ਜੋ ਕੋਈ ਆਪਣੇ ਆਪ ਨੂੰ ਗੁਰੂ ਦਾ ਸਿੱਖ ਨਾ ਮੰਨ ਕੇ ਗੁਰੂ ਨੂੰ ਛੱਡ ਦੇਵੇਗਾ, ਉਸ ਨੂੰ ਕੁੱਝ ਨਹੀਂ ਕਿਹਾ ਜਾਵੇਗਾ। ਮਹਾਂ ਸਿੰਘ ਦੀ ਅਗਵਾਈ ਹੇਠ ਚਾਲੀ ਸਿੰਘ ਗੁਰੂ ਗੋਬਿੰਦ ਸਿੰਘ ਕੋਲ ਇਹ ਕਹਿਣ ਗਏ ਕਿ ਉਹ ਗੁਰੂ ਦੇ ਸਿੱਖ ਨਹੀਂ ਹਨ। ਗੁਰੂ ਸਾਹਿਬ ਨੇ ਕਿਹਾ ਕਿ 'ਉਹ ਲਿਖ ਕੇ ਦੇ ਦੇਣ ਕਿ ਅੱਜ ਤੋਂ ਉਹ ਗੁਰੂ ਦੇ ਸਿੱਖ ਨਹੀਂ ਹਨ ਅਤੇ ਉਸ ਤੇ ਆਪਣੀ ਸਹੀ ਪਾ ਦੇਣ।' ਇਸ ਤਰ੍ਹਾਂ ਚਾਲੀ ਸਿੱਖਾਂ ਨੇ 'ਬੇਦਾਵਾ' ਲਿਖ ਕੇ ਦੇ ਦਿੱਤਾ ਅਤੇ ਅਨੰਦਪੁਰ ਛੱਡ ਕੇ ਤੁਰ ਪਏ।

ਜਦੋਂ ਮਾਈ ਭਾਗੋ ਨੂੰ ਪਤਾ ਲੱਗਾ ਕੇ ਸਿੰਘ ਔਕੜ ਸਮੇਂ ਗੁਰੂ ਨੂੰ ਛੱਡ ਆਏ ਹਨ ਤਾਂ ਉਸ ਨੂੰ ਬਹੁਤ ਅਫਸੋਸ ਲੱਗਾ। ਉਸ ਨੇ ਉਨ੍ਹਾਂ ਨੂੰ ਮਿਹਣੇ ਮਾਰੇ ਜਿਸ ਤੋਂ ਉਹ ਸ਼ਰਮਿੰਦਾ ਹੋ ਗਏ ਅਤੇ ਮਾਈ ਭਾਗੋ ਦੀ ਅਗਵਾਈ ਹੇਠ ਗੁਰੂ ਸਾਹਿਬ ਨੂੰ ਮਿਲਣ ਲਈ ਚੱਲ ਪਏ। ਉਦੋਂ ਤੱਕ ਅਨੰਦਪੁਰ ਦਾ ਕਿਲਾ ਖਾਲੀ ਕਰ ਦਿੱਤਾ ਗਿਆ ਸੀ। ਮੁਗ਼ਲ ਫੌਜ ਗੁਰੂ ਸਾਹਿਬ ਦਾ ਪਿੱਛਾ ਕਰਦੀ ਆ ਰਹੀ ਸੀ। ਮਾਲਵੇ ਵਿਚ ਮਾਈ ਭਾਗੋ ਚਾਲੀ ਸਿੰਘਾਂ ਸਮੇਤ ਖਿਦਰਾਣੇ ਦੀ ਢਾਬ 'ਤੇ (ਮੁਕਤਸਰ) ਗੁਰੂ ਸਾਹਿਬ ਨੂੰ ਆ ਮਿਲੀ। ਇਥੇ ਮੁਗ਼ਲਾਂ ਨਾਲ ਲੜਾਈ ਵਿਚ ਸਿੰਘ ਸ਼ਹੀਦ ਹੋ ਗਏ ਅਤੇ ਮਹਾਂ ਸਿੰਘ ਵੀ ਗੰਭੀਰ ਰੂਪ ਵਿਚ ਜ਼ਖਮੀ ਹੋ ਗਿਆ। ਗੁਰੂ ਸਾਹਿਬ ਜ਼ਖਮੀ ਮਹਾਂ ਸਿੰਘ ਕੋਲ ਆਏ, ਉਸ ਦਾ ਸਿਰ ਆਪਣੀ ਗੋਦ ਵਿਚ ਰੱਖ ਕੇ ਉਸ ਦੀ ਆਖ਼ਰੀ ਇੱਛਾ ਪੁੱਛੀ ਤਾਂ ਮਹਾਂ ਸਿੰਘ ਨੇ 'ਬੇਦਾਵਾ' ਪਾੜ ਦੇਣ ਦੀ ਬੇਨਤੀ ਕੀਤੀ। ਗੁਰੂ ਨੇ ਬੇਦਾਵਾ ਪਾੜ ਦਿੱਤਾ ਅਤੇ ਚਾਲੀ ਸਿੰਘਾਂ ਨੂੰ ਮੁਕਤਿਆਂ ਦਾ ਖਿਤਾਬ ਬਖਸ਼ਿਸ਼ ਕੀਤਾ। ਮਾਈ ਭਾਗੋ ਜ਼ਖਮੀ ਹੋ ਗਈ ਸੀ ਅਤੇ ਗੁਰੂ ਸਾਹਿਬ ਦੀ ਦੇਖ ਰੇਖ ਵਿਚ ਆ ਗਈ। ਉਹ ਗੁਰੂ ਮਹਾਰਾਜ ਦੀ ਅੰਗ-ਰੱਖਿਅਕ ਬਣ ਗਈ ਅਤੇ ਨਾਂਦੇੜ ਵੀ ਗੁਰੂ ਸਾਹਿਬ ਦੇ ਨਾਲ ਗਈ। 1708 ਈ. ਵਿਚ ਗੁਰੂ ਸਾਹਿਬ ਦੇ ਜੋਤੀ ਜੋਤਿ ਸਮਾ ਜਾਣ 'ਤੇ ਉਹ ਹੋਰ ਵੀ ਦੱਖਣ ਵਿਚ ਚਲੀ ਗਈ ਅਤੇ ਭਗਤੀ ਕਰਨ ਲੱਗੀ। ਕਰਨਾਟਕ ਵਿਚ ਬਿਦਰ ਤੋਂ 11 ਮੀਲ ਦੂਰ ਜਿਨਵਾਰਾ ਦੇ ਸਥਾਨ 'ਤੇ ਮਾਈ ਭਾਗੋ ਦੀ ਝੌਂਪੜੀ ਵਾਲੀ ਥਾਂ ਉਸ ਦੀ ਯਾਦ ਵਿਚ 'ਗੁਰਦੁਆਰਾ ਤਪ ਅਸਥਾਨ ਮਾਈ ਭਾਗੋ' ਬਣਿਆ ਹੋਇਆ ਹੈ।

ਜੇ ਮਾਈ ਭਾਗੋ 40 ਸਿੰਘਾਂ ਨੂੰ ਮੋੜ ਕੇ ਗੁਰੂ ਸਾਹਿਬ ਦੀ ਸ਼ਰਨ ਵਿਚ ਨਾ ਲਿਆਉਂਦੀ ਤਾਂ ਉਨ੍ਹਾਂ ਦਾ ਨਾਂ ਸਦਾ ਲਈ ਅਮਰ ਹੋ ਕੇ ਸਿੱਖ ਅਰਦਾਸ ਵਿਚ '40 ਮੁਕਤਿਆਂ' ਵਜੋਂ ਨਹੀਂ ਸੀ ਲਿਆ ਜਾਣਾ ਬਲਕਿ ਉਨ੍ਹਾਂ ਨੂੰ ਗੁਰੂ ਨੂੰ ਪਿੱਠ ਦਿਖਾਉਣ ਵਾਲੇ ਗੱਦਾਰ ਮੰਨਿਆ ਜਾਣਾ ਸੀ। ਮਾਈ ਭਾਗੋ ਨੇ ਇਤਿਹਾਸ ਨੂੰ ਨਵਾਂ ਮੋੜ ਦਿੱਤਾ।

## ਗੁਰਬਾਣੀ ਗਿਆਨ

# ਮੰਞੁ ਕੁਚਜੀ ਅੰਮਾਵਣਿ ਡੋਸੜੇ

ਰਾਗ ਸੂਹੀ ਮਹਲਾ ੧ ਕੁਚਜੀ
ਮੰਞੁ ਕੁਚਜੀ ਅੰਮਾਵਣਿ ਡੋਸੜੇ
ਹਉ ਕਿਉ ਸਹੁ ਰਾਵਣਿ ਜਾਉ ਜੀਉ॥
ਇਕ ਦੂ ਇਕਿ ਚੜੰਦੀਆ
ਕਉਣੁ ਜਾਣੈ ਮੇਰਾ ਨਾਉ ਜੀਉ॥
ਜਿਨੀ ਸਖੀ ਸਹੁ ਰਾਵਿਆ
ਸੇ ਅੰਬੀ ਛਾਵੜੀਏਹਿ ਜੀਉ॥
ਸੇ ਗੁਣ ਮੰਞੁ ਨ ਆਵਨੀ
ਹਉ ਕੈ ਜੀ ਦੋਸ ਧਰੇਉ ਜੀਉ॥
ਕਿਆ ਗੁਣ ਤੇਰੇ ਵਿਥਰਾ ਹਉ
ਕਿਆ ਕਿਆ ਘਿਨਾ ਤੇਰਾ ਨਾਉ ਜੀਉ॥
ਇਕਤੁ ਟੋਲਿ ਨ ਅੰਬੜਾ ਹਉ ਸਦ
ਕੁਰਬਾਣੈ ਤੇਰੇ ਜਾਉ ਜੀਉ॥
ਸੁਇਨਾ ਰੁਪਾ ਰੰਗੁਲਾ
ਮੋਤੀ ਤੈ ਮਾਣਿਕੁ ਜੀਉ॥
ਸੇ ਵਸਤੂ ਸਹਿ ਦਿਤੀਆ
ਮੈ ਤਿਨ ਸਿਉ ਲਾਇਆ ਚਿਤੁ ਜੀਉ॥

ਪ੍ਰਥਮ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਦੇ ਇਸ ਪਾਵਨ ਸ਼ਬਦ ਦਾ ਸਿਰਲੇਖ ਹੈ, ਕੁਚੱਜੀ ਜੋ ਸਾਡੇ ਲਈ ਅਤਿ ਸਿੱਖਿਆਦਾਇਕ ਹੈ। ਮੰਞੁ ਕੁਚਜੀ, ਭਾਵ ਮੈਂ ਕੁਚੱਜੀ ਹਾਂ ਤੇ ਮੈਨੂੰ ਜ਼ਿੰਦਗੀ ਜਿਉਣ ਦਾ ਕੋਈ ਵੀ ਚੱਜ ਅਚਾਰ ਨਹੀਂ ਆਉਂਦਾ। ਅੰਮਾਵਣ ਡੋਸੜੇ, ਭਾਵ ਮੇਰੇ ਅੰਦਰ ਐਬ, ਦੋਸ਼, ਅਉਗਣ ਹੀ ਭਰੇ ਪਏ ਹਨ ਤੇ ਉਹ ਲੁਕ ਵੀ ਨਹੀਂ ਸਕਦੇ। ਇਹੋ ਜਿਹੇ ਹਾਲ ਵਿਚ ਮੈਂ ਉਸ ਪ੍ਰਭੂ ਪਤੀ ਨੂੰ ਰਾਵਣਿ, ਭਾਵ ਪ੍ਰਸੰਨ ਕਰਨ ਲਈ ਕਿਵੇਂ ਜਾ ਸਕਦੀ ਹਾਂ! ਹੇ ਸਖੀਏ! ਇਕ ਦੂ ਇਕਿ ਚੜੰਦੀਆ, ਭਾਵ ਉਥੇ ਤਾਂ ਇਕ ਤੋਂ ਇਕ ਵੱਧ ਗੁਣਾਂ ਵਾਲੀਆਂ ਹਨ। ਮੈਂ ਅਉਗਣ ਭਰੀ ਦਾ ਤਾਂ ਉਥੇ ਕੋਈ ਨਾਮ ਭੀ ਨਹੀਂ ਜਾਣਦਾ।

ਜਿਨੀ ਸਖੀ ਸਹੁ ਰਾਵਿਆ
ਸੇ ਅੰਬੀ ਛਾਵੜੀਏਹਿ ਜੀਉ॥
ਸੇ ਗੁਣ ਮੰਞੁ ਨ ਆਵਨੀ
ਹਉ ਕੈ ਜੀ ਦੋਸ ਧਰੇਉ ਜੀਉ॥

ਸੰਸਾਰ ਦੇ ਤਾਰਨਹਾਰ ਗੁਰਦੇਵ ਪਿਤਾ ਜੀ ਹੁਣ ਆਪਣੇ ਪ੍ਰਭੂ ਦੇ ਪਿਆਰਿਆਂ ਨੂੰ ਸਖੀਆਂ ਦੇ ਰੂਪ ਵਿਚ ਮੁਖਾਤਿਬ ਹੁੰਦੇ ਹਨ। ਹੇ ਸਖੀਏ! ਜਿਨ੍ਹਾਂ ਸਖੀਆਂ ਨੇ ਰਾਵਿਆ, ਭਾਵ ਪ੍ਰਭੂ ਦਾ ਪਿਆਰ ਮਾਣ ਲਿਆ ਹੈ, ਉਹ ਵਡਭਾਗੀਆਂ ਤਾਂ ਇਵੇਂ ਹਨ, ਜਿਵੇਂ ਗਰਮੀ ਦੀ ਸਾੜਦੀ ਹੋਈ ਤਪਸ਼ ਦੇ ਸਮੇਂ ਅੰਬੀ ਛਾਵੜੀਏਹਿ, ਭਾਵ ਉਹ ਪ੍ਰਭੂ ਦੀਆਂ ਪਿਆਰੀਆਂ ਅੰਬਾਂ ਦੀਆਂ ਠੰਢੀਆਂ ਛਾਂਵਾਂ ਵਿਚ ਬੈਠੀਆਂ ਅਨੰਦ ਮਾਣ ਰਹੀਆਂ ਹੋਣ, ਪਰ ਸਖੀਏ! ਮੇਰੇ ਅੰਦਰ ਤਾਂ ਉਹ ਗੁਣ ਹੈ ਹੀ ਨਹੀਂ, ਜਿਨ੍ਹਾਂ ਉਤੇ ਪ੍ਰਭੂ ਪਤੀ ਰੀਝ ਪੈਂਦਾ ਹੈ। ਮੈਂ ਅਭਾਗਣ ਇਹ ਦੋਸ਼ ਕਿਸ ਨੂੰ ਦੇਵਾਂ।

ਕਿਆ ਗੁਣ ਤੇਰੇ ਵਿਥਰਾ ਹਉ
ਕਿਆ ਕਿਆ ਘਿਨਾ ਤੇਰਾ ਨਾਉ ਜੀਉ॥
ਇਕਤੁ ਟੋਲਿ ਨ ਅੰਬੜਾ ਹਉ ਸਦ
ਕੁਰਬਾਣੈ ਤੇਰੇ ਜਾਉ ਜੀਉ॥

ਹੇ ਮੇਰੇ ਸ਼ਹੁ, ਭਾਵ ਪ੍ਰਭੂ ਪਤੀ ਜੀਉ! ਮੈਂ ਤੇਰੇ ਕਿਹੜੇ ਕਿਹੜੇ ਗੁਣਾਂ ਦਾ ਵਰਣਨ ਕਰ ਕੇ ਦੱਸਾਂ। ਪ੍ਰਭੂ ਜੀਉ! ਤੂੰ ਤਾਂ ਬੇਅੰਤ ਗੁਣਾਂ ਦਾ ਮਾਲਿਕ ਹੈਂ ਅਤੇ ਹੇ ਮਿਹਰਬਾਨ ਪ੍ਰਭੂ ਜੀਉ! ਕਿਆ ਕਿਆ ਘਿਨਾ, ਭਾਵ ਮੈਂ ਤੇਰਾ ਕਿਹੜਾ ਕਿਹੜਾ ਨਾਂ ਲਵਾਂ। ਸੰਸਾਰ ਦੇ ਜੀਵ ਤਾਂ ਤੈਨੂੰ ਅਨੇਕਾਂ ਹੀ ਨਾਂਵਾਂ ਨਾਲ ਪੁਕਾਰ ਰਹੇ ਹਨ। ਇਕਤੁ ਟੋਲਿ ਨ ਅੰਬੜਾ, ਭਾਵ ਹੇ ਮੇਰੇ ਪ੍ਰਭੂ ਜੀਉ! ਮੈਂ ਤਾਂ ਤੇਰੇ ਦਿੱਤੇ ਹੋਏ ਕਿਸੇ ਇਕ ਗੁਣ ਰਾਹੀਂ ਤੇਰੀਆਂ ਦਾਤਾਂ ਦੀ ਬਖ਼ਸ਼ਿਸ਼ ਤਕ ਨਹੀਂ ਪਹੁੰਚ ਸਕਦੀ। ਬੱਸ ਹੇ ਮੇਰੇ ਪ੍ਰੀਤਮਾ ਜੀਉ! ਮੈਂ ਤਾਂ ਸਦਾ ਹੀ ਤੈਥੋਂ ਕੁਰਬਾਨ ਜਾਂਦੀ ਹਾਂ।

ਸੁਇਨਾ ਰੁਪਾ ਰੰਗੁਲਾ
ਮੋਤੀ ਤੈ ਮਾਣਿਕੁ ਜੀਉ॥
ਸੇ ਵਸਤੂ ਸਹਿ ਦਿਤੀਆ
ਮੈ ਤਿਨ ਸਿਉ ਲਾਇਆ ਚਿਤੁ ਜੀਉ॥

ਹੇ ਸਖੀਏ! ਮੇਰੇ ਅਭਾਗਣ ਦੇ ਤੂੰ ਕਰਮ ਤਾਂ ਵੇਖ! ਸੋਨਾ ਚਾਂਦੀ ਤੇ ਹੀਰੇ ਮੋਤੀ ਵਰਗੀਆਂ ਕੀਮਤੀ ਚੀਜ਼ਾਂ ਪ੍ਰਭੂ ਪਤੀ ਨੇ ਮੈਨੂੰ ਖੁਸ਼ ਹੋ ਕੇ ਦਿੱਤੀਆ ਸਨ, ਪਰ ਮੈਂ ਕੀ ਕੀਤਾ? ਆਪਣੇ ਪ੍ਰਭੂ ਪਤੀ ਨੂੰ ਤਾਂ ਵਿਸਾਰ ਦਿੱਤਾ ਤੇ ਉਹਦੀਆਂ ਦਿੱਤੀਆਂ ਇਨ੍ਹਾਂ ਚੀਜ਼ਾਂ ਨਾਲ ਆਪਣੇ ਪ੍ਰਭੂ ਨਾਲੋਂ ਦੂਰ ਹੋ ਗਈ ਤੇ ਜਗਤ ਦੇ ਪਦਾਰਥਾਂ ਵਿਚ ਹੀ ਫਸ ਕੇ ਰਹਿ ਗਈ ਤੇ ਪਦਾਰਥ ਦੇਣ ਵਾਲੇ ਪ੍ਰਭੂ ਨਾਲੋਂ ਆਪਣਾ ਨਾਤਾ ਹੀ ਤੋੜ ਲਿਆ।

ਆਓ! ਸ਼ਬਦ ਗੁਰੂ ਦੀ ਵਿਚਾਰ ਨਾਲ ਜੁੜੀਏ ਜੀ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਮਾਮਾ ਮੂਸਾ


## ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353


ਚੂਹੇ ਲਈ ਮੂਸ ਜਾਂ ਮੂਸਾ ਸ਼ਬਦ ਅੱਜ ਕਲ੍ਹ ਆਮ ਵਰਤੋਂ ਵਿਚ ਨਹੀਂ ਆਉਂਦਾ ਪਰ ਇਉਂ ਲਗਦਾ ਹੈ ਕਿ ਕਿਸੇ ਵੇਲੇ ਇਸ ਦੀ ਕਾਫੀ ਵਰਤੋਂ ਹੁੰਦੀ ਰਹੀ ਹੋਵੇਗੀ। ਹੁਣ ਤਾਂ ਇਹ ਵਿਚਾਰਾ 'ਮਾਮਾ ਮੂਸਾ' ਸ਼ਬਦ ਯੁਗਮ ਵਿਚ ਹੀ ਕੈਦ ਹੋ ਕੇ ਰਹਿ ਗਿਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਚੂਹਾ ਸ਼ਬਦ ਕੇਵਲ ਦੋ ਵਾਰੀ ਆਇਆ ਹੈ ਪਰ ਮੂਸ ਤੇ ਮੂਸਾ ਘਟੋ ਘਟ ਦਰਜਨ ਵਾਰੀ, 'ਰਾਤਿ ਅਨੇਰੀ ਸੂਝਸਿ ਨਾਹੀ ਲਜੂ ਟੂਕਸਿ ਮੂਸਾ ਭਾਈ ਰੇ' (ਗੁਰੂ ਨਾਨਕ) ਅਰਥਾਤ ਮੋਹ ਮਾਇਆ ਦੀ ਰਾਤ ਵਿਚ ਸਾਨੂੰ ਕੁਝ ਵੀ ਸੁਝਦਾ ਨਹੀਂ, ਉਧਰ ਉਮਰ ਰੂਪੀ ਚੂਹਾ ਸਾਨੂੰ ਨਿਤ ਨਿਤ ਵੱਢ ਰਿਹਾ ਹੈ। ਕਬੀਰ ਮਨੁਖ ਦੀ ਸਥਿਤੀ ਮੂਸੇ ਦੇ ਨਿਆਈਂ ਬਿਆਨਦਿਆਂ ਕਹਿੰਦੇ ਹਨ, 'ਮਾਨਸ ਬਪੁਰਾ ਮੂਸਾ ਕੀਨੋ ਮੀਚ ਬਿਲਈਆ ਖਈ ਹੈ ਰੇ' ਅਰਥਾਤ ਮਨੁਖ ਤਾਂ ਜਾਣੋ ਵਿਚਾਰਾ ਚੂਹਾ ਹੀ ਹੈ ਜਿਸ ਨੂੰ ਮੌਤ ਰੂਪੀ ਬਿੱਲਾ ਖਾ ਜਾਂਦਾ ਹੈ। 'ਰੇ ਮਨ ਮੂਸ ਬਿਲਾ ਮਹਿ ਗਰਬਤ ਕਰਤਬ ਕਰਤ ਮਹਾਂ ਮੁਘਨਾਂ' (ਗੁਰੂ ਅਰਜਨ ਦੇਵ) ਅਰਥਾਤ ਹੇ ਮਨ ਤੂੰ ਸਰੀਰ ਵਿਚ ਰਹਿ ਕੇ ਗਰਬ ਕਰਦਾ ਹੈਂ ਜਿਵੇਂ ਚੂਹਾ ਖੁੱਡ ਵਿਚ ਰਹਿ ਕੇ ਆਪਣੇ ਆਪ ਨੂੰ ਬਹੁਤ ਵੱਡਾ ਸਮਝਦਾ ਹੈ। ਇਹ ਮੂਰਖਾਂ ਵਾਲੇ ਕੰਮ ਹੀ ਤਾਂ ਹਨ। ਸੁਲਤਾਨ ਬਾਹੂ ਨੇ ਮੂਸ਼ ਸ਼ਬਦ ਵਰਤਿਆ ਹੈ,

ਮੀਮ-ਮੁਰਸ਼ਦ ਬਾਝੋਂ ਫਕਰ ਕਮਾਵੇ,  
ਵਿਚ ਕੁਫਰ ਦੇ ਬੁੱਡੇ ਹੂ।  
ਸ਼ੇਖ ਮੁਸਲਾਇਕ ਹੋ ਬਹਿੰਦੇ ਹੁਜਰੇ,  
ਗੌਸ ਕੁਤਬ ਬਣ ਵੱਡੇ ਹੂ।  
ਰਾਤ ਅੰਧਾਰੀ ਮੁਸ਼ਕਿਲ ਪੈਂਡਾ,  
ਸੈ ਸੈ ਆਵਣ ਠੁੱਡੇ ਹੂ।  
ਤਸਬੀਹਾਂ ਬਣ ਬਹਿਣ ਮਸੀਤੀਂ ਬਾਹੂ,  
ਜਿਵੇਂ ਮੂਸ਼ ਬਹੇ ਵੜ ਖੁੱਡੇ ਹੂ।

ਮੂਸ ਦਾ ਸੰਸਕ੍ਰਿਤ ਰੂਪ ਮੂਸ਼ ਹੈ। ਸੰਸਕ੍ਰਿਤ ਵਿਚ ਇਸ ਦੇ ਕਈ ਹੋਰ ਰੁਪਾਂਤਰ ਵੀ ਹਨ ਜਿਵੇਂ ਮੂਸ਼, ਮੂਸ਼ਾ, ਮੁਸ਼ਕ, ਮੂਸ਼ਕ, ਮੂਸ਼ਿਕਾ ਆਦਿ। ਸੰਸਕ੍ਰਿਤ ਵਿਚ ਕਿਰਿਆ ਦੇ ਰੂਪ ਵਿਚ 'ਮੂਸ਼' ਦਾ ਅਰਥ ਚੋਰੀ ਕਰਨਾ, ਲੁੱਟਣਾ ਅਤੇ ਨਾਂਵ ਰੂਪ ਵਿਚ ਚੋਰ ਅਤੇ ਚੂਹਾ ਹੈ। ਇਸ ਸ਼ਬਦ ਦਾ ਧਾਤੂ ਹੈ 'ਮੁਸ਼' ਜਿਸ ਵਿਚ ਚੋਰੀ ਕਰਨ ਦੇ ਭਾਵ ਹਨ। ਅਸੀਂ 'ਮੁੱਠੀ' ਵਾਲੇ ਲੇਖ ਵਿਚ ਦੱਸਿਆ ਸੀ ਕਿ ਚੋਰੀ ਅਤੇ ਚੂਹੇ ਦੀ 'ਭਾਵਕ' ਸਾਂਝ ਹੈ। ਇਸ ਸਬੰਧ ਵਿਚ ਅਸੀਂ ਸੰਸਕ੍ਰਿਤ ਦੇ 'ਸਤੇਯਿਨ' ਤੇ 'ਆਖੂ' ਸ਼ਬਦਾਂ ਦਾ ਜ਼ਿਕਰ ਕੀਤਾ ਸੀ।

'ਮੂਸ਼' ਨਾਲ ਸਬੰਧਤ ਚੂਹੇ ਦੇ ਹੀ ਅਰਥਾਂ ਵਿਚ ਬਹੁਤ ਸਾਰੀਆਂ ਭਾਰੋਪੀ ਭਾਸ਼ਾਵਾਂ ਵਿਚ ਸੁਜਾਤੀ ਸ਼ਬਦ ਮਿਲਦੇ ਹਨ। ਮਿਸਾਲ ਵਜੋਂ ਲਾਤੀਨੀ ਮੁਸ, ਅੰਗਰੇਜ਼ੀ ਮਾਊਸ, ਜਰਮਨ ਮਸਿ, ਅਲਬੇਨੀਅਨ ਮਿ, ਰੂਸੀ ਮਿਸ। ਗੱਲ ਕੀ ਕਰੀਬ ਸੱਭੇ ਭਾਰੋਪੀ ਭਾਸ਼ਾਵਾਂ ਦਾ ਮੂਸੇ ਬਿਨਾਂ ਗੁਜ਼ਾਰਾ ਨਹੀਂ। ਸੰਭਵ ਹੈ ਇਸ ਦਾ ਮੁਢਲਾ ਮੂਲਕ ਸ਼ਬਦ ਨਾਂਵ ਸੀ ਤੇ ਇਸ ਦਾ ਅਰਥ ਚੋਰੀ ਕਰਨ ਵਾਲਾ ਅਰਥਾਤ ਚੋਰ ਸੀ। ਚੋਰੀ ਤੇ ਚੂਹੇ ਦੇ ਸਬੰਧ ਦਰਸਾਉਂਦੇ ਹੋਰ ਭਾਸ਼ਾਵਾਂ ਵਿਚ ਵੀ ਸ਼ਬਦ ਮਿਲਦੇ ਹਨ ਪਰ ਬੇਪਛਾਣ ਜਿਹੇ ਸ਼ਬਦਾਂ ਦਾ ਪਾਠਕਾਂ 'ਤੇ ਭਾਰ ਪਾਉਣ ਦਾ ਮੇਰਾ ਕੋਈ ਵਿਚਾਰ ਨਹੀਂ। ਸਾਨੂੰ ਪਤਾ ਹੈ ਕਿ ਚੂਹਾ ਘਰਾਂ ਵਿਚ ਰਾਤ ਨੂੰ ਹੀ ਸੰਨ੍ਹ ਲਾ ਕੇ ਉਜਾੜਾ ਕਰਦਾ ਹੈ। ਦਾਣਾ-ਫੱਕਾ ਰਾਤੋ ਰਾਤ ਚਟਮ ਕਰਕੇ ਚੋਰਾਂ ਦੀ ਤਰ੍ਹਾਂ ਤਿੱਤਰ ਹੋ ਜਾਂਦਾ ਹੈ। ਉਂਜ ਚੂਹਾ ਬੜਾ ਸ਼ਰਮਾਕਲ ਤੇ ਡਰਪੋਕ ਜਾਨਵਰ ਹੈ। ਆਪਣਾ ਕਾਰਾ ਕਰਨ ਆਇਆ ਬੰਦੇ ਨੂੰ ਦੇਖ ਕੇ ਸਵੈ-ਰੱਖਿਆ ਲਈ ਇਕ ਦਮ ਪਿਛਲਖੁਰੀ ਭਜ ਤੁਰਦਾ ਹੈ। ਇਹ ਚੋਰਾਂ ਵਾਲੀ ਪ੍ਰਤਿਕ੍ਰਿਆ ਹੀ ਹੈ। ਫਿਰ ਚੂਹੇ ਦੀ ਰਿਹਾਇਸ਼ ਯਾਨਿ ਡੁੱਡ ਵਿਚ ਬੇਸ਼ੁਮਾਰ ਮੋੜ-ਘੇੜ ਹੁੰਦੇ ਹਨ, ਜਾਣੋ ਚੋਰਾਂ ਦਾ ਤਹਿਖਾਨਾ ਹੋਵੇ। ਕਹਿੰਦੇ ਹਨ,



ਚੂਹਾ ਅੰਨ੍ਹਾ ਹੁੰਦਾ ਹੈ ਪਰ ਇਹ ਗੱਲ ਨਹੀਂ। ਹਾਂ ਇਸ ਦੀ ਨਜ਼ਰ ਘਟ ਜ਼ਰੂਰ ਹੁੰਦੀ ਹੈ। ਇਹ ਚੀਜ਼ਾਂ ਦੀ ਸੋਝੀ ਸੁੰਘਣ ਸ਼ਕਤੀ ਤੋਂ ਹੀ ਲੈਂਦਾ ਹੈ। ਪੁਰਾਤਤਵ ਖੋਜਾਂ ਅਨੁਸਾਰ ਚੂਹੇ ਦੀ ਹੋਂਦ ਪ੍ਰਾਗ-ਇਤਿਹਾਸ ਵਿਚ ਮਨੁਖੀ ਵਸੇਬੇ ਦੇ ਆਸ-ਪਾਸ ਨਹੀਂ ਰੜਕਦੀ। ਅਸਲ ਵਿਚ ਚੂਹਾ ਜੰਗਲ ਛਡ ਕੇ ਉਦੋਂ ਹੀ ਮਨੁਖੀ ਬਸਤੀ ਵਿਚ ਆਇਆ ਜਦ ਮਨੁਖ ਨੇ ਖੇਤੀ ਸ਼ੁਰੂ ਕੀਤੀ, ਖਾਸ ਤੌਰ 'ਤੇ ਅਨਾਜ ਦੀ। ਚੂਹਾ ਦਾਣਿਆਂ ਦਾ ਖਉ ਹੈ। ਚੂਹੇ ਨੂੰ ਖਾਣ ਲਈ ਉਸ ਦੇ ਪਿਛੇ-ਪਿਛੇ ਹੀ ਜੰਗਲਾਂ ਵਿਚੋਂ ਬਿੱਲੀ ਵੀ ਮਨੁਖੀ ਬਸਤੀਆਂ ਵਿਚ ਆ ਕੇ ਵਸਣ ਲੱਗੀ।

'ਮੁਸ਼' ਧਾਤੂ ਤੋਂ ਹੀ ਗੰਧ ਦੇ ਅਰਥਾਂ ਵਾਲਾ ਮੁਸ਼ਕ ਸ਼ਬਦ ਬਣਿਆ। ਭਾਵੇਂ ਅਜੋਕੀ ਪੰਜਾਬੀ ਵਿਚ ਮੁਸ਼ਕ ਸ਼ਬਦ ਦੇ ਅਰਥਾਂ ਦੀ ਅਵਨਤੀ ਹੋ ਗਈ ਹੈ ਤੇ ਇਹ ਦੁਰਗੰਧ ਦੇ ਅਰਥ ਦੇਣ ਲੱਗ ਪਿਆ ਹੈ ਪਰ ਪੁਰਾਣੀ ਪੰਜਾਬੀ ਵਿਚ ਇਹ ਆਮ ਤੌਰ 'ਤੇ ਸੁਗੰਧੀ ਦੇ ਅਰਥ ਹੀ ਦਿੰਦਾ ਸੀ। ਇਸ ਦਾ ਕਾਰਨ ਇਹ ਲਗਦਾ ਹੈ ਕਿ ਤੀਬਰ ਵਾਸ਼ਨਾ ਦੇ ਭਾਵ ਭੈੜੀ ਵਾਸ਼ਨਾ ਵਿਚ ਬਦਲ ਗਏ। ਦੇਖਿਆ ਜਾਵੇ ਤਾਂ ਪਹਿਲਾਂ 'ਬੋਅ' ਵੀ ਚੰਗੀ ਜਾਂ ਮੰਦੀ ਨਹੀਂ ਸੀ ਪਰ ਅਜ ਕਲ੍ਹ ਇਸ ਦਾ ਅਰਥ ਬਦਬੋਅ ਹੈ। ਅਕਸਰ ਹੀ ਸ਼ਬਦਾਂ ਦੇ ਅਰਥਾਂ ਵਿਚ ਆਮ ਤੋਂ ਖਾਸ ਵੱਲ ਵਧਣ ਦੀ ਰੁਚੀ ਹੁੰਦੀ ਹੈ। ਗੁਰੂ ਰਾਮ ਦਾਸ ਦੀ ਬਾਣੀ ਵਿਚ ਮੁਸ਼ਕ ਸ਼ਬਦ ਕੁਝ ਇਕ ਵਾਰੀ ਵਰਤਿਆ ਮਿਲਦਾ ਹੈ ਤੇ ਇਹ ਸੁਗੰਧੀ ਦੇ ਅਰਥਾਂ ਵਿਚ ਹੀ ਹੈ, ਸਹੀ ਪੁਛੋ ਤਾਂ ਕਸਤੂਰੀ ਦੀ ਵਾਸ਼ਨਾ ਦੇ ਅਰਥਾਂ ਵਿਚ, "ਜਨ ਨਾਨਕੁ ਮੁਸਕਿ ਝਕੋਲਿਆ ਸਭ ਜਨਮੁ ਧਨੁ ਧੰਨਾ" ਅਰਥਾਤ ਨਾਨਕ ਰੱਬ ਦੇ ਨਾਮ ਦੀ ਕਸਤੂਰੀ ਨਾਲ ਸੁਗੰਧਿਤ ਹੋ ਗਿਆ ਹੈ ਤੇ ਉਸ ਦਾ ਜੀਵਨ ਸਫਲਾ ਹੋ ਗਿਆ ਹੈ। ਸੱਚਾਈ ਇਹ ਹੈ ਮੁਢਲੇ ਤੌਰ 'ਤੇ ਮੁਸ਼ਕ ਦਾ ਅਰਥ ਕਸਤੂਰੀ ਜਾਂ ਮ੍ਰਿਗਮਧ ਹੀ ਹੈ। ਇਹ ਕਸਤੂਰੀ ਇਕ ਖਾਸ ਕਿਸਮ ਦੇ ਨਰ ਮਿਰਗ ਦੀ ਧੁਨੀ ਵਿਚ ਪਈ ਇਕ ਪੋਟਲੀ 'ਚੋਂ ਨਿਕਲਦੀ ਹੈ। ਇਸ ਨੂੰ ਕਸਤੂਰੀ ਮਿਰਗ ਵੀ ਆਖ ਦਿੰਦੇ ਹਨ। ਇਹ ਸਿੰਗਹੀਣ ਜਾਨਵਰ ਹੈ ਤੇ ਮਿਰਗਾਂ ਦੀਆਂ ਕਿਸਮਾਂ ਵਿਚੋਂ ਇਹ ਸਭ ਤੋਂ ਪ੍ਰਾਚੀਨ ਹੈ। ਵਿਕਾਸਕ੍ਰਮ ਅਨੁਸਾਰ ਹਿਰਨਾਂ ਵਿਚ ਸਿੰਗ ਬਹੁਤ ਪਿਛੋਂ ਉਭਰਨੇ ਸ਼ੁਰੂ ਹੋਏ। ਕਸਤੂਰੀ ਮਿਰਗ ਅਫਗਾਨਿਸਤਾਨ, ਰੂਸ, ਭਾਰਤੀ ਖਿੱਤੇ ਦੇ ਪਰਬਤੀ ਇਲਾਕਿਆਂ ਤੇ ਹਿੰਦ-ਚੀਨੀ, ਚੀਨ ਤੇ ਮੰਗੋਲੀਆ ਜਿਹੇ ਏਸ਼ਿਆਈ ਦੇਸ਼ਾਂ ਵਿਚ ਪਾਇਆ ਜਾਂਦਾ ਹੈ। ਯੂਰਪ ਵਿਚ ਇਹ ਕਦੋਂ ਦਾ ਅਲੋਪ ਹੋ ਚੁਕਾ ਹੈ। ਆਮ ਵਿਚਾਰ ਹੈ ਕਿ ਮਿਰਗ ਦੀ ਕਸਤੂਰੀ ਦੀ ਸੁਗੰਧ ਇੰਨੀ ਤੀਬਰ ਹੁੰਦੀ ਹੈ ਕਿ ਬੌਂਦਲਿਆ ਹੋਇਆ ਮਿਰਗ ਖੁਦ ਇਸ ਦੀ ਤਲਾਸ਼ 'ਚ ਦੌੜਿਆ ਭਜਿਆ ਫਿਰਦਾ ਹੈ। ਅਧਿਆਤਮਕ ਕਵੀਆਂ ਨੇ ਇਸ ਨੂੰ ਜੀਵ ਅਤੇ ਪਰਮਾਤਮਾ ਦੇ ਰਿਸ਼ਤੇ ਨੂੰ ਦਰਸਾਉਣ ਲਈ ਇਕ ਦ੍ਰਿਸ਼ਟਾਂਤ ਵਜੋਂ ਵਰਤਿਆ ਹੈ। ਭਗਤ ਕਬੀਰ ਫਰਮਾਉਂਦੇ ਹਨ,

ਕਸਤੂਰੀ ਕੁੰਡਲ ਬਸੈ  
ਮਿਰਗ ਢੂੰਢੈ ਵਨ ਮਾਂਹਿ।  
ਐਸੇ ਘਟ ਘਟ ਰਾਮ ਹੈ  
ਦੁਨੀਆ ਦੇਖੇ ਨਾਂਹਿ।

ਅਸਲ ਵਿਚ ਨਰ ਮਿਰਗ ਦੇ ਕਸਤੂਰੀ ਨਾਮੀ ਗ੍ਰੰਥੀ ਵਿਚੋਂ ਮੁਸ਼ਕ ਗੂੰਦ ਵਾਂਗ ਰਿਸਦਾ ਰਹਿੰਦਾ ਹੈ। ਇਸ ਦਾ ਪ੍ਰਕਾਰਜ ਸੰਭੋਗ ਕਰਨ ਲਈ ਮਦੀਨ ਮਿਰਗ ਨੂੰ ਮੋਹਿਤ ਕਰਨਾ ਹੈ ਤਾਂ ਜੋ ਸੰਤਾਨ ਨੂੰ ਅੱਗੇ ਵਧਾਇਆ ਜਾ ਸਕੇ। 'ਇਸ਼ਕ ਮੁਸ਼ਕ' ਸ਼ਬਦ ਯੁਗਮ ਵਿਚ ਇਸੇ ਤਰ੍ਹਾਂ ਦੇ ਭਾਵ ਝਲਕਦੇ ਹਨ। ਨਾ ਇਸ਼ਕ ਲੁਕੋਇਆ ਜਾ ਸਕਦਾ ਹੈ ਤੇ ਨਾ ਕਸਤੂਰੀ ਦੀ ਸੁਗੰਧੀ। ਪੰਜਾਬੀ ਵਿਚ 'ਮੁਸ਼ਕਾਉਣਾ' ਦਾ ਅਰਥ ਮੁੰਡੇ ਜਾਂ ਕੁੜੀ ਨੂੰ ਪੱਟਣ ਦੀ ਖਾਤਿਰ ਅਜੀਬੋ-ਗਰੀਬ ਸ਼ੁਕੀਨੀ ਧਾਰਨ ਕਰਨਾ ਹੈ। ਮੁਸ਼ਕ ਕਾਫੂਰ ਇਕ ਕਿਸਮ ਦਾ ਤੇਜ਼ ਗੰਧ ਵਾਲਾ ਕਪੂਰ ਹੁੰਦਾ ਹੈ। ਆਮ ਸਮਝ ਦੇ ਉਲਟ ਜੰਗਲ ਵਿਚ ਭਟਕਦਾ ਕਸਤੂਰੀ ਮਿਰਗ ਆਪਣੀ ਸੁਗੰਧੀ ਦੀ ਭਾਲ ਵਿਚ ਨਹੀਂ ਹੁੰਦਾ ਬਲਕਿ ਇਸ ਸੁਗੰਧੀ ਦੇ ਬਲਬੂਤੇ ਮਦੀਨ ਹਿਰਨੀ ਨੂੰ ਭਰਮਾਉਣ ਲਈ ਨੱਸਿਆ ਭੱਜਿਆ ਫਿਰਦਾ ਹੈ।

ਕੁਝ ਵਿਦਵਾਨਾਂ ਅਨੁਸਾਰ ਮੁਸ਼ਕ ਸ਼ਬਦ 'ਮੁਸ਼' ਧਾਤੂ ਦੇ ਮੁਗਧ ਕਰਨਾ, ਲੁਭਾਉਣਾ ਦੇ ਅਰਥਾਂ ਤੋਂ ਬਣਿਆ ਹੈ। ਮੁਸ਼ਕ ਦਾ ਸੰਸਕ੍ਰਿਤ ਵਿਚ ਇਕ ਅਰਥ ਅੰਡਕੋਸ਼ ਜਾਂ ਪਤਾਲੂ ਵੀ ਹੈ। ਕਸਤੂਰੀ ਅਸਲ ਵਿਚ ਅੰਡਕੋਸ਼ ਵਿਚੋਂ ਨਿਕਲਦੀ ਹੈ। ਇਹ ਅਰਥ ਅੰਡਕੋਸ਼ ਦੀ ਸ਼ਕਲ ਮੂਸ਼ਕ (ਚੂਹੇ) ਨਾਲ ਮਿਲਦੀ ਹੋਣ ਕਾਰਨ ਹੈ। ਅੰਡਕੋਸ਼ ਦਾ ਰੰਗ ਕਾਲਾ ਜਿਹਾ ਹੁੰਦਾ ਹੈ ਇਸ ਲਈ 'ਨੀ ਇਕ ਤੇਰਾ ਰੰਗ ਮੁਸ਼ਕੀ' ਵਿਚਲੇ ਮੁਸ਼ਕੀ ਸ਼ਬਦ ਦਾ ਅਰਥ ਸਾਂਵਲਾ ਹੁੰਦਾ ਹੈ। ਵਾਰਿਸ ਸ਼ਾਹ ਨੇ ਇਹ ਸ਼ਬਦ ਵਰਤਿਆ ਹੈ। ਹੀਰ ਦੇ ਵਿਆਹ ਦੀਆਂ ਤਿਆਰੀਆਂ ਵਿਚ ਕਿਹੜਾ ਪਕਵਾਨ ਨਹੀਂ ਬਣਿਆ,

ਮੁਸ਼ਕੀ ਚਾਵਲਾਂ ਦੇ ਭਰੇ ਆਣ ਕੋਠੇ  
ਸੋਇਨ ਪਤੀ ਤੇ ਛੜੀਦੇ ਨੀ।  
ਬਾਸਮਤੀ ਮੁਸਾਫਰੀ ਬੇਗਮੀ ਸਨ  
ਹਰਚੰਦ ਵੇ ਜ਼ਰਦੀਏ ਧਰੀਦੇ ਸਨ।

ਮੁਸ਼ਕ ਸ਼ਬਦ ਸੰਸਕ੍ਰਿਤ ਤੋਂ ਫਾਰਸੀ ਤੇ ਫਿਰ ਅਰਬੀ ਵਿਚ ਹੁੰਦਾ ਹੋਇਆ ਗਰੀਕ ਲਾਤੀਨੀ ਵਿਚ ਜਾ ਪਹੁੰਚਾ ਤੇ ਉਥੋਂ ਹੋਰ ਯੂਰਪੀ ਭਾਸ਼ਾਵਾਂ ਵਿਚ ਵੜ ਗਿਆ। ਅੰਗਰੇਜ਼ੀ ਵਿਚ ਇਸ ਦਾ ਰੂਪ musk ਹੈ ਜੋ ਕਸਤੂਰੀ ਦੇ ਹੀ ਅਰਥਾਂ ਵਿਚ ਵਰਤਿਆ ਜਾਂਦਾ ਹੈ। ਅੰਗਰੇਜ਼ੀ musky ਦਾ ਅਰਥ ਕਸਤੂਰੀਹਾਰ, ਖੁਸ਼ਬੂਦਾਰ ਹੁੰਦਾ ਹੈ। ਇਸ ਦਾ ਪੰਜਾਬੀ ਵਿਚ ਅਰਥ ਮੁਸ਼ਕੀ ਕਰੀਏ ਤਾਂ ਅਰਥਾਂ ਦਾ ਅਨਰਥ ਹੋ ਜਾਵੇਗਾ। ਅੱਜ ਮੁਸ਼ਕ ਸ਼ਬਦ ਬਨਾਉਟੀ ਕਸਤੂਰੀ, ਗੰਧ ਬਿਲਾਵ ਜਾਂ ਮੁਸ਼ਕ ਬਿੱਲੇ ਆਦਿ ਦੇ ਫੋਤਿਆਂ (ਅੰਡਕੋਸ਼) ਵਿਚੋਂ ਨਿਕਲਦੇ ਰਿਸਾਉ ਲਈ ਵੀ ਵਰਤਿਆ ਜਾਂਦਾ ਹੈ।

ਸੰਸਕ੍ਰਿਤ ਵਿਚ ਬਹੁਤ ਮਾਸਲ ਜਾਂ ਮੋਟੇ ਦੇ ਅਰਥਾਂ ਵਿਚ ਮੁਸ਼ਕ ਸ਼ਬਦ ਦੀ ਵਰਤੋਂ ਹੁੰਦੀ ਹੈ। ਇਥੇ ਵੀ ਚੂਹੇ ਦੇ ਮੋਟੇ ਹੋਣ ਤੋਂ ਇਹ ਭਾਵ ਵਿਕਸਿਤ ਹੋਇਆ। ਦਰਅਸਲ ਮੁਸ਼ ਅਰਥਾਤ ਚੂਹੇ ਨੂੰ ਇਕ ਮਾਸ-ਪੇਸ਼ੀ ਜਾਂ ਪੱਠੇ ਦੇ ਰੂਪ ਵਿਚ ਗ੍ਰਹਿਣ ਕੀਤਾ ਜਾਂਦਾ ਹੈ ਤੇ ਇਸ ਲਈ ਹੈਰਾਨੀ ਨਹੀਂ ਕਿ ਪੱਠਿਆਂ ਦੇ ਅਰਥਾਂ ਵਾਲਾ ਅੰਗਰੇਜ਼ੀ ਸ਼ਬਦ Muscle ਵੀ ਇਸੇ ਧਾਤੂ ਨਾਲ ਜਾ ਜੁੜਦਾ ਹੈ। ਅੰਗਰੇਜ਼ੀ ਮਸਲ ਦਾ ਭਾਵ ਇਸ ਨੂੰ ਇਕ ਛੋਟੇ ਚੂਹੇ ਵਾਂਗੂ ਕਲਪਣ ਤੋਂ ਪੈਦਾ ਹੋਇਆ। ਨਿਰੁਕਤਕਾਰ ਇਸ ਦੀ ਵਿਆਖਿਆ ਕਰਦੇ ਹਨ ਕਿ ਕੁਝ ਪੱਠਿਆਂ ਦੀ ਸ਼ਕਲ ਤੇ ਹਰਕਤ ਮੂਸ (ਚੂਹੇ) ਜਿਹੀ ਹੁੰਦੀ ਹੈ, ਖਾਸ ਤੌਰ 'ਤੇ ਡੌਲਿਆਂ ਦੀ। ਜੇ ਝੋਲੇ ਵਿਚ ਚੂਹਾ ਪਾਇਆ ਜਾਵੇ ਤਾਂ ਝੋਲੇ ਦੇ ਬਾਹਰੋਂ ਉਸ ਦੀ ਹਰਕਤ ਫਰਕਦੇ ਹੋਏ ਡੌਲੇ ਦੀ ਤਰ੍ਹਾਂ ਪ੍ਰਤੀਤ ਹੁੰਦੀ ਹੈ। ਪੁਰਾਤਨ ਅੰਗਰੇਜ਼ੀ ਵਿਚ ਫਰਕਦੇ ਡੌਲਿਆਂ ਲਈ ਕਿਰਲੀ (lizard) ਸ਼ਬਦ ਵੀ ਵਰਤਿਆ ਮਿਲਦਾ ਹੈ। ਹਿੰਦੀ ਵਿਚ ਇਸ ਲਈ ਮੇਂਡਕ ਅਰਥਾਤ ਡੱਡੂ ਸ਼ਬਦ ਹੈ। ਪਾਠਕ ਜਾਣਦੇ ਹੋਣਗੇ ਕਿ ਅਸੀਂ ਪੰਜਾਬੀ ਵਿਚ ਬਣੇ ਹੋਏ ਡੌਲਿਆਂ ਲਈ ਮਛਲੀ ਸ਼ਬਦ ਵਰਤਦੇ ਹਾਂ। 'ਮਸ਼ਕਾਂ ਬੰਨ੍ਹਣੀਆਂ' ਵਾਕੰਸ਼ ਵਿਚ ਮਸ਼ਕ ਸ਼ਬਦ ਡੌਲਿਆਂ ਜਾਂ ਕੂਹਣੀ ਤੋਂ ਉਪਰਲੀ ਬਾਂਹ ਦਾ ਅਰਥਾਵਾਂ ਹੈ। ਦਿਲਚਸਪ ਹੈ ਕਿ ਮਹਾਨ ਕੋਸ਼ ਵਿਚ ਇਸ ਸ਼ਬਦ ਦੀ ਵਿਆਖਿਆ ਇਸ ਪ੍ਰਕਾਰ ਹੈ, "ਪਿੱਠ ਪਿਛੇ ਹੱਥ ਜਕੜਨ ਦੀ ਕਿਰਿਆ ਸੰਸਕ੍ਰਿਤ ਵਿਚ ਮੁਸ਼ਕ ਨਾਂ ਚੋਰ ਦਾ ਹੈ, ਚੋਰ ਵਾਂਗ ਬੂੰਨ ਲੈਣਾ।" ਸਿੱਪੀ ਕਿਸਮ ਦੇ ਜੀਵਾਂ ਨੂੰ ਅੰਗਰੇਜ਼ੀ ਵਿਚ mussel ਕਿਹਾ ਜਾਂਦਾ ਹੈ। ਇਹ ਸ਼ਬਦ ਵੀ ਲਾਤੀਨੀ ਵਿਚੋਂ ਅੰਗਰੇਜ਼ੀ ਵਿਚ ਗਿਆ ਹੈ। ਮਸਲ ਦੀ ਸ਼ਕਲ ਤੇ ਅਕਾਰ ਛੋਟੇ ਚੂਹੇ ਵਰਗੀ ਹੁੰਦੀ ਹੈ। ਵਾਈਨ ਬਣਾਉਣ ਵਾਲੇ ਇਕ ਕਿਸਮ ਦੇ ਅੰਗੂਰ Muscat ਦਾ ਨਾਂ ਇਸ ਦੇ ਮੁਸ਼ਕੀ (ਖੁਸ਼ਬੂਦਾਰ) ਹੋਣ ਤੋਂ ਪਿਆ। ਜੈਫਲ ਲਈ ਅੰਗਰੇਜ਼ੀ ਸ਼ਬਦ nutmeg ਦੀ ਇਸ ਮੂਲਕ ਨਾਲ ਸਾਂਝ ਹੈ ਪਰ ਇਹ ਲੰਬੀ ਕਹਾਣੀ ਫਿਰ ਕਦੀ।

# ਜੱਗ ਤੋਂ ਨਿਆਰਿਓ ਪੰਜਾਬੀਓ ਵੇ ਜਾਗੋ ਹੁਣ...

## ਦੁਖਦੀ ਰਗ


ਬੀਬੀ ਸੁਰਜੀਤ ਕੌਰ ਸੈਕਰਾਮੈਂਟੋ  
ਫੋਨ: 916-687-3536


ਅਮਰੀਕਾ ਦੇ ਨਿਊ ਜਰਸੀ ਸ਼ਹਿਰ ਵਿਚ ਐਫ.ਬੀ.ਆਈ. ਨੇ ਇਕ ਗਰੋਹ ਕਾਬੂ ਕੀਤਾ ਹੈ ਅਤੇ ਕਈ ਬੰਦੇ ਹਿਰਾਸਤ ਵਿਚ ਲਏ ਹਨ, ਪਰ ਜੋ ਪਹਿਲੇ ਬੰਦੇ ਫੜੇ ਗਏ ਹਨ, ਉਹ ਸਾਡੇ ਪੰਜਾਬੀ ਸ਼ੇਰ ਹਨ ਅਤੇ ਇਨ੍ਹਾਂ ਕੋਲੋਂ ਦਸ ਹਜ਼ਾਰ ਕਰੈਡਿਟ ਕਾਰਡ ਵੀ ਬਰਾਮਦ ਹੋਏ ਹਨ। ਇਹ ਇਨ੍ਹਾਂ ਨੇ ਲੋਕਾਂ ਦੀਆਂ ਮੇਲਾਂ ਜਾਂ ਈਮੇਲਾਂ ਵਿਚੋਂ ਕਾਰਡਾਂ ਦੇ ਨੰਬਰ ਚੋਰੀ ਕਰ ਕੇ ਬਣਾਏ ਸਨ ਅਤੇ ਇਨ੍ਹਾਂ ਕਾਰਡਾਂ ਰਾਹੀਂ ਲੋਕਾਂ ਦੇ ਖਾਤਿਆਂ ਵਿਚੋਂ ਕਰੋੜਾਂ ਡਾਲਰ ਵੀ ਕਢਵਾ ਲਏ ਸਨ। ਫੜੇ ਗਏ ਪੰਜਾਬੀਆਂ ਨਾਲ ਗੁਆਂਢੀ ਮੁਲਕ ਪਾਕਿਸਤਾਨ ਦੇ ਪੰਜਾਬੀ ਵੀ ਸ਼ਾਮਲ ਹਨ ਅਤੇ ਇਸ ਗਰੋਹ ਦਾ ਨੈਟਵਰਕ ਦੁਨੀਆਂ ਦੇ ਕਈ ਮੁਲਕਾਂ ਵਿਚ ਕੰਮ ਕਰ ਰਿਹਾ ਹੈ। ਇਨ੍ਹਾਂ ਪੰਜਾਬੀਆਂ ਨੇ ਬਹੁਤਾ ਰਗੜਾ ਆਪਣੇ ਪੰਜਾਬੀ ਪਰਿਵਾਰਾਂ ਨੂੰ ਹੀ ਲਾਇਆ ਹੈ ਤੇ ਆਪਣੇ ਪੰਜਾਬ ਤੇ ਪੰਜਾਬੀਅਤ ਦਾ ਨਾਂ ਰੋਸ਼ਨ ਨਹੀਂ ਕੀਤਾ, ਸਗੋਂ ਕਾਲਾ ਕੀਤਾ ਹੈ। ਬਾਕੀ, ਅਜੇ ਤਾਂ ਸ਼ੁਰੂਆਤ ਹੈ, ਫੜੇ ਗਏ ਸ਼ੇਰ ਅਜੇ ਅੱਗਿਉਂ ਹੋਰ ਕੀ ਕੀ ਖੁਲਾਸੇ ਕਰਨਗੇ, ਇਹ ਸਮਾਂ ਹੀ ਦੱਸੇਗਾ!

ਅਗਲੀ ਖ਼ਬਰ ਹੈ, 'ਮੈਂ ਬਲਾਤਕਾਰੀ ਹੂੰ' ਗਾਉਣ ਵਾਲਾ ਲਾਹਣਤੀਆ ਯੋ ਯੋ ਹਨੀ ਸਿੰਘ ਵੀ ਪੰਜਾਬੀ ਪੁੱਤਰ ਹੈ ਜਿਸ ਨੇ ਨਾ ਹੀ ਆਪਣੇ ਪੰਜਾਬ ਦੀ ਮਿੱਟੀ ਦੀ ਲਾਜ ਰੱਖੀ ਹੈ, ਤੇ ਨਾ ਹੀ ਆਪਣੀ ਮਾਂ ਦੇ ਦੁੱਧ ਦੀ ਲਾਜ ਪਾਲੀ ਹੈ। ਸਸਤੀ ਸ਼ੋਹਰਤ ਤੇ ਰਾਤੋ ਰਾਤ ਸਟਾਰ ਬਣਨ ਦੇ ਭੁੱਖੇ ਇਹ ਲੋਕ ਆਪਣੀ ਮਾਂ ਜਾਂ ਭੈਣ ਦੀ ਇੱਜ਼ਤ ਕਰਨ ਵਾਲੇ ਤਾਂ ਹੁੰਦੇ ਨਹੀਂ, ਦੂਜਿਆਂ ਦੀਆਂ ਇੱਜ਼ਤਾਂ ਵੀ ਸ਼ਰ੍ਹੇਆਮ ਲਾਹ ਸੁੱਟਦੇ ਹਨ। ਹਨੀ ਸਿੰਘ ਨੇ ਇਹ ਗਾਣਾ ਗਾਇਆ ਵੀ, ਤੇ ਪੰਜਾਬੀਆਂ ਨੇ ਹਿੜ ਹਿੜ ਕਰ ਕੇ ਸੁਣਿਆ ਵੀ, ਤੇ ਨਾਲ ਨੱਚੇ ਵੀ; ਪਰ ਕਿਸੇ ਨੇ ਉਹਨੂੰ ਫਿੱਟੇ-ਮੂੰਹ ਤੱਕ ਨਹੀਂ ਆਖਿਆ। ਆਖੇ ਵੀ ਕੌਣ? 'ਅੰਨ੍ਹੀ ਪੀਹਵੇ ਤੇ ਕੁੱਤਾ ਚੱਟੇ' ਵਾਂਗ ਪੰਜਾਬ ਵਿਚ ਤਾਂ ਪਹਿਲਾਂ ਹੀ ਪਰਲੋ ਆਈ ਪਈ ਹੈ। ਸਰਕਾਰ ਨੂੰ ਕੀ, ਉਹ ਪੰਜਾਬ ਦਾ ਵਿਕਾਸ ਕਰੇਗੀ ਜਾਂ ਵਿਨਾਸ਼, ਪਰ ਕਰੇਗੀ ਜ਼ਰੂਰ! ਪਿੰਡ ਪਿੰਡ ਗਲੀ ਗਲੀ ਬਲਾਤਕਾਰ ਹੋ ਰਹੇ ਹਨ, ਤੇ ਹਰ ਰੋਜ਼ ਹੋ ਰਹੇ ਹਨ, ਪਰ ਅੱਜ ਤੱਕ ਕੋਈ ਬਲਾਤਕਾਰੀ ਇਹ ਨਹੀਂ ਮੰਨਿਆ ਕਿ ਇਹ ਮਾੜਾ ਕਰਮ ਉਸ ਨੇ ਕੀਤਾ ਹੈ।...ਤੇ ਇਹ ਚਵਲ ਬੰਦਾ ਸ਼ਰ੍ਹੇਆਮ ਰੌਲਾ ਪਾ ਰਿਹਾ ਹੈ, ਉਹ ਵੀ ਗਾਣਾ ਗਾ ਕੇ ਕਿ ਮੈਂ ਬਲਾਤਕਾਰੀ ਹੂੰ। ਫਿਰ ਵੀ ਜੇ ਪੰਜਾਬ ਪੁਲਿਸ ਜਾਂ ਸਰਕਾਰ ਫੜ ਕੇ ਉਹਨੂੰ ਜੇਲ੍ਹ ਵਿਚ ਨਾ ਸੁੱਟੇ ਤਾਂ ਕਸੂਰ ਕਿਸ ਦਾ ਹੈ? ਘੱਟੋ ਘੱਟ ਯੋ ਯੋ ਦਾ ਤਾਂ ਨਹੀਂ!

ਤਾਜ਼ਾ ਖਬਰ ਹੈ ਕਿ ਇਕ ਗ਼ੈਰਤਮੰਦ ਸੰਸਥਾ ਦੀ ਸ਼ਿਕਾਇਤ 'ਤੇ ਹਾਈਕੋਰਟ ਦੇ ਹੁਕਮਾਂ ਤੋਂ ਬਾਅਦ ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ) ਦੀ ਪੁਲਿਸ ਨੇ ਉਹਦੇ ਖਿਲਾਫ ਕੇਸ ਦਰਜ ਕੀਤਾ ਹੈ। ਕਹਿੰਦੇ ਹਨ ਕਿ ਜਦੋਂ ਇਹ ਗੀਤ ਅਦਾਲਤ ਵਿਚ ਸੁਣਾਇਆ ਗਿਆ ਤਾਂ ਜੱਜਾਂ ਨੇ ਕੰਨਾਂ 'ਤੇ



*ਹਨੀ ਸਿੰਘ*

ਹੱਥ ਰੱਖ ਲਏ ਅਤੇ ਲਾਹਣਤਾਂ ਪਾਈਆਂ ਪੰਜਾਬ ਸਰਕਾਰ ਨੂੰ ਕਿ ਤੁਹਾਡੇ ਰਾਜ ਵਿਚ ਆਹ ਵਿਕਾਸ ਜਾਂ ਸੇਵਾ ਹੋ ਰਹੀ ਹੈ?

ਉਂਜ, ਮਸਲਾ ਇਹ ਵੀ ਹੈ ਕਿ ਪੰਜਾਬ ਵਿਚ ਅਤੇ ਵਿਦੇਸ਼ੀਂ ਵਸਦੇ ਕਈ ਸਰੋਤਿਆਂ, ਖਾਸ ਕਰ ਕੇ ਨੌਜਵਾਨ ਵਰਗ ਦੀ ਮਾਨਸਿਕ ਦਸ਼ਾ ਇੰਨੀ ਵਿਗੜ ਚੁੱਕੀ ਹੈ ਕਿ ਉਨ੍ਹਾਂ ਨੂੰ ਆਚਰਣ ਤੋਂ ਡਿੱਗੇ ਹੋਏ ਅਤਿ ਘਟੀਆ ਲਫ਼ਜ਼ਾਂ ਦੀ ਵੀ ਸਮਝ ਨਹੀਂ ਪੈਂਦੀ। ਹੋਰ ਤਾਂ ਹੋਰ, ਸਾਡੀਆਂ ਧੀਆਂ ਭੈਣਾਂ ਵੀ ਇਸ ਗੀਤ 'ਤੇ ਨੱਚਦੀਆਂ ਟੱਪਦੀਆਂ ਹਨ। ਇਸ ਲਈ ਜਿੰਨਾ ਚਿਰ ਨੌਜਵਾਨ ਵਰਗ ਇਹੋ ਜਿਹੇ ਬਦਇਖਲਾਕ ਲਿਖਣ ਤੇ ਗਾਉਣ ਵਾਲਿਆਂ ਦਾ ਬਾਈਕਾਟ ਨਹੀਂ ਕਰਦਾ, ਇਸ ਹਨੇਰੀ ਨੂੰ ਠੱਲ੍ਹ ਨਹੀਂ ਪੈ ਸਕਦੀ। ਦੂਜੇ ਬੰਨੇ, ਸਰਕਾਰਾਂ ਚਲਾਉਣ ਵਾਲੇ ਤਾਂ ਖੁਦ ਚਾਹੁੰਦੇ ਹਨ ਕਿ ਨੌਜਵਾਨ ਪੀੜ੍ਹੀ ਨਸ਼ਿਆਂ ਵਿਚ ਡੁੱਬ ਕੇ ਸੜਕਾਂ 'ਤੇ ਰੁਲਦੀ ਫਿਰੇ ਅਤੇ ਉਹ ਆਪਣਾ ਰਾਜ ਚਲਾਈ ਜਾਣ।

ਹੁਣ ਹੋਰ ਸੁਣੋ! ਜਲੰਧਰ ਪੁਲਿਸ ਦੇ ਸੀ.ਆਈ.ਏ. ਸਟਾਫ਼ ਵੱਲੋਂ ਕਸਟਮ ਅਧਿਕਾਰੀ ਸੁਪਰਡੈਂਟ ਗੁਰਦੇਵ ਸਿੰਘ ਦੀ ਗੱਡੀ ਵਿਚੋਂ ਦਸ ਕਿਲੋ ਹੈਰੋਇਨ ਫੜੀ ਗਈ ਜਿਸ ਦੀ ਕੀਮਤ ਪੰਜਾਹ ਕਰੋੜ ਰੁਪਏ ਹੈ। ਸਤਵੰਜਾ ਸਾਲਾ ਗੁਰਦੇਵ ਸਿੰਘ ਪੱਟੀ ਦਾ ਰਹਿਣ ਵਾਲਾ ਹੈ ਅਤੇ ਅਟਾਰੀ ਰੇਲਵੇ ਸਟੇਸ਼ਨ 'ਤੇ ਤਾਇਨਾਤ ਹੈ। ਚੰਗੇ ਕੰਮਾਂ ਕਰ ਕੇ ਰਾਸ਼ਟਰਪਤੀ ਮੈਡਲ ਵਿਜੇਤਾ ਵੀ ਹੈ। ਅੰਮ੍ਰਿਤਸਰ ਤੋਂ ਜਲੰਧਰ ਵੱਲ ਆਪਣੀ ਸਫ਼ਾਰੀ ਗੱਡੀ ਵਿਚ ਆਉਂਦੇ ਹੋਏ ਗੁਰਦੇਵ ਸਿੰਘ ਨੂੰ ਕਰਤਾਰਪੁਰ ਨੇੜੇ ਪੁਲਿਸ ਨੇ ਦਬੋਚ ਲਿਆ ਤੇ ਉਹਦੀ ਗੱਡੀ ਦੀ ਅਗਲੀ ਸੀਟ ਦੇ ਥੱਲਿਉਂ ਮਾਲ ਬਰਾਮਦ ਕਰ ਲਿਆ। ਦੱਸਿਆ ਜਾ ਰਿਹਾ ਹੈ ਕਿ ਗੁਰਦੇਵ ਸਿੰਘ ਦੇ ਨਸ਼ਾ ਤਸਕਰੀ ਦੇ ਵੱਡੇ ਵੱਡੇ ਸੌਦਾਗਰਾਂ ਨਾਲ ਸੰਪਰਕ ਹਨ। ਉਹਦੇ ਕੋਲੋਂ ਪਾਕਿਸਤਾਨ ਦਾ ਸਿਮ ਵੀ ਫੜਿਆ ਗਿਆ ਹੈ; ਕਿਉਂਕਿ ਉਹ ਜਦ ਪਾਕਿਸਤਾਨ ਦੇ ਸਮਗਲਰਾਂ ਨਾਲ ਸੰਪਰਕ ਕਰਦਾ ਸੀ ਤਾਂ ਇਹੀ ਸਿਮ ਵਰਤਦਾ ਸੀ। ਉਸ ਕੋਲੋਂ ਗੈਰਕਾਨੂੰਨੀ ਅਸਲਾ ਵੀ ਬਰਾਮਦ ਹੋਇਆ ਹੈ। ਗੁਰਦੇਵ ਸਿੰਘ ਪੁਲਿਸ ਦੇ ਕਈ ਵੱਡੇ ਅਫ਼ਸਰਾਂ ਦੀ ਸੇਵਾ ਅਤੇ ਮਦਦ ਵੀ ਰੱਜ ਕੇ ਕਰਦਾ ਸੀ ਤੇ ਉਨ੍ਹਾਂ ਦੇ ਬਾਹਰੋਂ ਆਉਂਦੇ ਮਹਿੰਗੇ ਸਾਮਾਨ ਬਿਨਾਂ ਕਸਟਮ ਦੇ ਲੰਘਾ ਕੇ ਖੁਸ਼ੀਆਂ ਪ੍ਰਾਪਤ ਕਰਦਾ ਸੀ।

ਹੁਣ ਜਦੋਂ ਗੁਰਦੇਵ ਸਿੰਘ ਫੜਿਆ ਗਿਆ ਤਾਂ ਸਾਰਿਆਂ ਨੇ ਨਜ਼ਰਾਂ ਫੇਰ ਲਈਆਂ ਹਨ। ਕੋਈ ਵੀ ਉਹਦੀ ਸਹਾਇਤਾ ਲਈ ਨਹੀਂ ਬਹੁੜਿਆ। ਹੁਣ ਪਤਾ ਨਹੀਂ ਕਿ ਉਹ ਅੱਗਿਉਂ ਕਿਹੜੇ ਕਿਹੜੇ ਯੋਧਿਆਂ ਦੇ ਭੇਤ ਖੋਲ੍ਹੇਗਾ ਤੇ ਕਿਹੜੇ ਕਿਹੜੇ ਪੰਜਾਬੀ ਸ਼ੇਰ ਇਸ ਭਾਈਵਾਲੀ ਵਿਚ ਹੋਰ ਸਾਹਮਣੇ ਆਉਣਗੇ? ਹੈ ਨਾ ਕਮਾਲ! ਰਾਸ਼ਟਰਪਤੀ ਐਵਾਰਡ ਵਾਲਾ ਬੰਦਾ ਕਿੱਧਰ ਜਾ ਰਿਹਾ ਹੈ!! ਅਸਲ ਵਿਚ ਇਹ ਉਹ ਲੋਕ ਹਨ ਜਿਹੜੇ ਮੁਖੌਟੇ ਪਾ ਕੇ ਦੇਸ਼, ਧਰਮ ਤੇ ਰੱਬ ਨੂੰ ਵੀ ਲੁੱਟ ਰਹੇ ਹਨ। ਸੋ, ਪੰਜਾਬੀਓ! ਹੁਣ ਜਾਗਣ ਦਾ ਵੇਲਾ ਹੈ। ਆਓ! ਜਾਗੋ!! ਮਾੜੇ ਕਰਮਾਂ ਤੋਂ ਕੰਨਾਂ ਨੂੰ ਹੱਥ ਲਾਓ!! ਆਪਣੇ ਪੁਰਖਿਆਂ ਦੇ ਮਾਣ ਨੂੰ ਸਤਿਕਾਰ ਦਿਓ।...ਤੇ ਪੰਜਾਬ ਨੂੰ ਕਲੰਕਤ ਹੋਣ ਤੋਂ ਬਚਾ ਲਓ!

# ਆਫੀਆ ਸਦੀਕੀ ਦਾ ਜਹਾਦ



1972 ਵਿਚ ਪਾਕਿਸਤਾਨ 'ਚ ਜਨਮੀ ਆਫੀਆ ਸਦੀਕੀ ਦੀ ਕਹਾਣੀ ਰੌਂਗਟੇ ਖੜ੍ਹੇ ਕਰਨ ਵਾਲੀ ਹੈ। ਅਮਰੀਕਾ ਵਿਚ ਪੜ੍ਹੀ ਇਹ ਹੋਣਕਾਰ ਕੁੜੀ ਪਹਿਲਾਂ ਡਾਕਟਰ, ਤੇ ਫਿਰ ਜਹਾਦੀ ਬਣੀ। ਆਫੀਆ ਦੀ ਇਹ ਕਹਾਣੀ ਅਸਲ ਵਿਚ ਉਸ ਪੀੜ੍ਹੀ ਦੀ ਹੋਣੀ ਦਾ ਬਿਆਨ ਹੈ ਜੋ ਜਹਾਦ ਦੇ ਨਾਂ ਹੇਠ ਰੜੇ ਮੈਦਾਨ ਵਿਚ ਕੁੱਦ ਪਏ ਪਰ ਕਿਸੇ ਤਣ-ਪੱਤਣ ਨਾ ਲੱਗ ਸਕੇ।

**ਕਿਸ਼ਤ ਅਠ੍ਹਾਰਵੀਂ**

## ਤੁਸੀਂ ਪੜ੍ਹ ਚੁੱਕੇ ਹੋ...

***ਪਾਕਿਸਤਾਨ 'ਚ ਆਫੀਆ ਦੀ ਮਾਂ ਇਸਮਤ ਜਹਾਨ, ਮਜ਼ਹਬੀ ਤਾਲੀਮ ਦੇ ਖੇਤਰ ਦੀ ਉਘੀ ਸ਼ਖਸੀਅਤ ਸੀ। ਇਸ ਮਜ਼ਹਬੀ ਤਾਲੀਮ ਦਾ ਆਫੀਆ ਉਤੇ ਬਹੁਤ ਗੂੜ੍ਹਾ ਰੰਗ ਚੜ੍ਹਿਆ। ਆਲੇ-ਦੁਆਲੇ ਦੇ ਮਾਹੌਲ ਨੇ ਵੀ ਅਸਰ ਪਾਇਆ। ਆਫੀਆ ਦੇ ਪਰਿਵਾਰ ਦਾ 'ਜਹਾਦੀ' ਜਨਰਲ ਜ਼ਿਆ-ਉਲ-ਹੱਕ ਅਤੇ ਹੋਰ ਕਹਿੰਦੇ-ਕਹਾਉਂਦੇ ਪਰਿਵਾਰਾਂ ਨਾਲ ਰਾਬਤਾ ਸੀ। ਫਿਰ ਉਹ ਪੜ੍ਹਾਈ ਲਈ ਅਮਰੀਕਾ ਪੁੱਜ ਗਈ। ਆਪਣੇ ਭਰਾ ਅਲੀ ਕੋਲ ਆਉਂਦੇ ਉਸ ਦੇ ਦੋਸਤਾਂ ਨਾਲ ਉਹ ਅਕਸਰ ਇਸਲਾਮ ਬਾਰੇ ਬਹਿਸਾਂ ਕਰਦੀ ਤੇ ਹਰ ਗੱਲ ਮਜ਼ਹਬ ਦੇ ਪ੍ਰਸੰਗ ਵਿਚ ਹੁੰਦੀ। ਇਸਲਾਮ ਉਸ ਨੂੰ ਦੁਨੀਆਂ ਦਾ ਨਿਆਰਾ ਅਤੇ ਬਿਹਤਰ ਮਜ਼ਹਬ ਜਾਪਦਾ। ਇਸੇ ਜੋਸ਼ ਵਿਚ ਉਹ ਦੂਜੇ ਮਜ਼ਹਬਾਂ ਦੀ ਕਦਰ ਕਰਨਾ ਵੀ ਭੁੱਲ ਜਾਂਦੀ। ਉਸ ਦੀ ਲੋਚਾ ਸੰਸਾਰ ਉਤੇ ਇਸਲਾਮ ਦਾ ਬੋਲਬਾਲਾ ਸੀ। ਉਹ ਬੋਸਟਨ ਦੀ ਮੈਸਾਚੂਸੈਟਸ ਇੰਸੀਚਿਊਟ ਆਫ ਟੈਕਨਾਲੋਜੀ ਵਿਚ ਦਾਖਲ ਹੋਈ ਤਾਂ ਉਸ ਦਾ ਸੰਪਰਕ ਮੁਸਲਿਮ ਸਟੂਡੈਂਟਸ ਐਸੋਸੀਏਸ਼ਨ ਨਾਲ ਹੋਇਆ ਤੇ ਫਿਰ ਜਹਾਦੀਆਂ ਨਾਲ ਜਿਨ੍ਹਾਂ ਦਾ ਨਾਅਰਾ ਵੱਧ ਤੋਂ ਵੱਧ ਕਾਫਰ ਮਾਰਨ ਦਾ ਸੀ। 1993 ਦੀਆਂ ਛੁੱਟੀਆਂ ਵਿਚ ਆਫੀਆ ਪਾਕਿਸਤਾਨ ਗਈ ਅਤੇ ਤਕਰੀਰਾਂ ਕੀਤੀਆਂ। ਵਾਪਸੀ ਵੇਲੇ ਉਹ ਅਤਿਅੰਤ ਊਰਜਾ ਨਾਲ ਭਰੀ ਪਈ ਸੀ। ਉਹ ਜਹਾਦ ਨਾਲ ਹੋਰ ਡੂੰਘਾ ਜੁੜ ਗਈ। ਘਰਵਾਲਿਆਂ ਦੇ ਕਹਿਣ 'ਤੇ ਉਸ ਦਾ ਨਿਕਾਹ ਅਹਿਮਦ ਮੁਹੰਮਦ ਖਾਨ ਨਾਲ ਪੜ੍ਹਿਆ ਗਿਆ। ਫਿਰ 9/11 ਵਾਲਾ ਭਾਣਾ ਵਰਤ ਗਿਆ। ਜਹਾਦ ਦੇ ਮਾਮਲੇ ਬਾਰੇ ਦੋਹਾਂ ਵਿਚਕਾਰ ਪਾੜਾ ਲਗਾਤਾਰ ਵਧਣ ਲੱਗ ਪਿਆ ਤੇ ਆਖਰਕਾਰ ਦੋਵੇਂ ਵੱਖ ਹੋ ਗਏ। ਅਮਜਦ ਖਾਨ ਨੇ ਇਕ ਹੋਰ ਕੁੜੀ ਨਾਲ ਨਿਕਾਹ ਕਰਵਾ ਲਿਆ। ਫਿਰ ਵਾਪਸ ਪਾਕਿਸਤਾਨ ਪੁੱਜੀ ਆਫੀਆ ਦਾ ਸਿੱਧਾ ਸੰਪਰਕ ਅਲ-ਕਾਇਦਾ ਦੇ ਅਹਿਮ ਬੰਦਿਆਂ ਨਾਲ ਹੋ ਗਿਆ। ਇਹ ਬੰਦੇ ਅਮਰੀਕਾ ਵਿਚ ਦੂਜੇ ਵੱਡੇ ਹਮਲੇ ਦੀ ਤਿਆਰੀ ਕਰ ਰਹੇ ਸਨ ਕਿ ਐਫ.ਬੀ.ਆਈ. ਨੇ ਸਾਰੀ ਸੂਹ ਕੱਢ ਲਈ। 9/11 ਹਮਲਿਆਂ ਦੇ ਸੂਤਰਧਾਰ ਖਾਲਿਦ ਸ਼ੇਖ ਮੁਹੰਮਦ ਫੜਿਆ ਗਿਆ। ਹੋਰ ਗ੍ਰਿਫਤਾਰੀਆਂ ਵੀ ਹੋਈਆਂ, ਪਰ ਆਫੀਆ ਘਰੋਂ ਫਰਾਰ ਹੋ ਗਈ।...ਹੁਣ ਅੱਗੇ ਪੜ੍ਹੋ...***

2008 'ਚ ਜਨਵਰੀ ਮਹੀਨੇ ਦੇ ਇੱਕ ਦਿਨ ਐਸ.ਐਚ. ਫਾਰੂਕੀ ਪਾਕਿਸਤਾਨ 'ਚ ਆਪਣੇ ਘਰ ਬੈਠਾ ਟੀ.ਵੀ. ਵੇਖ ਰਿਹਾ ਸੀ। ਦੁਪਹਿਰ ਵੇਲੇ ਉਸ ਦੇ ਘਰ ਦੀ ਡੋਰ ਬੈੱਲ ਵੱਜੀ ਤਾਂ ਉਸ ਦੀ ਬੇਗਮ ਨੇ ਦਰਵਾਜ਼ੇ 'ਚੋਂ ਬਾਹਰ ਵੇਖਿਆ। ਕਿਸੇ ਅਜਨਬੀ ਨੂੰ ਬਾਹਰ ਖੜ੍ਹਾ ਵੇਖ ਕੇ ਉਸ ਨੇ ਇਸ ਬਾਰੇ ਘਰਵਾਲੇ ਨੂੰ ਦੱਸਿਆ। ਫਾਰੂਕੀ ਟੀ.ਵੀ. ਦੀ ਆਵਾਜ਼ ਘਟਾਉਂਦਾ ਬਾਹਰ ਆਇਆ। ਉਸ ਨੇ ਦਰਵਾਜ਼ਾ ਖੋਲ੍ਹਿਆ ਤਾਂ ਸਾਹਮਣੇ ਟੈਕਸੀ ਡਰਾਈਵਰ ਖੜ੍ਹਾ ਸੀ। ਟੈਕਸੀ ਡਰਾਈਵਰ ਨੇ ਕਿਹਾ ਕਿ ਉਸ ਦੀ ਟੈਕਸੀ 'ਚ ਇੱਕ ਔਰਤ ਬੈਠੀ ਹੈ ਜੋ ਉਸ ਨੂੰ ਮਿਲਣਾ ਚਾਹੁੰਦੀ ਹੈ। ਫਾਰੂਕੀ ਹੈਰਾਨ ਹੁੰਦਾ ਟੈਕਸੀ ਕੋਲ ਆਇਆ ਤੇ ਅੰਦਰ ਵੇਖਣ ਲੱਗਿਆ।



**ਹਰਮਹਿੰਦਰ ਚਹਿਲ**
**ਫੋਨ: 703-362-3239**
e-mail: chahals57@yahoo.com

"ਅੰਕਲ ਮੈਂ ਆਂ।" ਇਸ ਆਵਾਜ਼ ਨੇ ਫਾਰੂਕੀ ਦੇ ਰੌਂਗਟੇ ਖੜ੍ਹੇ ਕਰ ਦਿੱਤੇ। ਔਰਤ ਨੇ ਭਾਵੇਂ ਆਪਣੇ ਆਪ ਨੂੰ ਬੁਰਕੇ ਵਿਚ ਲਪੇਟਿਆ ਹੋਇਆ ਸੀ ਪਰ ਇਹ ਕਿਵੇਂ ਹੋ ਸਕਦਾ ਸੀ ਕਿ ਮਾਮਾ ਆਪਣੀ ਭਾਣਜੀ ਨੂੰ ਨਾ ਪਛਾਣਦਾ! ਉਂਜ ਤਾਂ ਉਸ ਨੂੰ ਆਵਾਜ਼ ਤੋਂ ਹੀ ਅੰਦਾਜ਼ਾ ਹੋ ਗਿਆ ਸੀ, ਪਰ ਉਸ ਦੀਆਂ ਅੱਖਾਂ ਵੱਲ ਵੇਖ ਕੇ ਉਸ ਨੂੰ ਪੱਕਾ ਯਕੀਨ ਹੋ ਗਿਆ ਕਿ ਇਹ ਆਫੀਆ ਹੀ ਹੈ।

"ਆਫੀਆ ਬੇਟੀ, ਅੰਦਰ ਘਰੇ ਚੱਲ।" ਪਛਾਣਨ ਤੋਂ ਬਾਅਦ ਉਸ ਨੇ ਮੋਹ ਭਿੱਜੇ ਲਫਜ਼ਾਂ 'ਚ ਕਿਹਾ।

"ਮਾਮੂਜਾਨ ਇਸ ਵੇਲੇ ਮੈਂ ਘਰੇ ਨ੍ਹੀਂ ਜਾ ਸਕਦੀ। ਜੇ ਹੋ ਸਕਦਾ ਐ ਤਾਂ ਆਪ ਮੇਰੇ ਨਾਲ ਚੱਲੋ। ਆਪਾਂ ਬਾਹਰ ਕਿਧਰੇ ਨਿਵਕਲੇ ਬੈਠ ਕੇ ਗੱਲ ਕਰਾਂਗੇ।" ਐਸ.ਐਚ. ਫਾਰੂਕੀ ਨੇ ਪਲ ਭਰ ਸੋਚਿਆ ਤੇ ਫਿਰ ਆਫੀਆ ਨਾਲ ਟੈਕਸੀ 'ਚ ਬੈਠ ਗਿਆ। ਉਹ ਕਿਸੇ ਰੈਸਟੋਰੈਂਟ ਜਾ ਪਹੁੰਚੇ।

"ਆਫੀਆ ਬੇਟੀ ਤੂੰ ਪਿਛਲੇ ਪੰਜ ਸਾਲਾਂ ਤੋਂ ਕਿੱਥੇ ਸੀ?" ਮੌਕਾ ਮਿਲਦਿਆਂ ਹੀ ਫਾਰੂਕੀ ਨੇ ਗੱਲ ਛੇੜੀ।

"ਮਾਮੂਜਾਨ ਕੁਛ ਨਾ ਈ ਪੁੱਛੋ ਤਾਂ ਚੰਗਾ ਐ।"

"ਨ੍ਹੀਂ ਬੇਟੀ ਅਸੀਂ ਸਾਰੇ ਤੇਰੇ ਲਈ ਬਹੁਤ ਪਰੇਸ਼ਾਨ ਆਂ। ਤੂੰ ਕੁਛ ਨਾ ਕੁਛ ਤਾਂ ਦੱਸ।"

"ਮਾਮੂਜਾਨ...।" ਆਫੀਆ ਗੱਲ ਸ਼ੁਰੂ ਕਰਦਿਆਂ ਆਪਣੇ ਮਾਮੇ ਵੱਲ ਵੇਖਦਿਆਂ ਪਲ ਭਰ ਰੁਕੀ ਤੇ ਫਿਰ ਅੱਗੇ ਦੱਸਣ ਲੱਗੀ, "ਅੰਕਲ ਮੈਂ ਕਿਸੇ ਚੈਰਿਟੀ ਦੀ ਮੀਟਿੰਗ 'ਚ ਹਿੱਸਾ ਲੈਣ ਕਰਾਚੀ ਹੀ ਕਿਸੇ ਦੇ ਘਰ ਗਈ ਸੀ ਕਿ ਉਥੇ ਪੁਲਿਸ ਨੇ ਰੇਡ ਕਰ ਦਿੱਤੀ। ਉਸ ਦੇ ਨਾਲ ਅਮਰੀਕਨ ਐਫ.ਬੀ.ਆਈ. ਵੀ ਸੀ। ਹੋਰਨਾਂ ਦੇ ਨਾਲ ਉਨ੍ਹਾਂ ਮੈਨੂੰ ਵੀ ਫੜ ਲਿਆ। ਪਿੱਛੋਂ ਮੈਨੂੰ ਆਈ.ਐਸ.ਆਈ. ਹਵਾਲੇ ਕਰ ਦਿੱਤਾ ਗਿਆ।

"ਇਹ ਵਾਕਿਆ ਕਿਸ ਦਿਨ ਵਾਪਰਿਆ?" ਫਾਰੂਕੀ ਗਹੁ ਨਾਲ ਆਫੀਆ ਵੱਲ ਝਾਕਿਆ।

"ਜੀ ਇਹ 29 ਅਪਰੈਲ 2002 ਦੀ ਗੱਲ ਐ।"

"ਪਰ ਤੂੰ ਤਾਂ 30 ਮਾਰਚ ਵਾਲੇ ਦਿਨ ਆਪਣੀ ਮਾਂ ਨੂੰ ਇਹ ਕਹਿ ਕੇ ਘਰੋਂ ਨਿਕਲੀ ਸੀ ਕਿ ਤੂੰ ਮੇਰੇ ਵੱਲ ਆ ਰਹੀ ਐਂ।"

"ਮਾਮੂਜਾਨ ਉਹ ਗੱਲ ਵੀ ਸਹੀ ਐ।"

"ਫਿਰ ਇਹ ਮਹੀਨਾ ਭਰ ਤੂੰ ਕਿੱਥੇ ਰਹੀ? ਮੇਰਾ ਮਤਲਬ, ਤੂੰ ਨਾ ਮੇਰੇ ਕੋਲ ਆਈ ਤੇ ਨਾ ਹੀ ਤੇਰਾ ਕਿਧਰੇ ਹੋਰ ਕਿਤੇ ਪਤਾ ਚੱਲਿਆ।"

"ਮਾਮੂਜਾਨ ਉਹ...।" ਆਫੀਆ ਗੱਲ ਕਰਦੀ-ਕਰਦੀ ਚੁੱਪ ਹੋ ਗਈ।

"ਹਾਂ ਬੇਟੇ ਦੱਸ ਨਾ ਕਿ ਇਸ ਵਿਚਕਾਰ ਕੀ ਵਾਪਰਿਆ?"

"ਮਾਮੂ ਤੁਸੀਂ ਉਨ੍ਹਾਂ ਦਿਨਾਂ ਦੀ ਗੱਲ ਨਾ ਛੇੜੋ। ਮੈਨੂੰ ਆਪਣੀ ਗੱਲ ਆਪਣੇ ਢੰਗ ਨਾਲ ਕਹਿਣ ਦਿਓ ਪਲੀਜ਼। ਮੈਂ ਬਹੁਤ ਪਰੇਸ਼ਾਨ ਆਂ।"

ਫਾਰੂਕੀ ਕੁਝ ਨਾ ਬੋਲਿਆ, ਪਰ ਉਹ ਸਮਝ ਗਿਆ ਕਿ ਇਹ ਜੋ ਤੀਹ ਮਾਰਚ ਤੋਂ ਲੈ ਕੇ 29 ਅਪਰੈਲ ਤੱਕ ਦਾ ਵਕਫਾ ਹੈ, ਇਸ ਵਿਚਕਾਰ ਜ਼ਰੂਰ ਕੁਝ ਹੋਰ ਵਾਪਰਿਆ ਹੈ ਜਿਸ ਬਾਰੇ ਆਫੀਆ ਸ਼ਾਇਦ ਗੱਲ ਨਹੀਂ ਕਰਨਾ ਚਾਹੁੰਦੀ। ਉਸ ਨੇ ਇਸ਼ਾਰੇ ਨਾਲ ਉਸ ਨੂੰ ਆਪਣੀ ਗੱਲ ਚਾਲੂ ਰੱਖਣ ਨੂੰ ਕਿਹਾ ਤਾਂ ਆਫੀਆ ਫਿਰ ਬੋਲਣ ਲੱਗੀ, "ਹੁਣ ਮੈਨੂੰ ਲੱਗਦਾ ਐ ਕਿ ਉਹ ਪਹਿਲਾਂ ਤੋਂ ਹੀ ਮੇਰੀ ਭਾਲ ਕਰ ਰਹੇ ਸਨ। ਆਈ.ਐਸ.ਆਈ. ਵਾਲੇ ਮੈਨੂੰ ਆਪਣੇ ਕਿਸੇ ਗੁਪਤ ਟਿਕਾਣੇ 'ਤੇ ਲੈ ਗਏ। ਉਥੇ ਮੈਨੂੰ ਮੇਰੇ ਬੱਚਿਆਂ ਨਾਲੋਂ ਨਿਖੇੜ ਦਿੱਤਾ ਗਿਆ। ਅਗਲੇ ਦਿਨ ਉਹ ਮੈਨੂੰ ਅਫਗਾਨਿਸਤਾਨ ਦੇ ਬਗਰਾਮ ਏਅਰਬੇਸ ਲੈ ਗਏ ਜਿਥੇ ਅਮਰੀਕਾ ਦਾ ਵੱਡਾ ਅੱਡਾ ਐ।"

"ਫਿਰ...?" ਆਫੀਆ ਬੋਲਦੀ-ਬੋਲਦੀ ਚੁੱਪ ਹੋਈ ਤਾਂ ਫਾਰੂਕੀ ਵਿਚਕਾਰ ਬੋਲਿਆ।

"ਉਥੇ ਮੈਨੂੰ ਚਾਰ ਸਾਲ ਰੱਖਿਆ ਗਿਆ। ਉਨਾਂ ਮੈਨੂੰ ਬੇਤਹਾਸ਼ਾ ਤਸੀਹੇ ਦਿੱਤੇ।"

"ਕੌਣ ਸਨ ਉਹ ਲੋਕ? ਮੇਰਾ ਮਤਲਬ ਆਈ.ਐਸ.ਆਈ. ਜਾਂ ਅਮਰੀਕਨ ਏਜੰਸੀਆਂ?"

"ਦੋਨੋਂ ਈ।"

"ਉਨ੍ਹਾਂ ਤੈਨੂੰ ਕੁੱਟਿਆ ਮਾਰਿਆ?"

"ਮਾਮੂ ਕੁੱਟ ਮਾਰ ਤਾਂ ਸ਼ਾਇਦ ਮੈਂ ਬਰਦਾਸ਼ਤ ਕਰ ਜਾਂਦੀ, ਪਰ ਉਨ੍ਹਾਂ ਦਾ ਤਸ਼ੱਦਦ ਜ਼ਿਆਦਾ ਮਾਨਸਿਕ ਸੀ। ਮੈਨੂੰ ਕਈ ਵਾਰੀ ਬਹੁਤ ਹੀ ਛੋਟੇ ਸਾਈਜ਼ ਦੇ ਡੱਬੇ 'ਚ ਲਗਾਤਾਰ ਦੋ-ਦੋ ਦਿਨ ਖੜ੍ਹਾ ਰੱਖਿਆ ਜਾਂਦਾ ਸੀ। ਉਹ ਇੰਨਾ ਭੀੜਾ ਹੁੰਦਾ ਸੀ ਕਿ ਮੈਂ ਦੋ ਦਿਨ ਬੈਠ ਨਾ ਸਕਦੀ ਤੇ ਲੱਤਾਂ ਆਕੜ ਜਾਂਦੀਆਂ। ਕਈ ਵਾਰੀ ਲੋਹੇ ਦਾ ਅਜਿਹਾ ਈ ਇੱਕ ਹੋਰ ਕਮਰਾ ਹੁੰਦਾ ਜਿਹੜਾ ਗਰਮੀਆਂ ਦੇ ਦਿਨੀਂ ਅੱਗ ਵਾਂਗੂੰ ਤਪਦਾ ਸੀ, ਮੈਨੂੰ ਉਥੇ ਬੰਦ ਕਰ ਦਿੱਤਾ ਜਾਂਦਾ। ਜਿਹੜਾ ਗਰਮੀ ਬੁਰਾ ਹਾਲ ਕਰਦੀ ਸੀ, ਉਹ ਤਾਂ ਕਰਦੀ ਈ ਸੀ ਪਰ ਇਸ ਤੋਂ ਬਿਨਾਂ ਉਥੇ ਅੰਤਾਂ ਦੀਆਂ ਤੇਜ਼ ਰੋਸ਼ਨੀਆਂ ਹੁੰਦੀਆਂ ਸਨ ਜੋ ਅੱਖਾਂ ਪਾਟਣ ਵਾਲੀਆਂ ਕਰ ਦਿੰਦੀਆਂ। ਸਾਰਾ ਦਿਨ ਬਹੁਤ ਉਚਾ, ਭੱਦਾ ਤੇ ਕੰਨ ਪਾੜਵਾਂ ਮਿਊਜ਼ਕ ਵੱਜਦਾ ਰਹਿੰਦਾ। ਕਈ-ਕਈ ਦਿਨ ਮੈਂ ਸੌਂ ਹੀ ਨਾ ਸਕਦੀ। ਮੈਨੂੰ ਉਹ ਉਥੋਂ ਕੱਢਦੇ ਤਾਂ ਨੇੜਲੇ ਤਲਾਅ ਵਿਚ ਲੈਂ ਜਾਂਦੇ ਜਿਥੇ ਦੋ-ਦੋ ਮਿੰਟ ਅੰਦਰ ਡਬੋਈ ਰੱਖਦੇ। ਜਾਂ ਫਿਰ ਲੱਕੜ ਦੇ ਫੱਟੇ ਨਾਲ ਬੰਨ੍ਹ ਕੇ ਮੂੰਹ ਸਿਰ ਲਪੇਟ ਦਿੰਦੇ ਤੇ ਉਪਰੋਂ ਪਾਣੀ ਪਾਉਣਾ ਸ਼ੁਰੂ ਕਰ ਦਿੰਦੇ। ਸਾਹ ਬੰਦ ਹੋ ਜਾਂਦਾ ਤੇ ਨਾਲ ਹੀ ਮੂੰਹ 'ਤੇ ਲਗਾਤਾਰ ਪਾਣੀ ਪੈਂਦੇ ਰਹਿਣ ਕਾਰਨ ਡੁੱਬਣ ਦਾ ਅਹਿਸਾਸ ਹੋਣ ਲੱਗਦਾ ਜਿਹੜਾ ਜਾਨ ਕੱਢ ਦਿੰਦਾ ਸੀ। ਇਹ ਕੋਈ ਇੱਕ ਦਿਨ ਦਾ ਕੰਮ ਨ੍ਹੀਂ ਸੀ। ਇਹ ਹਰ ਰੋਜ਼ ਹੁੰਦਾ ਸੀ ਅਤੇ ਇਹ ਲਗਾਤਾਰ ਚਾਰ ਸਾਲ ਚੱਲਦਾ ਰਿਹਾ...।" ਆਫੀਆ ਗੱਲ ਵਿਚਾਲੇ ਛੱਡਦਿਆਂ ਜ਼ਰਾ ਕੁ ਰੁਕੀ ਤੇ ਆਲੇ ਦੁਆਲੇ ਵੇਖਦਿਆਂ ਫਿਰ ਬੋਲੀ, "ਮਾਮੂਜਾਨ ਮੇਰੇ 'ਤੇ ਉਥੇ ਹੋਰ ਬੜੇ ਭੈੜੇ ਤਸ਼ੱਦਦ ਹੋਏ ਜੋ ਬਿਆਨੋਂ ਬਾਹਰ ਹਨ।"

"ਆਫੀਆ ਬੇਟੀ ਤੇਰੇ 'ਤੇ ਇੰਨਾ ਜ਼ੁਲਮ ਹੋਇਆ...!" ਫਾਰੂਕੀ ਦਾ ਦਿਲ ਭਰ ਆਇਆ।

"ਮਾਮੂਜਾਨ ਇਹ ਅਫਸੋਸ ਵਾਲੀ ਗੱਲ ਨ੍ਹੀਂ ਐ, ਕਿਉਂਕਿ ਜਹਾਦ ਦੇ ਰਾਹ ਚੱਲਦਿਆਂ ਅਜਿਹਾ ਤਾਂ ਹੋਣਾ ਈ ਹੁੰਦਾ ਐ, ਪਰ ਮੈਨੂੰ ਮਾਣ ਐ ਕਿ ਮੈਂ ਇਹ ਸਭ ਕੁਛ ਬਰਦਾਸ਼ਤ ਕੀਤਾ, ਤੇ ਇਰਾਦੇ ਤੋਂ ਨ੍ਹੀਂ ਡੋਲੀ।"

"ਪਰ ਉਹ ਤੈਥੋਂ ਚਾਹੁੰਦੇ ਕੀ ਸਨ?"

"ਉਹ ਮੈਨੂੰ ਡਬਲ ਏਜੰਟ ਬਣਾ ਕੇ ਆਪਣੇ ਈ ਜਹਾਦੀ ਭੈਣ-ਭਰਾਵਾਂ ਦੇ ਉਲਟ ਵਰਤਣਾ ਚਾਹੁੰਦੇ ਸਨ।"

"ਫਿਰ ਅੱਗੇ ਕੀ ਹੋਇਆ?"



***ਅੰਦਰ ਜਾਂਦਿਆਂ ਹੀ ਆਫੀਆ ਨੇ ਸੁੱਕ ਕੇ ਤਾਂਬੜ ਬਣ ਚੁੱਕੀ ਮਾਂ ਵੱਲ ਵੇਖਿਆ। ਆਫੀਆ ਦੇ ਹੰਝੂ ਛਲਕ ਆਏ। ਇਸਮਤ ਧਾਹ ਮਾਰ ਕੇ ਉਠੀ ਤੇ ਆਫੀਆ ਨੂੰ ਚੰਬੜ ਗਈ। "ਹਾਏ ਨੀ ਧੀਏ ਤੂੰ ਕਿਨ੍ਹਾਂ ਔਜੜ ਰਾਹਾਂ 'ਤੇ ਤੁਰ ਪਈ?" ਰੋਂਦਿਆਂ ਇਸਮਤ ਨੇ ਆਫੀਆ ਨੂੰ ਬਾਹਾਂ 'ਚ ਲਪੇਟ ਲਿਆ। ਆਫੀਆ ਨੇ ਕੁਝ ਕਹਿਣਾ ਚਾਹਿਆ ਪਰ ਮੂੰਹੋਂ ਬੋਲ ਨਾ ਫੁੱਟੇ ਤੇ ਉਚੀ-ਉਚੀ ਰੋਣ ਲੱਗੀ। ਦੋ-ਚਾਰ ਮਿੰਟ ਮਾਂਵਾਂ-ਧੀਆਂ ਵੈਰਾਗ ਦੇ ਹੰਝੂ ਵਹਾਉਂਦੀਆਂ ਰਹੀਆਂ।***

"ਮਾਮੂ ਜੋ ਵੀ ਜ਼ੁਲਮੋ-ਸਿਤਮ ਮੇਰੇ 'ਤੇ ਹੋਇਆ, ਉਹ ਮੈਂ ਅੱਲਾ ਦਾ ਹੁਕਮ ਸਮਝ ਕੇ ਸਭ ਝੱਲਿਆ, ਪਰ ਆਖਰ ਉਨ੍ਹਾਂ ਅਜਿਹਾ ਢੰਗ ਲੱਭਿਆ ਕਿ ਮੈਂ ਇੱਕ ਦਿਨ ਵਿਚ ਹੀ ਟੁੱਟ ਗਈ।"

"ਉਹ ਕੀ?"

"ਜੋ ਜ਼ੁਲਮ ਉਹ ਮੇਰੇ 'ਤੇ ਕਰਦੇ ਸਨ, ਉਹੀ ਉਨ੍ਹਾਂ ਮੇਰੇ ਬੱਚਿਆਂ 'ਤੇ ਸ਼ੁਰੂ ਕਰਨ ਦਾ ਡਰਾਵਾ ਦਿੱਤਾ। ਬੱਸ ਇਹੀ ਗੱਲ ਮੈਥੋਂ ਬਰਦਾਸ਼ਤ ਨਾ ਹੋਈ ਤੇ ਮੈਂ ਉਨ੍ਹਾਂ ਦੀ ਗੱਲ ਮੰਨਣ ਲਈ ਮਜਬੂਰ ਹੋ ਗਈ, ਕਿਉਂਕਿ ਮੈਂ ਜਾਣਦੀ ਸੀ ਕਿ ਮੇਰੇ ਬੱਚੇ ਉਨ੍ਹਾਂ ਦੇ ਕਬਜ਼ੇ 'ਚ ਆ ਚੁੱਕੇ ਨੇ। ਫਿਰ ਮੈਂ ਡਬਲ ਏਜੰਟ ਬਣਨ ਲਈ ਹਾਮੀ ਭਰ ਦਿੱਤੀ। ਵੈਸੇ ਉਨ੍ਹਾਂ ਦੇ ਭਾਅ ਦੀ ਮੈਂ ਡਬਲ ਏਜੰਟ ਬਣ ਗਈ, ਪਰ ਮੈਨੂੰ ਲੱਗਿਆ ਕਿ ਇਸ ਤਰੀਕੇ ਵੀ ਮੈਂ ਜਹਾਦ ਦਾ ਕੰਮ ਹੀ ਕਰ ਰਹੀ ਹੋਵਾਂਗੀ।"

"ਉਹ ਕਿਵੇਂ?"

"ਕਿਉਂਕਿ ਮੈਂ ਕੁਝ ਹੋਰ ਸੋਚਿਆ ਸੀ। ਮੈਨੂੰ ਉਨ੍ਹਾਂ ਆਈ.ਐਸ.ਆਈ. ਦੀ ਏਜੰਟ ਬਣਾ ਲਿਆ ਤੇ ਕਿਹਾ ਕਿ ਇਸ ਗੱਲ ਨੂੰ ਭੇਤ ਰੱਖਦਿਆਂ ਮੈਂ ਉਨ੍ਹਾਂ ਦੇ ਬੰਦੇ ਅਲ-ਕਾਇਦਾ ਵਿਚ ਦਾਖਲ ਕਰਾਵਾਂ। ਉਨ੍ਹਾਂ ਨੇ ਮੈਨੂੰ ਨਵੀਂ ਪਛਾਣ ਦੇ ਕੇ ਇਸਲਾਮਾਬਾਦ ਭੇਜ ਦਿੱਤਾ। ਮੈਂ ਉਨ੍ਹਾਂ ਦਾ ਕੰਮ ਵੀ ਕਰਦੀ ਰਹੀ ਤੇ ਨਾਲ ਹੀ ਆਪਣੀ ਸੋਚੀ ਸਕੀਮ ਮੁਤਾਬਕ, ਅਲ-ਕਾਇਦਾ ਨੂੰ ਆਈ.ਐਸ.ਆਈ. ਦੇ ਭੇਤ ਦਿੰਦੀ ਰਹੀ। ਇਹ ਕੰਮ ਬੜਾ ਜ਼ੋਖਮ ਭਰਿਆ ਸੀ, ਕਿਉਂਕਿ ਚੌਵੀ ਘੰਟੇ ਆਈ.ਐਸ.ਆਈ. ਦੇ ਬੰਦੇ ਮੇਰੇ ਆਲੇ ਦੁਆਲੇ ਰਹਿੰਦੇ ਸਨ। ਇਸੇ ਦੌਰਾਨ ਕੁਝ ਦੇਰ ਪਿੱਛੋਂ ਮੈਨੂੰ ਪਾਕਿਸਤਾਨ ਦੀ ਫੈਡਰਲ ਇਨਵੈਸਟੀਗੇਸ਼ਨ ਏਜੰਸੀ ਨੇ ਗ੍ਰਿਫਤਾਰ ਕਰ ਲਿਆ।"

"ਉਹ ਹੋ! ਫਿਰ ਕੀ ਹੋਇਆ?"

"ਫਿਰ ਉਨ੍ਹਾਂ ਵੀ ਮੈਨੂੰ ਉਹੀ ਕੰਮ ਕਰਨ ਨੂੰ ਕਿਹਾ ਜੋ ਆਈ.ਐਸ.ਆਈ. ਕਰਵਾ ਰਹੀ ਸੀ, ਜਾਣੀ ਕਿ ਡਬਲ ਏਜੰਟ। ਮੈਨੂੰ ਨਵੀਂ ਪਛਾਣ ਦੇ ਕੇ ਇਹ ਏਜੰਸੀ ਮੈਥੋਂ ਆਪਣੇ ਲਈ ਕੰਮ ਕਰਵਾਉਣ ਲੱਗੀ। ਹੁਣ ਵੀ ਮੈਂ ਉਥੇ ਈ ਆਂ, ਪਰ ਮੈਨੂੰ ਪਤਾ ਐ ਕਿ ਇਹ ਕੰਮ ਜ਼ਿਆਦਾ ਦੇਰ ਨ੍ਹੀਂ ਚੱਲ ਸਕੇਗਾ। ਇਸੇ ਲਈ ਮੈਂ ਤਾਕ 'ਚ ਸੀ ਕਿ ਕਦੋਂ ਮੌਕਾ ਮਿਲੇ ਤੇ ਇੱਥੋਂ ਭੱਜਾਂ। ਅੱਜ ਉਨ੍ਹਾਂ ਦੇ ਨਿਗਰਾਨਾਂ ਦੇ ਅੱਖੀਂ ਘੱਟਾ ਪਾ ਕੇ ਮੈਂ ਭੱਜ ਆਈ ਆਂ।"

"ਹੁਣ ਫਿਰ ਅੱਗੇ ਤੂੰ ਕੀ ਕਰਨਾ ਚਾਹੁੰਨੀ ਐਂ?"

"ਅੰਕਲ ਜੇ ਮੈਂ ਇੱਥੇ ਰਹੀ ਤਾਂ ਮੈਨੂੰ ਫਿਰ ਤੋਂ ਕਿਸੇ ਨਾ ਕਿਸੇ ਏਜੰਸੀ ਨੇ ਗ੍ਰਿਫਤਾਰ ਕਰ ਲੈਣੈਂ ਤੇ ਫਿਰ ਤੋਂ ਜਸੂਸੀ ਦਾ ਉਹੀ ਕੰਮ ਕਰਵਾਉਣਾ ਐ। ਤੁਹਾਨੂੰ ਪਤਾ ਈ ਐ ਕਿ ਇਸ ਕੰਮ 'ਚ ਕਿੰਨਾ ਜ਼ੋਖਮ ਐ। ਮੈਂ ਇਹ ਵੀ ਜਾਣਦੀ ਆਂ ਕਿ ਜਦੋਂ ਈ ਪਾਕਿਸਤਾਨੀ ਏਜੰਸੀਆਂ ਦਾ ਕੰਮ ਨਿਕਲ ਗਿਆ ਤਾਂ ਉਨ੍ਹਾਂ ਮੈਨੂੰ ਅਮਰੀਕਨਾਂ ਦੇ ਹਵਾਲੇ ਕਰ ਦੇਣਾ ਐ। ਤੇ ਉਨ੍ਹਾਂ ਨੇ ਮੇਰੇ 'ਤੇ ਕੋਈ ਨਾ ਕੋਈ ਚਾਰਜ ਲਾ ਕੇ ਸਦਾ ਲਈ ਜੇਲ੍ਹ 'ਚ ਬੰਦ ਕਰ ਦੇਣੈ। ਇਸ ਕਰ ਕੇ ਮੈਂ ਚਾਹੁੰਨੀ ਆਂ ਕਿ ਇਸ ਸਭ ਤੋਂ ਦੂਰ ਕਿਸੇ ਅਜਿਹੀ ਜਗ੍ਹਾ ਚਲੀ ਜਾਵਾਂ ਜਿਥੇ ਮੈਨੂੰ ਇਨ੍ਹਾਂ ਦਾ ਡਰ ਨਾ ਹੋਵੇ। ਜਿਥੇ ਮੈਨੂੰ ਇਹ ਨਾ ਰਹੇ ਕਿ ਕੋਈ ਆਪਣਾ ਈ ਮੇਰੇ ਨਾਲ ਦਗਾ ਕਮਾ ਕੇ ਮੈਨੂੰ ਫੜਾ ਦੇਵੇਗਾ।"

"ਅਜਿਹੀ ਜਗ੍ਹਾ ਫਿਰ ਕਿਹੜੀ ਹੋ ਸਕਦੀ ਐ?"

"ਮਾਮੂ ਇਸ ਵੇਲੇ ਜੇ ਮੈਨੂੰ ਕੋਈ ਢੁਕਵੀਂ ਥਾਂ ਦਿਸਦੀ ਐ ਤਾਂ ਉਹ ਐ ਅਫਗਾਨਿਸਤਾਨ ਦੇ ਤਾਲਿਬਾਨ, ਪਰ ਮੇਰਾ 'ਕੱਲੀ ਦਾ ਉਥੇ ਪਹੁੰਚਣਾ ਸੁਖਾਲਾ ਨ੍ਹੀਂ।"

"ਆਫੀਆ ਬੇਟੀ ਮੈਂ ਤਾਂ ਕਹਿੰਨਾਂ ਕਿ ਤੂੰ ਆਪਣੇ ਘਰ ਆ ਜਾ। ਆਪਾਂ ਸਭ ਕੁਛ ਠੀਕ ਕਰ ਲਵਾਂਗੇ।"

"ਨ੍ਹੀਂ ਮਾਮੂ ਇਹ ਮੇਰਾ ਨਿਸ਼ਾਨਾ ਨ੍ਹੀਂ ਐ। ਮੈਂ ਆਪਣੀ ਜ਼ਿੰਦਗੀ ਜਹਾਦ ਦੇ ਲੇਖੇ ਲਾਉਣੀ ਐ। ਮੇਰੀ ਚਾਹਤ ਐ ਕਿ ਮੈਂ ਫਰੰਟ 'ਤੇ ਜਾ ਕੇ ਲੜਾਈ 'ਚ ਹਿੱਸਾ ਲਵਾਂ ਤੇ ਕਾਫਰਾਂ ਦੇ ਆਹੂ ਲਾਹਾਂ।"

"ਠੀਕ ਐ ਬੇਟੀ ਜਿਵੇਂ ਤੇਰੀ ਮਰਜ਼ੀ...।" ਫਾਰੂਕੀ ਨੇ ਗੱਲ ਵਿਚਾਲੇ ਛੱਡਦੇ ਨੇ ਅੱਖਾਂ ਦੇ ਕੋਏ ਪੂੰਝੇ ਤੇ ਫਿਰ ਬੋਲਿਆ, "ਚੰਗਾ ਦੱਸ ਫਿਰ ਮੈਂ ਤੇਰੀ ਉਸ ਕੰਮ 'ਚ ਕੀ ਮਦਦ ਕਰ ਸਕਦਾਂ?

"ਤੁਸੀਂ ਮੇਰੀ ਅਫਗਾਨਿਸਤਾਨ ਦੇ ਤਾਲਿਬਾਨ ਤੱਕ ਪਹੁੰਚਣ 'ਚ ਮਦਦ ਕਰੋ। ਜਿਵੇਂ ਮੈਂ ਪਹਿਲਾਂ ਈ ਕਿਹਾ ਐ ਕਿ 'ਕੱਲੀ ਔਰਤ ਦਾ ਉਥੇ ਜਾਣਾ ਸੁਖਾਲਾ ਨ੍ਹੀਂ ਐ। ਉਹ ਵੀ ਮੇਰਾ, ਜਿਸ ਨੂੰ ਥਾਂ-ਥਾਂ 'ਤੇ ਏਜੰਸੀਆਂ ਲੱਭਦੀਆਂ ਫਿਰਦੀਆਂ ਨੇ।"

ਉਸ ਦੀ ਗੱਲ ਸੁਣ ਕੇ ਫਾਰੂਕੀ ਸੋਚੀਂ ਪੈ ਗਿਆ। ਫਿਰ ਉਸ ਨੂੰ ਖਿਆਲ ਆਇਆ ਕਿ ਇਸ ਦੀ ਮਦਦ ਕਰਨੀ ਹੀ ਪਵੇਗੀ। ਉਹ ਆਫੀਆ ਵੱਲ ਵੇਖਦਾ ਬੋਲਿਆ, "ਠੀਕ ਐ ਬੇਟੀ, ਮੇਰੀ ਤਾਲਿਬਾਨ ਗੌਰਮਿੰਟ ਵੇਲੇ ਦੇ ਕਈ ਅਫਸਰਾਂ ਨਾਲ ਜਾਣ-ਪਛਾਣ ਐ। ਮੈਂ ਤੈਨੂੰ ਉਨ੍ਹਾਂ ਤੱਕ ਪਹੁੰਚਾ ਦੇਵਾਂਗਾ, ਪਰ ਇਹ ਪ੍ਰਬੰਧ ਕਰਨ 'ਚ ਕੁਛ ਦਿਨ ਲੱਗ ਜਾਣਗੇ। ਚੱਲ ਉਨਾ ਚਿਰ ਤੂੰ ਮੇਰੇ ਘਰੇ ਠਹਿਰ ਜਾ।"

"ਨ੍ਹੀਂ ਮਾਮੂਜਾਨ ਮੈਂ ਤੁਹਾਡੇ ਨਾਲ ਨ੍ਹੀਂ ਜਾ ਸਕਦੀ। ਸੂਹੀਆ ਏਜੰਸੀਆਂ ਮੈਨੂੰ ਥਾਂ-ਥਾਂ ਭਾਲਦੀਆਂ ਫਿਰਦੀਆਂ ਹੋਣਗੀਆਂ। ਮੇਰੇ ਨਾਲ ਤੁਸੀਂ ਵੀ ਮੁਸੀਬਤ 'ਚ ਫਸ ਜਾਵੋਗੇ।"

ਫਾਰੂਕੀ ਇਕੱਲਾ ਹੀ ਉਠ ਕੇ ਤੁਰ ਗਿਆ। ਉਸ ਰਾਤ ਆਫੀਆ ਕਿਸੇ ਹੋਟਲ 'ਚ ਰੁਕੀ। ਅਗਲੇ ਦਿਨ ਫਾਰੂਕੀ ਨੇ, ਕਿਵੇਂ ਨਾ ਕਿਵੇਂ ਉਸ ਨੂੰ ਘਰ ਆਉਣ ਲਈ ਮਨਾ ਲਿਆ। ਆਫੀਆ ਡਰਦੀ ਸੀ ਕਿ ਕਿਤੇ ਕੋਈ ਏਜੰਸੀ ਉਸ ਦਾ ਪਿੱਛਾ ਨਾ ਕਰ ਰਹੀ ਹੋਵੇ, ਫਿਰ ਵੀ ਉਹ ਉਸ ਦੇ ਨਾਲ ਘਰ ਆ ਗਈ, ਕਿਉਂਕਿ ਉਸ ਨੂੰ ਫਾਰੂਕੀ ਨੇ ਦੱਸਿਆ ਸੀ ਕਿ ਉਸ ਦੀ ਮਾਂ ਤੇ ਭੈਣ ਆ ਰਹੀਆਂ ਹਨ ਜਿਨ੍ਹਾਂ ਨੂੰ ਉਸ ਨੇ ਰਾਤ ਹੀ ਫੋਨ ਕਰ ਕੇ ਉਸ ਬਾਰੇ ਦੱਸ ਦਿੱਤਾ ਸੀ। ਜਦੋਂ ਦੋਨੋਂ ਘਰ ਪਹੁੰਚੇ ਤਾਂ ਉਦੋਂ ਤੱਕ ਇਸਮਤ ਤੇ ਫੌਜ਼ੀਆ ਆ ਚੁੱਕੀਆਂ ਸਨ। ਅੰਦਰ ਜਾਂਦਿਆਂ ਹੀ ਆਫੀਆ ਨੇ ਸੁੱਕ ਕੇ ਤਾਂਬੜ ਬਣ ਚੁੱਕੀ ਮਾਂ ਵੱਲ ਵੇਖਿਆ। ਆਫੀਆ ਦੇ ਹੰਝੂ ਛਲਕ ਆਏ। ਇਸਮਤ ਧਾਹ ਮਾਰ ਕੇ ਉਠੀ ਤੇ ਆਫੀਆ ਨੂੰ ਚੰਬੜ ਗਈ।

"ਹਾਏ ਨੀ ਧੀਏ ਤੂੰ ਕਿਨ੍ਹਾਂ ਔਜੜ ਰਾਹਾਂ

'ਤੇ ਤੁਰ ਪਈ?" ਰੋਂਦਿਆਂ ਇਸਮਤ ਨੇ ਆਫੀਆ ਨੂੰ ਬਾਹਾਂ 'ਚ ਲਪੇਟ ਲਿਆ। ਆਫੀਆ ਨੇ ਕੁਝ ਕਹਿਣਾ ਚਾਹਿਆ ਪਰ ਮੂੰਹੋਂ ਬੋਲ ਨਾ ਫੁੱਟੇ ਤੇ ਉਚੀ-ਉਚੀ ਰੋਣ ਲੱਗੀ। ਦੋ-ਚਾਰ ਮਿੰਟ ਮਾਂਵਾਂ-ਧੀਆਂ ਵੈਰਾਗ ਦੇ ਹੰਝੂ ਵਹਾਉਂਦੀਆਂ ਰਹੀਆਂ। ਮਾਂ ਦੀ ਛਾਤੀ ਨਾਲੋਂ ਸਿਰ ਪਾਸੇ ਹਟਾਉਂਦਿਆਂ ਆਫੀਆ ਨੇ ਵੱਡੀ ਭੈਣ ਫੌਜ਼ੀਆ ਵੱਲ ਵੇਖਿਆ ਤਾਂ ਉਹ ਮਾਂ ਨਾਲੋਂ ਪਾਸੇ ਹਟਦੀ ਉਸ ਨੂੰ ਚੰਬੜ ਗਈ। ਇੱਕ ਵਾਰ ਫਿਰ ਤੋਂ ਹੰਝੂ ਧਾਰਾਂ ਬਣ ਕੇ ਵਗਣ ਲੱਗੇ। ਦੋਨੋਂ ਭੈਣਾਂ ਰੱਜ ਕੇ ਰੋਈਆਂ। ਫਾਰੂਕੀ ਅਤੇ ਉਸ ਦੀ ਘਰਵਾਲੀ ਨੇ ਅੱਖਾਂ ਪੂੰਝਦਿਆਂ ਤਿੰਨਾਂ ਨੂੰ ਚੁੱਪ ਕਰਵਾਇਆ। ਬੜੀ ਜਜ਼ਬਾਤੀ ਮਿਲਣੀ ਸੀ। ਵੱਖ-ਵੱਖ ਹੋ ਕੇ ਵੀ ਕਾਫੀ ਦੇਰ ਤੱਕ ਸਾਰੇ ਹੰਝੂ ਵਗਾਉਂਦੇ ਰਹੇ। ਹੌਲੀ-ਹੌਲੀ ਫਾਰੂਕੀ ਨਿੱਕੀਆਂ-ਨਿੱਕੀਆਂ ਗੱਲਾਂ ਕਰਨ ਲੱਗਿਆ। ਉਸ ਦੇ ਨਾਲ ਹੀ ਦੂਜੇ ਵੀ ਚੁੱਪ ਕਰ ਗਏ ਤੇ ਉਸ ਦੀ ਗੱਲਬਾਤ 'ਚ ਹਿੱਸਾ ਲੈਣ ਲੱਗੇ।

"ਅੰਮੀ ਮੇਰੇ ਜੁਆਕਾਂ ਦਾ ਕੀ ਹਾਲ ਐ?" ਆਫੀਆ ਨੇ ਉਦਾਸ ਆਵਾਜ਼ 'ਚ ਪੁੱਛਿਆ।

"ਤੇਰਾ ਮੁੰਡਾ ਅਤੇ ਧੀ ਦੋਨੋਂ ਠੀਕ ਨੇ। ਤੂੰ ਦੱਸ ਕਿ ਵੱਡਾ ਅਹਿਮਦ ਕਿਵੇਂ ਐਂ?"

"ਠੀਕ ਐ ਉਹ ਵੀ ਅੰਮੀ।" ਇੰਨਾ ਕਹਿੰਦਿਆਂ ਆਫੀਆ ਚੁੱਪ ਹੋ ਗਈ ਤੇ ਕੰਧ ਵੱਲ ਵੇਖਣ ਲੱਗੀ।

"ਸਭ ਠੀਕ ਨੇ ਇੱਕ ਮੇਰੀ ਧੀ ਤੋਂ ਬਿਨਾਂ।" ਇੰਨਾ ਕਹਿੰਦਿਆਂ ਇਸਮਤ ਨੇ ਹੌਕਾ ਭਰਿਆ। ਉਸ ਦੀ ਗੱਲ ਨੇ ਆਫੀਆ ਦੀ ਸੁਰਤੀ ਭੰਗ ਕੀਤੀ ਤੇ ਉਸ ਨੇ ਖਾਲੀ-ਖਾਲੀ ਨਜ਼ਰਾਂ ਨਾਲ ਮਾਂ ਵੱਲ ਵੇਖਿਆ।

"ਅਹਿਮਦ ਕਿੱਥੇ ਐ ਹੁਣ?" ਮਾਂ ਨੇ ਪੁੱਛਿਆ।

"ਅੰਮੀ ਉਹ ਜਿਥੇ ਕਿਤੇ ਵੀ ਐ, ਠੀਕ ਐ।"

"ਉਸ ਜੁਆਕ 'ਤੇ ਵੀ ਵਖਤ ਪੈ ਗਿਆ।"

"ਨ੍ਹੀਂ ਅੰਮੀ, ਵਖਤ ਨ੍ਹੀਂ ਸਗੋਂ ਉਸ 'ਤੇ ਤਾਂ ਅੱਲਾ ਦੀ ਮਿਹਰ ਹੋਈ ਐ ਜੋ ਉਹ ਜਹਾਦ 'ਚ ਸ਼ਾਮਲ ਹੋਇਆ ਐ।"

"ਜੁਆਕ ਦੇ ਖੇਡਣ ਕੁੱਦਣ ਦੇ ਦਿਨ ਸਨ, ਪਤਾ ਨ੍ਹੀਂ...।" ਗੱਲ ਅਧੂਰੀ ਛੱਡਦੀ ਇਸਮਤ ਚੁੱਪ ਹੋ ਗਈ।

"ਜਹਾਦੀ ਮਾਂ ਦਾ ਪੁੱਤਰ ਐ। ਉਸ ਨੂੰ ਕੁਛ ਨ੍ਹੀਂ ਹੋਇਆ। ਉਹ ਮੌਜ 'ਚ ਐ।" ਇੰਨੀ ਗੱਲ ਕਹਿੰਦਿਆਂ ਆਫੀਆ ਦੇ ਚਿਹਰੇ 'ਤੇ ਆਤਮ ਵਿਸ਼ਵਾਸ ਪਰਤ ਆਇਆ। ਥੋੜ੍ਹੀ ਦੇਰ ਪਹਿਲਾਂ ਉਦਾਸੀ 'ਚ ਡੁੱਬੀ ਆਫੀਆ ਫਿਰ ਤੋਂ ਹੌਸਲੇ 'ਚ ਆ ਗਈ। ਭਾਵੁਕ ਗੱਲਾਂ ਛੱਡ ਕੇ ਉਹ ਜਹਾਦ ਦੀਆਂ ਗੱਲਾਂ ਕਰਨ ਲੱਗੀ। ਸਾਰੇ ਜਣੇ ਉਸ ਦੇ ਮੂੰਹ ਵੱਲ ਵੇਖਦੇ ਉਸ ਦੀਆਂ ਗੱਲਾਂ ਸੁਣਦੇ ਰਹੇ। ਇਸ ਤਰ੍ਹਾਂ ਗੱਲਾਂ ਬਾਤਾਂ ਕਰਦਿਆਂ ਸ਼ਾਮ ਹੋ ਗਈ। ਕਮਰੇ 'ਚ ਤਿੰਨੋਂ ਮਾਂਵਾਂ-ਧੀਆਂ ਰਹਿ ਗਈਆਂ ਤਾਂ ਫੌਜ਼ੀਆ ਨੇ ਗੱਲ ਤੋਰੀ, "ਆਫੀਆ, ਹੁਣ ਤੇਰਾ ਅੱਗੇ ਕੀ ਕਰਨ ਦਾ ਇਰਾਦਾ ਐ?"

"ਕੀ ਮਤਲਬ?" ਆਫੀਆ ਨੇ ਤ੍ਰਭਕ ਕੇ ਫੌਜ਼ੀਆ ਵੱਲ ਵੇਖਿਆ।

"ਮਤਲਬ ਇਹੀ ਕਿ ਹੁਣ ਅੱਗੇ ਦਾ ਕੀ ਸੋਚਿਆ ਐ?"

"ਅੱਗੇ ਪਿੱਛੇ ਕੁਛ ਨ੍ਹੀਂ ਆਪਾ। ਮੇਰਾ ਸਭ ਕੁਛ ਜਹਾਦ ਦੇ ਲੇਖੇ ਐ।"

"ਆਫੀਆ ਵਾਪਸ ਮੁੜ ਆ। ਪਿੱਛੇ ਜੋ ਹੋ ਗਿਆ, ਸੋ ਹੋ ਗਿਆ। ਆਪਾਂ ਮਿਲਜੁਲ ਕੇ ਸਭ ਕੁਛ ਠੀਕ ਕਰ ਲਵਾਂਗੇ।"

ਆਫੀਆ ਉਸ ਦੀ ਗੱਲ ਨਹੀਂ ਸੁਣ ਰਹੀ ਸੀ। ਉਹ ਤਾਂ ਕੰਧ ਵੱਲ ਵੇਖਦੀ ਫਿਰ ਕਿਧਰੇ ਗੁਆਚ ਗਈ ਸੀ।

"ਆਫੀਆ ਤੈਨੂੰ ਤੇਰਾ ਕਮਰਾ ਉਡੀਕ ਰਿਹਾ ਐ। ਤੇਰੇ ਪਾਲਤੂ ਜਾਨਵਰ, ਕੁੱਤਾ ਬਿੱਲੀ ਤੈਨੂੰ ਹਰ ਥਾਂ ਭਾਲਦੇ ਫਿਰਦੇ ਨੇ। ਤੇਰੇ ਲਾਏ ਹੋਏ ਬੂਟੇ ਤੈਨੂੰ ਉਡੀਕ ਰਹੇ ਨੇ। ਉਨਾਂ ਨੂੰ ਲੱਗੇ ਫੁੱਲ ਤੇਰੀ ਰਾਹ ਦੇਖ ਰਹੇ ਨੇ।"

"ਹੈਂ! ਕੀ ਕਿਹਾ?" ਸੋਚਾਂ 'ਚੋਂ ਨਿਕਲਦਿਆਂ ਆਫੀਆ ਨੇ ਫੌਜ਼ੀਆ ਵੱਲ ਵੇਖਿਆ।

"ਆਫੀਆ ਮੇਰੀ ਧੀ, ਤੂੰ ਸਾਡੇ ਨਾਲ ਆਪਣੇ ਘਰ ਚੱਲ।" ਇਸਮਤ ਉਠੀ ਤੇ ਉਸ ਨੇ ਮੋਹ 'ਚ ਆਫੀਆ ਨੂੰ ਜੱਫੀ ਪਾ ਲਈ। ਆਫੀਆ ਨੇ ਵੀ ਮਾਂ ਦੇ ਦੁਆਲੇ ਬਾਂਹ ਲਪੇਟਦਿਆਂ ਅੱਖਾਂ ਮੀਚ ਲਈਆਂ। ਉਸ ਨੂੰ ਚੁੱਪ ਵੇਖ ਕੇ ਇਸਮਤ ਫਿਰ ਆਪ ਮੁਹਾਰੇ ਬੋਲੀ, "ਇਹ ਸਾਰਾ ਕਸੂਰ ਉਸ ਨਈਮ ਖਾਂ ਦੇ ਪੁੱਤਰ ਦਾ ਐ।" ਉਸ ਦਾ ਇਸ਼ਾਰਾ ਆਫੀਆ ਦੇ ਤਲਾਕ ਲੈ ਚੁੱਕੇ ਪਤੀ, ਅਮਜਦ ਵੱਲ ਸੀ।

"ਉਸ ਦਾ ਕਿਉਂ ਅੰਮੀ?" ਮਾਂ ਦੀ ਛਾਤੀ ਨਾਲ ਲੱਗੀ ਲਗਾਈ ਆਫੀਆ ਬੋਲੀ।

"ਉਸ ਨੇ ਤੈਨੂੰ ਬਣਦੀ ਮੁਹੱਬਤ ਨ੍ਹੀਂ ਦਿੱਤੀ। ਅੱਲਾ ਕਰੇ ਉਸ ਦੇ ਕੀੜੇ...।"

"ਅੰਮੀ...ਇਸ ਤੋਂ ਅੱਗੇ ਕੁਛ ਨਾ ਬੋਲੀਂ।" ਮਾਂ ਦੀ ਗੱਲ ਵਿਚਕਾਰੋਂ ਕਟਦਿਆਂ ਆਫੀਆ ਉਸ ਤੋਂ ਵੱਖ ਹੋ ਗਈ।

"ਤੂੰ ਅਜੇ ਵੀ ਉਸ ਦੀ ਤਰਫਦਾਰੀ ਕਰਦੀ ਐਂ। ਉਸ ਨੇ ਤਾਂ ਤੈਨੂੰ ਤਲਾਕ ਦੇਣ ਲੱਗੇ ਨੇ ਕੁਛ ਸੋਚਿਆ ਈ ਨਾ।"

"ਅੰਮੀ ਉਹ ਹੋਰ ਗੱਲ ਐ। ਉਹ ਸਾਡਾ ਆਪਸ ਦਾ ਮਾਮਲਾ ਸੀ, ਪਰ ਮੈਂ ਅਮਜਦ ਬਾਰੇ ਕੁਛ ਨ੍ਹੀਂ ਸੁਣ ਸਕਦੀ।"

"ਮੈਂ ਤੇਰੇ ਨਾਲ ਸਹਿਮਤ ਨ੍ਹੀਂ ਆਂ ਆਫੀਆ। ਜੇ ਉਹ ਚਾਹੁੰਦਾ ਤਾਂ ਤੂੰ ਆਪਣੇ ਘਰੇ ਸੁੱਖੀ-ਸਾਂਦੀ ਰਹਿ ਸਕਦੀ ਸੀ ਤੇ...।"

"ਤੇ ਕੀ?"

"ਤੂੰ ਇਨ੍ਹਾਂ ਗਲਤ ਰਾਹਾਂ 'ਤੇ ਜਾਣ ਤੋਂ ਬਚ ਰਹਿੰਦੀ।"

"ਅੰਮੀ...।" ਆਫੀਆ ਭੜਕਦਿਆਂ ਉਠ ਖਲੋਤੀ। ਉਹ ਗੁੱਸੇ ਨਾਲ ਕੰਬਦਿਆਂ ਬੋਲੀ, "ਇਹ ਗਲਤ ਰਾਹ ਨ੍ਹੀਂ ਐ। ਇਹ ਤਾਂ ਸਗੋਂ ਅੱਲਾ ਦੀ ਖਿਦਮਤ ਕਰਨ ਦਾ ਇੱਕੋ ਇੱਕ ਰਾਹ ਐ। ਤੁਸੀਂ ਲੋਕ ਕੀ ਜਾਣੋ ਕਿ ਜਹਾਦ ਕਿੰਨਾ ਪਾਕ ਕਾਰਜ ਐ।"

"ਪਹਿਲਾਂ ਤੇਰੇ ਦੁੱਖ 'ਚ ਤੇਰਾ ਅੱਬੂ ਚੱਲ ਵਸਿਆ ਤੇ ਹੁਣ...।" ਇਸਮਤ ਰੋਣ ਲੱਗੀ।

"ਮਰਨਾ ਤਾਂ ਸਭ ਨੇ ਈ ਐ, ਪਰ ਕੁਰਬਾਨੀ ਕੋਈ-ਕੋਈ ਈ ਕਰਨ ਜਾਣਦਾ।" ਆਫੀਆ ਉਵੇਂ ਹੀ ਗੁੱਸੇ ਨਾਲ ਕੰਬੀ ਜਾ ਰਹੀ ਸੀ।

"ਤੈਨੂੰ ਪਤਾ ਐ ਕਿ ਤੇਰੇ ਅੱਬੂ ਨੇ ਮਰਨ ਵੇਲੇ ਕੀ ਕਿਹਾ ਸੀ?"

"ਹਾਂ ਹਾਂ ਮੈਨੂੰ ਯਾਦ ਐ।" ਆਫੀਆ ਨੂੰ ਉਹ ਗੱਲ ਯਾਦ ਆਈ ਜਦੋਂ ਆਖਰੀ ਦਿਨਾਂ 'ਚ ਉਸ ਦੇ ਅੱਬੂ ਨੇ ਉਸ ਬਾਰੇ ਕਿਹਾ ਸੀ ਕਿ ਇਸ ਨਾਲੋਂ ਚੰਗਾ ਸੀ ਆਫੀਆ ਜੰਮਦੀ ਹੀ ਮਰ ਜਾਂਦੀ। ਉਸ ਵੇਲੇ ਆਫੀਆ ਚੁੱਪ ਰਹੀ ਸੀ ਕਿਉਂਕਿ ਉਹ ਜਾਣਦੀ ਸੀ ਕਿ ਇਹ ਉਸ ਦੇ ਪਿਉ ਦਾ ਆਖਰੀ ਵਕਤ ਐ, ਪਰ ਅੱਜ ਉਹ ਚੁੱਪ ਨਾ ਰਹੀ। ਮਾਂ ਵੱਲ ਘੂਰਦਿਆਂ ਉਹ ਫਿਰ ਬੋਲੀ, "ਤੁਸੀਂ ਲੋਕ ਇਸ ਧਰਤੀ 'ਤੇ ਭਾਰ ਓਂ। ਖਾ ਲਿਆ, ਪੀ ਲਿਆ ਤੇ ਜ਼ਿੰਦਗੀ ਗੁਜ਼ਾਰ ਲਈ। ਤੁਹਾਨੂੰ ਜਹਾਦ ਵਰਗੇ ਪਾਕ ਕਾਰਜਾਂ ਦੀ ਸਮਝ ਨ੍ਹੀਂ ਆ ਸਕਦੀ।"

ਫੌਜ਼ੀਆ ਨੇ ਇਸ਼ਾਰੇ ਨਾਲ ਮਾਂ ਨੂੰ ਚੁੱਪ ਕਰਾਇਆ ਤੇ ਫਿਰ ਉਹ ਆਫੀਆ ਨੂੰ ਸ਼ਾਂਤ ਕਰਨ ਲੱਗੀ। ਹੌਲੀ-ਹੌਲੀ ਮਾਹੌਲ ਸਾਵਾਂ ਹੋ ਗਿਆ। ਦੇਰ ਰਾਤ ਤੱਕ ਇਸਮਤ ਅਤੇ ਫੌਜ਼ੀਆ ਉਸ ਨੂੰ ਢੰਗ ਤਰੀਕੇ ਨਾਲ ਸਮਝਾਉਂਦੀਆਂ ਰਹੀਆਂ, ਪਰ ਆਫੀਆ ਨੇ ਮੁੜ ਕੇ ਉਨ੍ਹਾਂ ਨਾਲ ਢੰਗ ਨਾਲ ਗੱਲ ਨਾ ਕੀਤੀ। ਖਾ ਪੀ ਕੇ ਸਭ ਪੈ ਗਏ ਪਰ ਆਫੀਆ ਪਲ ਭਰ ਵੀ ਨਾ ਸੁੱਤੀ। ਉਹ ਸਾਰੀ ਰਾਤ ਨਮਾਜ਼ਾਂ ਅਦਾ ਕਰਦੀ ਰਹੀ ਤੇ ਆਪਣੇ ਆਪ ਨਾਲ ਗੱਲਾਂ ਕਰਦੀ ਰਹੀ। ਅਗਲੇ ਦਿਨ ਸਵੇਰੇ ਸਦੇਹਾਂ ਹੀ ਸਦੀਕੀ ਨੇ ਉਸ ਨੂੰ ਬੁਲਾਇਆ, "ਆਫੀਆ ਬੇਟੀ ਤੂੰ ਤਾਂ ਸਾਰੀ ਰਾਤ ਸੁੱਤੀ ਨ੍ਹੀਂ, ਕਿਵੇਂ ਤਬੀਅਤ ਤਾਂ ਠੀਕ ਐ ਨਾ?"

"ਮਾਮੂਜਾਨ ਜਜ਼ਬਾਤੀ ਮਾਹੌਲ ਨੇ ਮੇਰੇ ਅੰਦਰ ਜੋ ਕਮਜ਼ੋਰੀ ਲਿਆਂਦੀ ਸੀ, ਮੈਂ ਉਸੇ ਲਈ ਅੱਲਾ ਤੋਂ ਭੁੱਲਾਂ ਬਖਸ਼ਾਉਂਦੀ ਰਹੀ ਆਂ। ਹੁਣ ਮੈਂ ਪੂਰੀ ਤਰ੍ਹਾਂ ਉਸ ਮਾਹੌਲ 'ਚੋਂ ਬਾਹਰ ਆ ਚੁੱਕੀ ਆਂ।"

ਉਸ ਦੀ ਗੱਲ ਦਾ ਕੋਈ ਜੁਆਬ ਦਿੱਤੇ ਬਿਨਾਂ ਸਦੀਕੀ ਰਸੋਈ 'ਚ ਚਲਾ ਗਿਆ ਤੇ ਉਸ ਲਈ ਚਾਹ ਦਾ ਕੱਪ ਲੈ ਆਇਆ ਪਰ ਆਫੀਆ ਨੇ ਕੁਝ ਵੀ ਖਾਣ-ਪੀਣ ਤੋਂ ਇਨਕਾਰ ਕਰ ਦਿੱਤਾ। ਜਦੋਂ ਨੂੰ ਇਸਮਤ ਅਤੇ ਫੌਜ਼ੀਆ ਉਥੇ ਆਈਆਂ ਤਾਂ ਆਫੀਆ ਆਪਣਾ ਸਮਾਨ ਬੰਨ੍ਹ ਰਹੀ ਸੀ। ਉਹ ਹੈਰਾਨ ਹੋ ਕੇ ਉਸ ਵੱਲ ਝਾਕੀਆਂ ਤੇ ਇਸਮਤ ਬੋਲੀ, "ਆਫੀਆ ਤੂੰ ਇੰਨੇ ਸਵੇਰੇ ਕਿੱਧਰ ਲਈ ਤਿਆਰ ਹੋ ਰਹੀ ਐਂ?"

"ਮੈਂ ਆਪਣੀ ਅਸਲੀ ਮੰਜ਼ਲ ਵੱਲ ਜਾ ਰਹੀ ਆਂ।" ਉਹ ਬਿਨਾਂ ਉਨ੍ਹਾਂ ਵੱਲ ਵੇਖਿਆਂ ਬੋਲੀ। ਸਾਰੇ ਚੁੱਪ-ਚਾਪ ਉਸ ਵੱਲ ਵੇਖਦੇ ਰਹੇ ਤੇ ਉਹ ਤਿਆਰ ਹੁੰਦੀ ਰਹੀ। ਆਖਰ ਸਦੀਕੀ ਨੇ ਪਿਆਰ ਨਾਲ ਉਸ ਨੂੰ ਬੁਲਾਇਆ, "ਆਫੀਆ ਬੇਟੀ ਇੰਨੀ ਕਾਹਲੀ ਕਿਉਂ ਕਰ ਰਹੀ ਐਂ। ਮੈਂ ਤੇਰੇ ਨਾਲ ਵਾਅਦਾ ਕੀਤਾ ਐ ਕਿ ਮੈਂ ਤੈਨੂੰ ਖੁਦ ਤੇਰੀ ਮੰਜ਼ਲ 'ਤੇ ਪਹੁੰਚਾ ਕੇ ਆਵਾਂਗਾ।"

"ਨ੍ਹੀਂ ਮਾਮੂ, ਹੁਣ ਮੇਰੇ ਲਈ ਇੱਥੇ ਹੋਰ ਠਹਿਰਨਾ ਮੁਮਕਿਨ ਨ੍ਹੀਂ। ਮੈਂ ਨ੍ਹੀਂ ਚਾਹੁੰਦੀ ਕਿ ਇਹ ਮਾਹੌਲ ਮੇਰੇ ਇਰਾਦੇ ਨੂੰ ਕਮਜ਼ੋਰ ਬਣਾਵੇ।"

"ਪਰ ਮੈਂ ਕਹਿ ਰਿਹਾ ਆਂ ਕਿ ਮੈਂ ਤੈਨੂੰ...।"

"ਮਾਮੂ ਮੇਰੀ ਮੰਜ਼ਲ ਮੈਨੂੰ ਪਤਾ ਐ ਤੇ ਉਥੇ ਪਹੁੰਚਣ ਦਾ ਰਾਹ ਵੀ ਮੈਂ ਆਪ ਈ ਲੱਭਾਂਗੀ।" ਇੰਨਾ ਕਹਿੰਦਿਆਂ ਆਫੀਆ ਨੇ ਆਪਣਾ ਭਾਰਾ ਕਾਲਾ ਬੈਗ ਚੁੱਕ ਕੇ ਮੋਢੇ 'ਤੇ ਪਾ ਲਿਆ। ਸਦੀਕੀ ਨੇ ਉਸ ਦਾ ਬੈਗ ਚੁੱਕਣ 'ਚ ਮਦਦ ਕਰਨੀ ਚਾਹੀ ਤਾਂ ਆਫੀਆ ਨੇ ਬੈਗ ਨੂੰ ਹੱਥ ਨਾ ਲਾਉਣ ਦਿੱਤਾ। ਜਦੋਂ ਉਹ ਤੁਰਨ ਲੱਗੀ ਤਾਂ ਸਦੀਕੀ ਨੇ ਟੈਕਸੀ ਆਉਣ ਤੱਕ ਉਡੀਕਣ ਲਈ ਕਿਹਾ। ਆਫੀਆ ਨੇ ਬੈਗ ਥੱਲੇ ਰੱਖਦਿਆਂ ਉਸ ਦੀ ਗੱਲ ਮੰਨ ਲਈ ਤਾਂ ਸਦੀਕੀ ਨੇ ਟੈਕਸੀ ਕਾਲ ਕਰ ਦਿੱਤੀ। ਟੈਕਸੀ ਆਉਣ ਤੱਕ ਇਸਮਤ ਅਤੇ ਫੌਜ਼ੀਆ ਉਸ ਨਾਲ ਗੱਲ ਕਰਨ ਦੀ ਕੋਸ਼ਿਸ਼ ਕਰਦੀਆਂ ਰਹੀਆਂ ਪਰ ਉਸ ਨੇ ਢੰਗ ਨਾਲ ਗੱਲ ਨਾ ਕੀਤੀ। ਇਸਮਤ ਰੋਣ ਲੱਗੀ। ਉਸ ਨੇ ਆਫੀਆ ਨੂੰ ਕੁਝ ਪੈਸੇ ਦੇਣੇ ਚਾਹੇ ਤਾਂ ਉਸ ਨੇ ਪੈਸਿਆਂ ਵੱਲ ਵੇਖਿਆ ਵੀ ਨਾ। ਇੰਨੇ ਨੂੰ ਟੈਕਸੀ ਆ ਗਈ। ਆਫੀਆ ਨੇ ਹੇਠਾਂ ਰੱਖਿਆ ਬੈਗ ਚੁਕਿਆ ਤੇ ਬਾਹਰ ਨਿਕਲ ਤੁਰੀ। ਸਾਰਾ ਪਰਿਵਾਰ ਰੋਂਦਾ ਰਹਿ ਗਿਆ ਤੇ ਆਫੀਆ ਬਿਨਾਂ ਉਨ੍ਹਾਂ ਵੱਲ ਧਿਆਨ ਦਿੱਤਿਆਂ ਟੈਕਸੀ 'ਚ ਬਹਿ ਕੇ ਚਲੀ ਗਈ।

ਅਗਲੇ ਛੇ ਮਹੀਨੇ ਤੱਕ ਆਫੀਆ ਦੇ ਘਰ ਵਾਲਿਆਂ ਨੂੰ ਉਸ ਬਾਰੇ ਕੁਝ ਪਤਾ ਨਾ ਲੱਗਿਆ। ਫਿਰ ਉਸ ਦਿਨ ਉਨ੍ਹਾਂ ਦੇ ਹੋਸ਼ ਉਡ ਗਏ ਜਦੋਂ ਖ਼ਬਰ ਆਈ ਕਿ ਆਫੀਆ, ਅਫਗਾਨਿਸਤਾਨ ਦੇ ਗਜ਼ਨੀ ਸ਼ਹਿਰ 'ਚ ਫੜੀ ਗਈ...।

(ਚੱਲਦਾ)

**_ਆਫੀਆ ਨੇ ਆਪਣਾ ਭਾਰਾ ਕਾਲਾ ਬੈਗ ਚੁੱਕ ਕੇ ਮੋਢੇ 'ਤੇ ਪਾ ਲਿਆ। ਸਦੀਕੀ ਨੇ ਉਸ ਦਾ ਬੈਗ ਚੁੱਕਣ 'ਚ ਮਦਦ ਕਰਨੀ ਚਾਹੀ ਤਾਂ ਆਫੀਆ ਨੇ ਬੈਗ ਨੂੰ ਹੱਥ ਨਾ ਲਾਉਣ ਦਿੱਤਾ। ਜਦੋਂ ਉਹ ਤੁਰਨ ਲੱਗੀ ਤਾਂ ਸਦੀਕੀ ਨੇ ਟੈਕਸੀ ਆਉਣ ਤੱਕ ਉਡੀਕਣ ਲਈ ਕਿਹਾ। ਆਫੀਆ ਨੇ ਬੈਗ ਥੱਲੇ ਰੱਖਦਿਆਂ ਉਸ ਦੀ ਗੱਲ ਮੰਨ ਲਈ ਤਾਂ ਸਦੀਕੀ ਨੇ ਟੈਕਸੀ ਕਾਲ ਕਰ ਦਿੱਤੀ। ਟੈਕਸੀ ਆਉਣ ਤੱਕ ਇਸਮਤ ਅਤੇ ਫੌਜ਼ੀਆ ਉਸ ਨਾਲ ਗੱਲ ਕਰਨ ਦੀ ਕੋਸ਼ਿਸ਼ ਕਰਦੀਆਂ ਰਹੀਆਂ ਪਰ ਉਸ ਨੇ ਢੰਗ ਨਾਲ ਗੱਲ ਨਾ ਕੀਤੀ।_**

---

## ਭਖਦੇ ਮਸਲੇ

# ਕੈਨੇਡਾ ਵਿਚ ਮਾਪਿਆਂ ਦੀ ਇਮੀਗ੍ਰੇਸ਼ਨ ਖੁੱਲ੍ਹੀ?



**ਪ੍ਰਿੰ. ਸਰਵਣ ਸਿੰਘ**
**ਫੋਨ: 905-799-1661**

ਕਹਿਣ ਨੂੰ ਤਾਂ ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਨੇ ਜਨਵਰੀ 2014 ਤੋਂ ਫਿਰ ਮਾਪਿਆਂ ਦੀਆਂ ਅਰਜ਼ੀਆਂ ਲੈਣ ਤੇ ਉਨ੍ਹਾਂ ਨੂੰ ਮੰਗਵਾਉਣ ਦਾ ਰਾਹ ਖੋਲ੍ਹ ਦਿੱਤੈ। ਪਰ ਜੇ ਡੂੰਘੀ ਨੀਝ ਨਾਲ ਵੇਖਿਆ ਜਾਵੇ ਤਾਂ ਰਾਹ ਸਮਝੋ ਬੰਦ ਈ ਹੋ ਗਿਐ! ਇਹ ਏਨਾ ਮਹਿੰਗਾ ਤੇ ਬੁਢਾਪਾ ਪੈਨਸ਼ਨ ਲੈਣ ਲਈ ਏਨਾ ਲੰਮਾ ਕਰ ਦਿੱਤੈ ਕਿ ਹੁਣ ਮਾਪਿਆਂ ਨੂੰ ਮੰਗਵਾਉਣਾ ਹਾਰੀ ਸਾਰੀ ਦੇ ਵੱਸ ਵਿਚ ਨਹੀਂ ਹੋਵੇਗਾ। ਭਲਾ ਅਰਜ਼ੀ ਭਰਨ ਤੋਂ ਪਹਿਲਾਂ ਕੌਣ ਭਰੇਗਾ ਲਗਾਤਾਰ ਤਿੰਨ ਸਾਲ ਮੋਟਾ ਟੈਕਸ ਤੇ ਫਿਰ ਉਡੀਕ ਟੈਕਸ? ਅਠਾਰਾਂ ਸਾਲ ਤੋਂ ਵੱਡੇ ਧੀ/ਪੁੱਤ ਪੜ੍ਹਦੇ ਵੀ ਹੋਣ ਉਹ ਤਦ ਵੀ ਮਾਪਿਆਂ ਨਾਲ ਨਹੀਂ ਆ ਸਕਣਗੇ। ਮਾਪੇ ਆ ਵੀ ਜਾਣ ਤਾਂ ਵੀਹ ਸਾਲ ਧੀਆਂ-ਪੁੱਤਾਂ 'ਤੇ ਨਿਰਭਰ ਰਹਿਣਗੇ ਤੇ ਬੁਢਾਪਾ ਪੈਨਸ਼ਨ ਲੈਣ ਦੇ ਹੱਕਦਾਰ ਨਹੀਂ ਗਿਣੇ ਜਾਣਗੇ। ਇਸ ਲਈ ਸ਼ਾਇਦ ਹੀ ਉਦੋਂ ਤਕ ਕੋਈ ਜਿਊਂਦਾ ਰਹੇ। ਇਹਨੂੰ ਕਹਿੰਦੇ ਹਨ, ਨਾ ਰਹੇਗਾ ਬਾਂਸ ਨਾ ਵੱਜੇਗੀ ਬੰਸਰੀ!

ਵੀਹਵੀਂ ਸਦੀ ਦੇ ਅਰੰਭ ਵਿਚ ਪੰਜਾਬੀਆਂ ਦਾ ਕੈਨੇਡਾ ਅਪੜਨਾ ਅਤਿਅੰਤ ਔਖਾ ਸੀ। ਕੋਈ ਟਾਵਾਂ ਟੱਲਾ ਹੀ ਰੁਲ ਖੁਲ ਕੇ ਪਹੁੰਚਦਾ। ਕਾਮਾਗਾਟਾਮਾਰੂ ਜਹਾਜ਼ ਦਾ ਸਾਕਾ ਅਜੇ ਵੀ ਅੱਖਾਂ ਮੂਹਰੇ ਆ ਜਾਂਦੈ। ਪਰ ਪੰਜਾਬੀਆਂ ਨੇ ਕੈਨੇਡਾ ਅਪੜਨ ਦਾ ਸਿਰੜ ਨਹੀਂ ਸੀ ਛੱਡਿਆ। ਉਹ ਔਖੇ ਸੌਖੇ ਕੈਨੇਡਾ ਅੱਪੜਦੇ ਰਹੇ ਤੇ ਪੱਕੇ ਵਾਸੀ ਬਣਦੇ ਉਥੋਂ ਦੇ ਸਿਟੀਜ਼ਨ ਤੇ ਵੋਟਰ ਬਣਦੇ ਗਏ। ਪੰਜਾਬੀ ਮੂਲ ਦੇ ਕੈਨੇਡੀਅਨ ਕੈਨੇਡਾ ਦੀ ਸੰਸਦ ਦੇ ਮੈਂਬਰ, ਫੈਡਰਲ ਸਰਕਾਰ ਦੇ ਵਜ਼ੀਰ ਤੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਮੁੱਖ ਮੰਤਰੀ ਬਣਨ ਤਕ ਵੀ ਪੁੱਜੇ।

ਹੁਣ ਕੈਨੇਡਾ ਦੀ ਜਨਸੰਖਿਆ ਸਾਢੇ ਤਿੰਨ ਕਰੋੜ ਹੈ ਜਿਸ ਵਿਚ ਸਿੱਖਾਂ ਦੀ ਆਬਾਦੀ ਡੇਢ ਫੀਸਦੀ ਤੇ ਚੜ੍ਹਦੇ ਲਹਿੰਦੇ ਪੰਜਾਬ ਦੇ ਪੰਜਾਬੀਆਂ ਦੀ ਸਮੁੱਚੀ ਗਿਣਤੀ ਤਿੰਨ ਫੀਸਦੀ ਤੋਂ ਵੱਧ ਹੈ। ਕੈਨੇਡਾ ਵਿਚ ਪੰਜਾਬੀ, ਅੰਗਰੇਜ਼ੀ ਤੇ ਫਰਾਂਸੀਸੀ ਤੋਂ ਬਾਅਦ ਘਰਾਂ 'ਚ ਬੋਲੀ ਜਾਣ ਵਾਲੀ ਤੀਜੀ ਜ਼ੁਬਾਨ ਹੈ ਹਾਲਾਂ ਕਿ ਕਈ ਮੁਸਲਮਾਨ ਤੇ ਹਿੰਦੂ ਵੀਰਾਂ ਨੇ ਮਾਂ ਬੋਲੀ ਪੰਜਾਬੀ ਦੀ ਥਾਂ ਉਰਦੂ ਤੇ ਹਿੰਦੀ ਲਿਖਾਈ ਹੈ। ਫਿਰ ਵੀ ਪਾਕਿਸਤਾਨ ਤੇ ਭਾਰਤ ਤੋਂ ਬਾਅਦ ਕੈਨੇਡਾ ਤੀਜਾ ਮੁਲਕ ਹੈ ਜਿਥੇ ਪੰਜਾਬੀ ਤੇਰ੍ਹਾਂ ਦੀ ਥਾਂ ਤਿੰਨਾਂ ਦੀ ਗਿਣਤੀ ਵਿਚ ਹਨ।

ਕੈਨੇਡਾ ਵਿਚ ਪੰਜਾਬੀ ਦੇ ਅਨੇਕਾਂ ਅਖ਼ਬਾਰ ਛਪਦੇ ਹਨ ਅਤੇ ਪੰਜਾਬੀ ਰੇਡੀਓ ਤੇ ਟੀ. ਵੀ. ਪ੍ਰੋਗਰਾਮਾਂ ਦਾ ਵੀ ਕੋਈ ਅੰਤ ਨਹੀਂ। ਇਨ੍ਹਾਂ ਦੀ ਗਿਣਤੀ ਪੰਜ ਸੱਤ ਦੀ ਥਾਂ ਦਰਜਨਾਂ ਵਿਚ ਹੈ। ਪੰਜਾਬੀ ਜ਼ੁਬਾਨ ਕੁਝ ਸਕੂਲਾਂ ਤੇ ਕਾਲਜਾਂ/ਯੂਨੀਵਰਸਿਟੀਆਂ ਤਕ ਪੁੱਜ ਵੀ ਗਈ ਹੈ। ਕੈਨੇਡਾ ਰਹਿੰਦੇ ਪੰਜਾਬੀ ਲੇਖਕਾਂ ਦੀਆਂ ਅਨੇਕਾਂ ਸਾਹਿਤ ਸਭਾਵਾਂ ਹਨ ਤੇ ਉਨ੍ਹਾਂ ਦੀਆਂ ਹਰ ਸਾਲ ਸੌ ਦੇ ਕਰੀਬ ਕਿਤਾਬਾਂ ਛਪਦੀਆਂ ਹਨ। ਪੰਜਾਬੀ ਸਭਿਆਚਾਰਕ ਤੇ ਖੇਡ ਮੇਲਿਆਂ ਦਾ ਵੀ ਕੋਈ ਪਾਰਾਵਾਰ ਨਹੀਂ। ਪੰਜਾਬੀ ਬਾਬਿਆਂ ਦੀਆਂ ਸੱਥਾਂ ਵੀ ਭਰੀਆਂ ਦਿਸਦੀਆਂ ਹਨ।

ਸਰਸਰੀ ਨਜ਼ਰੇ ਵੇਖਿਆਂ ਲੱਗਦਾ ਹੈ ਜਿਵੇਂ ਕੈਨੇਡਾ ਵਿਚ ਪੰਜਾਬੀ ਦਾ ਭਵਿੱਖ ਬੜਾ ਉੱਜਲਾ ਹੋਵੇ ਤੇ ਕਿਸੇ ਦਿਨ ਪੰਜਾਬੀ ਨੂੰ ਸਰਕਾਰੀ ਬੋਲੀ ਦਾ ਦਰਜਾ ਵੀ ਮਿਲ ਜਾਵੇ। ਪਰ ਪੰਜਾਬੀ ਦਾ ਇਹ ਬੋਲਬਾਲਾ ਪੰਜਾਬੀ ਮਾਪਿਆਂ ਅਥਵਾ ਬਾਬਿਆਂ ਸਦਕਾ ਹੀ ਹੈ। ਉਹੀ ਪੰਜਾਬੀ ਮੇਲਿਆਂ ਦੇ ਮੇਲੀ ਹੁੰਦੇ ਹਨ ਤੇ ਉਹੀ ਪੰਜਾਬੀ ਅਖ਼ਬਾਰਾਂ ਦੇ ਪਾਠਕ। ਉਹੀ ਬੱਚਿਆਂ ਨੂੰ ਪੰਜਾਬੀ ਬੋਲੀ ਤੇ ਪੰਜਾਬੀ ਸਭਿਆਚਾਰ ਸਿਖਾਉਂਦੇ ਹਨ। ਪੰਜਾਬੀ ਭਾਸ਼ਾ ਦੀ ਹੋਂਦ ਪੰਜਾਬੀਆਂ ਦੇ ਲਗਾਤਾਰ ਪਰਵਾਸ 'ਤੇ ਨਿਰਭਰ ਕਰਦੀ ਹੈ। ਜਦੋਂ ਪਰਵਾਸ ਰੁਕ ਗਿਆ, ਨਾਲ ਹੀ ਪੰਜਾਬੀ ਦਾ ਪ੍ਰਚਲਨ ਵੀ ਰੁਕ ਜਾਵੇਗਾ। ਪੰਜਾਬੀ ਪਰਵਾਸੀ ਕੈਨੇਡਾ ਆਉਣੇ ਬੰਦ ਹੋ ਗਏ ਤਾਂ ਪੰਜਾਹ ਸਾਲਾਂ ਪਿੱਛੋਂ ਕੈਨੇਡਾ ਵਿਚ ਪੰਜਾਬੀ ਬੋਲਣ ਵਾਲਾ ਕੋਈ ਨਹੀਂ ਹੋਵੇਗਾ। ਕੈਨੇਡਾ 'ਚ ਪੰਜਾਬੀ, ਪੰਜਾਬ ਤੋਂ ਲਗਾਤਾਰ ਪਰਵਾਸ ਨਾਲ ਜਿਊਂਦੀ ਰਹਿਣੀ ਹੈ!

ਇਸ ਵੇਲੇ ਹਾਲਤ ਇਹ ਹੈ ਕਿ ਕੈਨੇਡਾ ਵਿਚ ਜੰਮੇ ਪਲੇ ਪੰਜਾਬੀ ਬੱਚੇ ਆਪਣੇ ਮਾਪਿਆਂ ਖ਼ਾਸ ਕਰ ਕੇ ਦਾਦੇ-ਦਾਦੀਆਂ ਤੇ ਨਾਨੇ-ਨਾਨੀਆਂ ਤੋਂ ਪੰਜਾਬੀ ਬੋਲਣੀ ਸਿੱਖਦੇ ਹਨ ਪਰ ਸਕੂਲ ਜਾਂਦਿਆਂ ਅੰਗਰੇਜ਼ੀ ਉਨ੍ਹਾਂ 'ਤੇ ਹਾਵੀ ਹੋ ਜਾਂਦੀ ਹੈ। ਫਿਰ ਉਹ ਪੰਜਾਬੀ ਬੋਲਣੀ ਛੱਡ ਕੇ ਅੰਗਰੇਜ਼ੀ ਦੀਆਂ ਘਿਆਕੋ ਬਿੱਲੀਆਂ ਬੁਲਾਉਣ ਲੱਗਦੇ ਹਨ। ਹੁਣ ਤਾਂ ਪੰਜਾਬ ਵਿਚ ਵੀ ਅੰਗਰੇਜ਼ੀ/ਹਿੰਦੀ ਬੁਲਾਉਣ ਵਾਲੇ ਸਕੂਲਾਂ ਦੇ ਬੱਚੇ ਇਹੋ ਕੁਝ ਕਰ ਰਹੇ ਨੇ। ਉਹ ਵੀ ਪੰਜਾਬੀ ਬੋਲਣੀ ਛੱਡੀ ਜਾ ਰਹੇ ਨੇ। ਮਾਂ ਬੋਲੀ ਕਦੇ ਵੀ ਨਾ ਭੁੱਲਣ/ਭੁਲਾਉਣ ਦਾ ਕੋਈ ਲੱਖ ਢੰਡੋਰਾ ਪਿੱਟੀ ਜਾਵੇ ਪਰ ਅਸਲੀਅਤ ਇਹ ਹੈ ਕਿ ਸਕੂਲੀ ਬੋਲੀ ਮਾਂ ਬੋਲੀ 'ਤੇ ਹਾਵੀ ਹੋ ਜਾਂਦੀ ਹੈ। ਮੈਂ ਆਪਣੀ ਅੱਖੀਂ ਵੇਖ ਰਿਹਾਂ ਕਿ ਕੈਨੇਡਾ 'ਚ ਅਸੀਂ ਪੋਤੇ-ਪੋਤੀਆਂ ਨੂੰ ਪੰਜਾਬੀ ਸਿਖਾਈ ਜੋ ਸਕੂਲੀ ਬੋਲੀ ਅੰਗਰੇਜ਼ੀ ਨੇ ਹਾਸ਼ੀਏ 'ਤੇ ਕਰ ਦਿੱਤੀ। ਸਾਡੇ ਨਾਲ ਬੇਸ਼ਕ ਉਹ ਪੰਜਾਬੀ 'ਚ ਬੋਲਦੇ ਹਨ ਪਰ ਸਾਡੇ ਪਿੱਛੋਂ ਉਨ੍ਹਾਂ ਨੇ ਮਾਂ ਬੋਲੀ ਦੀ ਥਾਂ ਅੰਗਰੇਜ਼ੀ ਬੋਲੀ ਹੀ ਬੋਲਣੀ ਹੈ। ਪੰਜਾਬੀ ਨੂੰ ਜੇ ਜਿਊਂਦੀ ਰੱਖਣੈ ਤਾਂ ਪੰਜਾਬ ਵਿਚ ਪੰਜਾਬੀ ਦਾ ਕਿੱਲਾ ਮਜ਼ਬੂਤ ਹੋਣਾ ਚਾਹੀਦੈ ਤੇ ਪਰਵਾਸ ਦਾ ਦਰ ਵੀ ਸਦਾ ਖੁੱਲ੍ਹਾ ਰਹਿਣਾ ਚਾਹੀਦੈ। ਜਦੋਂ ਪੰਜਾਬ ਵਿਚ ਹੀ ਪੰਜਾਬੀ ਦਾ ਕਿੱਲਾ ਮਜ਼ਬੂਤ ਨਾ ਰਿਹਾ ਤਾਂ ਪਰਦੇਸਾਂ 'ਚ ਪੰਜਾਬੀ ਕਿਵੇਂ ਕਾਇਮ ਰਹੇਗੀ? ਸਹੁਰੀਂ ਉਹੀ ਚੱਜ ਨਾਲ ਵਸਦੀਆਂ ਜਿਨ੍ਹਾਂ ਦੇ ਪੇਕੇ ਤਕੜੇ ਹੋਣ! ਜੇ ਜਲੰਧਰ/ਲੁਧਿਆਣੇ ਦੇ ਸਾਈਨ ਬੋਰਡ ਅੰਗਰੇਜ਼ੀ 'ਚ ਹੀ ਲਿਖੇ ਦਿਸਣਗੇ ਤਾਂ ਵੈਨਕੂਵਰ/ਟੋਰਾਂਟੋ ਦੇ ਹਵਾਈ ਅੱਡਿਆਂ 'ਤੇ ਪੰਜਾਬੀ 'ਚ ਲਿਖਿਆ 'ਜੀ ਆਇਆਂ ਨੂੰ' ਵੀ ਬਹੁਤੀ ਦੇਰ ਨਹੀਂ ਦਿਸਣਾ!

ਗੱਲ ਤੋਰੀ ਸੀ ਕਿ ਮਾਪਿਆਂ ਲਈ ਕੈਨੇਡਾ ਆਉਣਾ ਖੁੱਲ੍ਹ ਗਿਐ ਕਿ ਬੰਦ ਹੋ ਗਿਐ? ਇਨ੍ਹੀਂ ਦਿਨੀਂ ਮਾਪਿਆਂ, ਦਾਦੇ-ਦਾਦੀਆਂ ਤੇ ਨਾਨੇ-ਨਾਨੀਆਂ ਨੂੰ ਕੈਨੇਡਾ ਲਿਆਉਣ ਲਈ ਨਵੇਂ ਨਿਯਮਾਂ ਦਾ ਐਲਾਨ ਹੋਇਆ ਹੈ। ਪੰਜਾਬੀਆਂ ਨੂੰ ਮੰਤਰੀ ਦੇ ਬਿਆਨ ਦਾ ਸਵਾਗਤ ਕਰਨ ਦੀ ਥਾਂ ਵਿਰੋਧ ਕਰਨਾ ਚਾਹੀਦੈ ਬਲਕਿ ਸਭਨਾਂ ਪਰਵਾਸੀਆਂ ਨੂੰ ਹੀ ਅਜਿਹਾ ਕਰਨਾ ਚਾਹੀਦੈ। ਇਕ ਸਮਾਂ ਸੀ ਜਦੋਂ ਕੈਨੇਡਾ ਪਹੁੰਚਿਆ ਧੀ/ਪੁੱਤ ਆਪਣੇ ਮਾਪਿਆਂ ਨੂੰ ਸਾਲ ਦੋ ਸਾਲ ਵਿਚ ਕੈਨੇਡਾ ਮੰਗਾ ਸਕਦਾ ਸੀ। ਉਨ੍ਹਾਂ ਨਾਲ 21 ਸਾਲ ਤਕ ਦੇ ਕੁਆਰੇ ਤੇ ਵੱਡੀ ਉਮਰ ਦੇ ਪੜ੍ਹਦੇ ਧੀ/ਪੁੱਤ ਵੀ ਕੈਨੇਡਾ ਆ ਜਾਂਦੇ ਸਨ। ਫਿਰ ਸ਼ਰਤ ਲੱਗੀ ਕਿ ਮਾਪਿਆਂ ਨੂੰ ਸੱਦਣ ਵਾਲੇ ਧੀ/ਪੁੱਤ ਆਪਣੇ ਖਰਚੇ 'ਤੇ ਮਾਪਿਆਂ ਨੂੰ ਦਸ ਸਾਲ ਰੱਖਣ ਦੀ ਜ਼ਿੰਮੇਵਾਰੀ ਲੈਣ। ਦਸ ਸਾਲ ਦੀ ਕੈਨੇਡਾ ਰਿਹਾਇਸ਼ ਤੇ 65 ਸਾਲ ਦੀ ਉਮਰ ਤੋਂ ਬਾਅਦ ਹੀ ਸਰਕਾਰ ਉਨ੍ਹਾਂ ਨੂੰ ਬੁਢਾਪਾ ਪੈਨਸ਼ਨ ਦਿੰਦੀ ਸੀ। ਮੰਗ ਤਾਂ ਇਹ ਵੀ ਕੀਤੀ ਜਾਂਦੀ ਰਹੀ ਸੀ ਕਿ ਰਿਹਾਇਸ਼ ਦੀ ਸ਼ਰਤ ਤਿੰਨ ਸਾਲ ਕਰ ਕੇ 65 ਸਾਲ ਦੇ ਹਰ ਬਜ਼ੁਰਗ ਨੂੰ ਗੁਜ਼ਾਰਾ ਭੱਤਾ ਦਿੱਤਾ ਜਾਵੇ।

ਬਜ਼ੁਰਗਾਂ ਦੀ ਉਪਰੋਕਤ ਮੰਗ ਮੰਨਣ ਦੀ ਥਾਂ ਹੁਣ ਕੈਨੇਡਾ ਸਰਕਾਰ ਨੇ ਮਾਪਿਆਂ ਦਾ ਕੈਨੇਡਾ ਪੁੱਜਣਾ ਹੀ ਬੇਹੱਦ ਮਹਿੰਗਾ ਕਰ ਦਿੱਤੈ ਜੋ ਆਮ ਧੀਆਂ/ਪੁੱਤਰਾਂ ਦੇ ਵਿਤੋਂ ਬਾਹਰਾ ਹੋਵੇਗਾ। ਅੱਗੇ ਦੋ ਮਾਪੇ ਸਪਾਂਸਰ ਕਰਨ ਨਾਲ ਚਾਰ ਜੀਆਂ ਦੀ ਸਾਲਾਨਾ ਆਮਦਨ 42 ਹਜ਼ਾਰ ਡਾਲਰ ਚਾਹੀਦੀ ਸੀ ਜੋ ਹੁਣ 54 ਹਜ਼ਾਰ ਡਾਲਰ ਕਰ ਦਿੱਤੀ ਗਈ ਹੈ। ਪਹਿਲਾਂ ਇਕ ਸਾਲ ਦੀ ਆਮਦਨ ਭਰਨ ਨਾਲ ਹੀ ਸਰ ਜਾਂਦਾ ਸੀ ਹੁਣ ਤਿੰਨ ਸਾਲਾਂ ਤੋਂ ਏਨੀ ਆਮਦਨ ਚਾਹੀਦੀ ਹੈ। ਮਤਲਬ ਸਿੱਧਾ ਹੈ ਕਿ ਸਪਾਂਸਰ ਕਰਨ ਵਾਲਾ ਤਿੰਨ ਸਾਲਾਂ ਤੋਂ ਟੈਕਸ ਭਰ ਰਿਹਾ ਹੋਵੇ ਤੇ ਓਨਾ ਚਿਰ ਭਰੀ ਚੱਲੇ ਜਿੰਨਾ ਚਿਰ ਮਾਪੇ ਨਹੀਂ ਆਉਂਦੇ। ਹੁਣ ਆਪਣੇ ਨਾਲ ਉਹ ਕੇਵਲ 18 ਸਾਲ ਦੀ ਉਮਰ ਤਕ ਦਾ ਬੱਚਾ ਹੀ ਲਿਆ ਸਕਦੇ ਹਨ, ਪੜ੍ਹ ਰਿਹਾ ਵੱਡੀ ਉਮਰ ਦਾ ਡਿਪੈਂਡੈਂਟ ਨਹੀਂ। ਖਰਚਾ ਚੁੱਕਣ ਦਾ ਬੋਝ ਵੀ ਦਸ ਸਾਲ ਦੀ ਥਾਂ ਵੀਹ ਸਾਲ ਕਰ ਦਿੱਤਾ ਗਿਆ ਹੈ।

ਬਹੁਤੇ ਮਾਪੇ ਪਿੱਛੇ ਰਹਿੰਦੇ ਵਡੇਰੇ ਬੱਚੇ ਨਾਲ ਲਿਆਉਣ ਖ਼ਾਤਰ ਹੀ ਪਰਦੇਸ ਆਉਂਦੇ ਹਨ। ਨਵੇਂ ਨਿਯਮ ਲਾਗੂ ਹੋਣ ਨਾਲ ਬਹੁਤ ਘੱਟ ਧੀ/ਪੁੱਤ ਆਪਣੇ ਮਾਪਿਆਂ ਨੂੰ ਸਪਾਂਸਰ ਕਰ ਸਕਣਗੇ। ਜਿਹੜੇ ਕਰਨਗੇ ਉਨ੍ਹਾਂ ਦੇ ਮਾਪਿਆਂ ਨਾਲ ਸ਼ਾਇਦ ਹੀ ਕੋਈ ਬੱਚਾ ਆਵੇ। ਜਿਹੜੇ ਮਾਪੇ ਆਉਣਗੇ ਵੀ, ਉਨ੍ਹਾਂ ਦੇ ਮੰਗਾਉਣ ਲਈ ਬਹੁਤ ਜ਼ਿਆਦਾ ਟੈਕਸ ਭਰਨਾ ਪਵੇਗਾ। ਦੂਹਰੀ ਮਾਰ ਇਹ ਕਿ ਮਾਪੇ ਰੱਖਣੇ ਵੀ ਆਪਣੇ ਖਰਚੇ 'ਤੇ ਪੈਣਗੇ ਤੇ ਉਹ ਵੀ ਵੀਹ ਸਾਲ! ਬੁਢਾਪਾ ਪੈਨਸ਼ਨ, ਜੀਹਨੂੰ ਕੈਨੇਡੀਅਨ ਬਾਬੇ ਕੈਨੇਡਾ ਦਾ ਜੁਆਈ ਬਣਨਾ ਕਹਿੰਦੇ ਹਨ, ਸ਼ਾਇਦ ਹੀ ਕਿਸੇ ਬੁੱਢੇ ਮਾਪੇ ਨੂੰ ਮਿਲੇ ਕਿਉਂਕਿ ਵੀਹ ਸਾਲ ਕੈਨੇਡਾ ਵਿਚ ਰਹਿਣ ਪਿਛੋਂ ਹੀ ਪੈਨਸ਼ਨ ਦਾ ਛੁਹਾਰਾ ਮੂੰਹ ਲੱਗੇਗਾ! ਤਦ ਤਕ ਬੁਢਾਪੇ ਦੀਆਂ ਵੀਹ ਬਿਮਾਰੀਆਂ ਨੇ ਲੱਗਣੈ ਜਿਨ੍ਹਾਂ ਦਾ ਮਹਿੰਗਾ ਇਲਾਜ ਵੀ ਪੱਲਿਓਂ ਕਰਾਉਣਾ ਪੈਣੈ। ਇਹ ਮਾਰ ਧੀਆਂ/ਪੁੱਤਾਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਹੀ ਨਹੀਂ ਕੈਨੇਡਾ ਵਿਚ ਪੰਜਾਬੀ ਭਾਸ਼ਾ ਨੂੰ ਵੀ ਪੈਣੀ ਹੈ। ਪੈਣੀ ਤਾਂ ਕੈਨੇਡਾ 'ਚ ਵਸਦੇ ਸਾਰੇ ਮੁਲਕਾਂ ਦੇ ਪਰਵਾਸੀਆਂ ਤੇ ਉਨ੍ਹਾਂ ਦੀਆਂ ਮਾਤ ਭਾਸ਼ਾਵਾਂ ਨੂੰ ਵੀ ਹੈ ਪਰ ਪੰਜਾਬੀਆਂ ਨੂੰ ਹੋਰਨਾਂ ਨਾਲੋਂ ਵੱਧ ਪੈਣੀ ਹੈ ਕਿਉਂਕਿ ਇਹ ਤੇਰ੍ਹਾਂ 'ਚ ਨਹੀਂ ਹੁਣ ਤਿੰਨਾਂ 'ਚ ਹਨ। ਜੇਕਰ ਪੰਜਾਬੀਆਂ ਕੋਲ ਕੋਈ ਸਿਆਸੀ ਸ਼ਕਤੀ ਹੈ ਤਾਂ ਉਹ ਕਦੋਂ ਵਰਤਣੀ ਹੈ?

ਕਹਾਣੀ

# ਵੇਦਨਾ

***ਸਾਡਾ ਸਮਾਜ ਅਮੀਰ-ਗਰੀਬ, ਜਾਤ-ਪਾਤ ਅਤੇ ਊਚ-ਨੀਚ ਦੀਆਂ ਵੰਡੀਆਂ ਅਤੇ ਵਲਗਣਾਂ ਦਾ ਸ਼ਿਕਾਰ ਹੈ। ਇਹ ਗੱਲ ਕਿਸੇ ਤੋਂ ਗੁੱਝੀ ਨਹੀਂ। ਇਹ ਵੰਡੀਆਂ ਅਤੇ ਵਲਗਣਾਂ ਮਨੁੱਖੀ ਜਜ਼ਬਾਤ ਦੀ ਕੋਈ ਕਦਰ ਨਹੀਂ ਕਰਦੀਆਂ ਤੇ ਇਨ੍ਹਾਂ ਦਾ ਕਤਲ ਕਰਨ ਤੋਂ ਜ਼ਰਾ ਜਿੰਨਾ ਵੀ ਸੰਕੋਚ ਨਹੀਂ ਕਰਦੀਆਂ ਪਰ ਕਦੇ ਕਦੇ ਕੋਈ ਲਮਹਾ, ਕੋਈ ਪਲ, ਕੋਈ ਨਿੱਕਾ ਜਿਹਾ ਹਾਦਸਾ ਮਨੁੱਖੀ ਮਨ ਨੂੰ ਜਜ਼ਬਾਤ ਦੇ ਉਨ੍ਹਾਂ ਉਚੇ ਮੰਡਲਾਂ ਉਤੇ ਲੈ ਜਾਂਦਾ ਹੈ ਕਿ ਇਹ ਜ਼ਿੰਦਗੀ ਭਰ ਲਈ ਇਕ ਖੂਬਸੂਰਤ ਯਾਦ ਬਣ ਜਾਂਦੀ ਹੈ। ਬਸ ਇਹੋ ਬਾਤ ਬਲਦੇਵ ਢੀਂਡਸਾ ਨੇ ਇਸ ਕਹਾਣੀ ਵਿਚ ਪਾਈ ਹੈ। -ਸੰਪਾਦਕ***

**ਬਲਦੇਵ ਢੀਂਡਸਾ**

ਪਿੰਡ ਦੇ ਬਾਹਰਵਾਰ ਬਣੀ ਨਵੀਂ ਬਸਤੀ ਦੀ ਅਖੀਰਲੀ ਗਲੀ ਵਿਚ ਅਖੀਰਲਾ ਘਰ ਸੀ ਉਸ ਦਾ। ਗਾਰੇ ਨਾਲ ਚਿਣੀ ਚਾਰਦੀਵਾਰੀ ਵਿਚ ਅੱਧੋਰਾਣਾ ਜਿਹਾ ਦਰਵਾਜ਼ਾ ਲੱਗਾ ਹੋਇਆ ਸੀ। ਮੈਂ ਬਾਰੂ ਦਾ ਘਰ ਪੁੱਛਦਾ ਪੁੱਛਦਾ ਉਸ ਅੱਗੇ ਪਹੁੰਚ ਗਿਆ।

ਦਰਅਸਲ ਵਾਢੀਆਂ ਦੇ ਦਿਨ ਹੋਣ ਕਾਰਨ ਮੈਨੂੰ ਬਸਤੀ ਵਿਚ ਜੁਆਨ ਜਾਂ ਅੱਧਖੜ ਉਮਰ ਦੇ ਨਰ ਨਾਰੀ ਬਿਲਕੁਲ ਨਹੀਂ ਸਨ ਮਿਲੇ। ਮਿਲੇ ਸਨ ਜਾਂ ਤਾਂ ਡੰਗੋਰੀ ਨਾਲ ਤੁਰਨ ਵਾਲੇ ਬੁੱਢੇ ਬੁੱਢੀਆਂ ਜਾਂ ਫਿਰ ਢਿਲਕਦੀਆਂ ਕੱਛੀਆਂ ਨੂੰ ਹੱਥਾਂ ਨਾਲ ਵਾਰ ਵਾਰ ਉਪਰ ਖਿੱਚਦੇ ਨੰਗ-ਧੜੰਗੇ, ਨੱਚਦੇ-ਟੱਪਦੇ, ਛੋਟੇ ਛੋਟੇ ਬਾਲ। ਖੈਰ ਇਕ ਅਜਿਹਾ ਹੀ ਬਾਲ ਮੈਨੂੰ ਬਾਰੂ ਦੇ ਘਰ ਤੱਕ ਲੈ ਗਿਆ ਸੀ। ਉਸ ਨੂੰ ਮੈਂ ਸਕੂਟਰ ਅੱਗੇ ਖਲਿਆਰ ਲਿਆ ਸੀ। ਬੜਾ ਚਾਅ ਸੀ ਉਸ ਨੂੰ ਸਕੂਟਰ 'ਤੇ ਚੜ੍ਹਨ ਦਾ।

ਦਰਵਾਜ਼ੇ ਨੂੰ ਪੋਲਾ ਜਿਹਾ ਧੱਕਿਆ ਤਾਂ ਉਹ ਖੁੱਲ੍ਹ ਗਿਆ। ਅਸਲ ਵਿਚ ਤਖ਼ਤਿਆਂ ਦੀ ਵਿਰਲ ਥਾਣੀਂ ਮੈਂ ਪਹਿਲਾਂ ਹੀ ਝਾਕ ਲਿਆ ਸੀ ਤੇ ਕੰਧ ਦੇ ਪਰਛਾਵੇਂ ਮੰਜੀ 'ਤੇ ਬੈਠਾ ਇਕ ਬਜ਼ੁਰਗ ਮੇਰੀ ਨਜ਼ਰੀਂ ਪੈ ਗਿਆ ਸੀ। ਵੜਦਿਆਂ ਹੀ ਵਿਹੜੇ ਸੱਜੇ ਹੱਥ ਨਲਕਾ ਸੀ। ਜਿਸ ਦੁਆਲੇ ਬਿਨਾਂ ਸੀਮਿੰਟ ਤੋਂ ਇੱਟਾਂ ਦਾ ਖੁਰਾ ਬਣਿਆ ਹੋਇਆ ਸੀ। ਇਸੇ ਪਾਸੇ ਨਲਕੇ ਤੋਂ ਚਾਰ ਕੁ ਗਜ ਪਰ੍ਹੇ ਕੰਧ ਨਾਲ ਗੱਡੇ ਕਿੱਲੇ 'ਤੇ ਇਕ ਔਸਰ ਝੋਟੀ ਬੰਨ੍ਹੀ ਹੋਈ ਸੀ। ਦਰਵਾਜ਼ੇ ਦੇ ਖੱਬੇ ਹੱਥ ਇਕ ਛਤੜਾ ਸੀ। ਬਿਲਕੁਲ ਕੱਚਾ। ਸਫੈਦੇ ਦੇ ਤੋੜੇ, ਕੜੀਆਂ ਤੇ ਕਾਨੇ ਪਾ ਕੇ ਇਸ ਦੇ ਤਿੰਨ ਖਣ ਬਣਾਏ ਹੋਏ ਸਨ। ਮੈਂ ਸਮਝ ਗਿਆ ਕਿ ਇਹ ਧੁੱਪ ਤੇ ਪਾਲੇ ਤੋਂ ਬਚਾਉਣ ਲਈ ਇਸ ਝੋਟੀ ਲਈ ਹੀ ਹੈ। ਇਸ ਛਤੜੇ ਨਾਲ ਅੱਗੇ ਦੋ ਕੁ ਖਣ ਦੀ ਰਸੋਈ ਬਣੀ ਹੋਈ ਸੀ। ਇਹ ਵੀ ਕੱਚੀ ਤੇ ਛਤੜੇ ਵਾਂਗੂੰ ਬਿਨਾ ਦਰ ਦਰਵਾਜ਼ੇ ਦੇ ਹੀ ਸੀ। ਸਾਹਮਣੀਂ ਕੰਧ ਨਾਲ ਬਣੇ ਚੁੱਲ੍ਹਾ ਭੱਠੀ ਤੇ ਇਸ ਵਿਚ ਪਿਆ ਬਾਲਣ ਤੇ ਕੁਝ ਖਿੱਲਰੇ ਭਾਂਡੇ ਹੀ ਇਸ ਨੂੰ ਰਸੋਈ ਦਾ ਦਰਜਾ ਦੇ ਰਹੇ ਸਨ। ਇਸੇ ਦੀ ਪਰਛਾਵੇਂ ਬੈਠਾ ਸੀ ਬਾਰੂ, ਜਿਸ ਨੂੰ ਮਿਲਣ ਮੈਂ ਗਿਆ ਸੀ। ਬਾਰੂ ਦੇ ਖੱਬੇ ਪਾਸੇ ਟੀਪ ਕੀਤੀ ਕੰਧ ਵਿਚ ਲੱਗੇ ਦੋ ਦਰਵਾਜ਼ੇ, ਦੋ ਕਮਰੇ ਹੋਣ ਦੀ ਸ਼ਾਹਦੀ ਭਰਦੇ ਸਨ।

ਕੱਚੇ ਵਿਹੜੇ ਵਿੱਚੀਂ ਤੁਰਦਾ ਤੁਰਦਾ ਮੈਂ ਬਜ਼ੁਰਗ ਕੋਲ ਪਹੁੰਚ ਗਿਆ।

ਪੇਰੀਂ ਪੈਨਾਂ ਬਾਪੂ ਆਖ ਉਸ ਅੱਗੇ ਸਿਰ ਝੁਕਾ ਦਿੱਤਾ।

ਜੀਉਂਦਾ ਰਹੁ ਪੁੱਤ ਪਰ ਮੈਂ ਤੈਨੂੰ ਸਿਆਣਿਆਂ ਨੀਂ। ਉਹ ਧੀਮੀ ਪਰ ਸਾਫ਼ ਆਵਾਜ਼ ਵਿਚ ਬੋਲਿਆ। ਨਾਲੇ ਉਸ ਮੰਜੀ ਦੇ ਸਿਰਹਾਣੇ ਹੱਥ ਮਾਰ ਕੇ ਤੇ ਉਥੋਂ ਮੈਲੇ ਜਿਹੇ ਕੱਪੜੇ ਪਰ੍ਹੇ ਕਰਕੇ ਮੈਨੂੰ ਬੈਠਣ ਲਈ ਆਖ ਦਿੱਤਾ।

ਤੂੰ ਜੁਆਨਾ ਕਿੱਥੋਂ ਆਇਆਂ? ਮੈਂ ਤੇਰੀ ਕੀ ਖਿਦਮਤ ਕਰਾਂ? ਉਸ ਮੈਨੂੰ ਬੈਠਦੇ ਬੈਠਦੇ ਨੂੰ ਹੀ ਪੁੱਛ ਗਿਆ।

ਬਾਪੂ ਜੀ ਮੈਂ ਅਖਬਾਰ ਵਾਲਾ ਹਾਂ। ਸੱਚ ਏਦਾਂ ਕਹੋ ਕਿ ਮੈਂ ਇਕ ਪੰਜਾਬੀ ਅਖਬਾਰ ਲਈ ਕੰਮ ਕਰਦਾਂ। ਮੈਂ ਇਕ ਫੀਚਰ ਲਿਖ ਰਿਹਾਂ ਜਿਸ ਵਿਚ ਮੈਂ ਉਨ੍ਹਾਂ ਬਜ਼ੁਰਗ ਮਰਦ, ਔਰਤਾਂ ਦੇ ਇੰਟਰਵਿਊ ਛਾਪਣੇ ਹਨ ਜਿਨ੍ਹਾਂ ਦੀ ਉਮਰ ਸੌ ਸਾਲ ਤੋਂ ਉਪਰ ਹੋ ਗਈ ਹੋਵੇ। ਮੈਨੂੰ ਪਤਾ ਲੱਗਾ ਤੁਸੀਂ ਤਾਂ ਇਸ ਵੇਲੇ ਤੀਸਰੀ ਸਦੀ ਵਿਚ ਸਾਹ ਲੈ ਰਹੇ ਹੋ।

ਅੱਛਿਆ! ਆਖ ਬੁੱਢਾ ਸਹਿਜ ਭਾਅ ਹੀ ਮੰਜੇ ਤੋਂ ਉਠ ਖੜੋਤਾ ਤੇ ਸਾਹਮਣੇ ਵਾਲੇ ਬੰਦ ਦਰਵਾਜ਼ਿਆਂ ਵਿਚੋਂ ਇਕ ਖੋਲ੍ਹ ਦਿੱਤਾ ਤੇ ਮੈਨੂੰ ਅੰਦਰ ਆਉਣ ਲਈ ਕਿਹਾ। ਇਹ ਦੋ ਕੁ ਖਣਾਂ ਦਾ ਇਕ ਕਮਰਾ ਸੀ। ਇਸ ਦੀਆਂ ਕੰਧਾਂ 'ਤੇ ਕਾਂਡੀ ਪਲਸਤਰ ਕੀਤਾ ਹੋਇਆ ਸੀ। ਤੇ ਉਪਰ ਹਰਾ ਰੰਗ। ਪਤਲੀ ਗਾਡਰੀ 'ਤੇ ਵਿੰਗੇ ਟੇਢੇ ਬਾਲਿਆਂ ਨਾਲ ਇਸ ਦੀ ਛੱਤ ਬਣੀ ਹੋਈ ਸੀ। ਇਕ ਮੰਜਾ, ਦੋ ਕੁਰਸੀਆਂ ਤੇ ਇਕ ਨਿੱਕਾ ਜਿਹਾ ਮੇਜ਼ ਇਸ ਵਿਚ ਫਰਨੀਚਰ ਸੀ। ਇਕ ਸ਼ੈਲਫ 'ਤੇ ਕੁਝ ਫੋਟੇ ਤੇ ਇਕ ਟੇਪਰਿਕਾਰਡਰ ਪਿਆ ਸੀ। ਕੰਧਾਂ ਤੇ ਬਾਲਕ ਨਾਥ, ਭਗਤ ਰਵਿਦਾਸ, ਬਾਬੇ ਨਾਨਕ ਤੇ ਕੁਝ ਫਿਲਮੀ ਐਕਟਰਾਂ ਦੇ ਕਲੰਡਰ ਲੱਗੇ ਹੋਏ ਸਨ। ਮੇਰੇ ਬੈਠਣ ਲਈ ਇਕ ਕੁਰਸੀ ਝਾੜਦਿਆਂ ਉਹ ਬੋਲਿਆ, ਲੈ ਜੁਆਨਾ ਰਤਾ ਰਮਾਨ ਕਰ। ਮੈਂ ਉਸ ਬੇਜ਼ੁਬਾਨ ਨੂੰ ਛਾਂਵੇਂ ਕਰ ਆਵਾਂ।

ਮੈਂ ਹੈਰਾਨ ਸਾਂ ਕਿ ਇਹ ਏਨੀ ਉਮਰ ਵਿਚ ਵੀ ਏਨਾ ਸੌਖਾ ਚੱਲ ਫਿਰ ਤੇ ਦੇਖ ਸੁਣ ਸਕਦਾ ਹੈ। ਜਿਨ੍ਹਾਂ ਬੁੱਢੇ ਬੁੱਢੀਆਂ ਨੂੰ ਮੈਂ ਪਹਿਲਾਂ ਮਿਲ ਚੁੱਕਾ ਹਾਂ ਉਨ੍ਹਾਂ ਵਿਚੋਂ ਬਹੁਤੇ ਤਾਂ ਸਾਫ਼ ਬੋਲ ਵੀ ਨਹੀਂ ਸੀ ਸਕਦੇ ਤੇ ਚੱਲਣਾ ਫਿਰਨਾ ਤਾਂ ਇਕ ਪਾਸੇ ਰਿਹਾ, ਉਨ੍ਹਾਂ ਬਾਰੇ ਲਿਖਣ ਲਈ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੀ ਸਹਾਇਤਾ ਲੈਣੀ ਪੈਂਦੀ ਸੀ।

ਮੈਂ ਕਮਰੇ ਤੋਂ ਬਾਹਰ ਆ ਕੇ ਉਸ ਨੂੰ ਕੰਮ ਕਰਦੇ ਨੂੰ ਦੇਖਣ ਲੱਗਾ। ਉਸ ਆਪਣੇ ਗਲ ਦੀ ਕਮੀਜ਼ ਉਤਾਰ ਕੇ ਬਾਹਰ ਪਏ ਮੰਜੇ 'ਤੇ ਰੱਖ ਦਿੱਤੀ ਤੇ ਇਕ ਕੰਧ ਨਾਲੋਂ ਕੜ੍ਹਾਈਆ ਚੁੱਕ ਨਲਕੇ ਅੱਗੇ ਧਰ ਲਿਆ। ਦੋਹਾਂ ਹੱਥਾਂ ਨਾਲ ਨਲਕਾ ਗੇੜਨ ਲੱਗ ਪਿਆ। ਕੜ੍ਹਾਈਆ ਇਕ ਪਾਸੇ ਨੂੰ ਟੇਢਾ ਹੋ ਗਿਆ। ਰੋੜੇ ਦਾ ਆਸਰਾ ਲਾ ਕੇ ਉਸ ਨੂੰ ਸਿੱਧਾ ਕੀਤਾ ਤੇ ਭਰ ਲਿਆ। ਝੋਟੀ ਕੋਲ ਗਿਆ, ਹੱਥ ਫੇਰਿਆ, ਥਾਪੀ ਦਿੱਤੀ ਤੇ ਖੋਲ੍ਹ ਕੇ ਨਲਕੇ ਕੋਲ ਲੈ ਆਇਆ। ਉਹ ਨਲਕਾ ਗੇੜਦਾ ਰਿਹਾ, ਝੋਟੀ ਪਾਣੀ ਪੀਂਦੀ ਰਹੀ ਤੇ ਮੈਂ ਸੋਚਦਾ ਰਿਹਾ।

ਕਿੰਨਾ ਸਖ਼ਤ ਜਾਨ ਏ ਬੁੱਢਾ! ਕਿੰਨਾ ਜ਼ੋਰ ਹੋਵੇਗਾ ਇਸ ਵਿਚ ਜੁਆਨੀ ਵੇਲੇ ਪਰ ਹੁਣ ਤਾਂ ਹੱਡੀਆਂ ਤੇ ਮਾਸ ਇਕ ਦੂਜੇ ਨਾਲ ਰੁੱਸ ਗਏ ਲੱਗਦੇ ਨੇ। ਸੁੱਕਾ ਕਰੰਗ ਜਿਹਾ ਪਰ ਉਸ ਦੇ ਹਠ ਮੂਹਰੇ ਤੇ ਰੱਬ ਦੇ ਰੰਗ ਮੂਹਰੇ ਮੇਰਾ ਸਿਰ ਝੁਕ ਝੁਕ ਜਾ ਰਿਹਾ ਸੀ।

ਉਸ ਇਕ ਡੱਬਾ ਲੈ ਝੋਟੀ ਉਪਰ ਪੰਜ ਸੱਤ ਡੱਬੇ ਪਾਣੀ ਪਾਇਆ। ਫਿਰ ਉਹ ਹੱਥ ਫੇਰਦਾ ਫੇਰਦਾ ਝੋਟੀ ਦੇ ਲੇਵੇ ਵਾਲੀ ਜਗ੍ਹਾ ਨੂੰ ਟਟੋਲਣ ਲੱਗਾ। ਮੇਰੇ ਖਿਆਲ ਵਿਚ ਉਹ ਉਸ ਦੇ ਗੱਭਣ ਹੋਣ ਜਾਂ ਨਾ ਹੋਣ ਬਾਰੇ ਟੋਹ ਲਾ ਰਿਹਾ ਸੀ। ਝੋਟੀ ਨੂੰ ਛਾਂਵੇਂ ਬੰਨ੍ਹ ਤੇ ਉਸ ਮੂਹਰੇ ਥੋੜ੍ਹਾ ਜਿਹਾ ਅੱਧ ਸੁੱਕਾ ਘਾਹ ਸੁੱਟ ਉਹ ਮੁੜ ਨਲਕੇ 'ਤੇ ਆ ਗਿਆ। ਮੋਟੇ ਮੋਟੇ ਹੱਥ ਪੈਰ ਧੋ ਉਸ ਦੁਬਾਰਾ ਆਪਣਾ ਕੁੜਤਾ ਪਾ ਲਿਆ। ਦੂਜੇ ਕਮਰੇ ਦਾ ਅਰਲ ਖੋਲ੍ਹਿਆ ਤੇ ਇਕ ਵੱਡਾ ਸਾਰਾ ਗਿਲਾਸ ਲੈ ਵਾਪਸ ਨਲਕੇ 'ਤੇ ਆ ਗਿਆ। ਧੋ ਸੁਆਰ ਕੇ ਉਸ ਪਾਣੀ ਦਾ ਭਰ ਲਿਆ।

ਮੈਂ ਵਾਪਸ ਅੰਦਰ ਆ ਬੈਠਾ।

ਲੈ ਪੁੱਤ ਪਾਣੀ ਪੀ। ਪਹਿਲਾਂ ਮੈਂ ਤਾਂ ਨਹੀਂ ਸੀ ਲਿਆਇਆ ਪਈ ਝੋਟੀ ਨੂੰ ਪਾਣੀ ਪਲੌਣ ਲੱਗਿਆਂ ਜਰਾ ਠੰਡਾ ਨਿਕਲ ਆਊ। ਜ਼ਰਾ ਦੇਰ ਜ਼ਰੂਰ ਹੋਗੀ।

ਬਾਰੂ ਦੀ ਜ਼ੁਬਾਨ ਵਿਚ ਇਕ ਖਾਸ ਰਸ ਸੀ। ਉਸ ਨੂੰ ਗੱਲ ਕਰਨ ਦਾ ਸਲੀਕਾ ਸੀ। ਇਹ ਮੇਰੇ ਲਈ ਹੈਰਾਨੀ ਵਾਲੀ ਗੱਲ ਸੀ। ਉਸ ਬਾਹਰੋਂ ਇਕ ਕਿੱਲੀ ਤੋਂ ਮੈਲੀ ਜਿਹੀ ਚਿੱਟੀ ਪੱਗ ਲਾਹ ਕੇ ਸਿਰ ਵਲ੍ਹੇਟ ਲਈ। ਮੇਰੇ ਕੋਲ ਆ ਮੰਜੇ 'ਤੇ ਬੈਠ ਗਿਆ।

ਲੈ ਪੁੱਤ ਪੁੱਛ ਜੋ ਪੁੱਛਣਾ ਜਕੀਂ ਨਾ।

ਬਾਪੂ ਜੀ, ਤੁਹਾਡੀ ਉਮਰ ਕਿੰਨੀ ਕੁ ਹੈ?

ਹਿਸਾਬ ਤੂੰ ਲਾ ਲੈ ਮੈਂ ਰੌਲਿਆਂ ਵੇਲੇ ਪੰਜਾਹ ਕੁ ਦਾ ਸੀ।

ਤੁਹਾਡਾ ਆਰ ਪਰਿਵਾਰ ਕੀ ਹੈ?

ਇਸ ਵੇਲੇ 'ਕਲੌਤੇ ਪੜਪੋਤੇ ਤਾਰੇ, ਉਸ ਦੇ ਘਰਵਾਲੀ ਛਿੰਨੋ ਤੇ ਉਨ੍ਹਾਂ ਦੇ ਦੋ ਬੱਚਿਆਂ ਨਾਲ ਇਸ ਕੁੱਲੀ ਵਿਚ ਰਹਿ ਰਿਹਾ ਹਾਂ। ਬਾਕੀ ਕੁੜੀਆਂ-ਕੱਤਰੀਆਂ ਦੇ ਪਰਿਵਾਰ ਆਪਣੇ ਘਰੀਂ ਵਸਦੇ ਨੇ।

ਕੁੱਲੀ! ਬਾਪੂ ਜੀ ਤੁਸੀਂ ਸ਼ਾਇਦ ਦੇਖੇ ਹੀ ਹੋਣਗੇ ਕਿ ਸ਼ਹਿਰਾਂ-ਕਸਬਿਆਂ ਲਾਗੇ ਲੋਕ ਸੜਕਾਂ ਦੇ ਆਸ-ਪਾਸ ਝੁੱਗੀਆਂ ਬਣਾ ਕੇ ਰਹਿੰਦੇ ਨੇ। ਉਨ੍ਹਾਂ ਨੂੰ ਕੁੱਲੀਆਂ ਕਹਿੰਦੇ ਹਨ। ਤੁਸੀਂ ਤਾਂ ਚੰਗੇ ਭਲੇ ਘਰ ਵਿਚ ਰਹਿੰਦੇ ਹੋ ਜੋ ਅੱਧਿਓਂ ਵੱਧ ਇੱਟਾਂ ਦਾ ਬਣਿਆ ਹੋਇਆ ਹੈ। ਵੱਡਿਆਂ ਸ਼ਹਿਰਾਂ ਵਿਚ ਤਾਂ ਲੋਕਾਂ ਕੋਲ ਝੁੱਗੀਆਂ ਵੀ ਨਹੀਂ ਹੁੰਦੀਆਂ। ਫੁੱਟਪਾਥਾਂ 'ਤੇ ਹੀ ਪੈ ਜਾਂਦੇ ਹਨ।

ਪੁੱਤਰਾ! ਇਹੀ ਗੱਲ ਤਾਂ ਸਮਝ ਨੀਂ ਔਂਦੀ। ਦਸ ਕੁ ਸਾਲ ਪੈਲ੍ਹਾਂ ਤਾਰਾ ਵੱਡੇ ਸ਼ਹਿਰ ਲੈ ਗਿਆ ਸੀ, ਕਿਸੇ ਰਿਸ਼ਤੇਦਾਰੀ 'ਚ ਵਿਆਹ 'ਤੇ। ਉਥੇ ਐਡੀਆਂ ਵੱਡੀਆਂ ਕੋਠੀਆਂ ਦੇਖੀਆਂ ਬਈ ਸੁਰਤ ਗੁੰਮ ਹੋ ਜਾਵੇ। 'ਸਮਾਨ ਨੂੰ ਛੂੰਹਦੀਆਂ ਉਪਰ ਦੇਖਣ ਲਈ ਪੱਗਾਂ ਨੂੰ ਹੱਥ ਨਾਲ ਫੜਨਾ ਪੈਂਦਾ। ਮਨ ਵਿਚ ਖਿਆਲ ਉਠੇ ਬਈ ਰੌਲਿਆਂ ਤੋਂ ਬਾਅਦ ਦੇ ਸਾਲਾਂ ਵਿਚ ਇਹ ਲੋਕ ਕੀ ਕੰਮ ਕਰਦੇ ਰਹੇ? ਕਿੰਨੀ ਕੁ ਸਖ਼ਤ ਮਿਹਨਤ ਕੀਤੀ ਹੋਊ ਏਨ੍ਹਾਂ? ਮੈਂ ਤਾਂ 7-8 ਸਾਲ ਦੇ ਨੇ ਡੰਗਰ ਚਾਰਨੇ ਸ਼ੁਰੂ ਕਰ ਦਿੱਤੇ ਸਨ। ਹੋਰ ਦੋ ਤਿੰਨ ਸਾਲਾਂ ਤਾਈਂ ਰੰਬਾ ਕਹੀ ਚੁੱਕ ਲਏ ਸਨ। ਮੈਂ ਬਾਪੂ ਨਾਲ ਕੰਮ ਕਰਦਾ ਰਿਹਾ। ਮੇਰਾ ਮੁੰਡਾ ਉਠ ਕੇ ਮੇਰੇ ਨਾਲ ਜੁੱਟ ਗਿਆ। ਹੁਣ ਤਾਰੇ ਹੁਰਾਂ ਵੱਲ ਹੀ ਦੇਖ, ਨਿੱਕੇ ਨਿੱਕੇ ਜੁਆਕ ਲੈ ਕੇ ਸਵਖਤੇ ਦੇ ਕਣਕ ਵੱਢਣ ਗਏ ਨੇ। ਸ਼ਾਮੀ ਜਦੋਂ ਨਿੱਕੇ ਬੱਚੇ ਦੋ ਦੋ ਸੇਰ ਕਣਕ ਦੀਆਂ ਬੱਲੀਆਂ ਸਿਰੀਂ ਚੁੱਕੀ ਔਂਦੇ ਨੇ ਤਾਂ ਕਾਲਜਾ ਮੂੰਹ ਨੂੰ ਔਂਦਾ। ਖੇਡਣ ਮਲ੍ਹਣ ਦੀ ਉਮਰ ਆ। ਅਸੀਂ ਵੀ ਏਸ ਉਮਰੇ ਡੰਗਰਾਂ ਮਗਰ ਸੋਟੀ ਫੜ ਲਈ ਸੀ। ਉਤੋਂ ਵੈਲ ਵੀ ਕੋਈ ਨ੍ਹੀਂ ਕੀਤਾ। ਅੱਜ ਤੋੜੀਂ। ਟੱਬਰ ਵੀ ਰੱਬੋਂ ਛੋਟਾ ਰਿਹਾ। ਪਰ ਮੈਂ ਦੋ ਸਾਲਾਂ ਵਿਚ ਇਸ ਅੱਧ ਕੱਚੀ ਪੱਕੀ ਕੋਠੜੀ ਤਾਈਂ ਪਹੁੰਚਿਆ ਹਾਂ ਤੇ ਇਹ ਲੋਕ ਕਾਰਾਂ ਕੋਠੀਆਂ ਤੇ ਲੌ ਲਸ਼ਕਰ ਕਿੱਦਾ ਬਣਾ'ਗੇ? ਪੁੱਤ ਇਹ ਗੱਲ ਮਨ ਵਿਚ ਹੁਣ ਵੀ ਉਠਦੀ ਰਹਿੰਦੀ ਆ ਪਰ ਲੜ ਸਿਰਾ ਨੀ 'ਥਿਆਉਂਦਾ। ਕੀ ਤੂੰ ਕੁਝ ਦੱਸੇਂਗਾ?

ਬਾਪੂ ਕੋਠੀਆਂ ਤਾਂ ਤੇਰੇ ਪਿੰਡ ਵੀ ਬਣੀਆਂ ਹੋਈਆਂ ਨੇ। ਆਹ ਤੁਹਾਡੀ ਕਲੋਨੀ ਦੇ ਦੂਜੇ ਸਿਰੇ ਵੀ ਇਕ ਕੋਠੀ ਬਣ ਰਹੀ ਹੈ। ਕੀ ਇਨ੍ਹਾਂ ਬਾਰੇ ਵੀ ਕਦੀ ਸੋਚਿਆ ਕਿ ਕਿੱਦਾਂ ਬਣੀਆਂ?

ਪਹਿਲੀ ਗੱਲ ਤਾਂ ਜੁਆਨਾਂ ਇਹ ਕੋਠੀਆਂ ਸ਼ਹਿਰ ਵਾਲੀਆਂ ਕੋਠੀਆਂ ਦੇ ਪੈਰਾਂ ਅਰਗੀਆਂ ਵੀ ਨ੍ਹੀਂ। ਦੂਜੀ ਮੈਂ ਇਕ ਦਿਨ ਪਿਆ ਸੋਬਤੀ ਹੀ ਹਿਸਾਬ ਲੌਂਦਾ ਸੀ ਬਈ ਇਹ ਚਾਰ ਖਣ ਜੇ ਕਿਸੇ ਨੇ ਚੱਜ ਦੇ ਬਣਾ ਲਏ ਤਾਂ ਏਥੇ ਦੀ ਮੇਨ੍ਹਤ ਮਜੂਰੀ ਨਾਲ ਨੀ ਬਣੇ। ਇਨ੍ਹਾਂ ਸਾਰੇ ਘਰਾਂ ਦੇ ਇਕ ਇਕ, ਦੋ ਦੋ ਮੈਂਬਰ ਵਲੈਤੀਂ ਗਏ ਹੋਏ ਆ। ਆਹ ਜੇਹੜੀ ਸਾਡੀ ਕਲੋਨੀ ਵਿਚ ਬਣਦੀ ਏ, ਇਨ੍ਹਾਂ ਦੇ ਦੋ ਮੁੰਡੇ ਵੀ ਪਿਛਲੇ ਕਈ ਸਾਲਾਂ ਤੋਂ ਡਬਈ ਡਬਈ ਗਏ ਹੋਏ ਆ। ਇਹ ਬਾਹਰਲੇ ਮੁਲਖ਼ਾਂ ਵਿਚ ਕੀਤੀ ਮਜੂਰੀ ਤੇ ਵੱਡੇ ਸੰਨ ਦੀਆਂ ਕਰਾਮਾਤਾਂ ਪੁੱਤਰਾ। ਪਰ ਸ਼ੈਹਰੀ ਕੋਠੀਆਂ ਦੀ ਸ਼ਾਨੋ-ਸ਼ੌਕਤ ਤਾਂ ਨਿਆਰੀ ਹੀ ਹੈ। ਲਗਦੈ ਉਨ੍ਹਾਂ ਕੋਠੀਆਂ ਵਿਚ ਪਿਆ ਸਬਾਬ ਏਨ੍ਹਾਂ ਦੀ ਕੀਮਤ ਤੋਂ ਵੱਧ ਹੋਊ।

ਬਾਰੂ ਦੀਆਂ ਗੱਲਾਂ ਤਰਕਸੰਗਤ ਸਨ ਪਰ ਮੈਂ ਜਾਣਦਾ ਹੋਇਆ ਵੀ ਇਨ੍ਹਾਂ ਗੱਲਾਂ ਦੇ ਵਿਸਥਾਰ ਵਿਚ ਨਹੀਂ ਸੀ ਜਾਣਾ ਚਾਹੁੰਦਾ।

ਅੱਛਾ ਬਾਪੂ, ਦੱਸ ਜੁਆਨੀ ਵੇਲੇ ਜ਼ੋਰ ਕਿੰਨਾ ਕੁ ਹੁੰਦਾ ਸੀ? ਮੈਂ ਗੱਲ ਬਦਲੀ।

ਲੈ ਗੱਭਰੂਆ ਜ਼ੋਰ ਦਾ ਕੀ ਅੰਤ ਸੀ। ਜਦ ਲੰਬੜਾਂ ਦਾ ਬੇਰੀਆਂ ਵਾਲਾ ਖੂਹ ਲੱਗਾ ਤਾਂ ਮੈਂ ਉਦੋਂ ਵੀਹ-ਬਾਈ ਦਾ ਹੋਊਂ। ਪਾੜ ਦੀ ਪਟਾਈ ਵੇਲੇ ਧੁਰ ਥੱਲਿਓਂ ਮਿੱਟੀ ਦਾ ਜੇਡਾ ਟੋਕਰਾ ਲੈ ਕੇ ਮੈਂ ਉਪਰ ਚੜ੍ਹ ਆਉਂਦਾ ਸੀ, ਉਹ ਕਿਸੇ ਜੱਟ ਦੇ ਮੁੰਡੇ ਤੋਂ ਵੀ ਨੀ ਸੀ ਨਿਕਲਦਾ। ਬਥੇਰਿਆਂ ਜਿੱਦ ਜਿੱਦ ਸ਼ਰਤਾਂ ਲਾਈਆਂ ਪਰ ਬਾਰੂ ਅੱਗੇ ਕਿਸੇ ਦੀ ਪੇਸ਼ ਨ੍ਹੀਂ ਗਈ। ਉਦੋਂ ਮੈਂ ਸਾਰੇ ਪਿੰਡ ਵਿਚ ਜ਼ੋਰ ਵਾਲਾ ਗਿਣਿਆ ਜਾਂਦਾ ਸੀ।

ਬਾਪੂ ਤੁਹਾਡੀ ਖੁਰਾਕ ਕੀ ਹੁੰਦੀ ਸੀ?

ਸੁਆਹ, ਜੱਟਾਂ ਦੇ ਘਰ ਦੀ ਲੱਸੀ, ਸਿਆਲਾਂ ਨੂੰ ਗੰਨੇ ਤੇ ਸਾਗ। ਹੋਰ ਕੀ ਬਦਾਮ ਚੱਬਣ ਨੂੰ ਮਿਲਦੇ ਸਨ। ਬਸ ਅੰਦਰ ਮਸ਼ੀਨਰੀ ਹੀ ਏਹੋ ਜਿਹੀ ਫਿੱਟ ਕਰ'ਤੀ ਸੀ ਰੱਬ ਨੇ ਬਈ ਕਣਕੋਂ ਘੇ ਕੱਢਦੀ ਰਹੀ।

ਅੱਛਾ ਬਾਪੂ ਕੋਈ ਐਸੀ ਘਟਨਾ ਸੁਣਾ ਜੋ ਅੱਜ ਤੱਕ ਵੀ ਦੁੱਖ ਦਿੰਦੀ ਹੋਵੇ।

ਉਸ ਦੇ ਅੱਖੀਂ ਦੁੱਖ ਤੇ ਮੂੰਹ 'ਤੇ ਚੁੱਪ ਉਤਰ ਆਈ।

ਹਾਂ ਹਾਂ ਬਾਪੂ। ਮੇਰਾ ਮਤਲਬ ਜੀਵਨ ਦੀ ਕੋਈ ਕੌੜੀ ਯਾਦ।

ਉਸ ਦੀ ਝਾਕਣੀ ਹੀ ਬਦਲ ਗਈ। ਚਿਹਰਾ ਉਦਾਸਿਆ ਤੇ ਪ੍ਰੇਸ਼ਾਨਿਆ ਗਿਆ। ਮੈਂ ਪਛਤਾਉਣ ਲੱਗਾ ਇਹ ਸਵਾਲ ਕਰਕੇ। ਪਰ ਮੈਥੋਂ ਕੋਸ਼ਿਸ਼ ਫਿਰ ਕਰ ਹੋ ਗਈ।

ਦੱਸ ਬਾਪੂ ਦੱਸ। ਝਕ ਨਾ। ਆਪਾਂ ਇਕ ਦੂਜੇ ਦੇ ਦੁੱਖ-ਦਰਦ ਦੇ ਸਾਂਝੀ। ਇਕ ਜਾਤ ਬਿਰਾਦਰੀ।

ਉਹ ਮਾੜਾ ਜਿਹਾ ਮੁਸਕਰਾਇਆ। ਸ਼ਾਇਦ ਮੇਰੀ ਮਗਰਲੀ ਗੱਲ 'ਤੇ। ਤਿਰਛਾ ਜਿਹਾ ਝਾਕਿਆ ਤੇ ਬੋਲ ਪਿਆ। ਇਕ ਡੂੰਘੇ ਸਾਹ ਤੋਂ ਬਾਅਦ।

ਉਂਜ ਤਾਂ ਪੁੱਤਰਾ ਸਾਰੀ ਉਮਰ ਹੀ ਕੌੜੀ ਯਾਦ ਬਣੀ ਪਈ ਐ। ਅਨੇਕਾਂ ਘਰ ਦੇ ਜੀ, ਰਿਸ਼ਤੇਦਾਰ, ਮਿੱਤਰ ਪਿਆਰੇ, ਹੱਥੀਂ ਜੰਮੇ ਪਲੇ, ਅੱਖਾਂ ਸਾਹਵੇਂ ਚੱਲ ਵੱਸਦੇ ਰਹੇ। ਬੜਾ ਭਾਰ ਢੋਇਆ ਏਨ੍ਹਾਂ ਮੋਢਿਆਂ ਨੇ ਅਰਥੀਆਂ ਦਾ ਪਰ...।

ਉਹ ਫਿਰ ਚੁੱਪ ਦੇ ਵਿਹੜੇ ਜਾ ਵੜਿਆ।

ਹਾਂ ਹਾਂ ਬਾਪੂ, ਦੱਸ। ਬੇਖੌਫ਼ ਦੱਸ। ਮੈਂ ਉਸ ਨੂੰ ਉਤਸ਼ਾਹਿਤ ਕਰਨਾ ਚਾਹੁੰਦਾ ਸੀ।

ਹਾਂ ਪੁੱਤ। ਲੰਬੜਾਂ ਦੇ ਟੱਬਰ ਨਾਲ ਮੁੱਢ ਤੋਂ ਸੀਰ ਸੀ ਸਾਡਾ। ਸੱਚ ਪੁੱਛੇਂ ਤਾਂ ਉਨ੍ਹਾਂ ਦੇ ਡੰਗਰਾਂ ਮਗਰ ਹੀ ਮੇਰਾ ਬਚਪਨ ਬੀਤਿਆ। ਸਾਨੂੰ ਵੀ ਉਨ੍ਹਾਂ ਦਾ ਬਹੁਤ ਆਸਰਾ ਸੀ। ਜੀ ਤੋੜ ਕੇ ਕੰਮ ਕੀਤਾ ਉਨ੍ਹਾਂ ਦੇ ਖੇਤੀਂ। ਜਦੋਂ ਬੇਰੀਆਂ ਵਾਲਾ ਖੂਹ ਲੱਗਾ ਤਾਂ ਸਾਰਿਆਂ ਨਾਲੋਂ ਵੱਧ ਜੂੜ ਮੈਂ ਮਾਰਿਆ। ਦਿਨ ਰਾਤ ਇਕ ਕਰ'ਤਾ। ਉਦੋਂ ਜਾਨ ਸੀ ਇਸ ਦੇਹ ਵਿਚ। ਥਕੇਵਾਂ ਤਾਂ ਲਾਗੇ ਵੀ ਨਹੀਂ ਸੀ ਢੁੱਕਦਾ। ਲੰਬੜਾਂ ਦਾ ਕਰਮਾ ਮੇਰੇ ਨਾਲੋਂ ਸਾਲ ਕੁ ਛੋਟਾ ਸੀ। ਪਰ ਸਾਡੀ ਆੜੀ ਸੀ। ਮੋਹ ਸੀ। ਸਕੇ ਭਰਾਵਾਂ ਤੋਂ ਵੱਧ।

ਇਥੇ ਆ ਕੇ ਉਹ ਫਿਰ ਚੁੱਪ ਕਰ ਗਿਆ। ਉਸ ਦਾ ਗਲਾ ਥੋੜ੍ਹਾ ਥੋੜ੍ਹਾ ਭਰਿਆ ਲੱਗਾ। ਮੈਂ ਸਮਝਿਆ ਜ਼ਰੂਰ ਕੋਈ ਗਹਿਰ ਗੰਭੀਰ ਗੱਲ ਹੋਵੇਗੀ। ਕਿਸੇ ਧੀ-ਭੈਣ ਨਾਲ ਸੀਨਾ ਜ਼ੋਰੀ ਦੀ ਗੱਲ ਹੋਵੇਗੀ। ਸੰਭਵ ਹੈ ਉਹ ਕਰਮੇ ਵੱਲੋਂ ਹੀ ਹੋਵੇ। ਮੇਰੇ ਅੰਦਰਲਾ ਕਿਆਫੇ ਲਾ ਰਿਹਾ ਸੀ।

ਫੇਰ ਕੀ ਹੋਇਆ ਬਾਪੂ? ਮੇਰਾ ਜੀ ਕਾਹਲਾ ਪਿਆ ਹੋਇਆ ਸੀ।

ਫੇ ਕੀ ਪੁੱਤਰਾ। ਜਦੋਂ ਬੇਰੀਆਂ ਵਾਲਾ ਖੂਹ ਫਿਸ ਗਿਆ ਤਾਂ ਸਾਡਾ ਉਸ 'ਤੇ ਚੜ੍ਹਨਾ ਬੰਦ ਹੋ ਗਿਆ। ਬਾਪੂ ਦੀ ਆਵਾਜ਼ ਘਗਿਆ ਗਈ। ਉਸ ਦੀਆਂ ਡੂੰਘੀਆਂ ਅੱਖਾਂ ਵਿਚੋਂ ਅੱਥਰੂ ਵਗ ਤੁਰੇ। ਉਸ ਪੱਗ ਦਾ ਲੜ ਅੱਖਾਂ 'ਤੇ ਧਰ ਲਿਆ।

ਉਹ ਕਿਉਂ? ਮੈਂ ਤਿਲਮਿਲਾ ਉਠਿਆ।

ਬਸ ਖੂਹ ਵੱਗ ਪਿਆ ਸੀ। ਉਨ੍ਹਾਂ ਦੀ ਕਿਸੇ ਸਿਆਣੀ ਬੁੜ੍ਹੀ ਨੇ ਕਿਸੇ ਸੁੱਚੇ ਖੂਹ ਦੇ ਪਾਣੀ ਦਾ ਛਿੱਟਾ ਦੇ ਉਸ ਨੂੰ ਸੁੱਚਾ ਕਰ ਲਿਆ ਸੀ। ਇਹ ਗੱਲ ਮੈਨੂੰ ਦੱਸੀ ਵੀ ਮੇਰੇ ਆੜੀ ਕਰਮੇ ਨੇ ਹੀ ਸੀ। ਏਸ ਗੱਲ ਨੇ ਰੂਹ ਨੂੰ ਐਸਾ ਫੱਟਾ ਲਾਇਆ ਬਈ ਪੁੱਛ ਨਾ। ਇਸ ਗੱਲ ਦੀ ਯਾਦ ਅੱਜ ਵੀ ਰੋਣ ਕੱਢ ਦਿੰਦੀ ਆ।

ਇਹ ਤਾਂ ਸ਼ਰੇਆਮ ਧੱਕਾ ਸੀ। ਮੈਂ ਕੁੱਝ ਗੁੱਸੇ ਵਿਚ ਆ ਗਿਆ।

ਧੱਕਾ ਧੁੱਕਾ ਕਾਹਦਾ। ਮੈਂ ਕਰਮੇ ਦੀ ਥਾਂ ਹੁੰਦਾ, ਮੇਰੇ ਕੋਲੋਂ ਵੀ ਇਹੋ ਹੋਣਾ ਸੀ।

ਬਾਪੂ ਜੀ ਜਾਤ ਪਾਤ ਤੇ ਛੂਆ ਛੂਤ ਬਾਰੇ ਅੱਜ ਕੀ ਵਿਚਾਰ ਨੇ ਤੁਹਾਡੇ? ਮੈਂ ਗੱਲ ਬਦਲਣ ਲਈ ਆਖਿਆ। ਪਰ ਮੈਨੂੰ ਅੰਦਰੋਂ ਔਖ ਅਨੁਭਵ ਹੋਈ ਜਾ ਰਹੀ ਸੀ।

ਓ ਮੱਖਣਾ! ਵਿਚਾਰ ਵਚੂਰ ਕਾਹਦੇ। ਛੂਆ ਛਾਤ ਜਾਂ ਸੁੱਚ ਭਿੱਟ ਵਿਹਾਰ 'ਚ ਤਾਂ ਨ੍ਹੀਂ ਰਹੀ ਥੋੜ੍ਹੀ। ਸਾਡੇ ਪਿੰਡੀਂ ਤਾਂ ਹੈ ਹੀ ਨ੍ਹੀਂ ਪਰ ਜਾਤ ਪਾਤ ਦਾ ਬਖੇੜਾ ਤਾਂ ਵੱਧਦਾ ਜਾ ਰਿਹਾ ਏ। ਉਮੀਦ ਨਹੀਂ ਬਈ ਮੁੱਕ ਜੂ, ਵੱਧ ਭਾਵੇਂ ਜੂ। ਏਹ ਲੋੜ ਵੀ ਬਣਦੀ ਜਾ ਰਹੀ ਆ।

ਕਿਵੇਂ ਬਾਪੂ? ਕਹਿਣ ਦੀ ਮੇਰੀ ਹਿੰਮਤ ਨਾ ਪਈ। ਮੈਨੂੰ ਲੱਗਾ ਜਿਵੇਂ ਮੇਰੀ ਆਖੀ ਹੋਈ ਗੱਲ...ਆਪਣੀ ਜਾਤ ਬਰਾਦਰੀ ਤਾਂ ਇਕ ਹੈ, 'ਤੇ ਉਸ ਟਕੋਰ ਕਰ ਦਿੱਤੀ ਹੋਵੇ।

ਬਾਪੂ ਜ਼ਿੰਦਗੀ ਦੀ ਕੋਈ ਅਜਿਹੀ ਘਟਨਾ ਜੋ ਅੱਜ ਤਾਈਂ ਖੁਸ਼ੀ ਦਿੰਦੀ ਹੋਵੇ।

ਓ ਸੋਹਣਿਆ! ਐਡੀ ਵੱਡੀ ਜ਼ਿੰਦਗਾਨੀ ਵਿਚ ਐਹੋ ਜਿਹੀਆਂ ਗੱਲਾਂ ਵੀ ਬਥੇਰੀਆਂ ਨੇ ਜਿਨ੍ਹਾਂ ਖੁਸ਼ੀ ਦਿੱਤੀ ਪਰ ਕਈ ਤਾਂ ਮਗਰੋਂ ਸੌਰ੍ਹੀਆਂ ਛਲਾਵਾ ਹੀ ਨਿਕਲੀਆਂ। ਸਾਡੇ ਲੋਕ ਪਹਿਲਾਂ ਪਹਿਲ ਜਿਨ੍ਹਾਂ ਜੱਟ ਕਿਸਾਨਾਂ ਨਾ ਕੰਮ ਕਰਦੇ ਹੁੰਦੇ ਸੀ, ਉਨ੍ਹਾਂ ਤੋਂ ਛਮਾਈ ਮਗਰੋਂ ਕੁਝ ਦਾਣੇ ਮਿਲਦੇ ਹੁੰਦੇ ਸੀ। ਜਾਂ ਫੇ ਵੇਲੇ ਕੁਵੇਲੇ ਪੱਠਾ ਦੱਥਾ। ਫੇ ਹੌਲੀ ਹੌਲੀ ਖੇਤੀ ਕੰਮ ਕਰਨ ਦੀ ਦਿਹਾੜੀ ਨਕਦ ਮਿਲਣ ਲੱਗੀ। ਸਾਡੇ ਵੇੜ੍ਹਿਆਂ ਵਿਚ ਖੁਸ਼ੀ ਦੀ ਲੈਰ੍ਹ ਦੌੜ ਗਈ ਕਿ ਲਓ ਹੁਣ ਤਾਂ ਗਰੀਬੀ ਗਈ ਕਿ ਗਈ। ਹਰ ਰੋਜ਼ ਕੰਮ ਕਰਨ ਦੇ ਪੈਸੇ ਨਕਦ। ਮੈਂ ਬੋਤ੍ਹ ਖੁਸ਼ ਸੀ। ਪਰ ਅੱਜ ਤਾਈਂ ਦਿਹਾੜੀ ਵੀ ਵੱਧਦੀ ਗਈ ਤੇ ਗਰੀਬੀ ਉਸ ਤੋਂ ਤੇਜ਼ੀ ਨਾਲ। ਇਸ ਤਰ੍ਹਾਂ ਇਹ ਖੁਸ਼ੀ ਵੀ ਛਲਾਵਾ ਹੀ ਨਿਕਲੀ।

ਨਹੀਂ ਬਾਪੂ। ਕੋਈ ਇਹੋ ਜਿਹੀ ਗੱਲ ਜੋ ਅੱਜ ਤਾਈਂ ਵੀ ਮਨ ਨੂੰ ਖੁਸ਼ ਕਰ ਦਿੰਦੀ ਹੋਵੇ। ਮੈਂ ਛਲਾਵੇ ਦੀ ਗੱਲ ਨਹੀਂ ਕਰਦਾ।

ਪੁੱਤਰਾ ਏਹ ਗੱਲ ਅੱਜ ਤਾਈਂ ਸਾਂਝੀ ਤਾਂ ਨ੍ਹੀਂ ਕੀਤੀ ਕਿਸੇ ਨਾ। ਪਰ ਤੂੰ ਵੀ 'ਖਬਾਰ ਵਿਚ ਸਿੱਧੀ ਨਾ ਠੋਕ ਦੀਂ।

ਉਹ ਗਹੁ ਨਾਲ ਮੇਰੇ ਵੱਲ ਦੇਖਿਆ। ਅੰਦਰ ਧੱਸੀਆਂ ਅੱਖਾਂ ਵਿਚ ਚਮਕ ਜਿਹੀ ਆ ਗਈ। ਪਰ ਬੁੱਲ੍ਹ ਖੁੱਲ੍ਹਦੇ-ਖੁੱਲ੍ਹਦੇ ਰਹਿ ਗਏ।

ਹਾਂ ਹਾਂ ਬਾਪੂ, ਬੇਖੌਫ਼ ਦੱਸ। ਨਾ ਛਾਪਣ ਵਾਲੀ ਹੋਈ ਤਾਂ ਮੈਂ ਨਾ ਛਾਪੂੰ। ਮੈਂ ਬੇਸਬਰਾ ਹੋਈ ਜਾ ਰਿਹਾ ਸਾਂ।

ਇਹ ਗੱਲ ਪੁੱਤਰਾ ਉਸੇ ਵਰ੍ਹੇ ਦੀ ਹੈ ਜਿਸ ਵਰ੍ਹੇ ਲੰਬੜਾਂ ਦਾ ਬੇਰੀਆਂ ਵਾਲਾ ਖੂਹ ਲੱਗਾ ਸੀ। ਲੰਬੜਾਂ ਦੇ ਘਰ



ਤਸਵੀਰ: ਜਨਮੇਜਾ ਸਿੰਘ ਜੌਹਲ

ਤੇ ਹਵੇਲੀ ਦੀ ਕੰਧ ਸਾਂਝੀ ਸੀ। ਮੈਂ ਪੱਠਾ-ਦੱਥਾ ਕਰਨ ਤਾਂ ਹਵੇਲੀ ਜਾਇਆ ਹੀ ਕਰਦਾ ਸੀ। ਸਰੀਰ ਉਦੋਂ ਮੇਰਾ ਪੂਰੀ ਤਰ੍ਹਾਂ ਫਿੱਟ ਸੀ। ਬੱਸ ਇਕ ਖੰਭ ਲੱਗਣੋਂ ਹੀ ਰਹਿੰਦੇ ਸਨ। ਪੱਟਾਂ 'ਤੇ ਛੱਲੀਆਂ ਏਹੋ ਜਿਹੀਆਂ ਪੈਂਦੀਆਂ ਸਨ ਕਿ ਜਿੱਦਾਂ ਕਿਸੇ ਰਾਜ ਮਿਸਤਰੀ ਚੂਨੇ ਨਾਲ ਬਣਾਤੀਆ ਹੋਣ।

ਕਰਮੇ ਦਾ ਬਾਬਾ ਰਤਨਾ ਚੌਵੀ ਘੰਟੇ ਹਵੇਲੀ ਹੀ ਰਹਿੰਦਾ ਹੁੰਦਾ ਸੀ। ਉਹ ਬੜੇ ਬੜੇ ਤੇ ਬਾਹਰ ਨੂੰ ਨਿਕਲੇ ਗੋਡਿਆਂ ਵਾਲਾ ਬੁੱਢਾ ਕੋਈ ਨਾ ਕੋਈ ਹੁਕਮ ਚਾੜ੍ਹੀ ਰੱਖਦਾ।

ਇਕ ਦਿਨ ਰਤਨਾ ਹਵੇਲੀ ਨ੍ਹੀਂ ਸੀ। ਮੈਂ ਪਸ਼ੂਆਂ ਨੂੰ ਪੱਠੇ ਪਾ ਰਿਹਾ ਸੀ। ਤੇੜ ਸਿਰਫ਼ ਇਕ ਲੰਗੋਟ ਸੀ ਮੇਰੇ। ਹਵੇਲੀ ਵਿਚ ਏਧਰ ਉਧਰ ਜਾਂਦੇ ਦੀ ਮੇਰੀ ਨਿਗਾਹ ਮੁੜ ਮੁੜ ਪੱਟਾਂ 'ਤੇ ਪਈ ਜਾਵੇ। ਕਦੀ ਡੌਲੇ ਅਕੜਾ ਅਕੜਾ ਦੇਖ ਹੋਈ ਜਾਣ। ਕਦੇ ਕਦੇ ਮੇਰਾ ਹੱਥ ਆਪ ਮੁਹਾਰਾ ਪੱਟ 'ਤੇ ਉਪਰ ਥੱਲੇ ਹੋ ਰਹੀ ਮਛਲੀ 'ਤੇ ਫਿਰ ਜਾਇਆ ਕਰੇ।

ਇਹ ਕਹਿੰਦਿਆਂ ਹੀ ਉਹ ਠਠੰਬਰ ਗਿਆ ਜਿਵੇਂ ਸ਼ਾਟ ਲੱਗਾ ਹੋਵੇ। ਮੈਂ ਧਿਆਨ ਨਾਲ ਦੇਖਿਆ ਤਾਂ ਉਸ ਦੇ ਸੱਜੇ ਹੱਥ ਵਿਚ ਉਸ ਦੇ ਸੱਜੇ ਪੱਟ ਦੀ ਮਾਸ ਛੱਡ ਚੁੱਕੀ ਨਲੀ ਸੀ। ਮੈਂ ਸਮਝ ਗਿਆ ਕਿ ਉਹ ਸੱਚਮੁੱਚ ਹੀ ਅਤੀਤ ਦੇ ਵਿਹੜੇ ਜਾ ਵੜਿਆ ਸੀ ਤੇ ਸੁੱਕੇ ਪੱਟ ਦੀ ਹੱਡੀ ਨੇ ਉਸ ਨੂੰ ਅਸਲੀਅਤ ਦੀ ਸੇਜ 'ਤੇ ਲੈ ਆਂਦਾ ਸੀ। ਉਹ ਬਿੱਟ ਬਿੱਟ ਆਪਣੇ ਪੱਟ ਵੱਲ ਦੇਖ ਰਿਹਾ ਸੀ। ਮੈਂ ਉਹਨੂੰ ਅੱਗੇ ਗੱਲ ਤੋਰਨ ਲਈ ਪ੍ਰੇਰਿਆ।

ਉਸ ਇਕ ਲੰਮੇ ਹਓਕੇ ਮਗਰੋਂ ਗੱਲ ਸ਼ੁਰੂ ਕੀਤੀ। ਚਾਣਚੱਕ ਮੇਰੀ ਨਜ਼ਰ ਲੰਬੜਾਂ ਦੇ ਦਲਾਨ ਦੀ ਬਾਰੀ ਵਿਚ ਪੈਗੀ। ਉਥੇ ਕਰਮੇ ਦੀ ਛੋਟੀ ਭੈਣ ਗਿਆਨੋ ਖੜ੍ਹੀ ਸੀ। ਮੱਲਿਆ, ਜਦ ਮੇਰੀਆਂ ਅੱਖਾਂ ਉਸ ਨਾ ਮਿਲੀਆਂ ਤਾਂ ਕੀ ਦੱਸਾਂ! ਸਾਡੀਆਂ ਅੱਖਾਂ ਝੁਕ ਗਈਆਂ। ਰੂਹ ਸੁਆਦ ਸੁਆਦ ਹੋ ਗਈ। ਆਏ ਹਾਏ। ਇਸ ਛਿਣ ਭੰਗਰੀ ਤੱਕਣੀ ਵਿਚ ਉਹ ਸੁਆਦ ਸੀ ਪਈ ਦੱਸ ਨੀ ਹੋ ਸਕਦਾ। ਅੱਜ ਵੀ ਉਸ ਘੜੀ ਦੀ ਯਾਦ ਆ ਕੇ ਰੂਹ ਖਿੜ ਜਾਂਦੀ ਏ।

ਬਾਪੂ ਅੱਗੇ ਕੀ ਹੋਇਆ? ਮੇਰੀ ਦਿਲਚਸਪੀ ਵਧ ਗਈ ਸੀ।

ਬੱਸ ਸੁਆਦ ਦੇਣ ਵਾਲੀ ਤਾਂ ਇਹੀ ਘੜੀ ਸੀ।

ਨਹੀਂ ਬਾਪੂ ਅੱਗੇ ਦੱਸ ਫਿਰ ਕੀ ਹੋਇਆ?

ਫੇ ਕੀ ਹੋਣਾ ਸੀ। ਕੁੜੀ ਦਾ ਵੀ ਮੇਰੇ ਵਾਲਾ ਹਾਲ ਹੋਣਾ। ਪਰ ਉਹ ਬਾਰੀ ਬੰਦ ਕਰਕੇ ਖਿਸਕ ਗਈ ਸੀ। ਮੈਂ ਸਾਰੀ ਰਾਤ ਸੌਂ ਨਹੀਂ ਸਕਿਆ। ਜਿੱਧਰ ਦੇਖਾਂ ਬੱਸ ਗਿਆਨੋ ਹੀ ਦਿੱਸੇ। ਦਿਲ ਕਰੇ ਉਸ ਨੂੰ ਬਾਹਾਂ ਵਿਚ ਘੁੱਟ ਅਸਮਾਨੀਂ ਉਡ ਜਾਂ। ਦਿਨ ਚੜ੍ਹਨ ਵਿਚ ਨਾ ਆਵੇ। ਚਿੱਤ ਕਹੇ ਕਿ ਮੈਂ ਹਵੇਲੀ ਹੀ ਪੈ ਜਾਇਆਂ ਕਰਾਂ। ਮਨ ਸਹੁਰਾ ਸਕੀਮਾਂ ਵਿਚ ਹੀ ਸੁਆਦ ਸੁਆਦ ਹੋਈ ਜਾਵੇ।

ਸਵੇਰੇ ਸਵਖ਼ਤੇ ਹੀ ਮੈਂ ਹਵੇਲੀ ਜਾ ਵੱਜਾ। ਪਰ ਉਥੇ ਯਮ ਰਤਨਾ ਲਾਂਗੜ ਲਮਕਾਈ ਫਿਰੇ। ਮੇਰੀ ਨਜ਼ਰ ਮੁੜ ਮੁੜ ਦਲਾਨ ਦੀ ਬਾਰੀ ਨਾ ਟਕਰਾਵੇ। ਰੂਹ ਤਰਸ ਤਰਸ ਜਾਵੇ, ਕੁੜੀ ਦੀਆਂ ਅੱਖਾਂ ਵਿਚ ਅੱਖਾਂ ਪਾਉਣ ਲਈ। ਪਰ ਬਾਰੀ ਨਾ ਖੁੱਲ੍ਹੀ। ਸਗੋਂ ਰਤਨੇ ਦੇ ਹੁਕਮ ਮਿਲਣੇ ਸ਼ੁਰੂ ਹੋ ਗਏ।

ਓਏ ਘੋੜੀ ਦੀ ਲਿੱਦ 'ਠਾ, ਚੱਪੇ ਦਾ ਰੱਸਾ ਜ਼ਰਾ ਖੁੱਲ੍ਹਾ ਕਰ। ਮੱਝਾਂ ਅੱਜ ਲੱਸੀ ਨਾ ਨਲਾਈਂ।

ਅੱਜ ਉਸ ਦੇ ਹੁਕਮ ਮੈਨੂੰ ਚੁੱਭ ਰਹੇ ਸਨ। ਪਹਿਲਾਂ ਮੈਂ ਕਦੇ ਗੌਲੇ ਹੀ ਨਹੀਂ ਸਨ। ਖੈਰ, ਦੂਜੀ ਰਾਤ ਵੀ ਨੀਂਦ ਨਾ ਆਈ ਚੱਜ ਨਾਲ। ਪਰ ਦਿਨੇ ਧਰਤੀ ਪੱਬ ਨਾ ਲੱਗਦੇ ਜਦੋਂ ਗਿਆਨੋ ਦੇ ਚਿਹਰੇ ਦੀ ਉਹ ਹਲਕੀ ਜਿਹੀ ਮੁਸਕਾਨ ਚੇਤੇ ਆ ਜਾਂਦੀ। ਧਰਮ ਨਾ ਰੂਹ ਬਾਗੋ ਬਾਗ ਹੋ ਜਾਂਦੀ।

ਪਰ ਬਾਰੀ ਤੀਜੇ ਦਿਨ ਵੀ ਨਾ ਖੁੱਲ੍ਹੀ। ਖੁੱਲ੍ਹਣੀ ਵੀ ਕਿੱਥੋਂ ਸੀ। ਨਾ ਰਤਨਾ ਉਜੜੇ ਨਾ ਖੁੱਲ੍ਹੇ। ਮੈਂ ਉਨ੍ਹਾਂ ਦੇ ਘਰ ਜਾਣ ਦੇ ਬਹਾਨੇ ਸੋਚੀ ਜਾਵਾਂ ਪਰ ਕਿੱਥੇ! ਬਿਨਾਂ ਕੰਮੋਂ ਉਥੇ ਚਿੜੀ ਵੀ ਨੀ ਸੀ ਫੜਕ ਸਕਦੀ। ਹਾਂ ਦੂਰੋਂ ਦੂਜੇ ਕੋਠੇ ਤੋਂ ਦੀ ਕੁੜੀ ਨੇ ਹੱਥ ਹਿਲਾ ਕੇ ਦਿਲ ਵਿਚ ਖਲਬਲੀ ਮਚਾ'ਤੀ।

ਤੀਜੀ ਰਾਤੇ ਵੀ ਮੈਂ ਬੇਸਬਰੀਆਂ ਨਾ ਪਰਚਿਆ ਰਿਹਾ। ਕਿਤੇ ਤੜਕ ਸਾਰ ਊਂਘ ਆਈ।

ਕਰਮੇ ਨੇ ਮੈਨੂੰ ਹਵੇਲੀ ਵਿਚ ਢਾਹ ਲਿਆ। ਉਹ ਮੇਰੀਆਂ ਲੱਤਾਂ 'ਤੇ ਟੋਕੀ ਵਾਹੁਣ ਲੱਗਾ। ਨਾਲੇ ਉਹ ਮਾਰੀ ਜਾਵੇ ਨਾਲੇ ਰੋਈ ਜਾਵੇ ਤੇ ਨਾਲੇ ਕਹੀ ਜਾਵੇ, ਚੰਗੀ ਯਾਰੀ ਪਾਲੀ ਕੁੱਤਿਆ, ਜਿਸ ਥਾਲੀ ਵਿਚ ਖਾਧਾ ਉਸ ਵਿਚ ਛੇਕ...।

ਕਰਮੇ ਦਾ ਪੇ ਸਾਧਾ ਸੂ ਕਰਪਾਨ ਘੁਮਾਉਂਦਾ ਆਪਣੇ ਸ਼ਰੀਕੇ ਨੂੰ ਵੰਗਾਰੇ, ਲਿਆਓ ਕੁੱਤੇ ਦੀ ਤੀਮੀ ਨੂੰ ਇਥੇ। ਵਿਚੇ ਇਹਦੀ ਮਾਂ ਨੂੰ। ਹਵੇਲੀ ਲਿਆ ਕੇ ਕਰੋ ਨੰਗੀਆਂ। ਇਸ ਕੁੱਤੇ ਦੇ ਬੀਅ ਨੂੰ ਸਬਕ ਸਿਖਾਈਏ।

ਉਹ ਮੇਰੀ ਮਾਂ ਨੂੰ ਫੜ ਲਿਆਏ। ਜਣੇਪੇ ਨੇੜੇ ਪਹੁੰਚੀ ਜਨਾਨੀ ਨੂੰ ਵੀ। ਮੇਰੇ ਸਾਹਮਣੇ ਨੰਗੀਆਂ ਕਰ ਉਨ੍ਹਾਂ ਨੂੰ ਢਾਹ ਲਿਆ।

ਮੇਰੀ ਚੀਕ ਨਿਕਲ ਗਈ। ਮੈਂ ਵਾਖਰੂ ਵਾਖਰੂ ਕਹਿੰਦਾ ਉਠ ਪਿਆ। ਦਿਲ ਧੜਕ ਧੜਕ ਕਰ ਰਿਹਾ ਸੀ। ਸਰੀਰ ਪਸੀਨੋਂ ਪਸੀਨੀ ਹੋਇਆ ਪਿਆ ਸੀ। ਮੈਂ ਆਪਣੀਆਂ ਲੱਤਾਂ ਨੂੰ ਹੱਥ ਲਾ ਲਾ ਦੇਖਾਂ। ਇਹ ਸਾਬਤ ਸਨ। ਉਦਾਂ ਲੱਗੇ ਜਿੱਦਾਂ ਟੋਕੀ ਦੀਆਂ ਸੱਟਾਂ ਦੁੱਖ ਰਹੀਆਂ ਹੋਣ।

ਇਹ ਭਿਆਨਕ ਦ੍ਰਿਸ਼ ਚਿਤਵ ਚਿਤਵ ਸਰੀਰ ਵਿਚ ਧੁੜਧੜੀ ਜਿਹੀ ਛਿੜੀ ਜਾਵੇ ਪਰ ਜਿਵੇਂ ਜਿਵੇਂ ਮਨ ਟਿਕਾਣੇ ਆਈ ਜਾਵੇ ਤਾਂ ਇਹ ਫਿਰ ਗਿਆਨੋ 'ਆਲੇ ਘੁੰਮਣ ਲੱਗੇ। ਉਹੀ ਸੁਆਦੀ ਘੜੀ ਮੁੜ ਮੁੜ ਚੇਤੀਂ ਵਸੇ। ਉਧਰ ਕਰਮਾ ਰੋਂਦਾ ਦਿੱਸੇ। ਮਿੰਨਤਾਂ ਕਰਦੀਆਂ ਮਾਂ ਤੇ ਜਨਾਨੀ ਦਿੱਸਣ। ਗੱਲ ਕਾਹਦੀ ਜੁਆਨਾ ਡਰ ਕਾਰਨ ਰੱਖ ਜਾਂ ਫਿਰ ਕਰਮੇ ਦੀ ਯਾਰੀ ਕਰਕੇ ਰੱਖ। ਮੈਂ ਸੰਭਲ ਗਿਆ। ਮੈਂ ਮਨ ਮਾਰਨਾ ਸ਼ੁਰੂ ਕਰ'ਤਾ।

ਫਿਰ ਬਾਪੂ? ਮੈਂ ਅੱਗੇ ਜਾਨਣ ਲਈ ਉਤਸੁਕ ਸੀ।

ਫੇ ਕੀ ਪੁੱਤਰਾ...ਮਹੀਨੇ ਮਗਰੋਂ ਗਹਾਈ ਆ ਗਈ। ਕਣਕ ਦਾ ਗੱਡਾ ਲੱਦ ਕੇ ਕਰਮੇ ਦੇ ਘਰੇ ਲਾਹੁਣ ਆ ਗਏ। ਮੈਂ ਪੰਜ ਪੰਜ, ਸੱਤ ਸੱਤ ਮਣ ਭਾਰੀਆਂ ਪੰਡਾਂ ਕਰਮੇ ਦੇ ਦਲਾਨ ਵਿਚ ਢੇਰੀ ਕਰੀ ਜਾਵਾਂ। ਕਰਮਾ ਗੱਡੇ 'ਤੇ ਖੜ੍ਹਾ ਚੁਕਾਈ ਜਾਵੇ। ਚੌਥੀ ਕੁ ਪੰਡ ਢੇਰੀ ਕਰਕੇ ਜਦੋਂ ਮੁੜਨ ਲੱਗਾ ਤਾਂ ਇਕ ਤਖਤੇ ਉਹਲਿਓਂ ਨਿਕਲ ਗਿਆਨੋ ਨੇ ਮੈਨੂੰ ਜੱਫੀ ਪਾ ਲਈ। ਗਿਆਨੋ ਕਰਮਾ ਆ ਜੂ। ਗਿਆਨੋ ਕਰਮਾ ਆ ਜੂ ਮੇਰੇ ਮੂੰਹੋਂ ਡਰ ਜਿਹੇ ਵਿਚ ਆਪ ਮੁਹਾਰੇ ਨਿਕਲੀ ਜਾਵੇ। ਮਸੀਂ ਕੁੜੀ ਨੂੰ ਗਲੋਂ ਲਾਹਿਆ।

ਗੱਡੇ ਤਾਈਂ ਪਹੁੰਚਣ ਤੱਕ ਵੀ ਮੇਰਾ ਦਿਲ ਧੜਕੀ ਜਾਵੇ। ਕਰਮੇ ਕੋਲ ਔਂਦਿਆਂ ਮੇਰਾ ਖੱਬਾ ਹੱਥ ਧੌਣ ਦੇ ਖੱਬੇ ਪਾਸੇ ਪਹੁੰਚ ਗਿਆ। ਕਰਮਿਆ ਮੇਰੀ ਧੌਣ ਦੀ ਨਾੜੀ ਖਿੱਚੀ ਗਈ ਓਏ। ਦਰਦ ਬਾਲ੍ਹਾ ਹੀ ਹੁੰਦਾ ਐ। ਬਾਕੀ ਪੰਡਾਂ ਤੂੰ ਢੋਅ, ਵੀਰ ਬਣ ਕੇ। ਉਹ ਛਾਲ ਮਾਰ ਕੇ ਗੱਡੇ ਤੋਂ ਥੱਲੇ ਆ ਗਿਆ ਤੇ ਮੈਂ ਉਤੇ। ਪੁੱਤਰਾ ਗੱਲ ਤਾਂ ਏਹ ਸੀ ਕਿ ਮੈਂ ਵੀ ਅੰਦਰੋਂ ਗਿਆਨੋ ਲਈ ਖਿੱਚਿਆ ਗਿਆ ਸੀ। ਉਸ ਦੀ ਪਾਈ ਜੱਫੀ ਸਰੂਰ ਜਿਹਾ ਦੇਈ ਜਾਵੇ। ਮੈਨੂੰ ਆਪੇ ਤੋਂ ਉਹਦੇ ਬਦਨ ਦੀ ਮਹਿਕ ਜੇਹੀ ਆਈ ਜਾਵੇ। ਏਦਾਂ ਲੱਗੇ ਜਿੱਦਾਂ ਮੈਂ ਗੱਡੇ 'ਤੇ ਖੜ੍ਹਾ ਸਾਰੇ ਪਿੰਡ ਤੋਂ ਉਚਾ ਹੋ ਗਿਆ ਹੋਵਾਂ। ਬਦਨ ਸਾਲਾ ਹਵਾ ਵਿਚ ਤੈਰਦਾ ਲੱਗੇ। ਦਿਲ ਕਰੇ ਕਰਮੇ ਦੀ ਦਾਦੀ ਧੰਤੀ ਨੂੰ ਪੁੱਛਾਂ ਬਈ ਖੂਹ ਉਪਰ ਤਾਂ ਚੜ੍ਹਨੋਂ ਰੋਕ'ਤਾ ਸੀ ਸਾਨੂੰ। ਹੁਣ ਐਸ ਲਾਡਲੀ ਨੂੰ ਵੀ ਮਾਰ ਛਿੱਟੇ ਕਿਸੇ ਗੰਗਾ ਜਲ ਦੇ। ਮੇਰਾ ਸੱਜਾ ਹੱਥ ਬੁੱਲ੍ਹਾਂ ਨੂੰ ਜਾ ਲੱਗਾ ਤੇ ਮੇਰੇ ਮੂੰਹੋਂ ਮੱਗਾ ਵੱਜਦਾ ਵੱਜਦਾ ਰੁਕ ਗਿਆ ਸੀ। ਪਰ ਪੁੱਤਰਾ ਨਈਂ, ਬਾਰੂ ਨੇ ਸਿਆਣਪ ਤੋਂ ਕੰਮ ਲਿਆ। ਉਦੋਂ ਤਾਈਂ ਕਰਮੇ ਦੇ ਘਰ ਆਉਣ ਜਾਣ ਘੱਟ ਕਰ'ਤਾ ਜਦ ਤੱਕ ਗਿਆਨੋ ਸਹੁਰੇ ਨ੍ਹੀਂ ਸੀ ਤੁਰ'ਗੀ। ਬਾਰੂ ਨੇ ਇਧਰ ਉਧਰ ਸਿਰ ਹਿਲਾਉਂਦੇ ਹੋਏ ਨੇ ਗੱਲ ਪੂਰੀ ਕੀਤੀ।

ਬਾਰੂ ਮਨ ਦੀ ਗੱਲ ਕਹਿ ਕੇ ਕਾਫ਼ੀ ਹਲਕਾ ਹਲਕਾ ਮਹਿਸੂਸ ਕਰ ਰਿਹਾ ਪ੍ਰਤੀਤ ਹੋ ਰਿਹਾ ਸੀ। ਪਰ ਮੈਂ ਉਸ ਅੰਦਰਲੀ ਪੀੜ ਨੂੰ ਅਨੁਭਵ ਕਰ ਰਿਹਾ ਸੀ ਤੇ ਮੇਰੇ ਮਨ ਉਤੇ ਸਦੀ ਤੋਂ ਵੀ ਵੱਡੀ ਉਮਰ ਦੇ ਬਜ਼ੁਰਗ ਦੇ ਬੀਤੇ ਵਿਚਲੇ ਲੁਕੇ ਤਲਖ ਸੱਚ ਨੂੰ ਵੇਖ ਕੇ ਇਕ ਭਾਰ ਜਿਹਾ ਜ਼ਰੂਰ ਪੈ ਰਿਹਾ ਸੀ। ਮੈਨੂੰ ਬਾਰੂ ਛੋਟੀ ਉਮਰ ਦਾ ਡੰਗਰ ਚਾਰਦਾ ਦਿੱਸਣ ਲੱਗਾ। ਕਦੇ ਗੱਭਰੂ ਖੂਹ ਦੇ ਪਾੜ ਵਿਚੋਂ ਟੋਕਰਾ ਚੁੱਕੀ ਉਪਰ ਚੜ੍ਹਦਾ ਤੇ ਥਾਪੀ ਮਾਰ ਸਾਥੀਆਂ ਨੂੰ ਲਲਕਾਰਦਾ ਨਜ਼ਰ ਆਵੇ। ਕਦੇ ਵਗਦੇ ਖੂਹ ਨੂੰ ਦੂਰੋਂ ਹਸਰਤੀ ਨਜ਼ਰਾਂ ਨਾਲ ਤੱਕਦਾ ਦਿੱਸੇ। ਕਦੇ ਉਸ ਨੂੰ ਲਿਪਟੀ ਗਿਆਨੋ ਦਿਸੇ ਤੇ ਕਦੇ ਉਹ ਗੱਡੇ 'ਤੇ ਖੜ੍ਹਾ ਪਿੰਡ ਵੱਲ ਨੂੰ ਮੂੰਹ ਕਰਕੇ ਬੱਕਰਾ ਬੁਲਾਉਂਦਾ ਦਿੱਸੇ। ਕਦੇ ਕਰਮਾ ਟੋਕੀ ਵਾਹੁੰਦਾ ਦਿੱਸੇ ਤੇ ਕਦੇ...।

ਪੁੱਤਰਾ ਕੀ ਸੋਚਦਾ ਪਿਆਂ? ਉਹ ਮੈਨੂੰ ਸੋਚਾਂ ਵਿਚ ਡੁੱਬੇ ਨੂੰ ਹਲੂਣ ਗਿਆ, ਤੂੰ ਤਾਂ 'ਖਬਾਰ ਵਾਲਾ ਨਾ। ਏਥੇ ਪਰ੍ਹੇ ਵਿਚ ਬੈਠਾ ਮਾਸਟਰ ਤੋਚੀ ਇਕ ਦਿਨ 'ਖਬਾਰ ਪੜ੍ਹ ਕੇ ਸੁਣਾਉਂਦਾ ਸੀ। ਭਲਾ ਜੇਹਾ ਨਾਂ ਲੈਂਦਾ ਸੀ ਉਸ ਮੁਲਖ ਦਾ। ਚਲ ਛੱਡ ਨਾ ਨੂੰ, ਨਾਂ 'ਚ ਕੀ ਪਿਆ। ਹਾਂ ਉਥੇ ਅਖੇ ਬੁੱਢਿਆਂ ਲਈ ਵੱਖਰੇ ਘਰ ਹੁੰਦੇ ਨੇ। ਬੜਾ ਪ੍ਰਬੰਧ ਹੁੰਦਾ ਉਥੇ ਉਨ੍ਹਾਂ ਦੀ ਸੰਭਾਲ ਦਾ। ਅਖੇ ਕਈ ਬੁੱਢੇ-ਬੁੱਢੀਆਂ ਤਾਂ ਸੌ ਸੌ ਸਾਲ ਦੀ ਉਮਰ ਵਿਚ ਵਿਆਹ ਕਰਵਾ ਲੈਂਦੇ ਆ ਉਥੇ। ਕੀ ਏਹ ਸੱਚ ਏ? ਉਹ ਇਕੋ ਸਾਹੇ ਕਹਿ ਗਿਆ।

ਬਾਪੂ ਅਜਿਹੇ ਪ੍ਰਬੰਧ ਤਾਂ ਕਈ ਮੁਲਕਾਂ ਵਿਚ ਹੈਨ। ਵਿਰਲਾ ਵਿਰਲਾ ਤਾਂ ਆਪਣੇ ਮੁਲਕ ਵਿਚ ਵੀ ਸੁਣਿਆ। ਪਰ ਤੁਸੀਂ ਕਿਉਂ ਸੋਚਦੇ ਹੋ ਇਸ ਤਰ੍ਹਾਂ? ਤੁਹਾਡੇ ਕੋਲ ਤਾਂ ਘਰ ਹੈ?

ਪੁੱਤਰਾ! ਭਲਾ ਮੈਂ ਕਦ 'ਨਕਾਰੀ ਹਾਂ ਕਿ ਮੇਰੇ ਕੋਲ ਘਰ ਨੀ। ਪਰ ਕਈ ਵਾਰੀ ਰੂਹ ਸਾਲੀ ਤੰਗ ਜੇਹੀ ਹੋ ਜਾਂਦੀ ਏ। ਖਾਸ ਕਰਕੇ ਸਿਆਲਾਂ ਨੂੰ। ਏਸ ਅੰਦਰ ਜਿਥੇ ਬੈਠੇ ਆਂ...ਬੱਚੇ ਪੜ੍ਹਦੇ ਹੁੰਦੇ ਆ। ਨਾਲ ਦੀ ਸਬਾਤ ਵਾਲੇ ਕਮਰੇ ਵਿਚ ਤਾਰਾ ਤੇ ਬਹੂ। ਮੈਂ ਤੇ ਝੋਟੀ ਉਸ ਛਤੜੇ ਵਿਚ। ਫੇ ਪਹਾੜ ਜੇਡੀ ਗੁਜ਼ਾਰੀ ਜ਼ਿੰਦਗੀ ਦੀਆਂ ਯਾਦਾਂ ਸਿਆਲਾਂ ਦੀਆਂ ਰਾਤਾਂ ਨੂੰ ਹੋਰ ਲੰਮੇਰਾ ਕਰ ਦਿੰਦੀਆਂ ਨੇ, ਤੇ....।

ਉਹ ਬੋਲਦਾ ਬੋਲਦਾ ਰੁਕ ਗਿਆ। ਮੇਰੇ ਵਿਚ ਹੋਰ ਸਵਾਲ ਕਰਨ ਦੀ ਜਿਵੇਂ ਹਿੰਮਤ ਨਾ ਰਹੀ ਹੋਵੇ।

# ਕਾਵਿ-ਜਗਤ

## ਕਾਮੇ

ਨਿਰਧਨ ਕਾਮੇ ਪਿਆਰੇ ਲੋਕ,
ਜਨਮ ਤੋਂ ਕਰਮਾਂ ਮਾਰੇ ਲੋਕ।
ਤੰਗੀ ਤੁਰਸ਼ੀ ਨਾਲ ਲੈ ਜੰਮੇ,
ਮੁਸ਼ਕਲ ਕਰਨ ਗੁਜਾਰੇ ਲੋਕ।

ਗੁਲਾਮ ਕੰਮੀ ਅਧਰਮੀ ਸੂਦਰ,
ਕੁਨਾਂਵਾਂ ਸੰਗ ਸ਼ਿੰਗਾਰੇ ਲੋਕ।
ਰੁੱਖੀ ਸੁੱਕੀ ਖਾ ਕੇ,
ਅਣਥੱਕ ਮਿਹਨਤ ਕਰਨ ਵਿਚਾਰੇ ਲੋਕ।

ਜੋਕਾਂ ਲਈ ਇਹ ਮਹਿਲ ਉਸਾਰਨ,
ਆਪੂੰ ਬੇ-ਸਹਾਰੇ ਲੋਕ।
ਹੱਥ ਭੌਰੀਆਂ ਪੈਰ ਬਿਆਈਆਂ,
ਦਵਾਦਾਰੂ ਤੋਂ ਬਾਹਰੇ ਲੋਕ।

ਭਿੱਟ ਮੰਨਦੇ ਨਾਲ ਜੇ ਲੱਗਣ,
ਸਵਰਨ ਵਰਗ ਹੰਕਾਰੇ ਲੋਕ।
ਢਾਹ ਜ਼ਬਰ ਦੀ ਸਹਿੰਦੇ ਆਏ,
ਰੁੱਖੜੇ ਨਦੀ ਕਿਨਾਰੇ ਲੋਕ।

ਖ਼ੂਨ ਪਸੀਨਾ ਡੋਲ੍ਹਣ ਹਰਦਮ,
ਅੰਨ ਦੇ ਭਰਨ ਭੰਡਾਰੇ ਲੋਕ।
ਮਲਕ ਭਾਗੋ ਦੇ ਖ਼ੂਨੀ ਪੰਜੇ,
ਝੱਲ ਕੇ ਇਹ ਨਹੀਂ ਹਾਰੇ ਲੋਕ।

ਸਦੀਆਂ ਤਾਂਈਂ ਸ਼ੋਸਣ ਝੱਲਿਆ,
ਸਾਗਰ ਰਿੜਕੇ ਖਾਰੇ ਲੋਕ।
ਚੰਦ ਸਿਤਾਰੇ ਚੁੰਮਣ ਨੂੰ ਇਹ,
ਚੜ੍ਹ ਪਏ ਹੁਣ ਗੁਬਾਰੇ ਲੋਕ।

ਕਿਰਤੀਆਂ ਜਦ ਪਰਚਮ ਚੁੱਕਣਾ,
ਛੱਡਣੇ ਖੂਬ ਜੈਕਾਰੇ ਲੋਕ।
ਇਨਕਲਾਬ ਦਾ ਝੱਖੜ ਝੁੱਲਣਾ,
ਵਿਹਲੜ ਛਿਪਣ ਚੁਬਾਰੇ ਲੋਕ।

ਹਥਿਆ ਲੈਣਗੇ ਸੱਤਾ ਆਪਣੀ,
ਦਿਲ ਜਿਗਰ ਦੇ ਭਾਰੇ ਲੋਕ।
ਨੀਂਵੇਂ ਵਿਹੜੇ ਸੂਰਜ ਉਗਣਾ ਪੰਨੂ,
ਰਹਿਣੇ ਨਹੀਂ ਦੁਰਕਾਰੇ ਲੋਕ।

**-ਚਰਨਜੀਤ ਪੰਨੂ**

## ਰਾਜਨੀਤੀ

ਮੇਰੀ ਕੌਮ ਦਿਓ ਸਰਦਾਰੋ
ਹਰ ਥਾਂ ਰਾਜਨੀਤੀ ਨਾ ਵਾੜੋ
ਇਹ ਸਾਨੂੰ ਖੂੰਜੇ ਲਾ ਦਊਗੀ।
ਸਾਡੀ ਹੋਂਦ ਨਿਆਰੀ ਜੱਗ ਤੋਂ
ਇਹ ਖ਼ਤਰੇ ਵਿਚ ਪਾ ਦਊਗੀ।

ਦਿੱਸਦਾ ਕਿਧਰੇ ਨਾ 'ਰਣਜੀਤ'
ਹਰ ਕੋਈ ਹੋਇਆ ਫਿਰੇ ਭੈਭੀਤ
ਕੋਈ 'ਨਲਵਾ' ਮਰਵਾ ਦਊਗੀ।
ਸਾਡੀ ਹੋਂਦ ਨਿਆਰੀ ਜੱਗ ਤੋਂ
ਇਹ ਖ਼ਤਰੇ ਵਿਚ ਪਾ ਦਊਗੀ।

ਅਸੀਂ ਰਲ ਸੀ ਇੱਕਠੇ ਬਹਿੰਦੇ
ਨਾ ਸੀ ਆਪਸ ਦੇ ਵਿਚ ਖਹਿੰਦੇ
ਸੰਭਲੋ, ਸਿਰ ਪੜਵਾ ਦਊਗੀ।
ਸਾਡੀ ਹੋਂਦ ਨਿਆਰੀ ਜੱਗ ਤੋਂ
ਇਹ ਖ਼ਤਰੇ ਵਿਚ ਪਾ ਦਊਗੀ।

ਜਿਸ ਘਰ ਅੰਦਰ ਇਹ ਵੜਦੀ
ਘਰਦੇ ਜੀਆਂ ਨੂੰ ਵੱਖਰੇ ਕਰਦੀ
ਪੁੱਤ ਤੋਂ ਪਿਉ ਮਰਵਾ ਦਊਗੀ।
ਸਾਡੀ ਹੋਂਦ ਨਿਆਰੀ ਜੱਗ ਤੋਂ
ਇਹ ਖ਼ਤਰੇ ਵਿਚ ਪਾ ਦਊਗੀ।

ਅੱਜ ਸਾਡੇ ਧਰਮ ਮੁਨਾਰੇ
ਇਸ ਰਾਜਨੀਤੀ ਨੇ ਮਾਰੇ
ਧਰਮ ਦਾ ਨਾਸ ਕਰਵਾ ਦਊਗੀ।
ਸਾਡੀ ਹੋਂਦ ਨਿਆਰੀ ਜੱਗ ਤੋਂ
ਇਹ ਖ਼ਤਰੇ ਵਿਚ ਪਾ ਦਊਗੀ।

ਕੁੱਝ ਤਾਂ ਹੋਸ਼ ਕਰੋ ਸਰਦਾਰੋ
ਨਾ ਹੁਣ ਆਪਣਿਆਂ ਨੂੰ ਮਾਰੋ
ਇਹ ਕੁੰਡਾ ਕਰਵਾ ਦਊਗੀ।
ਸਾਡੀ ਹੋਂਦ ਨਿਆਰੀ ਜੱਗ ਤੋਂ
ਇਹ ਖ਼ਤਰੇ ਵਿਚ ਪਾ ਦਊਗੀ।

**-ਕੁਲਦੀਪ ਸਿੰਘ ਢੀਂਡਸਾ**
**ਫੋਨ: 510-676-4440**

---

## ਖਾ ਲਈ ਨਾਗਾਂ ਨੇ

ਰੁੱਖਾਂ ਦੇ ਪੱਤਿਆਂ ਝੜੀ ਰੁੱਤ ਹੈ
ਕੇਹੀ ਦੁੱਖਾਂ ਭਰੀ ਚੜ੍ਹੀ ਰੁੱਤ ਹੈ।
ਤੂਤ ਦੀਆਂ ਛਟੀਆਂ ਨੰਗੀਆਂ ਹੋ ਗਈਆਂ
ਅੱਜ ਭਰ-ਜਵਾਂ ਕਣਕਾਂ ਵੀ ਰੋ ਪਈਆਂ।
ਲੰਬੜ ਪਿੰਡ ਦਾ ਨਸ਼ੇ ਦੀ ਖਾਂਦਾ ਪੁੜੀ ਜੋ
ਘਾਹ ਖੋਤਦੀ ਸੀਰਨ ਤੇ ਜਵਾਂ ਕੁੜੀ ਜੋ।
ਤੂੜੀ ਦੇ ਕੁੱਪਾਂ ਓਹਲੇ
ਸੂਰਜ ਨੂੰ ਗ੍ਰਹਿਣ ਲੱਗ ਗਿਆ
ਗਰਜਾਂ ਮਾਰੀ ਮਾਂ ਦੇ ਮੂੰਹ ਨੂੰ
ਜਿੰਦਰਾ ਵੱਜ ਗਿਆ।
ਦੋ ਵਾਰੀ ਲੰਘੇ ਦਿਨ ਪੂਰੇ ਅਠਾਈ ਅਠਾਈ
ਫਿਰ ਨਾ ਉਹ ਕੁੜੀ ਘਾਹ ਖੋਤਣ ਆਈ।
ਸ਼ਰੀਕ ਲੀਹ ਕੁੱਟਦੇ ਰਹੇ
ਉਹ ਦਮੂੰਹਾ ਲੜਾ ਬੈਠੀ
ਤੀਆਂ ਦੀ ਬੱਲੋ ਤੋਂ ਪਹਿਲਾਂ
ਪੀਂਘ ਕਿੱਕਰੋਂ ਲਾਹ ਬੈਠੀ।
ਔਰਤ ਦੇ ਪੇਟੋਂ ਜੰਮ ਕੇ
ਔਰਤ ਨਾਲ ਇੰਜ ਕਿਉਂ ਕਰਦੇ
ਫੁੱਲ ਮਿੱਧਣ ਵਾਲੇ ਇਹ ਰਾਖ਼ਸ
ਗੁੰਡੇ ਕਿਉਂ ਨ੍ਹੀਂ ਮਰਦੇ।
ਕਈਆਂ ਦਿਲਾਂ 'ਚ ਸੂਲਾਂ,
ਪੈਰੀਂ ਖੁਭਦੇ ਕਰਚੇ
ਨਾ ਟੀ ਵੀ 'ਤੇ ਖਬਰਾਂ,
ਨਾ ਅਖਬਾਰੀਂ ਹੁੰਦੇ ਚਰਚੇ।

**-ਗੁਰਮੇਲ ਬੀਰੋਕੇ**
**ਫੋਨ: 604-825-8052**

---

## ਮੇਰੇ ਘਰ ਵਾਲੀ

ਮੈਂ ਮਾਲਕ ਹਾਂ ਆਪਣੇ ਕੰਮਾਂ-ਕਾਰਾਂ ਦਾ
ਪਰ ਮੇਰੀ ਮਾਲਕ ਹੈ ਮੇਰੇ ਘਰ ਵਾਲੀ।
ਜਦ ਥੱਕਿਆ, ਟੁੱਟਿਆ ਘਰ ਆਉਂਦਾ ਹਾਂ,
ਸ੍ਰੀਮਤੀ, ਸ੍ਰੀਦੇਵੀ ਬਣ ਸਭ ਭੁਲਾ ਦਿੰਦੀ।
ਫੁੱਲਾਂ ਵਾਂਗੂੰ ਹਸਦੀ ਮੇਰੇ ਘਰ ਵਾਲੀ।
ਮੈਂ ਮਾਲਕ ਹਾਂ ਆਪਣੇ ਕੰਮਾਂ-ਕਾਰਾਂ ਦਾ
ਪਰ ਮੇਰੀ ਮਾਲਕ ਹੈ ਮੇਰੇ ਘਰ ਵਾਲੀ।

ਨਾ ਉਹ ਗੋਰੀ ਹੈ, ਨਾ ਉਹ ਕਾਲੀ ਹੈ
ਨਾ ਪਤਲੀ ਹੈ, ਨਾ ਮੋਟੀ ਹੈ
ਮੇਰੇ ਦਿਲ ਦੀ ਉਹ ਹਰ ਗੱਲ ਬੁਝ ਲੈਂਦੀ।
ਲੋਹੜੀ, ਦੀਵਾਲੀ ਤਾਂ ਸਾਲ ਪਿਛੋਂ ਆਉਂਦੀ,
ਮੇਰੀ ਹਰ ਰਾਤ ਹੈ ਉਸ ਨਾਲ ਦੀਵਾਲੀ।
ਮੈਂ ਮਾਲਕ ਹਾਂ ਆਪਣੇ ਕੰਮਾਂ-ਕਾਰਾਂ ਦਾ...।

ਨਾ ਬਹੁਤਾ ਪੜ੍ਹੀ ਹੈ, ਨਾ ਬਹੁਤਾ ਲਿਖੀ ਹੈ
ਪਰ ਅਕਲ ਪੱਖੋਂ ਮੇਰੇ ਤੋਂ ਤਿੱਖੀ ਹੈ।
ਜਦੋਂ ਆਪਣੀ ਮਰਜੀ 'ਤੇ ਆ ਜਾਏ
ਕਰਦੀ ਉਹ ਕਦੇ ਕਦੇ ਸਿਰਦਰਦੀ ਹੈ।
ਫਿਰ ਵੀ ਚੰਗੀ ਲੱਗਦੀ ਮੇਰੇ ਘਰ ਵਾਲੀ।
ਮੈਂ ਮਾਲਕ ਹਾਂ ਆਪਣੇ ਕੰਮਾਂ-ਕਾਰਾਂ ਦਾ...।

ਪਤੀ ਪਤਨੀ ਤੋਂ ਬਿਨਾ ਕੋਈ ਪਰਿਵਾਰ ਨਾ
ਉਹ ਪਰਿਵਾਰ ਨਹੀਂ ਜਿਥੇ ਸੱਚਾ ਪਿਆਰ ਨਾ।
ਸੁੱਖ ਦੁੱਖ ਜੀਵਨ ਦੇ ਹਨ ਦੋ ਪੰਨੇ
ਵੰਡਾਇਆਂ ਦੁੱਖ ਵੀ ਸੁਖ ਵਿਚ ਵਟ ਜਾਂਦਾ।
ਘੱਟ ਨਹੀਂ ਹੈ ਕਿਸੇ ਗੱਲੋਂ ਮੇਰੇ ਘਰ ਵਾਲੀ।

ਪਤਨੀ ਤੋਂ ਕੁਝ ਛੁਪਾਇਆ ਨਹੀਂ ਜਾ ਸਕਦਾ
ਚਾਹੇ ਲਾਈਏ ਅੱਖੋਂ ਓਹਲੇ ਚੋਰੀ ਯਾਰੀਆਂ ਜੀ।
ਅੱਖਾਂ ਵਿਚ ਅੱਖਾਂ ਪਾ ਕੇ ਉਹ ਸਭ ਪੜ੍ਹ ਲੈਂਦੀ
ਕਿਸੇ ਸ਼ੀਸ਼ੇ ਤੋਂ ਘੱਟ ਨਹੀਂ ਮੇਰੇ ਘਰ ਵਾਲੀ।
ਮੈਂ ਮਾਲਕ ਹਾਂ ਆਪਣੇ ਕੰਮਾਂ-ਕਾਰਾਂ ਦਾ...।

**-ਮੱਤ ਸਿੰਘ ਢਿੱਲੋਂ, ਸ਼ਿਕਾਗੋ।**

---

## ਭਾਰਤ ਮਾਂ

ਇਹ ਹੈ ਸਾਡੀ ਭਾਰਤ ਮਾਂ
ਸੱਚੇ ਇਥੇ ਫਾਂਸੀ ਚੜ੍ਹਦੇ।
ਬਚ ਜਾਂਦੇ ਇਥੇ ਨਾਢੂ ਖਾਂ,
ਇਹ ਹੈ ਸਾਡੀ ਭਾਰਤ ਮਾਂ।
ਏਥੇ ਵੱਢੀ ਦਾ ਹੈ ਜ਼ੋਰ
ਸਾਰੇ ਵੋਟਾਂ ਨੂੰ ਨੇ ਪੈਂਦੇ
ਭਾਸ਼ਨ ਦਿੰਦੇ ਧੂੰਆਂਧਾਰ।

ਹਮਲਾਵਰ ਜਦੋਂ ਏਥੇ ਆਉਂਦੇ
ਸਿੱਖ ਯੋਧਿਆਂ ਜਾਨਾਂ ਵਾਰ ਕੇ
ਪਠਾਣਾਂ ਦੇ ਲਈ ਰਾਹ ਸੀ ਰੋਕੇ।
ਝੂਠੇ ਪਏ ਨੇ ਮੌਜਾਂ ਕਰਦੇ
ਬੇਈਮਾਨ ਨੇ ਜੇਬਾਂ ਭਰਦੇ
ਉਹਦੀ ਕਰਦੇ ਬੰਦ ਜ਼ੁਬਾਂ।
ਇਹ ਹੈ ਸਾਡੀ ਭਾਰਤ ਮਾਂ

ਸਿੱਖਾਂ ਦੇ ਗਲ ਟਾਇਰ ਪਾਏ
ਫਿਰਦੇ ਨੇ ਪਏ ਲੀਡਰ ਬਣਦੇ
ਅਤਿਵਾਦੀ ਦਾ ਦੇ ਕੇ ਨਾਂ
ਇਹ ਹੈ ਸਾਡੀ ਭਾਰਤ ਮਾਂ।
ਜਿਨ੍ਹਾਂ ਨੇ ਕੁਰਬਾਨੀ ਦਿੱਤੀ
ਇਨ੍ਹਾਂ ਲੋਕਾਂ ਘੱਟ ਨਹੀਂ ਕੀਤੀ
ਕੀਤਾ ਸੀ ਵੱਡਾ ਅਨਿਆਂ
ਇਹ ਹੈ ਸਾਡੀ ਭਾਰਤ ਮਾਂ।
ਨੌਂਵੇਂ ਗੁਰੂ ਨੇ ਸੀਸ ਕਟਾਇਆ
ਕਿਥੇ ਸੀ ਇਨ੍ਹਾਂ ਦੀ ਥਾਂ
ਧੀਆਂ ਭੈਣਾਂ ਚੱਕ ਲਿਜਾਂਦੇ
ਇਨ੍ਹਾਂ ਦੀ ਸੀ ਇੱਜ਼ਤ ਰੱਖੀ
ਭੇਡਾਂ, ਬੱਕਰੀਆਂ, ਮੱਛਰ, ਮੱਖੀ।
ਸਿੱਖਾਂ ਨੂੰ ਨੇ ਫਾਂਸੀ ਲਾਉਂਦੇ
ਇਹ ਪਏ ਸੁੱਤਾ ਸ਼ੇਰ ਜਗਾਉਂਦੇ।
ਕਾਂ ਜਿੱਥੇ ਹੰਸ ਨੇ ਬਣਦੇ
ਸਰੋਵਰ ਕੀਤਾ ਲਹੂ ਲੁਹਾਣ
ਇਹ ਹੈ ਸਾਡੀ ਭਾਰਤ ਮਾਂ।

**-ਤ੍ਰਿਲੋਚਨ ਸਿੰਘ ਲੋਚਨ**
**ਸੇਂਟ ਜੋਸਫ, ਮਿਸ਼ੀਗਨ।**

---

## ਸਿੱਖ ਸੰਘਰਸ਼

ਕੋਈ ਵੀ ਮੈਨੂੰ ਮਿਲਣ ਦਾ
ਇਜ਼ਹਾਰ ਨਹੀਂ ਕਰਦਾ।
ਕੋਈ ਵੀ ਵਿਅਕਤੀ ਮੈਨੂੰ ਸਾਂਝ ਦਾ
ਇਕਰਾਰ ਨਹੀਂ ਕਰਦਾ।
ਬੇਦਰਦੀ ਕਰਦੇ ਹਨ
ਫੁੱਲਾਂ ਦੇ ਕੌਲ ਕਰਾਰਾਂ ਨੂੰ
ਨਿਸ਼ਚਿਤ ਵਕਤ ਤੈਅ ਹੋ ਜਾਵੇ,
ਕੋਈ ਇੰਤਜ਼ਾਰ ਨਹੀਂ ਕਰਦਾ।
ਤੇਰੇ ਨਾਲ ਖੜ੍ਹੇ ਹਾਂ
ਫੋਕੀਆਂ ਬੜਕਾਂ ਦਾ ਕੀ ਯਕੀਨ,
ਭੀੜ ਪਈ 'ਤੇ ਦੌੜਨ ਲਈ
ਕੋਈ ਦੇਰੀ ਨਹੀਂ ਕਰਦਾ।
ਬਹੁਤ ਸ਼ੇਰਦਿਲ ਸੂਰਮੇ
ਨਿਧੜਕ ਦਿਲ ਮੈਂ ਦੇਖੇ,
ਦੇਰੀ ਹੋ ਗਈ ਸੱਜਣਾ,
ਦੱਸ ਮੈਂ ਹੁਣ ਕੀ ਕਰਦਾ।
ਕਿਉਂ ਬੇਅਣਖੇ ਸ਼ਖ਼ਸਾਂ 'ਤੇ
ਭਰੋਸਾ ਰੱਖਦਾਂ ਐ 'ਮਦਨ'
ਬਣ ਸੂਰਬੀਰ ਬਾਂਹ ਫੜ੍ਹ ਮਜ਼ਲੂਮ ਦੀ
ਜੋ ਤੇਰੀ ਕਦਰ ਹੈ ਕਰਦਾ।

---

ਜਿਥੇ ਜਾਓ ਫੁਕਰੇ ਮਿਲਦੇ
ਗੁਰਦੁਆਰੇ ਫੁਕਰੇ ਮਿਲਦੇ।
ਸਟੋਰਾਂ 'ਤੇ ਵੀ ਫੁਕਰੇ ਮਿਲਦੇ
ਚਾਹ ਦਾ ਕੱਪ ਪਿਲਾਉਣੋਂ ਡਰਦੇ।
ਨਵੇਂ ਬਹਾਨੇ ਨਿੱਤ ਇਹ ਘੜਦੇ
ਜਿਥੇ ਜਾਓ ਫੁਕਰੇ ਮਿਲਦੇ।
ਜਿਥੇ ਮਿਲੇ ਮੁਫਤ ਦਾ ਖਾਣਾ
ਮੇਲਾ ਇਹ ਕੋਈ ਨਾ ਛੱਡਦੇ।
ਟੂਰਨਾਮੈਂਟ ਇਹ ਲੱਭਦੇ ਫਿਰਦੇ
ਉਥੇ ਗੁਰੂ ਕਾ ਲੰਗਰ ਹੋਣਾ
ਖਾ ਖਾ ਕੇ ਇਹ ਚੋਬਰ ਪਲਦੇ।
ਜਿਥੇ ਜਾਓ ਫੁਕਰੇ ਮਿਲਦੇ।

**-ਮਦਨ ਸਿੰਘ**

ਸੁਰਤ ਤੇ ਸੰਗੀਤ



# ਗਮੰਤਰੀਆਂ ਦੇ ਅਖਾੜੇ ਦੀ ਸ਼ਾਨ ਤੇ ਛੱਬ

ਗੁਰਬਚਨ ਸਿੰਘ ਭੁੱਲਰ
ਫੋਨ:91-11-65736868

ਮੇਰੇ ਬਚਪਨ ਵਿਚ ਕਿਸੇ ਇਤਿਹਾਸਕ-ਮਿਥਿਹਾਸਕ ਆਧਾਰ ਸਦਕਾ ਲਗਭਗ ਪਿੰਡ ਪਿੰਡ ਕੋਈ ਨਾ ਕੋਈ ਸਾਲਾਨਾ ਮੇਲਾ ਲਗਦਾ। ਉਥੇ ਗਮੰਤਰੀਆਂ ਦਾ ਗੌਣ ਤੇ ਕਵੀਸ਼ਰਾਂ ਦਾ ਖਾੜਾ ਸਜਣਾ ਲਾਜ਼ਮੀ ਸੀ। ਸੱਦਾ ਪੰਚਾਇਤੀ ਹੁੰਦਾ। ਕਈ ਮੇਲੇ ਤਾਂ ਏਨੇ ਪ੍ਰਸਿੱਧ ਹੁੰਦੇ ਕਿ ਆਵਾਜਾਈ ਦੇ ਅਜੋਕੇ ਸਾਧਨਾਂ ਤੋਂ ਵਿਰਵੇ, ਪੈਰੀਂ ਤੁਰਨ ਦੇ ਜਾਂ ਵੱਧ ਤੋਂ ਵੱਧ ਊਠਾਂ-ਘੋੜਿਆਂ ਦੀ ਸਵਾਰੀ ਦੇ ਉਸ ਜ਼ਮਾਨੇ ਵਿਚ ਵੀ ਉਨ੍ਹਾਂ ਦੀ ਰੌਣਕ ਪੰਜਾਹ ਪੰਜਾਹ ਕੋਹ ਤੋਂ ਲੋਕਾਂ ਨੂੰ ਖਿੱਚ ਲਿਆਉਂਦੀ। ਇਸ ਤੋਂ ਇਲਾਵਾ ਸਰਦੇ-ਪੁਜਦੇ ਲੋਕ ਵਿਆਹ-ਸਾਹਿਆਂ ਜਾਂ ਪਰਿਵਾਰਕ ਖ਼ੁਸ਼ੀ ਦੇ ਹੋਰ ਸਬੱਬਾਂ ਸਮੇਂ ਗਮੰਤਰੀਆਂ ਨੂੰ ਬੁਲਾਉਂਦੇ। ਸੱਦਾ ਨਿਜੀ ਹੁੰਦਾ, ਪਰ ਅਖਾੜਾ ਸਰਬਸਾਂਝਾ ਹੀ ਸਜਦਾ। ਇਹ ਕੋਈ ਬੰਦ ਕਮਰੇ ਵਿਚ ਸੁਣਨ ਵਾਲੀ ਕਲਾ ਤਾਂ ਹੈ ਨਹੀਂ ਸੀ। ਅਕਸਰ ਅਜਿਹੇ ਅਖਾੜੇ ਕਈ ਕਈ ਦਿਨ ਵੀ ਚਲਦੇ ਰਹਿੰਦੇ।

ਅਖਾੜਾ ਪਿੰਡ ਦੇ ਬਾਹਰਵਾਰ ਕਿਸੇ ਖੁੱਲ੍ਹੀ ਥਾਂ ਸਜਦਾ। ਲਾਊਡ ਸਪੀਕਰ ਹੁੰਦੇ ਨਹੀਂ ਸਨ। ਇਸੇ ਕਰਕੇ ਮੰਚ ਸਜਾਉਣਾ ਵੀ ਠੀਕ ਨਹੀਂ ਸੀ ਰਹਿੰਦਾ। ਮੰਚ ਉਤੇ ਖਲੋ ਕੇ ਗਾਇਆਂ ਆਵਾਜ਼ ਪਿੱਛੇ ਨਹੀਂ ਸੀ ਪਹੁੰਚਣੀ। ਸਰੋਤੇ ਆਪਣੀ ਗਿਣਤੀ ਅਨੁਸਾਰ ਛੋਟੇ-ਵੱਡੇ ਚੱਕਰ ਵਿਚ ਕਈ ਕਈ ਕਤਾਰਾਂ ਡੂੰਘੇ ਬੈਠਦੇ। ਸ਼ੁਕੀਨ ਲੋਕ ਘਰਾਂ ਤੋਂ ਮੋਢਿਆਂ ਉਤੇ ਰੱਖ ਕੇ ਲਿਆਂਦੇ ਪਰਨੇ ਹੇਠ ਵਿਛਾ ਕੇ ਮੌਜ ਨਾਲ ਬੈਠ ਜਾਂਦੇ। ਗਮੰਤਰੀ ਆਦਤਨ ਹੀ ਗੱਜਵੀਂ ਬੁਲੰਦ ਆਵਾਜ਼ ਦੇ ਅਭਿਆਸੀ ਹੋ ਜਾਂਦੇ, ਤਾਂ ਜੋ ਉਨ੍ਹਾਂ ਦੀ ਆਵਾਜ਼ ਬਹੁਤੇ ਸਰੋਤਿਆਂ ਤੱਕ ਪੁੱਜ ਸਕੇ। ਇਸ ਦੇ ਬਾਵਜੂਦ ਹਰ ਸਰੋਤੇ ਤੱਕ ਆਵਾਜ਼ ਪੁਜਦੀ ਕਰਨ ਖਾਤਰ ਉਹ ਖਾੜੇ ਦੇ ਵਿਚਕਾਰ ਤੁਰ-ਫਿਰ ਕੇ ਗਾਉਂਦੇ। ਜੇ ਚੱਕਰ ਬਹੁਤ ਵੱਡਾ ਹੋ ਜਾਂਦਾ, ਭਾਵ ਸਰੋਤੇ ਬਹੁਤੇ ਹੁੰਦੇ, ਉਨ੍ਹਾਂ ਨੂੰ ਉਹੋ ਤੁਕਾਂ ਇਕ ਤੋਂ ਵੱਧ ਥਾਂਈਂ ਜਾ ਕੇ ਦੁਹਰਾਉਣੀਆਂ ਪੈਂਦੀਆਂ।

ਉਨ੍ਹਾਂ ਦੀ ਪੁਸ਼ਾਕ ਵੀ ਨਿਵੇਕਲੀ ਹੁੰਦੀ। ਦੁੱਧ-ਚਿੱਟੀ ਪੱਗ ਦਾ ਮਾਏਦਾਰ ਤੁਰਰਾ, ਜੀਹਨੂੰ ਤੁਰਲਾ ਵੀ ਕਿਹਾ ਜਾਂਦਾ ਸੀ, ਮੋਰ ਦੀ ਪੈਲ ਵਾਂਗ ਉਚਾ ਝੁਲਦਾ। ਆਮ ਕਰਕੇ ਸਫ਼ੈਦ ਪਰ ਕਦੇ ਕਦੇ ਹੋਰ ਰੰਗ ਦੇ ਕੁੜਤੇ ਨਾਲ ਚਿੱਟਾ ਧੂਹਵਾਂ ਚਾਦਰਾ ਬੰਨ੍ਹਿਆ ਹੋਇਆ ਹੁੰਦਾ। ਸਿਆਲਾਂ ਵਿਚ ਕੁੜਤੇ ਉਤੇ ਕਢਾਈਦਾਰ ਜੈਕਟ ਵੀ ਸਜ ਜਾਂਦੀ। ਪੈਰੀਂ ਜਰੀ ਦੀ ਕਢਾਈ ਵਾਲੀ ਖੱਲ ਦੀ ਨੋਕਦਾਰ ਜੁੱਤੀ ਫਬਦੀ। ਹੱਥ ਵਿਚ ਫੜਿਆ ਰੇਸ਼ਮੀ ਰੁਮਾਲ ਪੁਸ਼ਾਕ ਨੂੰ ਮੁਕੰਮਲ ਬਣਾ ਦਿੰਦਾ। ਚਿੱਟੇ ਰੰਗ ਦੀ ਚੋਣ ਕਲਾਕਾਰ ਦੇ ਅੰਦਰਲੀ ਪਾਕੀਜ਼ਗੀ ਦੀ ਗਵਾਹੀ ਹੁੰਦੀ ਸੀ। ਮੇਰੇ ਹਾਣੀਆਂ ਨੂੰ ਉਹ ਬਰਾਤੀਆਂ ਵਰਗੇ ਲਗਦੇ।

ਜਦੋਂ ਅਖਾੜਾ ਵਿਆਹ-ਸ਼ਾਦੀ ਕਾਰਨ ਲਗਦਾ ਜਾਂ ਕਿਸੇ ਗੈਰ-ਧਾਰਮਿਕ ਮੇਲੇ ਸਮੇਂ ਸਜਦਾ, ਮਾਹੌਲ ਕੁਛ ਵੱਖਰਾ ਹੋ ਜਾਂਦਾ। ਉਦੋਂ ਖੇਤੀ ਪਸ਼ੂਆਂ ਉਤੇ ਆਧਾਰਿਤ ਹੋਣ ਕਰਕੇ ਹਰ ਸਾਲ ਸ਼ਹਿਰ ਸ਼ਹਿਰ ਮਿਥੇ ਸਮੇਂ ਲਗਦੀਆਂ ਮਾਲ ਮੰਡੀਆਂ ਵੀ ਭਾਂਤ ਭਾਂਤ ਦੀਆਂ ਦੁਕਾਨਾਂ ਅਤੇ ਵੰਨ ਸਵੰਨੇ ਖਾੜਿਆਂ ਕਾਰਨ ਵੱਡੇ ਰੌਣਕੀਲੇ ਮੇਲੇ ਦਾ ਰੂਪ ਧਾਰ ਲੈਂਦੀਆਂ। ਸਾਡੇ ਮੰਡੀ ਫੂਲ ਭਾਦੋਂ ਤੇ ਫੱਗਣ ਵਿਚ ਲਗਦੀਆਂ ਛਿਮਾਹੀ ਮਾਲ ਮੰਡੀਆਂ ਬਹੁਤ ਮਸ਼ਹੂਰ ਸਨ। ਚਿੱਠਿਆਂ ਦੀਆਂ ਕਈ ਕਈ ਦੁਕਾਨਾਂ ਹੁੰਦੀਆਂ ਜਿਥੋਂ ਵੱਡੀ ਗਿਣਤੀ ਵਿਚ ਲੋਕ ਚਿੱਠੇ ਖਰੀਦਦੇ। ਗਮੰਤਰੀਆਂ, ਕਵੀਸ਼ਰਾਂ, ਨਚਾਰਾਂ, ਨਕਲੀਆਂ, ਆਦਿ ਦੇ ਅਖਾੜੇ ਸਜਦੇ ਜੋ ਕਲਾਕਾਰਾਂ ਦੀ ਪ੍ਰਸਿੱਧੀ ਅਨੁਸਾਰ ਲੋਕਾਂ ਨੂੰ ਖਿਚਦੇ। ਅਜਿਹੇ ਅਖਾੜਿਆਂ ਵਿਚ ਮੂਹਰਲੀ ਪਾਲ ਵਿਚ ਬੈਠ ਕੇ ਟੈਂ ਵਾਲੇ ਕੁਛ ਲੋਕ ਡੱਬ ਵਿਚੋਂ ਬੋਤਲ ਕੱਢ ਕੇ ਡਾਟ ਪੱਟ ਲੈਂਦੇ ਅਤੇ ਪਾਣੀ ਦੀ ਗੜਵੀ, ਦਾਰੂ ਪੀਣ ਲਈ ਕੌਲੀਆਂ ਤੇ ਮੇਲੇ ਵਿਚੋਂ ਕਾਗਜ਼ ਦੇ ਲਫ਼ਾਫ਼ੇ ਵਿਚ ਲਿਆਂਦੇ ਪਤੌੜ ਸਜਾ ਲੈਂਦੇ। ਇਹੋ ਮਾਹੌਲ ਹੁੰਦਾ ਜਿਸ ਕਰਕੇ ਘਰ ਵਾਲੇ ਤਾਂ ਸਾਨੂੰ ਬੱਚਿਆਂ ਨੂੰ ਉਥੇ ਜਾਣੋਂ ਵਰਜਦੇ ਹੀ, ਉਥੇ ਬੈਠੇ ਲੋਕ ਵੀ ਆਖਦੇ, ਭੱਜੋ ਉਇ ਮੁੰਡਿਓ, ਹੋਰ ਕਿਤੇ ਜਾ ਕੇ ਖੇਡੋ! ਅਸੀਂ ਉਥੋਂ ਹਿੱਲ ਕੇ ਅਖਾੜੇ ਵਿਚ ਹੋਰ ਕਿਤੇ ਜਾ ਖੜ੍ਹਦੇ।

ਸ਼ਰਾਬ ਦੀਆਂ ਚਾਸਣੂ ਅਜਿਹੀਆਂ ਟੋਲੀਆਂ ਨੂੰ ਦੇਖ ਕੇ ਗਮੰਤਰੀ ਸਾਵਧਾਨ ਹੋ ਜਾਂਦੇ ਕਿਉਂਕਿ ਪੁਰਾਣੀਆਂ ਘਰੋੜਾਂ ਕਾਰਨ ਜਾਂ ਉਥੇ ਹੀ ਛਿੜੀ ਆਪਣਾ ਆਪਣਾ ਮਨਭਾਉਂਦਾ ਪ੍ਰਸੰਗ ਸੁਣਨ ਦੀ ਬਹਿਸ ਕਾਰਨ ਉਨ੍ਹਾਂ ਦੇ ਡਾਂਗੋ-ਡਾਂਗੀ ਹੋਣ ਦੀ ਬਹੁਤ ਸੰਭਾਵਨਾ ਰਹਿੰਦੀ। ਉਸ ਸੂਰਤ ਵਿਚ ਕਈ ਵਾਰ ਤਾਂ ਅਖਾੜਾ ਖਿੰਡ ਹੀ ਜਾਂਦਾ ਅਤੇ ਗਮੰਤਰੀਆਂ ਦੀ ਕੀਤੀ-ਕਰਾਈ ਉਤੇ ਪਾਣੀ ਫਿਰ ਜਾਂਦਾ ਤੇ ਜੇਬਾਂ ਖਾਲੀ ਰਹਿਣ ਦਾ ਡਰ ਬਣ ਜਾਂਦਾ। ਉਹ ਗਮੰਤਰੀਆਂ ਨੂੰ ਵੀ ਸੱਦਾ ਦਿੰਦੇ ਤੇ ਪੀਣ ਦੇ ਸ਼ੁਕੀਨ ਗਮੰਤਰੀ ਕੌਲੀ ਛਕ ਕੇ ਮੁੱਛਾਂ ਉਤੇ ਰੇਸ਼ਮੀ ਰੁਮਾਲ ਫੇਰਦਿਆਂ ਕੰਡੇ ਵਿਚ ਹੋ ਜਾਂਦੇ। ਪਰ ਉਹ ਸਾਵਧਾਨ ਰਹਿੰਦੇ ਕਿ ਕਿਤੇ ਪੈਰ ਹੀ ਥਿੜਕਣ ਨਾ ਲੱਗ ਜਾਣ। ਫ਼ਰਮਾਇਸ਼ਾਂ ਕਾਰਨ ਜਾਂ ਪੁਰਾਣੀ ਲਾਗ-ਡਾਟ ਕਾਰਨ ਲੜਾਈ ਦੀ ਸੰਭਾਵਨਾ ਨੂੰ ਵੀ ਉਹ ਬੜੀ ਚਤੁਰਾਈ ਨਾਲ ਨਜਿੱਠਦੇ।

ਗਮੰਤਰੀ ਆਮ ਕਰਕੇ ਤਿੰਨ ਹੁੰਦੇ। ਇਕ ਸਾਰੰਗੀ ਦਾ ਵਜੰਤਰੀ ਹੁੰਦਾ, ਦੋ ਢੱਡਾਂ ਦੇ। ਕਿਸੇ ਕਿਸੇ ਟੋਲੀ ਵਿਚ ਗਿਣਤੀ ਵੱਧ ਵੀ ਹੋ ਸਕਦੀ ਸੀ ਪਰ ਬਹੁਤਾ ਦੇਖਣ ਵਿਚ ਤਿੰਨ ਹੀ ਆਉਂਦੇ। ਸਾਰੰਗੀ ਵਾਲਾ ਹੀ ਆਗੂ ਤੇ ਵਿਆਖਿਆਕਾਰ ਹੁੰਦਾ ਅਤੇ ਢੱਡਾਂ ਵਾਲੇ ਪਾਛੂ ਹੁੰਦੇ। ਵਿਆਖਿਆਕਾਰ ਵਜੋਂ ਉਹ ਦੋ ਕਲੀਆਂ ਜਾਂ ਛੰਦਾਂ ਵਿਚਕਾਰ ਵਿਆਖਿਆ ਰਾਹੀਂ ਨਾਤਾ ਜੋੜ ਕੇ ਪ੍ਰਸੰਗ ਦੀ ਨਿਰੰਤਰਤਾ ਬਣਾਈ ਰਖਦਾ। ਆਗੂ ਵਜੋਂ ਉਹ ਕਲੀ ਜਾਂ ਛੰਦ ਦਾ ਅਲਾਪ ਚੁਕਦਾ ਤੇ ਪਾਛੂ ਉਹਦੇ ਬੋਲ ਵਿਚ ਬੋਲ ਰਲਾ ਕੇ ਹੇਕ ਨੂੰ ਸਿਰੇ ਲਾਉਂਦੇ। ਕਿਸੇ ਕਿਸੇ ਟੋਲੀ ਵਿਚ ਆਗੂ ਤੇ ਵਿਆਖਿਆਕਾਰ ਆਪ ਵਜੰਤਰੀ ਨਹੀਂ ਵੀ ਸੀ ਹੁੰਦਾ, ਭਾਵ ਉਹ ਸਿਰਫ਼ ਇਹੋ ਕਾਰਜ ਕਰਦਾ, ਸਾਰੰਗੀ ਵੀ ਕੋਈ ਹੋਰ ਵਜਾਉਂਦਾ।

ਵਿਆਖਿਆਕਾਰ ਦੀ ਬੋਲੀ ਅਕਸਰ ਕਾਵਿਕ ਵਾਰਤਕ ਹੁੰਦੀ ਤੇ ਉਹ ਸ਼ਬਦਾਂ ਨੂੰ ਲਮਕਾ ਲਮਕਾ ਕੇ ਬੋਲਦਾ। ਖਾਸ ਕਰਕੇ ਵਾਕ ਦੇ ਅੰਤਲੇ ਸ਼ਬਦ ਦੀ ਤਾਂ ਪੂਰੀ ਹੇਕ ਬਣਾ ਦਿੰਦਾ। ਮੰਨ ਲਵੋ, ਉਹਨੇ ਰਾਂਝੇ ਜੋਗੀ ਦੇ ਖੇੜੀਂ ਪਹੁੰਚਣ ਵਾਲੀ ਕਲੀ ਗਾ ਚੁੱਕਣ ਪਿਛੋਂ ਹੁਣ ਉਥੇ ਕੁੜੀਆਂ ਦੇ ਆ ਪਹੁੰਚਣ ਦੀ ਕਲੀ ਗਾਉਣੀ ਹੈ। ਉਹ ਵਿਚਕਾਰਲੀ ਤੰਦ ਕੁਛ ਇਉਂ ਜੋੜਦਾ, "ਕੁੜੀਆਂ ਖੇੜਿਆਂ ਦੀਆਂ ਗਈਆਂ ਬਈ ਬਾਗ ਦੀ ਸੈਲ ਨੂੰ..., ਗਈਆਂ ਬਈ ਸੰਗਤੇ ਕਬੂਤਰੀਆਂ ਵਾਂਗੂੰ ਗੁਟਕਦੀਆਂ..., ਅੱਗੇ ਬੈਠਾ ਜੋਗੀ ਧੂਣੀ ਰਮਾਈਂ, ਕਰ ਕੇ ਬੰਦ ਦੁਆਰੇ ਨੈਣਾਂ ਦੇ..., ਝਰਝਰ ਪੈਂਦਾ ਚਾਨਣ ਜੋਗੀ ਦੇ ਨੂਰੀ ਮੁਖੜੇ ਤੋਂ, ਜੀਕਰ ਸੱਚਾ ਭਗਤ ਹੋਵੇ ਕੋਈ ਭਗਮਾਨ ਦਾ..., ਇਕ ਨੱਢੀ ਨੂੰ ਫੁਰਿਆ ਫੁਰਨਾ ਬਈ ਸੰਗਤੇ, ਨੀ ਇਹ ਹੋਊ ਰਾਂਝਾ ਆਪਣੀ ਹੀਰ ਦਾ..., ਭੱਜੀਆਂ ਕੁੜੀਆਂ ਸਾਹੋਸਾਹੀ ਪਹੁੰਚੀਆਂ ਕੋਲੇ ਨੱਢੀ ਹੀਰ ਦੇ..., ਤੇ ਰਾਂਝੇ ਜੋਗੀ ਦਾ ਹਾਲ-ਹਵਾਲ ਹੀਰ ਨੂੰ ਉਹ ਕਿਵੇਂ ਦਸਦੀਆਂ ਨੇ ਬਈ ਸਰੋਤਿਓ...ਭਲਾ ਬਈ ਉਹ ਇਉਂ ਦਸਦੀਆਂ ਨੇ!" ਗਾਉਣ ਵੇਲੇ ਮਸਤ ਹੋਏ ਢਾਡੀ ਕਿਸੇ ਹੋਰ ਹੀ ਦੁਨੀਆਂ ਵਿਚ ਪਹੁੰਚ ਜਾਂਦੇ। ਮੇਰੇ ਲਈ ਉਨ੍ਹਾਂ ਦੀ ਪੁਸ਼ਾਕ, ਹੇਕ, ਕਲੀ, ਢੱਡ-ਸਾਰੰਗੀ ਤੇ ਅਦਾਇਗੀ, ਸਭ ਕੁਛ ਬੜਾ ਅਲੋਕਾਰ ਹੁੰਦਾ ਤੇ ਖਿੱਚ ਪਾਉਂਦਾ।

ਗਮੰਤਰੀਆਂ ਨੇ ਪ੍ਰਸੰਗ ਕੋਈ ਵੀ ਛੇੜਨਾ ਹੋਵੇ, ਸ਼ੁਰੂਆਤ ਉਹ ਇਸ਼ਟ ਧਿਆਉਣ ਵਾਲੇ ਮੰਗਲਾਚਰਨ ਤੋਂ ਹੀ ਕਰਦੇ। ਸਰਸਵਤੀ ਮਾਂ ਤੋਂ ਗਾਉਣ ਵਿਦਿਆ ਦਾ ਵਰ ਤਾਂ ਮੰਗਿਆ ਹੀ ਜਾਂਦਾ। ਉਹ ਆਪਣੇ ਉਸਤਾਦ ਨੂੰ ਚੇਤੇ ਕਰ ਕੇ ਨਮਸਕਾਰ ਜ਼ਰੂਰ ਕਰਦੇ। ਗਮੰਤਰੀ ਦਾ ਜਾਤ-ਧਰਮ ਕੁਛ ਵੀ ਹੁੰਦਾ, ਉਹ ਦੇਵੀ-ਦੇਵਤਿਆਂ ਤੇ ਬਾਬੇ ਨਾਨਕ ਤੋਂ ਲੈ ਕੇ ਜਤੀਆਂ-ਸਤੀਆਂ, ਸਭ ਨੂੰ ਸਿਮਰਦਾ ਅਤੇ ਪ੍ਰਸੰਗ ਵੀ ਇਕੋ ਜਿਹੇ ਆਦਰ ਨਾਲ ਹਰ ਧਰਮ ਦੇ ਗਾਉਂਦਾ। ਨਗੀਨਾ, ਰੁਲੀਆ, ਵਧਾਵਾ ਆਦਿ ਅਨੇਕ ਮਰਾਸੀ ਭਾਈਚਾਰੇ ਵਿਚੋਂ ਸਨ; ਬਰਨਾਲੇ ਵਾਲਾ ਮੱਘਰ ਸ਼ੇਖ, ਧਨੌਲੇ ਵਾਲਾ ਪੂਰਨ ਝਿਉਰ ਤੇ ਛਪਾਰ ਵਾਲਾ ਡੋਗਰ ਤੇਲੀ ਸੀ; ਪਰਤਾਪਾ ਜੱਟ, ਦਿਆ ਰਾਮ ਪੰਡਿਤ ਤੇ ਖਿੱਦੂ ਮੋਚੀ ਸੀ।

ਮੰਗਲਾਚਰਨ ਤੋਂ ਮਗਰੋਂ ਆਗੂ ਪੁਛਦਾ, ਦੱਸੋ ਸੰਗਤੇ, ਕੀ ਗਾਈਏ? ਸਰੋਤਿਆਂ ਦੇ ਸਾਂਝੇ ਆਵਾਜ਼ੇ ਦੇ ਆਧਾਰ ਉਤੇ ਪ੍ਰਸੰਗ ਦਾ ਫੈਸਲਾ ਕਰ ਕੇ ਪਹਿਲਾਂ ਉਹ ਗਿਆਨ ਦੀ ਪੁੜੀ ਵਰਗਾ ਕੋਈ ਦੋਹਿਰਾ ਜਾਂ ਕਾਵਿ-ਟੋਟਕਾ ਮੁਖੜੇ ਦੇ ਰੂਪ ਵਿਚ ਪੇਸ਼ ਕਰਦੇ। ਅਜਿਹੇ ਕੁਛ ਦੋਹਿਰੇ ਤੇ ਟੋਟਕੇ ਏਨੇ ਹਰਮਨਪਿਆਰੇ ਹੋ ਗਏ ਸਨ ਕਿ ਆਪਣੇ ਰਚਨਾਕਾਰਾਂ ਦਾ ਨਾਂ ਗੁਆ ਕੇ ਉਹ ਗਮੰਤਰੀਆਂ ਦੇ ਮੂੰਹੋਂ ਆਮ ਹੀ ਸੁਣੇ ਜਾਂਦੇ ਸਨ। ਮਿਸਾਲ ਵਜੋਂ ਇਹ ਸਤਰਾਂ ਅਕਸਰ ਹੀ ਗਾਈਆਂ ਜਾਂਦੀਆਂ ਸਨ,

ਅਕਲ ਕਹੇ ਮੈਂ ਜੱਗ ਵਿਚ ਵੱਡੀ,
ਮੈਂ ਵਿਚ ਕਚਹਿਰੀ ਲੜਦੀ।
ਸ਼ਕਲ ਕਹੇ ਮੈਂ ਤੈਥੋਂ ਵੱਡੀ,
ਮੇਰੀ ਦੁਨੀਆਂ ਪੂਜਾ ਕਰਦੀ।
ਮਾਇਆ ਕਹੇ ਮੈਂ ਸਭ ਤੋਂ ਵੱਡੀ,
ਮੇਰਾ ਖਲਕਤ ਪਾਣੀ ਭਰਦੀ।
ਤਕਦੀਰ ਕਹੇ ਤੁਸੀਂ ਤਿੰਨੇ ਝੂਠੀਆਂ,
ਮੈਂ ਜੋ ਚਾਹਾਂ ਸੋ ਕਰਦੀ!

ਕੁਛ ਬਹੁਤ ਪ੍ਰਚਲਿਤ ਦੋਹਿਰੇ ਸਨ,

ਜੇ ਸੁਖ ਲੈਣਾ ਜਗਤ ਮੇਂ,
ਛੱਡ ਦੇ ਗੱਲਾਂ ਚਾਰ।
ਚੋਰੀ, ਜਾਰੀ, ਜਾਮਨੀ,
ਚੌਥੀ ਪਰਾਈ ਨਾਰ।

---

ਆਸ਼ਕ ਪੜ੍ਹਨ ਨਮਾਜ ਇਸ਼ਕ ਦੀ,
ਜਿਸ ਵਿਚ ਹਰਫ਼ ਨਾ ਕੋਈ।
ਜੀਭ ਨਾ ਹਿੱਲੇ, ਬੁੱਲ੍ਹ ਨਾ ਫਰਕਣ,
ਪਾਕ ਨਮਾਜੀ ਸੋਈ।

---

ਉਚਾ ਬੋਲ ਨਾ ਬੋਲੀਏ,
ਕਰਤਾਰੋਂ ਡਰੀਏ।
ਬੋਲ ਬੋਲੀਏ ਮਿੱਠੜਾ,
ਫੱਟ ਦਿਲ ਦੇ ਭਰੀਏ।

---

ਪਹਿਲਾ ਜਾਦੂ ਰੂਪ ਹੈ,
ਦੂਜਾ ਜਾਦੂ ਰਾਗ।
ਤੀਜਾ ਜਾਦੂ ਲੱਛਮੀ,
ਚੌਥਾ ਬੰਦੇ ਦਾ ਭਾਗ।

---

ਮਾਰਿਆ ਮਰੇ ਕੁਸੰਗ ਦਾ,
ਕੇਲੇ ਮੁੱਢ ਕਰੀਰ।
ਉਹ ਝੂਲੇ, ਉਹ ਪੱਛੀਏ,
ਚੋਟਾਂ ਸਹੇ ਸਰੀਰ।

ਹਵਾਲੇ ਬਾਣੀ ਵਿਚੋਂ ਵੀ ਦਿੱਤੇ ਜਾਂਦੇ, ਭਾਵੇਂ ਕਿ ਉਚਾਰਨ ਆਮ ਕਰਕੇ ਸਰਲ-ਸਿੱਧਾ ਕਰ ਲਿਆ ਜਾਂਦਾ। ਭਗਤ ਕਬੀਰ ਤੇ ਬਾਬਾ ਫ਼ਰੀਦ ਦੇ ਦੋਹੇ ਤੇ ਸਲੋਕ ਗਮੰਤਰੀਆਂ ਨੂੰ ਖਾਸਾ ਖਿਚਦੇ। ਕਿਸੇ ਸੂਰਮੇ ਦਾ ਪ੍ਰਸੰਗ ਛੇੜਨ ਤੋਂ ਪਹਿਲਾਂ ਉਹ ਕਬੀਰ ਜੀ ਨੂੰ ਸਿਮਰਦੇ, "ਜਨਣੀ ਜਣੇ ਤਾਂ ਭਗਤ ਜਨ, ਕਿਆ ਦਾਤਾ ਕਿਆ ਸੂਰ। ਨਹੀਂ ਤਾਂ ਜਨਣੀ ਬਾਂਝ ਰਹੇ ਕਾਹੇ ਗੰਵਾਵੇ ਨੂਰ!"

ਕਿਸੇ ਪ੍ਰੇਮ ਪ੍ਰਸੰਗ ਵਿਚ ਵਿਛੜੇ ਪ੍ਰੇਮੀ ਨੂੰ ਮਿਲਣ ਦੀ ਚਾਹ ਵਿਚ ਵਿਆਕੁਲ ਮਨ ਦਾ ਦਰਦ ਗਾਉਣ ਤੋਂ ਪਹਿਲਾਂ ਉਹ ਬਾਬਾ ਫਰੀਦ ਤੋਂ ਬੋਲ ਹੁਧਾਰੇ ਲੈ ਲੈਂਦੇ, "ਕਾਗਾ ਕਰੰਗ ਢੰਡੋਲਿਆ, ਸਗਲਾ ਖਾਇਆ ਮਾਸ। ਇਹ ਦੋ ਨੈਣਾਂ ਮਤ ਛੁਹ, ਮੈਨੂੰ ਪਿਰ ਦੇਖਣ ਦੀ ਆਸ!"

ਇਸ਼ਕ ਮਜਾਜੀ ਵੱਲ ਵਧਦਿਆਂ ਉਹ ਅਜਿਹੇ ਦੋਹਿਰੇ ਲਾਉਂਦੇ, "ਨਾ ਕੋਈ ਬਰਛਾ ਮਾਰਿਆ, ਨਾ ਮਾਰੀ ਤਲਵਾਰ। ਦੋ ਨੈਣਾਂ ਦਾ ਮਾਰਿਆ, ਤੜਫ਼ੇ ਸਹਿ ਕੇ ਵਾਰ।...ਮੁੱਛ ਫੁਟੇਂਦਾ ਗੱਭਰੂ, ਹਿੱਕ ਫੁਟੇਂਦੀ ਨਾਰ। ਵੱਗ ਛੜੇਂਦਾ ਵਹਿੜਕਾ, ਕੀ ਤਿੰਨਾਂ ਅਤਬਾਰ।" ਇਸ ਤਰ੍ਹਾਂ ਮਾਹੌਲ ਬੰਨ੍ਹ ਕੇ ਉਹ ਅਸਲ ਪ੍ਰਸੰਗ ਵੱਲ ਆਉਂਦੇ। ਕਲੀ ਜਾਂ ਛੰਦ ਦੇ ਅੰਤ ਉਤੇ ਆਮ ਕਰਕੇ ਉਹ ਕਲੀ ਨਾਲੋਂ ਛੋਟੇ ਆਕਾਰ ਦੀਆਂ ਤੁਕਾਂ ਨਾਲ ਰਚਿਆ ਤੋੜਾ ਝਾੜਦੇ। ਮਿਸਾਲ ਵਜੋਂ ਪ੍ਰਸਿੱਧ ਕਵੀਸ਼ਰ ਗੰਗਾ ਸਿੰਘ ਭੂੰਦੜ ਦੀ ਹੀਰ ਦੀਆਂ ਕਲੀਆਂ ਦੇ ਅੰਤ ਉਤੇ ਅਜਿਹੇ ਤੋੜੇ ਆਉਂਦੇ ਹਨ,

ਇਹ ਆਸ਼ਕ ਖ਼ੁਦਾ ਦੇ ਬਰਦੇ ਨੇ,
ਜਿਹੜੇ ਮਰਨੀ ਮਸ਼ੂਕ ਦੀ ਮਰਦੇ ਨੇ।
ਸਿੱਧੇ ਭਵਸਾਗਰ ਨੂੰ ਤਰਦੇ ਨੇ,
ਰੋਮ ਰੋਮ ਤੂੰਹੀਂ ਤੂੰਹੀਂ ਕਰਦੇ ਨੇ!

ਤੋੜੇ ਤੋਂ ਵੀ ਮਗਰੋਂ ਉਹ "ਸਤਗੁਰ ਬੇੜੀ ਤਾਰੂਗਾ", "ਆਸਾ ਰੱਖ ਰਾਮ ਦੀ", "ਸੱਚ ਸਹਾਰਾ ਮੰਨ ਲੈ ਤੂੰ" ਜਿਹਾ ਕੋਈ ਆਸ਼ਾਵਾਦੀ ਸੁਨੇਹਾ ਉਚਰਦਿਆਂ ਸਾਰੰਗੀ ਦੇ ਗਜ਼ ਦੀ ਖਿੱਚ ਤੇ ਢੱਡ ਉਤੇ ਉਂਗਲਾਂ ਦੇ ਪਰਹਾਰ ਨਾਲ ਸਰੋਤਿਆਂ ਨੂੰ ਕਲੀ ਦੀ ਸਮਾਪਤੀ ਦਾ ਸੁਨੇਹਾ ਦਿੰਦੇ।

ਇਤਿਹਾਸ ਝਰੋਖਾ

# ਅਜਿਹੀ ਗੁਲਾਮੀ ਨਾਲੋਂ ਤਾਂ ਮਰ ਜਾਣਾ ਈ ਚੰਗਾ !

ਗੁਰਚਰਨ ਸਿੰਘ ਜੈਤੋ
ਫੋਨ: 91-97794-26698

ਇਹ ਹਾਦਸਾ ਜਨਵਰੀ 1856 ਵਿਚ ਹੋਇਆ ਸੀ। ਸਰਦੀ ਰੁੱਤੇ ਅਮਰੀਕਾ ਦੇ ਕੈਨਟੱਕੀ ਸੂਬੇ ਵਿਚ ਵਗਦੇ ਓਹਾਇਓ ਦਰਿਆ ਦਾ ਪਾਣੀ ਜੰਮ ਚੁੱਕਾ ਸੀ। ਇਸ ਸੂਬੇ ਵਿਚ ਰਹਿੰਦੇ ਗੁਲਾਮਾਂ ਲਈ ਇਹ ਸਮਾਂ ਭਾਗਾਂ ਵਾਲਾ ਸਮਝਿਆ ਜਾਂਦਾ ਸੀ। ਅਜਿਹੇ ਮੌਕੇ ਗੁਲਾਮ ਸੈਂਕੜੇ ਮੀਲਾਂ ਤੋਂ ਭੱਜ ਕੇ ਦਰਿਆ ਤੇ ਜੰਮੀ ਬਰਫ਼ ਉਤੇ ਤੁਰਦਿਆਂ ਪਾਰ ਲੰਘ ਜਾਇਆ ਕਰਦੇ ਸਨ। ਅਸਲ ਵਿਚ ਗੁਲਾਮੀ ਨਾਲੋਂ ਜੇ ਮੌਤ ਵੀ ਆ ਜਾਂਦੀ ਤਾਂ ਉਹ ਉਸ ਨੂੰ ਠੀਕ ਸਮਝਦੇ ਸਨ।

ਅਜਿਹੇ ਮੌਕੇ ਦੀ ਭਾਲ ਵਿਚ ਇਕ ਦੂਜੇ ਨਾਲ ਗੁਪਤ ਸਲਾਹਾਂ ਕਰਕੇ ਕੈਨਟੱਕੀ ਸੂਬੇ ਵਿਚ ਆਂਢ ਗੁਆਂਢ ਦੇ ਖੇਤਾਂ ਵਿਚ ਅੱਡੋ ਅੱਡ ਮਾਲਕਾਂ ਦੇ ਗੁਲਾਮਾਂ ਨੇ ਗੁਲਾਮੀ ਦੇ ਸੰਗਲ ਤੋੜ ਕੇ ਭੱਜਣ ਦਾ ਫ਼ੈਸਲਾ ਕਰ ਲਿਆ। ਭੱਜਣ ਵਾਲੇ ਜਥੇ ਵਿਚ 17 ਗੁਲਾਮ ਇਕੱਠੇ ਹੋ ਗਏ। ਧਰਤੀ ਬਰਫ਼ ਨਾਲ ਚਿੱਟੀ ਹੋ ਚੁੱਕੀ ਸੀ। ਇਹ ਸਮਾਂ ਦਰਿਆ ਵਿਚ ਜੰਮੀ ਬਰਫ਼ ਉਤੇ ਤੁਰ ਕੇ, ਘੱਟ ਸਮੇਂ ਵਿਚ ਛੇਤੀ ਦੂਰ ਨਿਕਲ ਜਾਣ ਦਾ ਸੀ। ਐਤਵਾਰ ਵਾਲੇ ਦਿਨ ਗੁਲਾਮਾਂ ਨੂੰ ਖੇਤਾਂ ਵਿਚ ਕੰਮ ਕਰਨ ਤੋਂ ਛੁੱਟੀ ਹੁੰਦੀ ਸੀ। ਇਸ ਲਈ ਭੱਜਣ ਵਾਲੇ ਗੁਲਾਮ ਸਨਿਚਰਵਾਰ ਦੀ ਰਾਤ ਨੂੰ ਭੱਜ ਕੇ ਸੋਮਵਾਰ ਸਵੇਰ ਤੱਕ ਮੀਲਾਂ ਦੂਰ ਨਿਕਲ ਜਾਂਦੇ। ਜਦੋਂ ਮਾਲਕਾਂ ਨੂੰ ਪਤਾ ਲਗਦਾ ਤਾਂ ਉਹ ਮਾਸਖੋਰੇ ਕੁੱਤਿਆਂ ਨੂੰ ਨਾਲ ਲੈ ਕੇ ਘੋੜਿਆਂ 'ਤੇ ਚੜ੍ਹ ਕੇ ਉਨ੍ਹਾਂ ਦਾ ਪਿੱਛਾ ਕਰਦੇ। ਜੇ ਗੁਲਾਮ ਫੜੇ ਜਾਂਦੇ ਤਾਂ ਉਨ੍ਹਾਂ ਨੂੰ ਕੋੜਿਆਂ ਦੀ ਮਾਰ ਪੈਂਦੀ ਅਤੇ ਜੇ ਚੰਗੀ ਕਿਸਮਤ ਨੂੰ ਬਚ ਨਿਕਲਦੇ ਤਾਂ ਕਿਸੇ ਦੂਜੇ ਸੂਬੇ ਵਿਚ ਜਿੱਥੇ ਗੁਲਾਮੀ ਵਰਜਿਤ ਹੁੰਦੀ, ਪਹੁੰਚ ਕੇ ਸੁਖ ਦਾ ਸਾਹ ਲੈਂਦੇ। ਪਰ ਡਰ ਫੇਰ ਵੀ ਪਿੱਛਾ ਨਾ ਛਡਦਾ ਕਿ ਪਤਾ ਨਹੀਂ ਕਦੋਂ ਕੋਈ ਆ ਕੇ ਉਨ੍ਹਾਂ ਭਗੌੜੇ ਹੋਏ ਗੁਲਾਮਾਂ ਨੂੰ ਸਰਕਾਰੀ ਬੰਦਿਆਂ ਦੇ ਹਵਾਲੇ ਕਰ ਦੇਵੇ ਤੇ ਉਹ ਮੁੜ ਕੇ ਗੁਲਾਮੀ ਦੇ ਨਰਕ 'ਚ ਜਾ ਪੈਣ।

ਇਨ੍ਹਾਂ 17 ਗੁਲਾਮਾਂ ਨੇ ਵੀ ਭੱਜਣ ਲਈ ਸਨਿਚਰਵਾਰ ਦੀ ਰਾਤ ਹੀ ਚੁਣੀ। ਸਾਈਮਨ ਨਾਂ ਦੇ ਇਕ ਬੁੱਢੇ ਗੁਲਾਮ ਨੇ ਦੋ ਘੋੜਿਆਂ ਵਾਲੀ ਬੱਘੀ ਆਪਣੇ ਮਾਲਕ ਦੇ ਘਰੋਂ ਚੁਰਾ ਲਈ। ਉਸ ਨਾਲ ਉਸ ਦੀ ਪਤਨੀ ਮੇਰੀ ਸੀ। ਨਾਲ ਉਨ੍ਹਾਂ ਦਾ ਪੁੱਤਰ ਰੌਬਰਟ, ਉਸ ਦੀ ਪਤਨੀ ਮਾਰਗਰੇਟ ਗਾਰਨਰ ਤੇ ਉਨ੍ਹਾਂ ਦੇ ਚਾਰ ਨਿਆਣੇ ਸਨ ਤੇ ਬਾਕੀ ਗੁਆਂਢੀ ਗੁਲਾਮ ਸਨ। ਸਾਰੇ ਜਣੇ ਬੱਘੀ ਵਿਚ ਸਵਾਰ ਹੋ ਗਏ ਤੇ ਘੋੜਿਆਂ ਨੂੰ ਜਿੰਨਾ ਤੇਜ਼ ਹੋ ਸਕਿਆ ਦੌੜਾਇਆ। ਦਿਨ ਚੜ੍ਹਦਿਆਂ ਉਹ ਦਰਿਆ ਦੇ ਕੰਢੇ ਪਹੁੰਚ ਗਏ। ਬੱਘੀ ਨੂੰ ਦਰਿਆ ਕੰਢੇ ਛੱਡ ਕੇ ਉਹ ਛੇਤੀ ਛੇਤੀ ਪੈਦਲ ਦਰਿਆ ਪਾਰ ਕਰ ਗਏ। ਦਿਨ ਚੜ੍ਹ ਚੁਕਾ ਸੀ ਤੇ ਸਿਨਸਿਨੈਟੀ ਵਿਚ ਲੋਕ ਆਪਣੇ ਕੰਮੀਂ-ਧੰਦੀਂ ਅੰਦਰ ਬਾਹਰ ਆ ਜਾ ਰਹੇ ਸਨ। ਗੁਲਾਮਾਂ ਨੇ ਸਲਾਹ ਕਰਕੇ ਦੋ ਤਿੰਨ ਟੁਕੜੀਆਂ ਵਿਚ ਆਪਣੇ ਆਪ ਨੂੰ ਵੰਡ ਲਿਆ ਤਾਂ ਕਿ ਕਿਸੇ ਨੂੰ ਕੋਈ ਸ਼ੱਕ ਨਾ ਹੋਵੇ।

ਸਾਈਮਨ ਨਾਲ ਉਸ ਦੇ ਪਰਿਵਾਰ ਨੇ ਉਨ੍ਹਾਂ ਦੇ ਪੁਰਾਣੇ ਦੋਸਤ ਕਾਈਟ ਦੇ ਘਰ ਜਾਣਾ ਸੀ। ਕਾਈਟ ਦੇ ਘਰ ਪਹੁੰਚਣ ਤੋਂ ਪਹਿਲਾਂ ਇਸ ਪਰਿਵਾਰ ਨੇ ਕਈ ਲੋਕਾਂ ਤੋਂ ਮਿਲ ਕਰੀਕ ਨੇੜੇ ਕਾਈਟ ਦੇ ਘਰ ਦਾ ਪਤਾ ਪੁੱਛਿਆ ਜੋ ਸ਼ਹਿਰ ਦੇ ਹੇਠਲੇ ਪਾਸੇ ਵੱਲ ਸੀ। ਇੰਜ ਇਸ ਪਰਿਵਾਰ ਨੂੰ ਕਈ ਲੋਕਾਂ ਨੇ ਦੇਖ ਲਿਆ। ਫੇਰ ਜਦੋਂ ਮਾਲਕ ਇਸ ਗੁਲਾਮ ਪਰਿਵਾਰ ਦੀ ਭਾਲ ਵਿਚ ਨਿਕਲੇ ਤਾਂ ਉਨ੍ਹਾਂ ਨੂੰ ਕਾਈਟ ਦਾ ਘਰ ਲੱਭਣ ਵਿਚ ਦੇਰ ਨਾ ਲੱਗੀ ਜਿਥੇ ਜਾ ਕੇ ਇਹ ਪਰਿਵਾਰ ਲੁਕ ਗਿਆ ਪਰ ਦੂਜੇ ਬਾਕੀ ਦੇ ਨੌਂ ਗੁਲਾਮ ਖ਼ੁਸ਼ਕਿਸਮਤ ਨਿਕਲੇ। ਉਹ ਅਜਿਹੇ ਦੋਸਤਾਂ ਕੋਲ ਪਹੁੰਚ ਗਏ ਜਿਨ੍ਹਾਂ ਨੇ ਉਨ੍ਹਾਂ ਨੂੰ ਜ਼ਮੀਨਦੋਜ਼ ਰੇਲਰੋਡ ਰਾਹੀਂ ਸੁਰਖਿਅਤ ਥਾਂਵਾਂ 'ਤੇ ਪਹੁੰਚਾਇਆ ਤੇ ਉਨ੍ਹਾਂ ਨੂੰ ਕੈਨੇਡਾ ਪਹੁੰਚਾ ਕੇ ਅਜ਼ਾਦ ਕਰਵਾ ਦਿੱਤਾ। ਜ਼ਮੀਨਦੋਜ਼ ਰੇਲਰੋਡ ਅਜਿਹੇ ਚੰਗੇ ਲੋਕਾਂ ਦੀ ਆਪੂੰ ਬਣੀ ਅਜਿਹੀ ਸੰਸਥਾ ਸੀ ਜਿਹੜੀ ਗੁਲਾਮਾਂ ਨੂੰ ਭੱਜਣ ਵਿਚ ਮਦਦ ਕਰਿਆ ਕਰਦੀ ਸੀ। ਅਠ੍ਹਾਰਵੀਂ ਸਦੀ ਦੇ ਸ਼ੁਰੂ ਵਿਚ ਅਮਰੀਕਾ ਵਿਚ ਰੇਲ ਚਲਣੀ ਸ਼ੁਰੂ ਹੋਈ ਜਿਸ ਨੂੰ ਲੋਕ ਰੇਲ ਰੋਡ ਕਿਹਾ ਕਰਦੇ ਸਨ। ਇਸ ਨਾਂ ਦੇ ਅਧਾਰ ਤੇ ਗੁਲਾਮਾਂ ਨੂੰ ਮਦਦ ਕਰਨ ਲਈ ਅੰਡਰਗਰਾਊਂਡ ਰੇਲਰੋਡ ਨਾਂ ਦੀ ਸੰਸਥਾ ਹੋਂਦ ਵਿਚ ਆਈ ਜਿਹੜੀ ਗੁਲਾਮੀ ਵਿਰੋਧੀ ਵਿਚਾਰਾਂ ਵਾਲੇ ਲੋਕਾਂ ਨੇ ਗੁਪਤ ਰੱਖ ਕੇ ਬਣਾਈ ਹੋਈ ਸੀ। ਉਹ ਆਪਸ ਵਿਚ ਭਗੌੜੇ ਗੁਲਾਮਾਂ ਨੂੰ ਆਪਣੇ ਘਰੀਂ ਲੁਕੋ ਕੇ ਅਗੇ ਇਕ ਦੂਜੇ ਦੇ ਘਰੀਂ ਛੱਡ ਆਉਂਦੇ ਤੇ ਅਖੀਰ ਅਮਰੀਕਾ ਦੇ ਵੱਖੋ ਵੱਖਰੇ ਗੁਲਾਮੀ ਪ੍ਰਥਾ ਵਾਲੇ ਸੂਬਿਆਂ ਤੋਂ ਭੱਜੇ ਗੁਲਾਮਾਂ ਲਈ ਇੰਜ ਕਈ ਗੁਪਤ ਰਾਹ ਉਨ੍ਹਾਂ ਖੋਲ੍ਹ ਦਿੱਤੇ ਜਿਨ੍ਹੀਂ ਰਾਹੀਂ ਗੁਲਾਮਾਂ ਨੂੰ ਉਹ ਸਹੀ ਸਲਾਮਤ ਕੈਨੇਡਾ ਪਹੁੰਚਾ ਦਿੰਦੇ। ਕੈਨੇਡਾ ਵਿਚ ਗੁਲਾਮੀ ਪ੍ਰਥਾ ਨਹੀਂ ਸੀ। ਇੰਜ ਲੱਖਾਂ ਗੁਲਾਮ ਕੈਨੇਡਾ ਪਹੁੰਚ ਕੇ ਉਥੇ ਅਜ਼ਾਦ ਹੋ ਕੇ ਆਪਣਾ ਚੰਗਾ ਜੀਵਨ ਬਸਰ ਕਰਨ ਵਿਚ ਕਾਮਯਾਬ ਹੋ ਗਏ ਸਨ।



ਇਕ ਚਿੱਤਰਕਾਰ ਵਲੋਂ ਬਣਾਇਆ ਗਿਆ ਮਾਰਗਰੇਟ ਕਾਰਨਰ ਦਾ ਚਿੱਤਰ

ਕੁਝ ਹੀ ਮਿੰਟਾਂ ਵਿਚ ਕਾਈਟ ਦੇ ਘਰ ਨੂੰ ਉਥੇ ਲੁਕੇ ਗੁਲਾਮਾਂ ਦੇ ਮਾਲਕਾਂ ਨੇ ਘੇਰਾ ਪਾ ਲਿਆ। ਮਾਲਕ ਨਾਲ ਸਰਕਾਰੀ ਬੰਦੇ ਅਤੇ ਹੋਰ ਕਈ ਹਥਿਆਰਬੰਦ ਮਦਦਗਾਰ ਵੀ ਸਨ। ਘਰ ਨੂੰ ਅੰਦਰੋਂ ਬੂਹਿਆਂ ਤੇ ਖਿੜਕੀਆਂ ਨੂੰ ਲਕੜਾਂ ਵਿਚ ਕਿੱਲਾਂ ਠੋਕ ਕੇ ਪੱਕਾ ਕਰ ਲਿਆ ਗਿਆ ਸੀ ਤਾਂ ਕਿ ਕੋਈ ਆਸਾਨੀ ਨਾਲ ਅੰਦਰ ਨਾ ਆ ਸਕੇ। ਘਰ ਅੰਦਰ ਲੁਕੇ ਗੁਲਾਮਾਂ ਨੇ ਇਹ ਪੱਕਾ ਫ਼ੈਸਲਾ ਕਰ ਲਿਆ ਸੀ ਕਿ ਉਹ ਫੜੇ ਜਾਣ ਨਾਲੋਂ ਮੌਤ ਨੂੰ ਪਰਵਾਨ ਕਰ ਲੈਣਗੇ ਪਰ ਮੁੜ ਕੇ ਗੁਲਾਮੀ ਦਾ ਨਰਕ ਭੋਗਣ ਲਈ ਈਨ ਨਹੀਂ ਮੰਨਣਗੇ। ਇਸ ਪਰਿਵਾਰ ਵਿਚ ਮਾਰਗਰੇਟ ਚਾਰ ਬੱਚਿਆਂ ਦੀ ਮਾਂ ਸੀ। ਉਸ ਨੇ ਘਰ ਦੇ ਬਾਹਰ ਰੌਲ਼ਾ ਸੁਣ ਕੇ ਕਿਹਾ ਸੀ ਕਿ ਉਹ ਆਪਣੇ ਚਾਰੇ ਬੱਚਿਆਂ ਨੂੰ ਖਤਮ ਕਰ ਦੇਵੇਗੀ ਤੇ ਆਪ ਵੀ ਮਰ ਜਾਏਗੀ ਪਰ ਉਹ ਹੁਣ ਮਾਲਕਾਂ ਦੇ ਹੱਥ ਕਦੇ ਨਹੀਂ ਆਵੇਗੀ। ਗੁਲਾਮਾਂ ਨੇ ਵੀ ਜਿਹੋ ਜਿਹੇ ਹੋ ਸਕੇ ਹਥਿਆਰ ਚੱਕ ਲਏ ਸਨ ਤੇ ਮੁਕਾਬਲੇ ਲਈ ਤਿਆਰ ਸਨ।

ਬਾਹਰੋਂ ਧਾੜਵੀਆਂ ਨੇ ਪਹਿਲਾਂ ਖਿੜਕੀਆਂ ਤੋੜੀਆਂ ਜਿਨ੍ਹਾਂ ਰਾਹੀਂ ਜਦੋਂ ਇਕ ਪੁਲਿਸ ਵਾਲੇ

(ਬਾਕੀ ਅਗਲੇ ਸਫੇ 'ਤੇ)

# ਰਿਬੇਰੋ ਦੀ ਡਾਇਰੀ ਦੇ ਕੁਝ ਪੰਨੇ

***ਵਾਈਕਿੰਗ ਵੱਲੋਂ ਪੰਜਾਬ ਪੁਲਿਸ ਦੇ ਸਾਬਕਾ ਮੁਖੀ ਜੇ.ਐਫ. ਰਿਬੇਰੋ ਦੀ 1998 ਵਿਚ ਛਾਪੀ ਕਿਤਾਬ 'ਬੁੱਲਟ ਫਾਰ ਬੁੱਲਟ' ਦੇ ਕੁੱਝ ਪੰਨਿਆਂ ਦਾ ਅੰਗਰੇਜ਼ੀ ਤੋਂ ਪੰਜਾਬੀ ਅਨੁਵਾਦ। ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਰਿਬੇਰੋ ਨੂੰ ਆਪਣੀ ਸਲਾਹਕਾਰ ਕਮੇਟੀ ਵਿਚ ਲੈ ਲਿਆ ਸੀ। ਇਹ ਪ੍ਰਸੰਗ ਉਦੋਂ ਦਾ ਹੈ ਜਦੋਂ ਰਾਜੀਵ ਗਾਂਧੀ ਨੇ ਪੰਜਾਬ ਸਮੱਸਿਆ ਦਾ ਹੱਲ ਕਰਨ ਵਾਸਤੇ ਬੁਲਾਈਆਂ ਮੀਟਿੰਗਾਂ ਵਿਚ ਸੁਝਾਅ ਮੰਗੇ ਸਨ। -ਅਨੁਵਾਦਕ***

ਪੰਨਾ 303 ਤੋਂ 305: ਇਨ੍ਹਾਂ ਮੀਟਿੰਗਾਂ ਵਿਚ ਆਈ.ਬੀ. ਦਾ ਡਾਇਰੈਕਟਰ ਐਮ.ਕੇ. ਨਾਰਾਇਣਨ ਬੋਲਣ ਵਕਤ ਲੀਡ ਲਿਆ ਕਰਦਾ ਸੀ। ਮੇਰੇ ਨਾਲੋਂ ਦੋ ਸਾਲ ਜੂਨੀਅਰ ਤਾਮਿਲਨਾਡੂ ਕੇਡਰ ਦਾ ਉਹ ਤਿੱਖੀ ਬੁੱਧੀ ਵਾਲਾ ਪੁਲਿਸ ਅਫਸਰ ਸੀ। ਉਸ ਦੀਆਂ ਅੱਖਾਂ ਅਤੇ ਕੰਨ ਜ਼ਮੀਨ ਨਾਲ ਜੁੜੇ ਹੋਏ ਸਨ ਤੇ ਉਸ ਨੂੰ ਸਿਆਸੀ ਰਮਜ਼ਾਂ ਦੀ ਸਮਝ ਸੀ। ਉਸ ਦਾ ਆਖਣਾ ਸੀ ਕਿ ਪੰਜਾਬ ਨੂੰ ਰਿਆਇਤਾਂ ਮਿਲਣੀਆਂ ਚਾਹੀਦੀਆਂ ਹਨ ਤੇ

**ਅਨੁਵਾਦ: ਹਰਪਾਲ ਸਿੰਘ ਪੰਨੂ**
**ਫੋਨ: 91-94642-51454**

ਰਿਆਇਤਾਂ ਦਾ ਅਸਰ ਦੇਖਦੇ ਰਹਿਣਾ ਚਾਹੀਦਾ ਹੈ। ਉਸ ਦਾ ਖਿਆਲ ਸੀ ਕਿ ਕਿਸ਼ਤਾਂ ਵਿਚ ਜੋਧਪੁਰ ਦੇ ਬੰਦੀ ਸਿੱਖਾਂ ਨੂੰ ਰਿਹਾ ਕਰ ਦੇਣਾ ਚਾਹੀਦਾ ਹੈ। ਇਸ ਮੁੱਦੇ 'ਤੇ ਚਿਦੰਬਰਮ ਵੀ ਉਸ ਨਾਲ ਸਹਿਮਤ ਸੀ। ਮੈਂ ਇਸ ਵਿਉਂਤ ਨਾਲ ਸਹਿਮਤ ਨਹੀਂ ਸਾਂ। ਮੈਂ ਕਿਹਾ ਕਿ 20-30 ਖਤਰਨਾਕ ਖਾੜਕੂਆਂ ਨੂੰ ਛੱਡ ਕੇ ਸਾਰੇ ਬੰਦੀ ਇਕਦਮ ਰਿਹਾ ਕਰ ਦੇਣੇ ਚਾਹੀਦੇ ਹਨ। ਮੇਰੀ ਦਲੀਲ ਸੀ ਕਿ ਇਉਂ ਕਰਨ ਨਾਲ ਸਿੱਖ ਜਜ਼ਬਾਤ ਸ਼ਾਂਤ ਹੋ ਜਾਣਗੇ ਤੇ ਸਾਨੂੰ ਖੁਦ ਨੂੰ ਵੀ ਧਰਵਾਸ ਮਿਲੇਗਾ, ਕਿਉਂਕਿ ਬਹੁਤੇ ਬੰਦੀ ਖਾਲਿਸਤਾਨੀ ਸਨ ਵੀ ਨਹੀਂ। ਖਾੜਕੂਆਂ ਵਿਰੁੱਧ ਲੜੀ ਜਾ ਰਹੀ ਜੰਗ ਵਿਚ ਇਸ ਨਾਲ ਸਾਨੂੰ ਫਾਇਦਾ ਹੋਵੇਗਾ।

ਪ੍ਰਧਾਨ ਮੰਤਰੀ ਦੀ ਪ੍ਰਿੰਸੀਪਲ ਸਕੱਤਰ ਸਰਲਾ ਗਰੇਵਾਲ ਮੇਰੇ ਨਾਲ ਸਹਿਮਤ ਸੀ। ਕਿਸੇ ਕਾਰਨ ਖੁਦ ਉਹ ਕੁਝ ਕਹਿਣ ਤੋਂ ਝਿਜਕਦੀ ਸੀ। ਪ੍ਰਧਾਨ ਮੰਤਰੀ ਦੇ ਰਤਾ ਕੁ ਪਿੱਛੇ ਬੈਠਿਆਂ ਉਸ ਨੇ ਇਸ਼ਾਰੇ ਨਾਲ ਮੈਨੂੰ ਆਪਣੀ ਗੱਲ ਜਾਰੀ ਰੱਖਣ ਲਈ ਕਿਹਾ। ਰਾਜੀਵ ਗਾਂਧੀ, ਨਾਰਾਇਣਨ ਅਤੇ ਚਿਦੰਬਰਮ ਨਾਲ ਸਹਿਮਤ ਸੀ। ਜੋਧਪੁਰ ਦੇ ਕੈਦੀਆਂ ਨੂੰ ਕਿਸ਼ਤਾਂ ਵਿਚ ਰਿਹਾਅ ਕਰਨ ਦਾ ਸਿਲਸਿਲਾ ਸ਼ੁਰੂ ਹੋ ਗਿਆ। ਜਦੋਂ ਆਖਰੀ ਜਥਾ ਵੀ ਰਿਹਾ ਕਰ ਦਿੱਤਾ ਗਿਆ, ਸਿੱਖਾਂ 'ਤੇ ਕੋਈ ਚੰਗਾ ਅਸਰ ਨਹੀਂ ਹੋਇਆ।

ਇਨ੍ਹਾਂ ਮੀਟਿੰਗਾਂ ਵਿਚ ਮੈਂ ਇਕੱਲਾ ਅਫਸਰ ਸਾਂ ਜੋ ਪ੍ਰਧਾਨ ਮੰਤਰੀ ਨੂੰ ਕਹਿੰਦਾ ਰਹਿੰਦਾ ਸਾਂ ਕਿ ਇੰਦਰਾ ਗਾਂਧੀ ਦੀ ਹੱਤਿਆ ਉਪਰੰਤ ਜਿਨ੍ਹਾਂ ਸਿਆਸਤਦਾਨਾਂ ਨੇ ਸਿੱਖਾਂ ਦੇ ਕਤਲੇਆਮ ਵਾਸਤੇ ਲੋਕਾਂ ਨੂੰ ਉਕਸਾਇਆ, ਉਨ੍ਹਾਂ ਵਿਰੁੱਧ ਮੁਕੱਦਮੇ ਦਰਜ ਹੋਣੇ ਚਾਹੀਦੇ ਹਨ। ਜਦੋਂ ਪਹਿਲੀ ਦਫਾ ਮੈਂ ਇਹ ਗੱਲ ਕੀਤੀ, ਰਾਜੀਵ ਗਾਂਧੀ ਨੇ ਅਣਸੁਣੀ ਕਰ ਦਿਤੀ, ਕੋਈ ਪ੍ਰਤੀਕਰਮ ਨਹੀਂ ਦਿਖਾਇਆ। ਤੀਜੀ ਵਾਰ ਜਦੋਂ ਮੈਂ ਆਪਣੀ ਗੱਲ ਜਾਰੀ ਰੱਖੀ ਤਾਂ ਮੇਰੇ ਨਜ਼ਦੀਕ ਬੈਠੇ ਪੰਜਾਬ ਦੇ ਗਵਰਨਰ ਰੇਅ (ਸਿਧਾਰਥ ਸ਼ੰਕਰ) ਨੇ ਮੈਨੂੰ ਹੌਲੀ ਦੇ ਕੇ ਸਲਾਹ ਦਿੱਤੀ ਕਿ ਮੈਂ ਇਹ ਗੱਲ ਪ੍ਰਧਾਨ ਮੰਤਰੀ ਸਾਹਮਣੇ ਨਾ ਕਰਿਆ ਕਰਾਂ। ਪ੍ਰਧਾਨ ਮੰਤਰੀ ਨੇ ਰੇਅ ਰਾਹੀਂ ਖੁਦ ਇਹ ਸਲਾਹ ਮੇਰੇ ਤੱਕ ਪੁਚਾਈ ਜਾਂ ਰੇਅ ਖੁਦ ਪ੍ਰਧਾਨ ਮੰਤਰੀ ਦੇ ਦਿਲ ਤੋਂ ਵਾਕਫ ਸੀ ਕਿ ਅਜਿਹੀ ਗੱਲ ਉਸ ਨੂੰ ਪਸੰਦ ਨਹੀਂ, ਇਸ ਦਾ ਮੈਨੂੰ ਪਤਾ ਨਹੀਂ। ਮੈਨੂੰ ਪਤਾ ਸੀ ਕਿ ਸਿੱਖਾਂ ਨਾਲ ਭਾਰੀ ਬੇਇਨਸਾਫੀ ਹੋਈ ਹੈ। ਸੋ, ਮੈਂ ਖਾਮੋਸ਼ ਬੈਠਣ ਵਾਲਾ ਆਦਮੀ ਨਹੀਂ ਸਾਂ। ਨਾਲੇ ਮੇਰੀ ਡਿਊਟੀ ਪੰਜਾਬ ਦੀ ਖਤਰਨਾਕ ਜੰਗ ਜਿੱਤਣ ਵਾਸਤੇ ਲਾਈ ਗਈ ਸੀ ਤੇ ਇਹ ਜੰਗ ਮੈਂ ਸਿੱਖਾਂ ਦੇ ਦਿਲ ਜਿੱਤਣ ਬਗੈਰ ਕਿਵੇਂ ਜਿੱਤ ਸਕਦਾ ਸਾਂ?

ਰਾਜੀਵ ਗਾਂਧੀ ਨਾਲ ਮੀਟਿੰਗ ਜਾਰੀ ਸੀ ਕਿ ਸੁਪਰੀਮ ਕੋਰਟ ਦੇ ਚੀਫ ਜਸਟਿਸ ਨੇ ਗਵਰਨਰ ਰੇਅ ਨੂੰ ਬੁਲਾ ਲਿਆ। ਰੇਅ ਦੀ ਗੈਰਹਾਜ਼ਰੀ ਦਾ ਫਾਇਦਾ ਉਠਾਉਂਦਿਆਂ ਮੈਂ ਦੰਗਿਆਂ ਦੌਰਾਨ ਸਿੱਖ ਕਤਲੇਆਮ ਦੀ ਗੱਲ ਫੇਰ ਛੇੜ ਲਈ। ਰਾਜੀਵ ਗਾਂਧੀ ਆਪਣਾ ਮਾਨਸਿਕ ਸੰਤੁਲਨ ਗੁਆ ਬੈਠਾ। ਮੇਰੇ ਨਾਲ ਗੱਲ ਕਰਦਿਆਂ ਉਹ ਕਦੇ ਤੈਸ਼ ਵਿਚ ਨਹੀਂ ਸੀ ਆਇਆ ਪਰ ਮੈਨੂੰ ਕਿਉਂਕਿ ਪਹਿਲੋਂ ਹੀ ਇਸ਼ਾਰਾ ਮਿਲ ਚੁੱਕਾ ਸੀ, ਮੈਂ ਹਾਲਾਤ ਦਾ ਮੁਕਾਬਲਾ ਕਰਨ ਲਈ ਤਿਆਰ ਸਾਂ। ਉਸ ਨੇ ਮੈਨੂੰ ਕਿਹਾ ਕਿ ਮੈਂ ਇਹ ਗੱਲ ਮੁੜ ਕੇ ਨਾ ਕਰਾਂ। ਪੱਕੇ ਵਫ਼ਾਦਾਰ ਕਾਂਗਰਸੀ ਸੱਜਣ ਕੁਮਾਰ ਖਿਲਾਫ ਕੁਝ ਅਫਵਾਹਾਂ ਸਦਕਾ ਉਹ ਮੁਕੱਦਮਾ ਚਲਾਉਣ ਲਈ ਤਿਆਰ ਨਹੀਂ ਸੀ। ਉਸ ਨੇ ਕਿਹਾ, "ਮੇਰੀ ਜ਼ਖਮੀ ਮਾਂ ਦੇ ਆਖਰੀ ਸਾਹ ਤੱਕ ਉਹ ਉਸ ਦੀ ਲਾਸ਼ ਨਜ਼ਦੀਕ ਬੈਠਾ ਰਿਹਾ ਸੀ। ਇਸ ਗੱਲ ਦਾ ਮੈਂ ਚਸ਼ਮਦੀਦ ਗਵਾਹ ਹਾਂ।" ਮੀਟਿੰਗ ਵਿਚ ਸਾਰੇ ਸਿਆਸਤਦਾਨ ਅਤੇ ਅਫਸਰ ਖਾਮੋਸ਼ ਬੈਠੇ ਰਹੇ। ਮੈਂ ਕਿਹਾ, ਜਦੋਂ ਜਾਂਚ ਕਮਿਸ਼ਨ ਉਸ ਵਿਰੁੱਧ ਦੋਸ਼ੀ ਹੋਣ ਦੀ ਰਿਪੋਰਟ ਦੇ ਚੁੱਕਾ ਹੈ, ਫਿਰ ਮੁਕੱਦਮੇ ਦੀ ਪ੍ਰਕ੍ਰਿਆ ਨੂੰ ਕਿਉਂ ਟਾਲਿਆ ਜਾਵੇ?

ਰਾਜੀਵ ਗਾਂਧੀ ਸੁਭਾਅ ਵਜੋਂ ਹੈਂਕੜਬਾਜ਼ ਜਾਂ ਤਾਨਾਸ਼ਾਹ ਨਹੀਂ ਸੀ, ਪਰ ਉਹ ਪਲਿਆ ਹੀ ਅਜਿਹੇ ਮਾਹੌਲ ਵਿਚ ਸੀ ਜਿਥੇ ਗੱਲ ਮੰਨਣੀ ਨਹੀਂ, ਮਨਾਈਦੀ ਹੁੰਦੀ ਹੈ। ਪੁਸ਼ਤਾਂ ਤੋਂ ਉਸ ਦਾ ਪਰਿਵਾਰ ਰਾਜ ਕਰਦਾ ਆ ਰਿਹਾ ਸੀ, ਇਸ ਕਰ ਕੇ ਹੁਕਮ ਦੇਣਾ ਉਸ ਦੇ ਸੁਭਾਅ ਵਿਚ ਸ਼ਾਮਲ ਹੋ ਗਿਆ ਸੀ। ਬੁਨਿਆਦੀ ਤੌਰ 'ਤੇ ਰਾਜੀਵ ਗਾਂਧੀ ਚੰਗਾ ਮਨੁੱਖ ਸੀ। ਬਹੁਤ ਸਾਰੇ ਮਸਲਿਆਂ ਉਪਰ ਧੀਰਜ ਨਾਲ ਰਾਵਾਂ ਸੁਣਦਾ। ਇਸ ਖਾਸ ਮਸਲੇ ਵਿਚ ਬਦਕਿਸਮਤੀ ਹੋਈ ਕਿ ਉਹ ਸੱਜਣ ਕੁਮਾਰ ਖਿਲਾਫ ਇਸ ਕਰ ਕੇ ਗੱਲ ਸੁਣਨ ਲਈ ਤਿਆਰ ਨਹੀਂ ਸੀ ਕਿ ਸੱਜਣ, ਗਾਂਧੀ ਪਰਿਵਾਰ ਦਾ ਪੱਕਾ ਵਫਾਦਾਰ ਮੈਂਬਰ ਸੀ। ਸੱਜਣ ਕੁਮਾਰ ਦਾ ਨੁਕਸਾਨ ਹੋਵੇ, ਉਸ ਦਾ ਦਿਲ ਨਹੀਂ ਮੰਨਿਆ।

ਪੰਨਾ 307: ਮਹਾਰਾਜਾ ਪਟਿਆਲਾ ਅਮਰਿੰਦਰ ਸਿੰਘ ਨੇ ਬਰਨਾਲਾ ਸਰਕਾਰ ਦੇ ਮੰਤਰੀ ਵਜੋਂ ਅਸਤੀਫਾ ਦੇ ਦਿੱਤਾ। ਉਹ ਮੁੱਖ ਮੰਤਰੀ ਪੰਜਾਬ ਬਣਨ ਦਾ ਇਛੁੱਕ ਸੀ। ਉਸ ਨੇ ਅਖਬਾਰਾਂ ਨੂੰ ਬਿਆਨ ਦੇ ਦਿੱਤਾ ਕਿ ਬਾਰਡਰ ਜ਼ਿਲ੍ਹਿਆਂ ਦੇ ਦੋ ਹਜ਼ਾਰ ਸਿੱਖ ਜੁਆਨ ਗਾਇਬ ਹਨ। ਲੁਕਵਾਂ ਇਸ਼ਾਰਾ ਪੁਲਿਸ ਦਾ ਦੋਸ਼ੀ ਹੋਣਾ ਸੀ। ਬਿਆਨ ਕਿਸੇ ਆਮ ਆਦਮੀ ਦਾ ਨਹੀਂ, ਮਹਾਰਾਜਾ ਪਟਿਆਲਾ ਦਾ ਸੀ ਜਿਸ ਸਦਕਾ ਇਸ ਬਿਆਨ ਨਾਲ ਕਿਸਾਨ ਪ੍ਰਭਾਵਿਤ ਹੋ ਸਕਦੇ ਸਨ। ਮੈਨੂੰ ਪਤਾ ਸੀ, ਬਿਆਨ ਝੂਠਾ ਹੈ ਪਰ ਸਿੱਖਾਂ ਉਪਰ ਇਹ ਬੁਰਾ ਅਸਰ ਕਰੇਗਾ, ਸੋ ਮੈਂ ਪੜਤਾਲ ਕੀਤੀ। ਮੈਂ ਸਰਹੱਦੀ ਖੇਤਰਾਂ ਦਾ ਦੌਰਾ ਕਰ ਕੇ ਪੁੱਛਦਾ ਫਿਰਿਆ ਕਿ ਤੁਹਾਡੇ ਬੱਚੇ ਗੁੰਮ ਹਨ? ਇਕ ਵੀ ਗੁੰਮਸ਼ੁਦਾ ਕੇਸ ਨਹੀਂ ਮਿਲਿਆ। ਮੈਂ ਪ੍ਰੈੱਸ ਵਿਚ ਮਹਾਰਾਜੇ ਦੇ ਬਿਆਨ ਨੂੰ ਚਣੌਤੀ ਦਿੰਦਿਆਂ ਮੰਗ ਕੀਤੀ ਕਿ ਮਹਾਰਾਜਾ ਆਪਣੇ ਬਿਆਨ ਵਿਚਲੀ ਸੱਚਾਈ ਸਾਬਤ ਕਰੇ। ਮੇਰੇ ਬਿਆਨ ਨੇ ਮਹਾਰਾਜੇ ਨੂੰ ਨਾਰਾਜ਼ ਕਰ ਦਿੱਤਾ। ਉਸ ਨੇ ਗਵਰਨਰ ਨੂੰ ਲੰਮਾ ਚੌੜਾ ਖਤ ਲਿਖਦਿਆਂ ਕਿਹਾ ਕਿ ਰਿਬੇਰੋ ਨੇ ਮੇਰੀ ਸ਼ਿਕਾਇਤ ਦੀ ਇਤਰਾਜ਼ਯੋਗ ਢੰਗ ਨਾਲ ਆਲੋਚਨਾ ਕੀਤੀ ਹੈ। ਉਹ ਅੜਿਆ ਰਿਹਾ ਕਿ ਮੁੰਡੇ ਪੁਲਿਸ ਦੇ ਡਰ ਕਰ ਕੇ ਭੱਜ ਗਏ ਹਨ। ਇਹ ਵੀ ਲਿਖਿਆ ਕਿ ਰਿਬੇਰੋ ਗੈਰ-ਪੰਜਾਬੀ ਹੈ, ਮੈਂ ਪੰਜਾਬ ਦਾ ਜੰਮਪਲ ਹੋਣ ਕਾਰਨ ਸਿੱਖਾਂ ਨੂੰ ਵਧੀਕ ਸਮਝ ਸਕਦਾ ਹਾਂ। ਮੈਂ ਮਹਾਰਾਜੇ ਦਾ ਆਦਰ ਕਰਦਾ ਸਾਂ ਪਰ ਉਸ ਦਾ ਇਕ ਨੁਕਾਤੀ ਪ੍ਰੋਗਰਾਮ ਪੰਜਾਬ ਦਾ ਮੁੱਖ ਮੰਤਰੀ ਬਣਨਾ ਸੀ।

ਮਹਾਰਾਜੇ ਦੀ ਪਤਨੀ ਅਤੇ ਸਿਮਰਨੀਤ



*ਜੇ.ਐਫ. ਰਿਬੇਰੋ*



*ਕੇ ਪੀ ਐਸ ਗਿੱਲ*

ਸਿੰਘ ਮਾਨ ਦੀ ਪਤਨੀ ਭੈਣਾਂ ਹਨ। ਉਹ ਰਿਟਾਇਰਡ ਚੀਫ ਸੈਕਟਰੀ ਪੰਜਾਬ ਦੀਆਂ ਧੀਆਂ ਹਨ। ਮਾਨ, ਭਿੰਡਰਾਂਵਾਲੇ ਨਾਲ ਰਲ ਕੇ ਪੁਲਿਸ ਅਫਸਰੀ ਛੱਡ ਗਿਆ ਤੇ ਅਕਾਲੀਆਂ ਦੇ ਉਸ ਧੜੇ ਦਾ ਲੀਡਰ ਹੋ ਗਿਆ ਜਿਹੜਾ ਖਾਲਿਸਤਾਨੀ ਸੀ। ਮਾਨ ਜਦੋਂ ਜੇਲ੍ਹ ਵਿਚ ਸੀ, ਮਹਾਰਾਜਾ ਮੇਰੇ ਕੋਲ ਇਕ ਵਿਉਂਤ ਲੈ ਕੇ ਆਇਆ। ਉਸ ਨੇ ਕਿਹਾ, "ਮੈਂ ਮਾਨ ਦਾ ਰਿਸ਼ਤੇਦਾਰ ਹਾਂ ਤੇ ਤੁਸੀਂ ਉਸ ਦੇ ਪੁਰਾਣੇ ਕੁਲੀਗ ਹੋ, ਆਪਾਂ ਦੋਵੇਂ ਚੱਲੀਏ ਤੇ ਉਹਨੂੰ ਮਨਾਈਏ ਕਿ ਤੂੰ ਏਨਾ ਸਖਤ ਸਟੈਂਡ ਨਾ ਲੈ। ਆਪਾਂ ਉਹਨੂੰ ਵਾਰਾ ਖਾਂਦੀ ਸਿਆਸੀ ਸੰਧੀ ਕਰਨ ਵਾਸਤੇ ਕਹੀਏ।" ਮੈਂ ਸ਼ਰਾਰਤਵਸ ਮਹਾਰਾਜੇ ਨੂੰ ਕਿਹਾ, "ਜੇ ਇਸ ਸੰਧੀ ਵਿਚੋਂ ਮਾਨ, ਪੰਜਾਬ ਦੇ ਮੁੱਖ ਮੰਤਰੀ ਦੀ ਕੁਰਸੀ ਲੈ ਗਿਆ, ਫੇਰ?" ਇਹ ਗੱਲ ਸੁਣ ਕੇ ਮਹਾਰਾਜਾ ਘਬਰਾ ਗਿਆ ਤੇ ਕਿਹਾ, "ਏਨੇ ਵੱਡੇ ਰੁਤਬੇ ਦੇ ਲਾਇਕ ਨਹੀਂ ਹੈ ਮਾਨ।"

ਪੰਨਾ 309: ਗੁਰਦਾਸਪੁਰ ਜ਼ਿਲ੍ਹੇ ਦੇ ਇਕ ਪਿੰਡ ਇਕ ਖਾੜਕੂ ਗੁਰਦੁਆਰੇ ਵਿਚ ਆ ਗਿਆ ਤੇ ਲਾਊਡ ਸਪੀਕਰ ਉਪਰ ਸੀ.ਆਰ.ਪੀ.ਐਫ. ਦੇ ਜੁਆਨਾਂ ਨੂੰ ਗਾਲਾਂ ਕੱਢੀਆਂ ਤੇ ਵੰਗਾਰਿਆ। ਸੀ.ਆਰ.ਪੀ. ਦੇ ਜੁਆਨ ਤੈਸ਼ ਵਿਚ ਆ ਗਏ ਪਰ ਜਦੋਂ ਤਕ ਉਹ ਗੁਰਦੁਆਰੇ ਪੁੱਜੇ, ਖਾੜਕੂ ਦੌੜ ਗਿਆ। ਸੀ.ਆਰ.ਪੀ. ਦੇ ਜੁਆਨ ਪਿੰਡ ਵਾਸੀਆਂ ਉਪਰ ਆਪਣਾ ਗੁੱਸਾ ਕੱਢਣ ਲੱਗੇ। ਇਹ ਪਲਟੂਨ ਬੜੀ ਦੇਰ ਦੀ ਇਸ ਪਿੰਡ ਵਿਚ ਰਹਿ ਰਹੀ ਸੀ ਤੇ ਪੇਂਡੂਆਂ ਤੋਂ ਵਾਕਫ ਸੀ। ਹਰ ਰੋਜ਼ ਸ਼ਾਮੀ ਪੇਂਡੂ ਜੁਆਨ, ਸਿਪਾਹੀਆਂ ਨਾਲ ਵਾਲੀਬਾਲ ਦਾ ਮੈਚ ਖੇਡਦੇ, ਪਰ ਜਦੋਂ ਖਾੜਕੂ ਸਦਕਾ ਉਹ ਖਿਝ ਗਏ, ਉਨ੍ਹਾਂ ਦਾ ਆਪਣੇ ਆਪ ਉਪਰ ਕਾਬੂ ਨਾ ਰਿਹਾ। ਖਾੜਕੂ ਤਾਂ ਫੜਿਆ ਨਾ ਗਿਆ, ਸਿਪਾਹੀਆਂ ਨੇ ਪੇਂਡੂਆਂ ਦੇ ਘਰਾਂ ਦੇ ਦਰਵਾਜੇ ਭੰਨ ਦਿਤੇ, ਜਨਾਨੀਆਂ ਕੁੱਟ ਦਿਤੀਆਂ। ਅਕਾਲੀਆਂ ਨੇ ਅਖਬਾਰਾਂ ਵਿਚ ਤੂਫਾਨ ਖੜ੍ਹਾ ਕਰ ਦਿੱਤਾ। ਮੈਂ ਕਸੂਰਵਾਰਾਂ ਨੂੰ ਸਜ਼ਾ ਦੇਣ ਦਾ ਫੈਸਲਾ ਕੀਤਾ। ਪੁਲਿਸ ਆਈ.ਜੀ. ਦਲਬੀਰ ਸਿੰਘ ਮਾਂਗਟ ਨੂੰ ਪੜਤਾਲ ਕਰਨ ਲਈ ਕਿਹਾ। ਮਾਂਗਟ ਨੇ ਇਕ ਸਿਪਾਹੀ ਦੀ ਸ਼ਨਾਖਤ ਕਰ ਲਈ ਜਿਸ ਨੇ ਪੇਂਡੂ ਔਰਤ ਦੇ ਕੰਨ 'ਤੇ ਦੰਦੀ ਵੱਢ ਲਈ ਸੀ। ਉਸ ਨੇ ਇਹ ਵੀ ਲਿਖਿਆ ਕਿ ਪਲਟੂਨ ਕਮਾਂਡਰ ਡਿਊਟੀ ਪ੍ਰਤੀ ਗੈਰਜ਼ਿੰਮੇਵਾਰ ਹੈ। ਮੈਂ ਸਿਫਾਰਿਸ਼ ਕਰ ਦਿੱਤੀ ਕਿ ਅਫਸਰ ਵਿਰੁੱਧ ਵਿਭਾਗੀ ਕਾਰਵਾਈ ਹੋਵੇ ਤੇ ਦੰਦੀ ਵੱਢਣ ਵਾਲੇ ਸਿਪਾਹੀ ਖਿਲਾਫ ਮੁਕੱਦਮਾ ਕਰਜ ਹੋਵੇ। ਜਿਨ੍ਹਾਂ ਜਿਨ੍ਹਾਂ ਨੇ ਪੇਂਡੂਆਂ ਉਪਰ ਕਹਿਰ ਢਾਹਿਆ, ਉਨ੍ਹਾਂ ਸਭ ਦੇ ਨਾਮ ਐਫ.ਆਈ.ਆਰ. ਵਿਚ ਸ਼ਾਮਲ ਹੋਣ।

ਕੇ.ਪੀ.ਐਸ. ਗਿੱਲ, ਸੀ.ਆਰ.ਪੀ.ਐਫ. ਦਾ ਆਈ.ਜੀ. ਸੀ। ਉਹ ਆਪਣੇ ਬੰਦਿਆਂ ਖਿਲਾਫ ਐਕਸ਼ਨ ਨਹੀਂ ਸੀ ਲੈਣਾ ਚਾਹੁੰਦਾ। ਦਿੱਲੀ ਜਾ ਕੇ ਉਸ ਨੇ ਗ੍ਰਹਿ ਵਿਭਾਗ ਨੂੰ ਕਿਹਾ ਕਿ ਦੋਸ਼ੀਆਂ ਖਿਲਾਫ ਕਾਰਵਾਈ ਕਰਨ ਦੀ ਆਗਿਆ ਨਾ ਦਿੱਤੀ ਜਾਵੇ। ਫਲਸਰੂਪ ਸਰਕਾਰ ਨੇ ਮੁਕੱਦਮੇ ਚਲਾਉਣ ਦੀ ਆਗਿਆ ਨਹੀਂ ਦਿੱਤੀ। ਮੈਨੂੰ ਮਹਿਸੂਸ ਹੋਇਆ ਕਿ ਪੇਂਡੂਆਂ ਨਾਲ ਧੱਕਾ ਹੋਇਆ ਹੈ।

ਸੀ.ਆਰ.ਪੀ. ਵਿਚ ਡਿਸਿਪਲਿਨ ਕਾਇਮ ਰੱਖਣ ਦੀ ਮੇਰੀ ਕੋਸ਼ਿਸ਼ ਗਿੱਲ ਨੇ ਕਈ ਵਾਰ ਸਫਲ ਨਹੀਂ ਹੋਣ ਦਿੱਤੀ। ਇਸ ਮੁੱਦੇ 'ਤੇ ਮੇਰਾ ਇਹ ਕਹਿਣਾ ਹੈ ਕਿ ਪੁਲਿਸ ਫੋਰਸਾਂ ਵਿਰੁੱਧ ਨਾਗਰਿਕਾਂ ਦਾ ਗੁੱਸਾ ਨਹੀਂ ਪੈਦਾ ਹੋਣਾ ਚਾਹੀਦਾ। ਜਲੰਧਰ ਨੇੜਲੇ ਇਕ ਪਿੰਡ ਵਿਚ ਇਕ ਕਿਸਾਨ ਆਪਣੇ ਸੀਰੀ ਉਪਰ ਕ੍ਰੋਧਿਤ ਹੋ ਗਿਆ ਤੇ ਕੁੱਟ ਦਿੱਤਾ। ਸੀਰੀ, ਸੀ.ਆਰ.ਪੀ. ਦੀ ਚੌਕੀ ਵਿਚ ਸ਼ਿਕਾਇਤ ਲਿਖਵਾ ਗਿਆ। ਸੀ.ਆਰ.ਪੀ. ਇਸ ਸ਼ਿਕਾਇਤ ਦੀ ਪੜਤਾਲ ਕਰਨ ਦੀ ਹੱਕਦਾਰ ਨਹੀਂ ਸੀ। ਇਹ ਕੰਮ ਤਾਂ ਇਲਾਕੇ ਦੇ ਠਾਣੇ ਨੇ ਕਰਨਾ ਸੀ। ਸੀ.ਆਰ.ਪੀ. ਦਾ ਹੈੱਡ ਕਾਂਸਟੇਬਲ ਸਿਪਾਹੀ ਲੈ ਕੇ ਪਿੰਡ ਵਿਚ ਕਿਸਾਨ ਦੇ ਘਰ ਗਿਆ। ਕਿਸਾਨ ਅਤੇ ਉਸ ਦੇ ਮੁੰਡੇ ਗੁੱਸੇ ਵਿਚ ਸਨ। ਉਨ੍ਹਾਂ ਨੇ ਲਲਕਾਰਾ ਮਾਰ ਕੇ ਜੁਆਨਾਂ ਨੂੰ ਵੰਗਾਰਿਆ। ਇਕ ਸਿਪਾਹੀ ਨੇ ਗੋਲੀ ਦਾਗ ਦਿਤੀ ਤੇ ਕਿਸਾਨ ਥਾਂਏਂ ਢੇਰੀ ਹੋ ਗਿਆ। ਇਹ ਪਿੰਡ ਸ. ਬਲਵੰਤ ਸਿੰਘ ਦੇ ਇਲਾਕੇ ਵਿਚ ਸੀ, ਉਹ ਬਰਨਾਲਾ ਸਰਕਾਰ ਵਿਚ ਖਜ਼ਾਨਾ ਮੰਤਰੀ ਸੀ। ਉਸ ਨੇ ਇਸ ਘਟਨਾ ਵਿਰੁਧ ਮੈਨੂੰ ਫੋਨ ਕੀਤਾ। ਮੈਂ ਉਸ ਨੂੰ ਭਰੋਸਾ ਦਿਵਾਇਆ ਕਿ ਮੈਂ ਦੋਸ਼ੀਆਂ ਵਿਰੁੱਧ ਮੁਕੱਦਮਾ ਦਰਜ ਕਰਾਂਗਾ ਤੇ ਮੈਂ ਕੀਤਾ। ਗਿੱਲ ਫਿਰ ਦਿੱਲੀ ਗ੍ਰਹਿ ਮਹਿਕਮੇ ਕੋਲ ਚਲਾ ਗਿਆ। ਫਿਰ ਉਹੋ ਸਿੱਟਾ। ਮਹਿਕਮੇ ਨੇ ਮੁਕੱਦਮਾ ਚਲਾਉਣ ਦੀ ਆਗਿਆ ਨਹੀਂ ਦਿੱਤੀ। ਜੇ ਇਨ੍ਹਾਂ ਕੇਸਾਂ ਵਿਚ ਮੁਕੱਦਮੇ ਚਲਦੇ, ਇਕ ਪਾਸੇ ਤਾਂ ਪੁਲਿਸ ਫੋਰਸਾਂ ਵਿਚ ਜ਼ਿੰਮੇਵਾਰੀ ਅਤੇ ਅਨੁਸ਼ਾਸਨ ਬਣਦਾ; ਦੂਜੇ, ਮਾਸੂਮ ਪੇਂਡੂ ਕੁਝ ਰਾਹਤ ਮਹਿਸੂਸ ਕਰਦੇ।

ਪੰਨਾ 322: ਮੈਨੂੰ ਪਤਾ ਲੱਗ ਗਿਆ ਕਿ ਕੇ.ਪੀ.ਐਸ. ਗਿੱਲ ਮੇਰਾ ਉਤਰਾਧਿਕਾਰੀ ਹੋਵੇਗਾ। ਉਸ ਅਨੁਸਾਰ ਮੈਂ ਨਰਮ ਦਿਲ ਵਾਲਾ ਬੰਦਾ ਹਾਂ। ਉਸ ਅਨੁਸਾਰ ਖਾੜਕੂ ਸਖਤੀ ਕਰਨ ਨਾਲ ਸਿੱਧੇ ਹੋਣਗੇ। ਉਹ ਮੈਨੂੰ ਅਕਸਰ ਆਖਦਾ ਰਹਿੰਦਾ ਸੀ, "ਮੈਂ ਪੰਜਾਬੀ ਜੱਟ ਹਾਂ।" ਉਹ ਮੇਰੀ ਪਤਨੀ ਨੂੰ ਅਕਸਰ ਆਖਿਆ ਕਰਦਾ ਸੀ ਕਿ ਰਿਬੇਰੋ ਜੱਟ ਸਿੱਖਾਂ ਵਿਰੁਧ ਸਿੱਝਣ ਵਾਸਤੇ ਬਹੁਤ ਨਰਮ ਹੈ। ਜੱਟ ਸਿੱਖਾਂ ਨਾਲ ਨਜਿੱਠਣ ਵਾਸਤੇ ਉਸ ਵਰਗਾ ਜੱਟ ਸਿੱਖ ਚਾਹੀਦਾ ਹੈ। ਇਸ ਦਲੀਲ ਨਾਲ ਉਸ ਨੇ ਗਵਰਨਰ ਨੂੰ ਵੀ ਸਹਿਮਤ ਕਰ ਲਿਆ। ਗਿੱਲ ਦਾ ਫਲਸਫਾ ਮੇਰੇ ਫਲਸਫੇ ਤੋਂ ਉਲਟ ਸੀ। ਹੁਣ ਸਾਰਿਆਂ ਨੂੰ ਲਗਦਾ ਹੈ, ਗਿੱਲ ਦਾ ਤਰੀਕਾ ਸਫਲ ਰਿਹਾ ਤੇ ਮੈਂ ਇਸ ਬਾਰੇ ਕਿਸੇ ਵਿਵਾਦ ਵਿਚ ਵੀ ਨਹੀਂ ਪੈਣਾ, ਪਰ ਮੇਰਾ ਅੱਜ ਵੀ ਯਕੀਨ ਹੈ ਕਿ ਅਤਿਵਾਦ ਲੋਕਾਂ ਦੇ ਦਿਲ ਜਿੱਤਣ ਨਾਲ ਕਾਬੂ ਵਿਚ ਆਏਗਾ।

ਪੰਨਾ 326: ਅਵਿੰਦਰ ਸਿੰਘ ਪਟਿਆਲੇ ਐਸ.ਐਸ.ਪੀ. ਲੱਗ ਗਿਆ। ਉਹ ਸਫਲ ਅਫਸਰ ਸੀ। ਯੋਗ ਅਫਸਰਾਂ ਦਾ ਮੈਂ ਕਦਰਦਾਨ ਹਾਂ, ਉਹ ਬੜਾ ਖੁਸ਼ ਸੀ। ਇਕ ਦਿਨ ਮੇਰੇ ਕੋਲ ਆ ਕੇ ਉਸ ਨੇ ਕਿਹਾ, ਪੁਲਿਸ ਦੇ ਗੁਪਤ ਖਾਤੇ ਵਿਚੋਂ ਪੈਸੇ ਕਢਾ ਕੇ ਸਰਕਾਰੀ ਅਸਲੇਖਾਨੇ (ਹਥਿਆਰ-ਸਟੋਰ) ਵਿਚੋਂ ਇਕ ਗੰਨ ਖਰੀਦਣੀ ਹੈ। ਉਹ ਉਸ ਸਮੇਂ ਦੇ ਮਸ਼ਹੂਰ ਰਾਗੀ, ਦਰਸ਼ਨ ਸਿੰਘ ਨੂੰ ਇਹ ਗੰਨ ਦੇਣੀ ਚਾਹੁੰਦਾ ਸੀ। ਖਾੜਕੂ ਉਸ ਨੂੰ ਆਪਣੇ ਸਰਵੁੱਚ ਤਖਤ, ਸ੍ਰੀ ਅਕਾਲ ਤਖਤ ਸਾਹਿਬ ਦਾ ਜਥੇਦਾਰ ਨਿਯੁਕਤ ਕਰਵਾਉਣਾ ਚਾਹੁੰਦੇ ਸਨ। ਰਾਗੀ ਪਟਿਆਲੇ ਰਹਿ ਰਿਹਾ ਸੀ। ਆਪਣੀ ਚੰਗੀ ਆਵਾਜ਼ ਸਦਕਾ ਉਸ ਨੇ ਬੇਸ਼ਕ ਬਹੁਤ ਪੈਸੇ ਕਮਾ ਲਏ ਸਨ ਪਰ ਕੰਜੂਸ ਸੀ। ਚਾਹੁੰਦਾ ਤਾਂ ਆਪ ਗੰਨ ਖਰੀਦ ਸਕਦਾ ਸੀ, ਪਰ ਉਸ ਨੇ ਗਿਫਟ ਲੈਣੀ ਸੀ। ਅਵਿੰਦਰ ਨੂੰ ਉਸ ਦੀ ਕਮਜ਼ੋਰੀ ਦਾ ਪਤਾ ਲੱਗ ਗਿਆ। ਸੋ ਉਸ ਨੇ ਇਸ ਦਾ ਫਾਇਦਾ ਉਠਾਇਆ। ਇਸ ਕੰਮ ਵਾਸਤੇ ਮੈਂ ਅਵਿੰਦਰ ਦੀ ਸਹਾਇਤਾ ਕਰ ਦਿੱਤੀ।

ਪੰਨਾ 337: ਖਾੜਕੂਆਂ ਨੂੰ ਦਰਬਾਰ ਸਾਹਿਬ ਵਿਚੋਂ ਕੱਢਣ ਵਾਸਤੇ ਅਪ੍ਰੇਸ਼ਨ ਬਲੈਕ ਥੰਡਰ ਵਿਉਂਤਿਆ ਗਿਆ। ਅਕਾਲੀਆਂ ਨੇ ਇਸ ਦਾ ਵਿਰੋਧ ਕਰਨਾ ਹੀ ਸੀ ਤਾਂ ਕਿ ਸਿੱਖਾਂ ਵਿਚ ਸਾਖ ਬਣੀ ਰਹੇ। ਸ. ਸੁਰਜੀਤ ਸਿੰਘ ਬਰਨਾਲਾ ਨੇ ਐਲਾਨ ਕਰ ਦਿਤਾ ਕਿ ਉਹ ਭਾਰੀ ਜਥਾ ਲੈ ਕੇ ਦਰਬਾਰ ਸਾਹਿਬ ਪੁੱਜੇਗਾ। ਨਾ ਕਿਸੇ ਨੂੰ ਜਾਣ ਦੇਣਾ ਸੀ, ਨਾ ਜਾਣ ਦਿਤੇ। ਗ੍ਰਿਫਤਾਰ ਕਰ ਲਏ। ਗ੍ਰਿਫਤਾਰ ਹੋ ਕੇ ਉਹ ਸੰਤੁਸ਼ਟ ਹੋ ਗਏ। ਇਕ ਦਿਲਚਸਪ ਘਟਨਾ ਘਟੀ। ਜਦੋਂ ਅਕਾਲੀ ਲੀਡਰ ਗ੍ਰਿਫਤਾਰ ਕਰ ਲਏ ਤਾਂ ਸਾਬਕਾ ਖਜ਼ਾਨਾ ਮੰਤਰੀ ਬਲਵੰਤ ਸਿੰਘ ਨੂੰ ਨਹੀਂ ਫੜਿਆ, ਕਿਉਂਕਿ ਸਾਨੂੰ ਪਤਾ ਸੀ ਕਿ ਉਸ ਦਾ ਧਰਮ ਨਾਲ ਕੁੱਝ ਲੈਣ ਦੇਣ ਨਹੀਂ, ਉਹ ਤਾਂ ਸਿਆਸੀ ਵਪਾਰੀ ਸੀ। ਉਹ ਘਬਰਾ ਗਿਆ ਤੇ ਗਵਰਨਰ ਰੇਅ ਨੂੰ ਫੋਨ ਕਰ ਕੇ ਬੇਨਤੀ ਕੀਤੀ ਕਿ ਦੂਜੇ ਲੀਡਰਾਂ ਵਾਂਗ ਉਹਨੂੰ ਵੀ ਗ੍ਰਿਫਤਾਰ ਕਰਨ। ਰੇਅ ਨੇ ਫੋਨ 'ਤੇ ਮੈਨੂੰ ਇਹ ਗੱਲ ਕਹੀ ਤਾਂ ਅਸੀਂ ਖੂਬ ਹੱਸੇ। ਫਲਸਰੂਪ ਬਲਵੰਤ ਸਿੰਘ ਨੂੰ ਗ੍ਰਿਫਤਾਰ ਕੀਤਾ ਗਿਆ। ਸਾਰਿਆਂ ਨੂੰ ਵੀ.ਆਈ.ਪੀ. ਟਰੀਟਮੈਂਟ ਦਿਤਾ ਗਿਆ। ਗ੍ਰਿਫਤਾਰੀਆਂ ਸਦਕਾ ਸਿੱਖਾਂ ਵਿਚ ਸਾਖ ਬਣ ਜਾਵੇਗੀ, ਸਰਕਾਰ ਦੀ ਬਦਨਾਮੀ ਹੋਵੇਗੀ, ਉਨ੍ਹਾਂ ਦੀ ਇਹ ਇੱਛਾ ਪੂਰੀ ਨਹੀਂ ਹੋ ਸਕੀ।

## ਅਜਿਹੀ ਗੁਲਾਮੀ ਨਾਲੋਂ ਤਾਂ ਮਰ ਜਾਣਾ ਈ ਚੰਗਾ!

*(ਪਿਛਲੇ ਸਫੇ ਦੀ ਬਾਕੀ)*

ਨੇ ਅੰਦਰ ਜਾਣ ਦੀ ਕੋਸ਼ਿਸ਼ ਕੀਤੀ ਤਾਂ ਅੰਦਰੋਂ ਪਸਤੌਲ ਦੀ ਇਕ ਗੋਲੀ ਨੇ ਉਸ ਨੂੰ ਜ਼ਖ਼ਮੀ ਕਰ ਦਿੱਤਾ ਤੇ ਉਹ ਬਾਹਰ ਈ ਡਿੱਗ ਪਿਆ। ਫੇਰ ਹਮਲਾਵਰਾਂ ਨੇ ਦਰਵਾਜ਼ਾ ਤੋੜਿਆ ਤੇ ਉਹ ਘਰ ਵਿਚ ਦਾਖਲ ਹੋਣ ਵਿਚ ਸਫ਼ਲ ਹੋ ਗਏ। ਮਾਰਗਰੇਟ ਦੇ ਪਤੀ ਨੇ ਕਈ ਗੋਲੀਆਂ ਚਲਾਈਆਂ ਤੇ ਇਕ ਪੁਲਿਸ ਅਫ਼ਸਰ ਨੂੰ ਜ਼ਖ਼ਮੀ ਕਰ ਦਿੱਤਾ। ਉਸ ਨੂੰ ਬਾਹਰੋਂ ਆਏ ਕੁਝ ਹੋਰ ਲੋਕਾਂ ਨੇ ਫੜ ਲਿਆ ਤੇ ਘੜੀਸ ਕੇ ਘਰੋਂ ਬਾਹਰ ਕੱਢ ਲਿਆ। ਮਾਰਗਰੇਟ ਨੇ ਜਦੋਂ ਦੇਖਿਆ ਕਿ ਆਜ਼ਾਦ ਹੋਣ ਲਈ ਹੁਣ ਹੋਰ ਕੋਈ ਚਾਰਾ ਨਹੀਂ ਰਿਹਾ ਤਾਂ ਉਸ ਨੇ ਘਰ ਵਿਚੋਂ ਇਕ ਵੱਡਾ ਸਾਰਾ ਚਾਕੂ ਚੱਕਿਆ ਤੇ ਇਕੋ ਝਟਕੇ ਨਾਲ ਆਪਣੀ ਦੋ ਸਾਲ ਦੀ ਧੀ ਦਾ ਗ਼ਲ ਵੱਢ ਦਿੱਤਾ। ਇਹ ਉਸ ਦੀ ਉਹ ਛਿੰਦੀ ਧੀ ਸੀ ਜਿਸ ਨੂੰ ਸਭ ਤੋਂ ਵੱਧ ਪਿਆਰ ਕਰਦੀ ਸੀ। ਇਸ ਪਿੱਛੋਂ ਉਸ ਨੇ ਆਪਣੇ ਬਾਕੀ ਬੱਚਿਆਂ ਨੂੰ ਮਾਰ ਕੇ ਆਪਣੀ ਜਾਨ ਲੈਣੀ ਚਾਹੀ ਪਰ ਇਸ ਤੋਂ ਪਹਿਲਾਂ ਕਿ ਉਹ ਕੁਝ ਕਰਦੀ ਉਸ ਨੂੰ ਬਾਹਰੋਂ ਆਏ ਲੋਕਾਂ ਨੇ ਦਬੋਚ ਲਿਆ। ਸਾਰੇ ਪਰਿਵਾਰ ਦੇ ਜੀਆਂ ਨੂੰ ਫੜ ਕੇ ਜੇਲ੍ਹ 'ਚ ਬੰਦ ਕਰ ਦਿੱਤਾ ਗਿਆ।

ਅਦਾਲਤ ਵਿਚ ਦੋ ਹਫ਼ਤੇ ਮੁਕੱਦਮਾ ਚੱਲਿਆ। ਸੈਂਕੜੇ ਲੋਕ ਮੁਕੱਦਮੇ ਦੀ ਕਾਰਵਾਈ ਸੁਣਨ ਆਉਂਦੇ ਰਹੇ। ਬਚਾਅ ਪੱਖ ਦੇ ਵਕੀਲ ਨੇ ਇਹ ਸਾਬਤ ਕਰਨ ਲਈ ਗਵਾਹੀਆਂ ਭੁਗਤਾਈਆਂ ਕਿ ਉਨ੍ਹਾਂ ਗੁਲਾਮਾਂ ਨੂੰ ਪਹਿਲਾਂ ਵੀ ਮਾਲਕਾਂ ਵੱਲੋਂ ਕਈ ਵਾਰੀ ਇਸ ਸ਼ਹਿਰ ਵਿਚ ਆਉਣ ਦੀ ਇਜਾਜ਼ਤ ਦਿੱਤੀ ਗਈ ਸੀ। ਇਹ ਵੀ ਦਾਅਵਾ ਕੀਤਾ ਕਿ ਮਾਰਗਰੇਟ ਨੂੰ ਉਹਦੇ ਮਾਲਕ ਪਹਿਲਾਂ ਵੀ ਘਰੇਲੂ ਨੌਕਰਾਣੀ ਬਣਾ ਕੇ ਕਈ ਸਾਲ ਪਹਿਲਾਂ ਇਥੇ ਲੈ ਕੇ ਆਏ ਸਨ ਅਤੇ ਉਸ ਸੂਬੇ ਦੇ ਕਾਨੂੰਨ ਅਨੁਸਾਰ ਜਦੋਂ ਕੋਈ ਗੁਲਾਮ ਉਸ ਸੂਬੇ ਵਿਚ ਆਪਣੇ ਮਾਲਕਾਂ ਦੀ ਮਰਜ਼ੀ ਨਾਲ ਆ ਜਾਂਦਾ ਸੀ ਤਾਂ ਉਹ ਹਮੇਸ਼ਾ ਲਈ ਆਜ਼ਾਦ ਹੋ ਜਾਂਦਾ ਸੀ, ਇਸ ਲਈ ਮਾਰਗਰੇਟ ਤਾਂ ਉਸ ਵੇਲੇ ਤੋਂ ਹੀ ਆਜ਼ਾਦ ਸੀ ਤੇ ਉਸ ਦੇ ਬੱਚੇ ਵੀ ਆਜ਼ਾਦ ਸਨ ਕਿਉਂਕਿ ਬੱਚਿਆਂ ਦੀ ਕਿਸਮਤ ਮਾਂ ਨਾਲ ਬੱਝੀ ਹੋਈ ਸੀ।

ਪਰ ਕਮਿਸਨਰ ਨੇ ਫ਼ੈਸਲਾ ਸੁਣਾਇਆ ਕਿ ਆਪਣੀ ਮਰਜ਼ੀ ਨਾਲ ਜੇ ਕੋਈ ਗੁਲਾਮ ਮੁੜ ਕੇ ਗੁਲਾਮੀ ਕਰਨ ਚਲਾ ਜਾਵੇ ਤਾਂ ਉਸ ਤੇ ਗੁਲਾਮੀ ਪ੍ਰਥਾ ਮੁੜ ਤੋਂ ਲਾਗੂ ਹੋ ਜਾਂਦੀ ਹੈ ਅਤੇ ਇਹ ਲੋਕ ਜਦੋਂ ਮਾਲਕ ਦੇ ਘਰੋਂ ਭੱਜੇ ਸਨ ਤਾਂ ਇਹ ਗੁਲਾਮ ਸਨ। ਕਮਿਸ਼ਨਰ ਤੇ ਰਹਿਮ ਲਈ ਜਾਂ ਹੋਰ ਤਰਕਸੰਗਤ ਅਪੀਲਾਂ ਦਾ ਕੋਈ ਅਸਰ ਨਾ ਹੋਇਆ ਤੇ ਉਸ ਨੇ ਗੁਲਾਮਾਂ ਨੂੰ ਮੁੜ ਕੇ ਗੁਲਾਮੀ ਕਰਨ ਲਈ ਉਨ੍ਹਾਂ ਦੇ ਮਾਲਕਾਂ ਦੇ ਹਵਾਲੇ ਕਰਨ ਦੇ ਹੁਕਮ ਸੁਣਾ ਦਿੱਤੇ। ਉਸ ਨੇ ਆਪਣੇ ਫ਼ੈਸਲੇ ਵਿਚ ਕਿਹਾ ਕਿ ਇਸ ਵਿਚ ਹਮਦਰਦੀ ਜਾਂ ਭਾਵਨਾਵਾਂ ਦਾ ਕੋਈ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ, ਇਹ ਤਾਂ ਕੈਨਟੱਕੀ ਸੂਬੇ ਅਤੇ ਅਮਰੀਕਾ ਦੇ ਕਾਨੂੰਨ ਅਨੁਸਾਰ ਇਹ ਗੁਲਾਮ ਜਿਸ ਦੀ ਜਾਇਦਾਦ ਹਨ ਉਨ੍ਹਾਂ ਨੂੰ ਹੀ ਵਾਪਸ ਕਰ ਦੇਣ ਬਾਰੇ ਫ਼ੈਸਲਾ ਹੈ।

ਕੈਨਟੱਕੀ ਸੂਬੇ ਦੀ ਭਗੌੜੀ ਗੁਲਾਮ ਮਾਰਗਰੇਟ ਗਾਰਨਰ ਨੇ ਆਪਣੀ ਬੱਚੀ ਨੂੰ ਜਾਨੋਂ ਸਿਰਫ਼ ਇਸ ਲਈ ਮਾਰਿਆ ਸੀ ਕਿ ਉਹ ਨਹੀਂ ਸੀ ਚਾਹੁੰਦੀ ਕਿ ਉਸ ਦੀ ਬੱਚੀ ਵੱਡੀ ਹੋ ਕੇ ਉਸ ਵਾਂਗ ਗੁਲਾਮੀ ਭਰੇ ਨਰਕ ਵਾਲਾ ਜੀਵਨ ਬਤੀਤ ਕਰੇ ਜਿਸ ਨੂੰ ਉਹ ਮੌਤ ਤੋਂ ਵੀ ਭੈੜਾ ਸਮਝਦੀ ਸੀ। ਉਸ ਪਿੱਛੋਂ ਜਦੋਂ ਉਸ ਨੂੰ ਕਿਸ਼ਤੀ ਰਾਹੀਂ ਵਾਪਸ ਲਿਜਾਇਆ ਜਾ ਰਿਹਾ ਸੀ ਤਾਂ ਉਹ ਕਿਸ਼ਤੀ ਤੋਂ ਛਾਲ਼ ਮਾਰ ਕੇ ਡੁੱਬ ਕੇ ਮਰ ਗਈ ਸੀ।

ਇਸ ਹਾਦਸੇ ਨੇ ਅਮਰੀਕਾ ਦੇ ਕਈ ਬੁੱਧੀਜੀਵੀਆਂ ਤੇ ਸਾਹਿਤਕ ਹਸਤੀਆਂ ਦੇ ਦਿਲਾਂ ਅਤੇ ਦਿਮਾਗ਼ ਤੇ ਅਜਿਹਾ ਅਸਰ ਕੀਤਾ ਕਿ ਟੋਨੀ ਮੋਰੀਸਨ ਨਾਂ ਦੀ ਲੇਖਿਕਾ ਨੇ 'ਬਿਲਵਡ' ਨਾਂ ਦਾ ਇਕ ਨਾਵਲ ਲਿਖਿਆ ਜਿਸ ਵਿਚ ਇਸ ਹਾਦਸੇ ਦਾ ਜ਼ਿਕਰ ਹੈ।

# ਕਾਜੋਲ ਲਈ ਡਰਟੀ ਪਿਕਚਰ ਔਖੀ



ਆਪਣੇ ਦੌਰ ਦੀਆਂ ਸਫਲ ਬਾਲੀਵੁੱਡ ਅਭਿਨੇਤਰੀਆਂ ਵਿਚ ਸ਼ਾਮਲ ਰਹੀ ਕਾਜੋਲ ਦਾ ਮੰਨਣਾ ਹੈ ਕਿ ਜੇ ਉਸ ਨੂੰ 'ਦਿ ਡਰਟੀ ਪਿਕਚਰ' ਦੀ ਪੇਸ਼ਕਸ਼ ਮਿਲਦੀ ਹੈ ਤਾਂ ਉਹ ਉਸ ਨੂੰ ਕਦੇ ਨਾ ਕਰ ਸਕਦੀ। ਕਾਜੋਲ ਦਾ ਕਹਿਣਾ ਹੈ ਕਿ ਉਸ ਦੇ ਬੱਚੇ ਹਨ, ਪਤੀ ਹੈ ਤੇ ਅਜਿਹੇ ਵਿਚ ਕੁਝ ਚੀਜ਼ਾਂ ਨੂੰ ਉਹ ਸਕਰੀਨ 'ਤੇ ਸਹਿਜ ਰੂਪ ਵਿਚ ਨਹੀਂ ਕਰ ਸਕਦੀ। ਉਸ ਨੂੰ ਲੱਗਦਾ ਹੈ ਕਿ ਅਜਿਹੀਆਂ ਫਿਲਮਾਂ ਕਰਨ ਲਈ ਇਕ ਸੋਚ, ਸਹਿਜਤਾ ਚਾਹੀਦੀ ਹੈ ਤੇ ਸ਼ਾਇਦ ਉਸ ਵਿਚ ਇਹ ਸਭ ਨਹੀਂ ਹੈ ਇਸ ਲਈ ਉਹ ਇਸ ਕਿਰਦਾਰ ਨਾਲ ਨਿਆਂ ਵੀ ਨਾ ਕਰ ਸਕਦੀ। ਜਿਥੋਂ ਤਕ 'ਦਿ ਡਰਟੀ ਪਿਕਚਰ' ਕਿਸਮ ਦੀਆਂ ਬੋਲਡ ਫਿਲਮਾਂ ਨੂੰ ਦੇਖਣ ਦੀ ਗੱਲ ਹੈ ਤਾਂ ਕਾਜੋਲ ਦਾ ਕਹਿਣਾ ਹੈ ਕਿ ਉਹ ਆਪਣੇ ਬੱਚਿਆਂ ਨਾਲ ਅਜਿਹੀਆਂ ਫਿਲਮਾਂ ਦੇਖਣਾ ਪਸੰਦ ਨਹੀਂ ਕਰਦੀ। ਉਸ ਦੀ ਬੇਟੀ ਉਸ ਦੀਆਂ ਫਿਲਮਾਂ ਨੂੰ ਦੇਖ ਕੇ ਕਹਿੰਦੀ ਹੈ ਕਿ ਮੰਮੀ ਤੁਸੀਂ ਹਰ ਫਿਲਮ ਵਿਚ ਰੌਂਦੇ ਕਿਉਂ ਰਹਿੰਦੇ ਹੋ। ਤੁਸੀਂ 'ਗੋਲਮਾਲ' ਵਰਗੀਆਂ ਫਿਲਮਾਂ ਕਿਉਂ ਨਹੀਂ ਕਰਦੇ। ਪਾਪਾ ਨੂੰ ਦੇਖੋ ਕਿੰਨੀਆਂ ਵਧੀਆ ਫਿਲਮਾਂ ਕਰਦੇ ਹਨ। ਕਾਜੋਲ ਦਾ ਕਹਿਣਾ ਹੈ ਕਿ ਉਹ 'ਡਰਟੀ ਪਿਕਚਰ' ਵਰਗੀ ਫਿਲਮ ਤਾਂ ਨਹੀਂ ਕਰੇਗੀ ਪਰ ਉਸ ਨੂੰ ਲੱਗਦਾ ਹੈ ਕਿ 'ਕਹਾਨੀ' ਵਰਗੀ ਫਿਲਮ ਅੱਜ ਤੋਂ ਪੰਜ ਸਾਲ ਪਹਿਲਾਂ ਬਣ ਸਕਦੀ ਸੀ। ਮੈਂ ਚਾਹੁੰਦੀ ਹਾਂ ਕਿ ਹੁਣ ਮੈਨੂੰ ਇੱਦਾਂ ਦੀ ਕੋਈ ਫਿਲਮ ਮਿਲੇ ਅਤੇ ਮੈਂ ਮਨ ਦੇ ਅਰਮਾਨ ਲਾਹ ਲਵਾਂ।

# ਓਮ ਪੁਰੀ ਦੀ ਪੰਜਾਬੀ ਫਿਲਮਾਂ ਵਿਚ ਵਾਪਸੀ



'ਚੰਨ ਪ੍ਰਦੇਸੀ' ਤੇ 'ਲੌਂਗ ਦਾ ਲਿਸ਼ਕਾਰਾ' ਵਿਚਲੇ 'ਦਿੱਤੂ' ਦੇ ਕਿਰਦਾਰ ਰਾਹੀਂ ਪੰਜਾਬੀ ਸਿਨੇਮੇ ਵਿਚ ਦਮਦਾਰ ਕਲਾ ਦਾ ਪ੍ਰਦਰਸ਼ਨ ਕਰਨ ਵਾਲੇ ਪ੍ਰਸਿੱਧ ਅਦਾਕਾਰ ਓਮ ਪੁਰੀ ਨੇ ਪੰਜਾਬੀ ਹੋਣ ਦੇ ਬਾਵਜੂਦ ਹੁਣ ਤੱਕ ਗਿਣਤੀ ਦੀਆਂ ਹੀ ਪੰਜਾਬੀ ਫ਼ਿਲਮਾਂ ਵਿਚ ਕੰਮ ਕੀਤਾ ਹੈ। ਮੁੱਢਲੀਆਂ ਕੁਝ ਕੁ ਪੰਜਾਬੀ ਫ਼ਿਲਮਾਂ ਕਰਨ ਤੋਂ ਬਾਅਦ ਮੁੰਬਈ ਵੱਲ ਰੁਖ਼ ਕਰਨ ਦੇ ਬਾਅਦ ਉਨ੍ਹਾਂ ਦੇ ਰੁਝੇਵੇਂ ਹਿੰਦੀ ਫ਼ਿਲਮਾਂ ਵਿਚ ਐਨੇ ਵਧ ਗਏ ਕਿ ਉਹ ਚਾਹੁੰਦਿਆਂ ਹੋਇਆਂ ਵੀ ਆਪਣੀ ਮਾਤ-ਭਾਸ਼ਾ ਦੇ ਸਿਨੇਮੇ ਨੂੰ ਸਮਾਂ ਨਹੀਂ ਦੇ ਸਕੇ, ਪਰ ਹੁਣ ਓਮ ਪੁਰੀ ਹੁਰਾਂ ਦੇ ਪ੍ਰਸ਼ੰਸਕਾਂ ਲਈ ਖ਼ੁਸ਼ਖ਼ਬਰੀ ਹੈ ਕਿ ਉਨ੍ਹਾਂ ਨੇ ਇਕ ਵਾਰ ਫਿਰ ਪੰਜਾਬੀ ਫ਼ਿਲਮਾਂ ਵੱਲ ਰੁਖ ਕਰ ਲਿਆ ਹੈ। ਪੰਜਾਬੀ ਫ਼ਿਲਮਾਂ ਵਿਚ ਆਪਣੀ ਦੂਜੀ ਪਾਰੀ ਦੀ ਪਹਿਲੀ ਫ਼ਿਲਮ 'ਭਾਅ ਜੀ ਇਨ ਪ੍ਰੌਬਲਮ' ਦੀ ਸ਼ੂਟਿੰਗ ਲਈ ਉਹ ਪਿਛਲੇ ਦਿਨੀਂ ਚੰਡੀਗੜ੍ਹ ਆਏ ਸਨ। ਬਾਲੀਵੁੱਡ ਸਿਤਾਰੇ ਅਕਸ਼ੈ ਕੁਮਾਰ ਤੇ ਗੁਰਪ੍ਰੀਤ ਘੁੱਗੀ ਵੱਲੋਂ ਬਣਾਈ ਜਾ ਰਹੀ ਇਸ ਫ਼ਿਲਮ ਨੂੰ 'ਕੈਰੀ ਆਨ ਜੱਟਾ' ਫ਼ੇਮ ਸਮੀਪ ਕੰਗ ਨਿਰਦੇਸ਼ਤ ਕਰ ਰਹੇ ਹਨ। ਇਸ ਫ਼ਿਲਮ ਦਾ ਨਾਇਕ ਗਿੱਪੀ ਗਰੇਵਾਲ ਹੈ।

# ਸੰਨੀ ਦੀ ਪ੍ਰਿਅੰਕਾ ਨੂੰ ਵੰਗਾਰ





ਪ੍ਰਿਅੰਕਾ ਚੋਪੜਾ ਨੂੰ ਖਤਰਿਆਂ ਨਾਲ ਖੇਡਣ ਦੀ ਆਦਤ ਹੈ। ਇਹ ਵੱਖਰੀ ਗੱਲ ਹੈ ਕਿ ਅੱਜਕਲ੍ਹ ਦੀ ਸੰਨੀ ਲਿਓਨ ਉਸ ਨੂੰ ਪਛਾੜਦੀ ਨਜ਼ਰ ਆ ਰਹੀ ਹੈ। 'ਸ਼ੂਟ ਆਊਟ ਐਟ ਵਡਾਲਾ' ਫ਼ਿਲਮ ਵਿਚ ਪ੍ਰਿਅੰਕਾ ਦਾ ਆਈਟਮ ਗੀਤ ਹੈ ਪਰ ਪਹਿਲੀ ਵਾਰ ਆਈਟਮ ਨੰਬਰ ਕਰਨ ਵਾਲੀ ਪ੍ਰਿਅੰਕਾ ਨੂੰ ਇਸੇ ਫ਼ਿਲਮ ਵਿਚ ਸੰਨੀ ਨੇ ਨਿੱਕੀ ਜਿਹੀ ਭੂਮਿਕਾ ਨਾਲ ਵਖਤ ਪਾ ਦਿੱਤਾ ਹੈ। ਪ੍ਰਿਅੰਕਾ ਨੂੰ 'ਸ਼ੂਟ ਆਊਟ ਐਟ ਵਡਾਲਾ' ਦੇ ਹਰ ਸਮਾਰੋਹ 'ਤੇ ਸੰਨੀ ਨਾਲੋਂ ਘੱਟ ਮੌਕਾ ਦਿੱਤਾ ਗਿਆ ਹੈ। ਇਸ ਨਾਲ ਇਹ ਪਤਾ ਲੱਗ ਗਿਆ ਹੈ ਕਿ ਪ੍ਰਿਅੰਕਾ ਲਈ ਆਉਣ ਵਾਲੇ ਦਿਨ ਔਖੇ ਹਨ; ਹਾਲਾਂਕਿ ਕਈ ਖਤਰੇ ਪ੍ਰਿਅੰਕਾ ਲਈ ਚੰਗੇ ਸਾਬਤ ਹੋਏ ਹਨ। 'ਸਾਤ ਖ਼ੂਨ ਮੁਆਫ਼', 'ਫੈਸ਼ਨ', 'ਬਰਫ਼ੀ' ਵਿਚ ਲਏ ਖਤਰੇ ਪ੍ਰਿਅੰਕਾ ਨੂੰ ਰਾਸ ਆਏ ਸਨ। ਉਹ ਚਾਹੁੰਦੀ ਹੈ ਕਿ ਔਰਤ ਪ੍ਰਧਾਨ ਫ਼ਿਲਮਾਂ ਜ਼ਿਆਦਾ ਬਣਨ। 'ਜ਼ੰਜੀਰ' ਲਈ ਪ੍ਰਿਅੰਕਾ ਨੇ ਪੂਰਾ ਜ਼ੋਰ ਲਾ ਦਿੱਤਾ ਹੈ। ਪ੍ਰਿਅੰਕਾ ਦੀ 'ਫੈਸ਼ਨ' ਨੇ ਹੀ ਨਾਰੀ ਪ੍ਰਧਾਨ ਫ਼ਿਲਮਾਂ ਨੂੰ ਉਤਸ਼ਾਹਤ ਕੀਤਾ ਸੀ। ਹੁਣ ਸੰਨੀ ਲਿਓਨ ਨਾਲ ਵੀ ਉਹ ਅਭਿਨੈ ਨਾਲ ਹੀ ਨਜਿੱਠ ਲਵੇਗੀ। ਕਿਤੇ ਕਿਤੇ ਅੱਖੋਂ-ਪਰੋਖੇ ਹੋਣ ਦੇ ਮੌਕੇ ਨੂੰ ਉਸ ਨੇ ਦਿਲ ਨਾਲ ਨਹੀਂ ਲਾਇਆ। ਚੁਣੌਤੀਆਂ ਦਾ ਸਾਹਮਣਾ ਕਰਨਾ ਉਸ ਨੂੰ ਆਉਂਦਾ ਹੈ।

# ਕਰੀਨਾ ਨੂੰ ਸ਼ੋਸ਼ੇਬਾਜ਼ੀ ਤੋਂ ਨਫਰਤ



ਬਬੀਤਾ ਤੇ ਰਣਬੀਰ ਕਪੂਰ ਦੀ ਬੇਟੀ ਤੇ ਸੈਫ਼ ਅਲੀ ਖਾਨ ਦੀ ਨਵੀਂ ਬੇਗਮ ਕਰੀਨਾ ਕਪੂਰ ਦਾ ਸੁਭਾਅ ਆਮ ਜਿਹਾ ਹੈ ਤੇ ਉਹ ਸ਼ੋਸ਼ੇਬਾਜ਼ੀ ਤੋਂ ਦੂਰ ਰਹਿਣਾ ਹੀ ਠੀਕ ਸਮਝਦੀ ਹੈ। ਦੂਸਰੀਆਂ ਹੀਰੋਇਨਾਂ ਦੀ ਤਰ੍ਹਾਂ ਵਾਧੂ ਦਾ ਬਾਡੀਗਾਰਡ ਉਸ ਨੇ ਨਹੀਂ ਰੱਖਿਆ ਕਿਉਂਕਿ ਕਰੀਨਾ ਨੂੰ ਮੁੰਬਈ ਸਭ ਤੋਂ ਸ਼ਾਂਤ ਸ਼ਹਿਰ ਲੱਗਦਾ ਹੈ। ਦਰਅਸਲ ਨਿੱਕੀ ਹੁੰਦੀ ਹੀ ਕਰੀਨਾ ਲਾਡਾਂ ਨਾਲ ਪਲੀ ਹੈ। ਉਸ ਨੂੰ ਇਕ ਵਾਰ ਬੱਸ ਦਾ ਸਫ਼ਰ ਕਰਨਾ ਪਿਆ ਸੀ ਤਾਂ ਉਸ ਦਾ ਮਿਹਦਾ ਹੀ ਖਰਾਬ ਹੋ ਗਿਆ। ਮਾਂ-ਪਿਉ ਨੇ ਇਸੇ ਕਰਕੇ ਬਚਪਨ ਤੋਂ ਹੀ ਬੇਬੋ ਨੂੰ ਮਹਿੰਗੀਆਂ ਕਾਰਾਂ ਦੀ ਸਵਾਰੀ ਕਰਵਾ ਦਿੱਤੀ। ਕਰੀਨਾ ਨੂੰ ਆਪਣੇ ਦੇਸ਼ ਦੀ ਇਕੋ ਗੱਲ ਠੀਕ ਨਹੀਂ ਲਗਦੀ ਕਿ ਇੱਥੇ ਸੋਹਣੀ ਕੁੜੀ ਨੂੰ ਲੋਕ ਇਉਂ ਦੇਖਦੇ ਨੇ ਜਿਵੇਂ ਖਾ ਹੀ ਜਾਣਾ ਹੋਵੇ। ਸ਼ਾਇਦ ਲੰਦਨ ਉਸ ਨੂੰ ਸਭ ਤੋਂ ਵੱਧ ਪਿਆਰਾ ਹੈ। ਲੰਦਨ ਵਿਚ ਜ਼ਿੰਦਗੀ ਏਕਾਂਤ ਤੇ ਸ਼ਾਂਤ ਰਹਿੰਦੀ ਹੈ। ਵਿਦੇਸ਼ ਸ਼ੂਟਿੰਗ ਲਈ ਕਰੀਨਾ ਖਾਸ ਤਿਆਰੀਆਂ ਪਹਿਲਾਂ ਹੀ ਸ਼ੁਰੂ ਕਰ ਦਿੰਦੀ ਹੈ। ਉਥੋਂ ਦੇ ਵਾਤਾਵਰਨ, ਰਹਿਣ ਦੀ ਥਾਂ ਤੇ ਹੋਰ ਸਭ ਕੁਝ ਬਾਰੇ ਜਾਣਕਾਰੀ ਪਹਿਲਾਂ ਹੀ ਲੈ ਲੈਂਦੀ ਹੈ। ਕਰੀਨਾ ਹੁਣ ਅਮਿਤਾਭ ਬੱਚਨ ਨਾਲ ਪ੍ਰਕਾਸ਼ ਝਾਅ ਦੀ 'ਸੱਤਿਆਗ੍ਰਹਿ' ਵਿਚ ਕੰਮ ਕਰ ਰਹੀ ਹੈ। ਇਸ ਫਿਲਮ ਤੋਂ ਉਸ ਨੂੰ ਬਹੁਤ ਆਸਾਂ ਹਨ।

## ਫਿਲਮ ਰੀਲ



# ਆਜ਼ਾਦੀ ਤੋਂ ਪਹਿਲਾਂ ਦੀ ਝਾਕੀ...

ਬਿਨਾ ਸ਼ੱਕ ਭਾਰਤ ਦੀ ਪਹਿਲੀ ਫ਼ਿਲਮ ਰਾਜਾ ਹਰੀਸ਼ਚੰਦਰ ਧਾਰਮਿਕ ਕਹਾਣੀ 'ਤੇ ਆਧਾਰਤ ਸੀ, ਪਰ ਉਸ ਦੌਰ ਦੀਆਂ ਜ਼ਿਆਦਾਤਰ ਫ਼ਿਲਮਾਂ ਦੀਆਂ ਕਹਾਣੀਆਂ ਵਿਚ ਅਪਰਾਧ ਤੇ ਸੈਕਸ ਦਾ ਖ਼ੂਬ ਬੋਲਬਾਲਾ ਸੀ। 1920 ਦੇ ਦਹਾਕੇ ਤਕ ਬੰਬਈ ਤੇ ਕਲਕੱਤਾ ਦੀਆਂ ਫ਼ਿਲਮ ਕੰਪਨੀਆਂ ਕਾਫੀ ਬੋਲਡ ਹੋ ਰਹੀਆਂ ਸਨ ਜਿਨ੍ਹਾਂ ਦੀਆਂ ਫ਼ਿਲਮਾਂ ਵਿਚ ਸੈਕਸ ਤੇ ਅੰਗ-ਪ੍ਰਦਰਸ਼ਨ ਖ਼ੂਬ ਨਜ਼ਰ ਆਉਂਦਾ ਸੀ। ਕਿਹਾ ਜਾਂਦਾ ਹੈ ਕਿ ਇਨ੍ਹਾਂ ਫ਼ਿਲਮਾਂ ਦਾ ਬੁਰਾ ਅਸਰ ਉਦੋਂ ਦੇ ਵਿਦਿਆਰਥੀਆਂ ਤੇ ਨੌਜਵਾਨਾਂ 'ਤੇ ਹੋਣ ਲੱਗਾ ਸੀ ਜੋ ਇਨ੍ਹਾਂ ਤੋਂ ਪ੍ਰੇਰਿਤ ਹੋ ਕੇ ਯੌਨ ਸਬੰਧ ਵਿਚ ਵਧੇਰੇ ਲਿਪਤ ਹੋਣ ਲੱਗੇ ਸਨ। ਫ਼ਿਲਮਾਂ ਦੇ ਇਸ ਰੁਝਾਨ ਦਾ ਕਾਰਨ ਹੀ ਉਦੋਂ ਦੀ ਸਰਕਾਰ ਨੇ 1927 ਵਿਚ ਇੰਡੀਅਨ ਸਿਨੇਮੈਟੋਗ੍ਰਾਫ ਇਨਕਵਾਇਰੀ ਕਮੇਟੀ ਦਾ ਗਠਨ ਕੀਤਾ ਤਾਂ ਕਿ ਫ਼ਿਲਮਾਂ ਦੇ ਜਨਤਾ 'ਤੇ ਪੈ ਰਹੇ



ਲਲਿਤਾ ਪਵਾਰ

ਅਨੈਤਿਕ ਪ੍ਰਭਾਵ ਦੀ ਪੜਤਾਲ ਤੇ ਸੈਂਸਰਸ਼ਿਪ ਲਾਉਣ ਦੇ ਫਾਇਦੇ ਦੀ ਜਾਂਚ ਕੀਤੀ ਜਾ ਸਕੇ। 1920 ਦੇ ਦਹਾਕੇ ਦੀਆਂ ਮੂਕ ਫ਼ਿਲਮਾਂ ਦੀਆਂ ਸੁਲੋਚਨਾ ਤੇ ਏਰਮੇਲਾਇਨ ਵਰਗੀਆਂ ਅਭਿਨੇਤਰੀਆਂ ਨੂੰ ਫ਼ਿਲਮਾਂ ਵਿਚ ਬੇਹੱਦ ਸੈਕਸੀ ਦਿਖਾਇਆ ਜਾਂਦਾ ਸੀ ਤੇ ਚੁੰਮਣ ਦ੍ਰਿਸ਼ ਬੇਹੱਦ ਆਮ ਸਨ ਜਿਨ੍ਹਾਂ ਨੂੰ ਬੋਲਦੀਆਂ ਫ਼ਿਲਮਾਂ ਦੇ ਆਉਣ ਤੋਂ ਬਾਅਦ ਵਰਜਿਤ ਸਮਝਿਆ ਜਾਣ ਲੱਗਾ ਸੀ। ਮਦਨ ਥਿਏਟਰ ਵਲੋਂ ਬਣਾਈ ਇਕ ਸ਼ੁਰੂਆਤੀ ਬੋਲਦੀ ਫ਼ਿਲਮ 'ਇੰਦਰਸਭਾ' (1932) 'ਚ ਨੰਗੇ ਪੈਰਾਂ ਵਾਲੇ ਨ੍ਰਿਤ ਦਿਖਾਏ ਗਏ ਸਨ ਜੋ ਅੱਜ ਦੀਆਂ ਫ਼ਿਲਮਾਂ ਦੇ ਆਈਟਮ ਨੰਬਰਾਂ ਵਰਗੇ ਹੁੰਦੇ ਸਨ। 1930 ਦੇ ਦਹਾਕੇ ਦੀ ਅਦਾਕਾਰਾ ਲਲਿਤਾ ਪਵਾਰ ਨੂੰ ਉਦੋਂ ਭਾਰਤ ਦੀ ਗ੍ਰੇਟਾ ਗਾਰਬੋ (ਸਪੇਨੀ ਮੂਲ ਦੀ ਮੂਕ ਤੇ ਸ਼ੁਰੂਆਤੀ ਬੋਲਦੀਆਂ ਹਾਲੀਵੁੱਡ ਫ਼ਿਲਮਾਂ ਦੀ ਲੋਕਪ੍ਰਿਯ ਅਦਾਕਾਰਾ) ਦੇ ਰੂਪ ਵਿਚ ਜਾਣਿਆ ਜਾਂਦਾ ਸੀ। ਉਨ੍ਹਾਂ ਨੇ 1935 ਦੀ ਫ਼ਿਲਮ 'ਹਿੰਮਤ-ਏ-ਮਰਦਾ' ਵਿਚ ਆਈਟਮ ਨੰਬਰ ਵੀ ਕੀਤਾ ਸੀ।

ADVANCED Legal Solutions

One Stop For All Your Business Needs

Immigration Specialists


Abhi Verma



Visas
Green Card
Citizenship
Political Asylum
Deportation

Are you satisfied with your Bookkeeping & Payroll Services?

Advanced TAX & ACCOUNTING

Services provided
- Payroll (incl. quarter & annual returns)
- Accounts Payable
- Accounts Receivable
- Sales Tax Returns
- Property Tax Returns
- Financial reports for Owner, CPA or Board

As low as $99

Call today to schedule free consultation

Ph: 586-486-4100

E-mail: advanced.legal@yahoo.com

8200 E. 13 Mile Rd. (Suite#105), Warren, MI 48093

DCL Trucking
743 Legacy Blvd,
Greenwood, IN 46143

ਮਿਡਵੈਸਟ ਦੀ ਬੜੀ ਤੇਜੀ ਨਾਲ ਵਧ ਰਹੀ ਟਰੱਕਿੰਗ ਕੰਪਨੀ ਨੂੰ

ਓਨਰ ਅਪਰੇਟਰਾਂ ਦੀ ਲੋੜ ਹੈ

ਪੱਕੇ ਲੋਡ

ਮਿਡਵੈਸਟ ਤੋਂ ਈਸਟ-ਮਿਡਵੈਸਟ
ਮਿਡਵੈਸਟ ਤੋਂ ਕੈਲੀਫੋਰਨੀਆ
ਕੈਲੀਫੋਰਨੀਆ ਤੋਂ ਮਿਡਵੈਸਟ



We work in all 48 States
24/7 Dispatch Available

Quick payment via Direct Deposit

ਸੰਪਰਕ ਕਰੋ: ਪਰਮਿੰਦਰ

ਫੋਨ: 317-399-9800

e-mail: info@DCLTrucking.com

The Anu Attorney Immigration Law Firm
Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC


Anu Peshawaria
Attorney at Law
Licensed to practice Immigration & Bankruptcy in all 50 states.
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW
*Divorce *Annulment
*International Custody

INCORPORATIONS
*International Contracts, Mergers
*Attorney Supreme Court of India
*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 21 H, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available

Dhillon Truck Stop
Dhillon Road Service

Interstate 40, exit 356, San Jon, NM

ਗਿੱਲ ਮੰਜ ਗੁਰਦਾਸਪੁਰ ਵਾਲੇ

ਪੰਜਾਬੀ ਢਾਬਾ



ਡੀਜ਼ਲ ਅਤੇ ਰੋਡ ਸਰਵਿਸ

New & Used Tires
Oil Change

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

Ph:575-576-4111, 575-815-8536



24 ਘੰਟੇ ਚੱਲਣ ਵਾਲਾ
ਗੁਰਬਾਣੀ ਰੇਡੀਓ
www.GurbaniRadio.org
ਫੋਨ 'ਤੇ ਸੁਣਨ ਲਈ ਕਾਲ ਕਰੋ
832.551.5029 Ext. 4
24 ਘੰਟੇ ਪੰਜਾਬੀ ਗਾਣੇ
ਸੁਣਨ ਲਈ
www.NonStopPunjabi.com
ਫੋਨ 'ਤੇ ਸੁਣਨ ਲਈ ਕਾਲ ਕਰੋ
832.551.5029 Ext. 3
ਹੁਣ ਕਿਸੇ ਵੀ ਫੋਨ ਤੋਂ ਕਾਲ ਕਰਕੇ ਸੁਣ ਸਕਦੇ ਹੋ ਪੰਜਾਬੀ ਰੇਡੀਓ ਯੂਐਸਏ
ਹਫ਼ਤੇ ਦੇ ਸੱਤੇ ਦਿਨ 24 ਘੰਟੇ ਸੁਣਨ ਲਈ ਕਾਲ ਕਰੋ ਜੀ
ਪੰਜਾਬੀ ਰੇਡੀਓ ਯੂਐਸਏ
ON THE AIR
Punjabi
RADIO USA
Studio Telephone : (408) 272-5200
ਤਾਜ਼ੀਆਂ ਖ਼ਬਰਾਂ ਰੇਡੀਓ 'ਤੇ ਪੰਜਾਬ ਤੋਂ ਸੁਸ਼ੀਲ ਦੁਸਾਂਝ-ਲਹਿੰਦੇ ਪੰਜਾਬ ਤੋਂ ਮਸੂਦ ਮੱਲ੍ਹੀ-ਪੰਜਾਬ ਤੋਂ ਜਸਵਿੰਦਰ ਸਿੰਘ ਬਿੱਟਾ • ਹੁਣ ਇਹ ਸਾਰੀਆਂ ਖ਼ਬਰਾਂ ਅਤੇ ਬੀਬੀਸੀ ਹਿੰਦੀ ਤੁਸੀਂ 24 ਘੰਟੇ ਕਾਲ ਕਰਕੇ ਸੁਣ ਸਕਦੇ ਹੋ 605.475.6868 Ext. 1 ਜਾਂ 832.551.5029 Ext. 1
ਨਵੇਂ ਪ੍ਰੋਗਰਾਮ ☞ ਸੱਜਰੀ ਸਵੇਰ -ਸੋਮਵਾਰ ਤੋਂ ਸ਼ਨਿਚਰਵਾਰ ☞ ਨਜ਼ਰੀਆ -ਸਮਾਜਿਕ ਮਸਲਿਆਂ ਬਾਰੇ ਰੋਜ਼ਾਨਾ ☞ ਵੀਕਲੀ ਡੋਜ਼ -ਅਮਰੀਕਨ ਖ਼ਬਰਾਂ
☞ ਸਵੇਰੇ 4 ਵਜੇ ਅੰਮ੍ਰਿਤ ਵੇਲਾ ਸਚੁ ਨਾਉਂ, ਗੁਰਦੁਆਰਾ ਸਾਹਿਬ ਫਰੀਮਾਂਟ ਤੋਂ ਸਿੱਧਾ ਪ੍ਰਸਾਰਣ
☞ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਹੁਕਮਨਾਮੇ ਦੀ ਪੰਜਾਬੀ ਤੇ ਅੰਗਰੇਜ਼ੀ ਵਿਚ ਵਿਆਖਿਆ (ਅੰਗਰੇਜ਼ੀ : ਭਾਈ ਸੁੱਖਾ ਸਿੰਘ)
☞ ਆਤਮਿਕ ਆਨੰਦ ਪ੍ਰੋਗਰਾਮ ☞ ਸ਼ਬਦ ਗੁਰਬਾਣੀ ☞ ਘਰ ਸੰਸਾਰ, ਦੇਸੋਂ ਪਰਦੇਸ, ਸੁਰ ਪੰਜਾਬ ਦੇ, ਭੈਣਾਂ ਵਾਸਤੇ ਸਪੈਸ਼ਲ ਪ੍ਰੋਗਰਾਮ
☞ ਹਾਸਰਸ ਪ੍ਰੋਗਰਾਮ 'ਹੱਸਦੇ ਹਸਾਉਂਦੇ' ☞ ਖ਼ਬਰ 'ਤੇ ਨਜ਼ਰ ☞ ਸਿਹਤ ਸੰਭਾਲ- ਘਰੇਲੂ ਨੁਸਖਿਆਂ ਦਾ ਹਿੱਟ ਪ੍ਰੋਗਰਾਮ LIVE
☞ ਝਿਲਮਿਲ ਤਾਰੇ, ਬੱਚਿਆਂ ਲਈ ਖਾਸ ਪ੍ਰੋਗਰਾਮ ☞ ਧੰਨ ਲਿਖਾਰੀ ਨਾਨਕਾ- ਕਵੀ ਦਰਬਾਰ ☞ 'ਬੋਲੀਵੁੱਡ ਹਿੱਟਸ' (Bolly. Hits)
☞ 'ਕੁਝ ਗੱਲਾਂ ਕੁੱਝ ਗੀਤ' ☞ 'ਲਹਿਰੇਂ' (ਬਾਬੂ ਲਾਲ ਤੇ ਬਿਮਲੇਸ਼ ਪ੍ਰਸਾਦ ਫੀਜੀ ਦਾ ਹਿੱਟ ਪ੍ਰੋਗਰਾਮ)
☞ 6 ਵਜੇ ਸ਼ਾਮ 'ਸਰਬ ਸਾਂਝੀ ਗੁਰਬਾਣੀ' (ਰਹਿਰਾਸ ਸਾਹਿਬ, ਕੀਰਤਨ, ਢਾਡੀ ਵਾਰਾਂ ਤੇ ਕਥਾ ਵੱਖ ਵੱਖ ਗੁਰਦੁਆਰਾ ਸਾਹਿਬ ਤੋਂ)
☞ ਸੋਮਵਾਰ ਭਖਦੇ ਮਸਲਿਆਂ 'ਤੇ LIVE Talk Show (ਸੁਸ਼ੀਲ ਦੁਸਾਂਝ) ☞ ਜੋਬ ਐਂਡ ਬਿਜਨਸ ਸ਼ੋਅ
☞ ਖ਼ਬਰਸਾਰ (ਜਸਵਿੰਦਰ ਸਿੰਘ ਬਿੱਟਾ) ☞ ਇਕ ਖ਼ਾਸ ਮੁਲਾਕਾਤ ☞ ਲਹਿੰਦੇ ਪੰਜਾਬ ਦੀਆਂ ਬਾਂਗਾਂ (ਮਸੂਦ ਮੱਲ੍ਹੀ)
☞ ਪਾਣੀ 'ਚ ਮਧਾਣੀ ☞ ਬੁਝਾਰਤਾਂ ਦਾ ਹਿੱਟ ਪ੍ਰੋਗਰਾਮ (ਸ਼ੁੱਕਰਵਾਰ ਰਾਤ 9:00 ਤੋਂ 10:30 ਵਜੇ)
ਹੋਰ ਜਾਣਕਾਰੀ ਲਈ 408.722.7698 • Email: info@punjabiradiousa.com • 3750 McKee Road, # B, San Jose CA 95127 • Listen LIVE www.punjabiradiousa.com 605.475.6868 • 832.551.5029




KHALSA
INSURANCE AGENCY, INC.
WE NOW INSURE IN 33 STATES
LARGEST INDEPENDENT INSURANCE BROKERS
REPRESENTING OVER 100 A+ RATED COMPANIES
TAXI
TAXI-CABS • LIMOUSINES
COMMERCIAL AUTO
CALL TO CHECK OUR LOWEST RATES FOR
AUTO • HOME • HEALTH • LIFE
WWW.KHALSAINSURANCE.COM
LICENSED IN : Alabama • Arkansas • Arizona • California • Colorado • Connecticut • DC • Georgia • Florida • Idaho • Iowa • Indiana • Illinois • Kansas • Louisiana • Maryland • Mississippi
Michigan • Minnesota • Nevada • New Jersey • New York • New Mexico • Oregon • Ohio • Oklahoma • Pennsylvania • Texas • Utah • Virginia • Vermont • Washington • Wisconsin
3750 McKee Road, Suite A • San Jose, CA 95127 • Fax 408.493.4552
California License # 0F89805
408-272-2500 • 1-800-954-5409

# ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ

## ਸ਼ਿਕਾਗੋ ਕਬੱਡੀ ਕੱਪ

## 1 ਸਤੰਬਰ, 2013

(ਦਿਨ ਐਤਵਾਰ)

@ Busse Wood Forest Preserve South
Elk Grove, IL





ਡਾ. ਰਵਿੰਦਰਪਾਲ ਸਿੰਘ ਨੰਦੜਾ
ਚੇਅਰਮੈਨ

**ਮੇਲਾ ਮਿਡਵੈਸਟ ਦੀਆਂ ਸਮੂਹ ਸੰਸਥਾਵਾਂ ਅਤੇ ਸਮਰਥਕਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਕੋਈ ਟਿਕਟ ਨਹੀਂ, ਪਾਰਕਿੰਗ ਮੁਫਤ, ਖਾਣਾ ਮੁਫਤ। ਸਭਿਆਚਾਰਕ ਪ੍ਰੋਗਰਾਮ ਵਿਚ ਉਘੇ ਪੰਜਾਬੀ ਗਾਇਕ ਦਰਸ਼ਕਾਂ ਦਾ ਮਨੋਰੰਜਨ ਕਰਨਗੇ।**

**ਸਮੂਹ ਖੇਡ ਪ੍ਰੇਮੀਆਂ ਨੂੰ ਖੁੱਲ੍ਹਾ ਸੱਦਾ**



ਲਾਲੀ ਰਣਵੀਰ ਸਿੰਘ ਨਿੱਝਰ
ਪ੍ਰਧਾਨ

**RSVP: Board Members:**



ਜਸਵਿੰਦਰ ਸਿੰਘ ਜੱਸੀ



ਜਿੰਦਰ ਸਿੰਘ ਬੈਨੀਪਾਲ



ਸਤਨਾਮ ਸਿੰਘ ਮਿਨਹਾਸ



ਦੀਪਾ ਬਦੇਸ਼ਾ



ਪੀਟਾ ਸਹੋਤਾ



ਰਵਿੰਦਰ ਸਿੰਘ ਖਹਿਰਾ



ਹਰਦੀਪ ਸਿੰਘ ਗਿੱਲ



ਸੁਰਿੰਦਰ ਸਿੰਘ ਭੱਟੀ



ਨਾਜਰ ਸਿੰਘ ਗਿੱਲ



ਬੱਬੀ ਬਾਠ



ਕਾਬਲ ਸਿੰਘ ਭੁੱਲਰ



ਬਲਜੀਤ ਸਿੰਘ ਮੰਗੀ



ਚਮਨ ਲਾਲ



ਪਰਮਿੰਦਰ ਵਾਲੀਆ
ਸਾਬਕਾ ਪ੍ਰਧਾਨ



ਜਿੰਦੀ ਖੰਗੂੜਾ
ਸਾਬਕਾ ਪ੍ਰਧਾਨ



ਅਮਰਦੇਵ ਸਿੰਘ ਬਦੇਸਾ
ਸਾਬਕਾ ਪ੍ਰਧਾਨ



ਰਛਪਾਲ ਖੰਗੂੜਾ
ਸਾਬਕਾ ਪ੍ਰਧਾਨ

**ਸਲਾਹਕਾਰ ਕਮੇਟੀ:** ਡਾ. ਮੁਖਤਿਆਰ ਸਿੰਘ ਨੰਦਰਾ, ਡਾ. ਅਮਰਦੀਪ ਸੰਘਾ, ਡਾ. ਰਸ਼ਪਾਲ ਬਾਜਵਾ, ਰਘਵਿੰਦਰ ਸਿੰਘ ਮਾਹਲ, ਸ਼ਮਸ਼ੇਰ ਸਿੰਘ ਬੋਪਾਰਾਏ, ਰਾਜਿੰਦਰ ਸਿੰਘ ਬੈਂਸ, ਮਨਦੀਪ ਸਿੰਘ ਭੂਰਾ, ਅੰਮ੍ਰਿਤਪਾਲ ਸਿੰਘ ਗਿੱਲ, ਜਸਵਿੰਦਰ ਸਿੰਘ ਗਿੱਲ, ਲਾਲੀ ਰਣਬੀਰ ਸਿੰਘ ਧਾਲੀਵਾਲ, ਕੁਲਵਿੰਦਰ ਸਿੰਘ ਗਿੱਲ, ਗੁਰਦੇਵ ਸਿੰਘ ਗਿੱਲ, ਦਰਸ਼ਨ ਸਿੰਘ ਦਰੜ, ਬਲਬੀਰ ਸਿੰਘ ਸੈਣੀ, ਕਮਲਦੀਪ ਸੰਘਾ, ਸੋਹਣ ਸਿੰਘ ਗਿੱਲ, ਨਰਿੰਦਰਪਾਲ ਸਿੰਘ ਘੋਤੜਾ, ਗੁਰਬਚਨ ਸਿੰਘ ਪੱਪੂ, ਜਗਜੀਤ ਸਿੰਘ ਸਿੱਧੂ, ਪਰਵਿੰਦਰ ਗਰੇਵਾਲ (ਆਇਓਆ)

**ਸਪੋਰਟਸ ਵਿੰਗ: (ਕਬੱਡੀ)** ਵਿੱਕੀ ਸੰਮੀਪੁਰੀਆ, ਰਾਣਾ ਭੰਡਾਲ, ਹਨੀ ਖੰਗੂੜਾ, ਸੁਖਦੀਪ ਸੋਮਲ, ਓਂਕਾਰ ਸਹੋਤਾ, ਸੋਨੂੰ ਸਹੋਤਾ, ਰਾਜਾ ਤੱਲਣ, ਕਾਲਾ ਪੱਡਾ, ਹਰਪ੍ਰੀਤ, ਸਾਹਬੀ, ਅਨੂਪ, ਮਨਵੀਰ ਚੱਠਾ, ਹੈਪੀ ਰਾਏ, ਪਿੰਦਾ ਰਾਏ, ਨਵ ਸੰਧੂ, ਸੋਨੂੰ। **(ਵਾਲੀਬਾਲ)** ਟੋਨੀ ਸੰਘੇੜਾ, ਹਰਜੀਤ ਸਿੰਘ ਸੂੰਡ, ਰਾਮਸਰੂਪ ਸਿੰਘ।

**For Information, please call: Lali Nijjar 815-405-8073, Rachhpal Singh Khangura 847-845-2343, Jinder Benipal 773-895-2041 or e-mail:chicagokabaddicup@yahoo.com**

## Sher-e-Punjab Sports & Cultural Club (Chicago)

# Sikh Religious Society of North West Indiana

ੴ ਸਤਿਗੁਰ ਪ੍ਰਸਾਦਿ

## ਸੰਤ ਪ੍ਰੇਮ ਸਿੰਘ ਮੁਰਾਲੇਵਾਲਿਆਂ ਦੀ 63ਵੀਂ ਬਰਸੀ

ਆਪ ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਸੇਵਾ ਦੇ ਪੁੰਜ, ਗੁਰਮਤਿ ਦੇ ਪ੍ਰਚਾਰਕ ਅਤੇ ਗੁਰਬਾਣੀ ਦੇ ਪ੍ਰੇਮੀ ਸੰਤ ਬਾਬਾ ਪ੍ਰੇਮ ਸਿੰਘ ਮੁਰਾਲੇਵਾਲਿਆਂ ਦੀ ਬਰਸੀ 2 ਜੂਨ ਨੂੰ 2013 ਅਤੇ ਘੱਲੂਘਾਰਾ ਦਿਵਸ 9 ਜੂਨ 2013 ਨੂੰ ਮਨਾਇਆ ਜਾ ਰਿਹਾ ਹੈ। ਇਸ ਮੌਕੇ ਹਾਜ਼ਰੀਆਂ ਭਰ ਕੇ ਜੀਵਨ ਸਫਲੇ ਕਰੋ ਜੀ। ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹੋਵੇਗਾ।

**31 ਮਈ 2013, ਸ਼ੁੱਕਰਵਾਰ**

ਅਰੰਭ ਸ੍ਰੀ ਅਖੰਡ ਪਾਠ: ਸਵੇਰੇ 11 ਵਜੇ

**ਪਹਿਲੀ ਜੂਨ 2013, ਸਨਿਚਰਵਾਰ**

ਕੀਰਤਨ ਦਰਬਾਰ: ਸ਼ਾਮੀਂ 7:30 ਤੋਂ 8:30 ਵਜੇ ਤੱਕ

ਭਾਈ ਨਿਰਮਲ ਸਿੰਘ ਨਾਗਪੁਰੀ *(ਸਾਬਕਾ ਹਜ਼ੂਰੀ ਰਾਗੀ, ਦਰਬਾਰ ਸਾਹਿਬ, ਅੰਮ੍ਰਿਤਸਰ)*

**2 ਜੂਨ 2013, ਐਤਵਾਰ**

ਭੋਗ ਸ੍ਰੀ ਅਖੰਡ ਪਾਠ: ਸਵੇਰੇ 10 ਵਜੇ

**ਉਪਰੰਤ ਕੀਰਤਨ ਦਰਬਾਰ**

ਕੀਰਤਨੀ ਜਥੇ: ਭਾਈ ਹਰਪਾਲ ਸਿੰਘ, ਭਾਈ ਅਮਰਜੀਤ ਸਿੰਘ ਮਿਸ਼ਵਾਕਾ, ਭਾਈ ਜਾਗਰ ਸਿੰਘ ਤੇ ਭਾਈ ਮੋਹਨ ਸਿੰਘ ਸਾਊਥਬੈਂਡ, ਭਾਈ ਅਜੀਤ ਸਿੰਘ ਜੱਬਲਪੁਰ ਵਾਲੇ ਅਤੇ ਭਾਈ ਨਿਰਮਲ ਸਿੰਘ ਨਾਗਪੁਰੀ



ਸਿੱਖ ਪੰਥ ਵਿਚ ਸੰਤ ਪ੍ਰੇਮ ਸਿੰਘ ਜੀ ਮੁਰਾਲੇਵਾਲੇ ਇਕ ਅਜਿਹੀ ਸ਼ਖ਼ਸੀਅਤ ਹੋਏ ਹਨ ਜੋ ਦੈਵੀ ਗੁਣਾਂ ਦਾ ਭੰਡਾਰ ਅਤੇ ਪਰਉਪਕਾਰ ਦੀ ਮੂਰਤ ਸਨ। ਗੁਰਮਤਿ ਅਤੇ ਗੁਰਬਾਣੀ ਨੂੰ ਹੀ ਆਪ ਜੀ ਨੇ ਆਪਣਾ ਜੀਵਨ ਬਣਾਇਆ ਹੋਇਆ ਸੀ। ਅੰਮ੍ਰਿਤ ਸੰਚਾਰ ਦੀ ਲਹਿਰ ਚਲਾ ਕੇ ਉਨ੍ਹਾਂ ਨੇ ਸਿੱਖੀ ਦੀ ਫੁਲਬਾੜੀ ਨੂੰ ਅੱਗੇ ਵਧਾਇਆ।



## ਘੱਲੂਘਾਰਾ ਦਿਵਸ

**ਐਤਵਾਰ, 9 ਜੂਨ 2013**

ਜੂਨ 1984 ਦੇ ਅਪਰੇਸ਼ਨ ਬਲੂ ਸਟਾਰ ਦੇ ਸਮੂਹ ਸ਼ਹੀਦਾਂ ਦੀ ਯਾਦ ਵਿਚ ਸ਼ਹੀਦੀ ਸਮਾਗਮ 7 ਤੋਂ 9 ਜੂਨ ਤੱਕ ਕਰਵਾਏ ਜਾ ਰਹੇ ਹਨ। ਸਮੂਹ ਸੰਗਤਾਂ ਨੂੰ ਇਸ ਸਮਾਗਮ ਵਿਚ ਸ਼ਾਮਲ ਹੋਣ ਦੀ ਬੇਨਤੀ ਹੈ ਜੀ।

7 ਜੂਨ 2013: ਅਰੰਭ ਸ੍ਰੀ ਅਖੰਡ ਪਾਠ, ਸਵੇਰੇ 10 ਵਜੇ

8 ਜੂਨ 2013: ਢਾਡੀ ਜਥਾ ਭਾਈ ਸ਼ੇਰ ਸਿੰਘ ਮਾਛੀਵਾੜਾ ਸ਼ਾਮ 7:30 ਤੋਂ 8:30 ਵਜੇ ਤੱਕ ਢਾਡੀ ਵਾਰਾਂ ਨਾਲ ਸੰਗਤ ਨੂੰ ਨਿਹਾਲ ਕਰਨਗੇ।

9 ਜੂਨ 2013: ਭੋਗ ਸ੍ਰੀ ਅਖੰਡ ਪਾਠ, ਸਵੇਰੇ 10 ਵਜੇ

ਉਪਰੰਤ ਕੀਰਤਨ ਦਰਬਾਰ-ਕੀਰਤਨੀ ਜਥੇ: ਭਾਈ ਹਰਪਾਲ ਸਿੰਘ, ਭਾਈ ਅਜੀਤ ਸਿੰਘ ਜੱਬਲਪੁਰ ਵਾਲੇ ਅਤੇ ਢਾਡੀ ਜਥਾ ਭਾਈ ਸ਼ੇਰ ਸਿੰਘ।

**ਹੋਰ ਜਾਣਕਾਰੀ ਲਈ ਫੋਨ: 219-793-9446**

**ਗੁਰੂ ਪੰਥ ਦੇ ਦਾਸ: ਸਮੂਹ ਸੰਗਤ ਤੇ ਪ੍ਰਬੰਧਕ ਕਮੇਟੀ ਗੁਰਦਵਾਰਾ ਕਰਾਊਨ ਪੁਆਇੰਟ**

**ਐਸ. ਆਰ. ਐਸ. ਆਫ ਇੰਡੀਆਨਾ ਗੁਰਦੁਆਰਾ ਕਰਾਊਨ ਪੁਆਇੰਟ (ਇੰਡੀਆਨਾ)**

10005 Colorado St, Crown Point, IN 46307, Ph: 219-793-9446